**Reo-Bankowned Properties**
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY



**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
3100 Mowry Ave. #303, Fremont, CA 94538
E-mail: kuldipdhariwal@yahoo.com



ਕੁਲਦੀਪ ਸਿੰਘ ਧਾਰੀਵਾਲ



Tenth Year in Publication
ਕੈਲੇਫੋਰਨੀਆ ਐਡੀਸ਼ਨ
Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 40, October 3, 2009
20451 N Plum Grove Rd. Palatine, IL 60074
Ph:847-359-0746, Fax:847-705-9388




*ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ 26 ਸਤੰਬਰ ਨੂੰ ਕਰਵਾਏ ਗਏ ਕਬੱਡੀ ਕੱਪ ਵਿਚ ਜੇਤੂ ਰਹੀ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਫਰਿਜ਼ਨੋ ਦੀ ਟੀਮ (ਰਿਪੋਰਟ ਅੰਦਰ ਸਫਾ 18, 19 ਅਤੇ 20 ਉਤੇ) ਤਸਵੀਰ:ਲੌਂਗਮੈਨ ਸਟੂਡੀਓ*

## ਅਕਾਲੀ-ਭਾਜਪਾ ਰਿਸ਼ਤੇ ਹੋਰ ਵਿਗੜਨ ਵਲ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਪ੍ਰਕਾਸ਼ ਸਿੰਘ ਬਾਦਲ ਅਤੇ ਵੱਡੇ ਭਾਜਪਾ ਲੀਡਰਾਂ ਦਾ ਪੱਕਾ ਗਠਜੋੜ ਅਤੇ ਨਹੁੰ-ਮਾਸ ਦਾ ਰਿਸ਼ਤਾ ਹੁਣ ਅਮਲੀ ਰੂਪ ਵਿਚ ਟੁੱਟਣ ਲੱਗਾ ਹੈ। ਉਂਜ ਭਾਵੇਂ ਅਰੁਣ ਜੇਤਲੀ ਅਤੇ ਵੱਡੇ ਬਾਦਲ ਜਿਹੇ ਕੁਝ ਲੀਡਰ ਹਾਲੇ ਵੀ ਇਹ ਬਿਆਨ ਦੇ ਰਹੇ ਹਨ ਕਿ ਦੋਵਾਂ ਪਾਰਟੀਆਂ ਦੀ ਸਾਂਝ ਮੌਜੂਦਾ ਸਿਆਸੀ ਬਖੇੜਿਆਂ ਕਾਰਨ ਟੁੱਟਣ ਵਾਲੀ ਨਹੀਂ ਹੈ, ਪਰ ਪੈਦਾ ਹੋ ਰਹੇ ਸੱਜਰੇ ਹਾਲਾਤ ਦੋਵਾਂ ਪਾਰਟੀਆਂ ਨੂੰ ਨਾ ਸਿਰਫ ਇਕ ਦੂਜੇ ਤੋਂ ਦੂਰ ਧੱਕ ਰਹੇ ਹਨ ਸਗੋਂ ਕਿਸੇ ਹੱਦ ਤੱਕ ਵਿਰੋਧੀ ਦਿਸ਼ਾਵਾਂ ਵਿਚ ਵੀ ਤੋਰ ਰਹੇ ਹਨ।

ਉਂਜ ਸਮੁੱਚੀ ਸਥਿਤੀ ਵਿਚ ਅਕਾਲੀ ਦਲ (ਬਾਦਲ) ਦੀ ਹਾਲਤ ਵਧੇਰੇ ਤਰਸਯੋਗ ਹੋ ਰਹੀ ਹੈ ਕਿਉਂਕਿ ਇਕ ਪਾਸੇ ਤਾਂ ਇਹ ਪਾਰਟੀ ਹਰਿਆਣਾ ਵਿਚ ਸ੍ਰੀ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੇ ਇਨੈਲੋ ਦੀ ਹਮਾਇਤ ਕਰ ਰਹੀ ਹੈ ਅਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਇਨ੍ਹਾਂ ਦੇ ਵਿਰੋਧ ਵਿਚ ਮੈਦਾਨ ਵਿਚ ਉਤਰ ਆਈ ਹੈ। ਉਂਜ ਦੋਵੇਂ ਪਾਰਟੀਆਂ ਹਰਿਆਣਾ ਦੇ ਕਿਸਾਨਾਂ ਦੀਆਂ ਵੋਟਾਂ ਹਾਸਲ ਕਰਨ ਲਈ ਇਸ ਗੱਲ ਉਪਰ ਜ਼ੋਰ ਦੇਣ ਲੱਗੀਆਂ ਹਨ ਕਿ ਉਹ ਹਰਿਆਣਾ ਲਈ ਐਸ.ਵਾਈ.ਐਲ. ਨਹਿਰ ਕੱਢਵਾ ਕੇ ਰਹਿਣਗੇ।

ਇਥੇ ਜ਼ਿਕਰਯੋਗ ਹੈ ਕਿ ਇਕ ਪਾਸੇ ਤਾਂ ਇਨੈਲੋ ਦੇ ਮੁਖੀ ਸ੍ਰੀ ਓਮ ਪ੍ਰਕਾਸ਼ ਚੌਟਾਲਾ ਨੇ ਪਿਛਲੇ ਦਿਨੀਂ ਸਪੱਸ਼ਟ ਰੂਪ ਵਿਚ ਕਿਹਾ ਕਿ ਉਹ ਇਸ ਸਟੈਂਡ ਉਤੇ ਪੂਰੀ ਤਰ੍ਹਾਂ ਕਾਇਮ ਹਨ ਕਿ ਹਰਿਆਣਾ ਦੇ ਲੋਕਾਂ ਲਈ ਪਾਣੀ ਦੀ ਥੁੜ ਨੂੰ ਪੂਰਾ ਕਰਨ ਲਈ ਐਸ.ਵਾਈ.ਐਲ. ਨਹਿਰ ਪੂਰੀ ਕਰਨਾ ਬਹੁਤ ਜ਼ਰੂਰੀ ਹੈ। ਦੂਜੇ ਪਾਸੇ ਹਰਿਆਣਾ ਭਾਜਪਾ ਨੇ ਵੀ ਅਜਿਹਾ ਹੀ ਸਟੈਂਡ ਲਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰਿਆਣਾ ਇਹ ਕਤਈ ਬਰਦਾਸ਼ਤ ਨਹੀਂ ਕਰ ਸਕਦਾ ਕਿ ਸਾਡੇ ਦਰਿਆਵਾਂ ਵਿਚ ਵਗਦਾ ਪਾਣੀ ਪਾਕਿਸਤਾਨ ਵਲ ਜਾਵੇ। ਇਸਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਨੇ ਲੰਘੀ 29 ਸਤੰਬਰ ਨੂੰ ਚੰਡੀਗੜ੍ਹ ਵਿਚ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਦਿਆਂ ਲਗਭਗ ਇਸੇ ਕਿਸਮ ਦੇ ਵਿਚਾਰ ਪ੍ਰਗਟਾਏ। ਭਾਰਤੀ ਜਨਤਾ ਪਾਰਟੀ ਦੀ ਹਰਿਆਣਾ ਇਕਾਈ ਨੇ 13 ਅਕਤੂਬਰ ਤੋਂ ਹੋ ਰਹੀਆਂ ਅਸੈਂਬਲੀ ਚੋਣਾਂ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਰਾਹੀਂ ਪੰਜਾਬ ਦਾ ਪਾਣੀ ਹਰਿਆਣਾ ਵਿਚ ਲਿਆਉਣ ਦੀ ਯਕੀਨ ਦਹਾਨੀ ਦਿੱਤੀ। ਇਸ ਸਮੇਂ ਪ੍ਰਮੁੱਖ ਭਾਜਪਾ ਆਗੂ ਸ੍ਰੀ

*(ਬਾਕੀ ਸਫਾ 6 ਉਤੇ)*

## ਮਾਲੀ ਮੰਦੇ ਨੇ ਵਿਕਸਤ ਮੁਲਕਾਂ ਦੀ ਸੁਰਤ ਟਿਕਾਣੇ ਲਿਆਂਦੀ

**ਬਿੰਦਰ ਬਸਰਾ**

ਅਮਰੀਕੀ ਸ਼ਹਿਰ ਪਿਟਸਬਰਗ 'ਚ ਜੀ-20 ਦੇਸ਼ਾਂ ਦੇ ਹੋਏ ਦੋ ਰੋਜ਼ਾ ਸਿਖ਼ਰ ਸੰਮੇਲਨ 'ਚ ਭਾਰਤ ਸਮੇਤ ਹੋਰ ਵਿਕਾਸਸ਼ੀਲ ਦੇਸ਼ਾਂ ਦੇ ਆਲਮੀ ਮੰਦੇ 'ਚੋਂ ਨਿਕਲਣ ਬਾਰੇ ਸਟੈਂਡ ਨੂੰ ਪ੍ਰਵਾਨ ਕਰ ਲੈਣ ਨਾਲ ਮੀਡੀਆ ਨੇ ਇਸ ਨੂੰ ਭਾਰਤ ਦੀ ਇਕ ਅਹਿਮ ਜਿੱਤ ਵਜੋਂ ਪ੍ਰਚਾਰਿਆ ਹੈ। ਸੰਮੇਲਨ 'ਚ ਆਈ.ਐਮ.ਐਫ (ਕੌਮਾਂਤਰੀ ਮੁਦਰਾ ਕੋਸ਼) ਅਤੇ ਵਿਸ਼ਵ ਬੈਂਕ ਵਰਗੀਆਂ ਕੌਮਾਂਤਰੀ ਵਿੱਤੀ ਸੰਸਥਾਵਾਂ ਵਿਚ ਵਿਕਾਸਸ਼ੀਲ ਦੇਸ਼ਾਂ ਦੇ ਵੋਟਾਂ ਦੇ ਹੱਕ ਵਿਚ ਵਾਧਾ ਕਰਨ ਦੀ ਮੰਗ ਨੂੰ ਮੰਨ ਲਿਆ ਗਿਆ। ਇਸ ਦੇ ਨਾਲ ਹੀ ਭਾਰਤ ਦੇ ਉਸ ਸਟੈਂਡ ਨੂੰ ਵੀ ਪ੍ਰਵਾਨ ਕਰ ਲਿਆ ਗਿਆ ਜਿਸ ਵਿਚ ਵਿਸ਼ਵ ਮੰਦੇ ਦੇ ਮੁਕਾਬਲੇ ਲਈ ਲੰਡਨ ਸਿਖਰ ਸੰਮੇਲਨ ਦੌਰਾਨ ਦਿੱਤੇ ਗਏ ਆਰਥਿਕ ਪੈਕਜਾਂ ਨੂੰ ਜਾਰੀ ਰੱਖਣ 'ਤੇ ਜ਼ੋਰ ਦਿੱਤਾ ਗਿਆ ਸੀ। ਇਥੇ ਜ਼ਿਕਰਯੋਗ ਹੈ ਕਿ ਕੁਝ ਯੂਰਪੀ ਦੇਸ਼ਾਂ ਦੇ ਮੁਖੀਆਂ ਵਲੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਰਾਹਤ ਪੈਕੇਜ ਖਤਮ ਕਰਨ ਲਈ ਕੋਈ ਨੀਤੀ ਬਣਾਈ ਜਾਣੀ ਚਾਹੀਦੀ ਹੈ।

ਇਹ ਮੰਗ ਪ੍ਰਵਾਨ ਕਰ ਲੈਣਾ ਜਿਥੇ ਭਾਰਤ ਲਈ ਰਾਹਤ ਵਾਲੀ ਗੱਲ ਹੈ ਉਥੇ ਅਮਰੀਕਾ ਵਲੋਂ ਪਾਕਿਸਤਾਨ ਦੀ ਝੋਲੀ 'ਚ ਡੇਢ ਅਰਬ ਡਾਲਰ ਪਾਉਣਾ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਸੈਨੇਟ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਗ਼ੈਰ-ਫੌਜੀ ਸਹਾਇਤਾ ਨੂੰ 2014 ਤੱਕ ਤਿੰਨ ਗੁਣਾ ਕਰਕੇ ਡੇਢ ਅਰਬ ਅਮਰੀਕੀ ਡਾਲਰ ਸਾਲਾਨਾ ਕਰਨ ਨੂੰ ਸਰਬਸੰਮਤੀ ਨਾਲ ਹਰੀ ਝੰਡੀ ਦਿੱਤੀ ਹੈ। ਉਧਰ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਵਲੋਂ ਈਰਾਨ ਨੂੰ ਪ੍ਰਮਾਣੂ ਹਥਿਆਰਾਂ ਬਾਰੇ ਜਾਣਕਾਰੀ ਨਾ ਦੇਣ 'ਤੇ ਪਾਬੰਦੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ ਗਈ ਹੈ ਤੇ ਇਰਾਨ ਨੇ ਇਸ ਦਾ ਜਵਾਬ ਮਿਜ਼ਾਈਲ ਟੈਸਟ ਕਰਕੇ ਦਿੱਤਾ ਹੈ।

**ਜੀ-20 ਸੰਮੇਲਨ**

ਵਿਸ਼ਵ-ਵਿਆਪੀ ਮੰਦੇ ਦੇ ਮੱਦੇਨਜ਼ਰ ਆਰਥਿਕ ਸੁਧਾਰਾਂ 'ਤੇ ਵਿਚਾਰ ਕਰਨ ਲਈ ਪਿਟਸਬਰਗ ਸ਼ਹਿਰ 'ਚ ਸਖਤ ਸੁਰੱਖਿਆ ਵਿਵਸਥਾ ਵਿਚਾਲੇ ਦੁਨੀਆਂ ਦੇ ਤਾਕਤਵਰ ਤੇ ਵਿਕਾਸਸ਼ੀਲ ਦੇਸ਼ਾਂ ਦੇ ਸੰਗਠਨ ਜੀ-20 ਦਾ ਦੋ ਰੋਜ਼ਾ ਸੰਮੇਲਨ ਹੋਇਆ। ਇਸ ਸੰਮੇਲਨ ਵਿਰੁਧ 500 ਪ੍ਰਦਰਸ਼ਨਕਾਰੀਆਂ ਨੇ ਪੂੰਜੀਵਾਦ ਵਿਰੋਧੀ ਪੋਸਟਰਾਂ ਨਾਲ ਵਿਰੋਧ ਕੀਤਾ ਜਿਸ 'ਤੇ ਪੁਲਿਸ ਨੂੰ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ।

ਸਿਖ਼ਰ ਸੰਮੇਲਨ ਵਿਚ ਤਿਆਰ ਕੀਤੇ ਗਏ ਸਥਾਈ ਤੇ ਸੰਤੁਲਿਤ ਵਿਕਾਸ ਦੇ ਖਰੜੇ ਵਿਚ ਰਾਹਤ ਪੈਕੇਜ ਜਾਰੀ ਰੱਖਣ 'ਤੇ ਜ਼ੋਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਪ੍ਰੈਲ ਵਿਚ ਲੰਡਨ ਵਿਖੇ

*(ਬਾਕੀ ਸਫਾ 6 ਉਤੇ)*


**Bank Owned/Foreclosed Homes**
**Central Valley Specialist**



Manjit Gill
Real Estate/Loans
Dre#01524555
Your Dream House @ Right Price.
ਤੁਹਾਡੇ ਸੁਪਨਿਆਂ ਦਾ ਘਰ ਸਹੀ ਕੀਮਤ ਉਤੇ
Loan approvals with-in minutes.
Free List of homes available.
American Realty & Business Corp
2937 Veneman Ave, Suite B-150 Modesto CA
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra



Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਰਥ ਅਮਰੀਕਾ


ਸ. ਪ੍ਰਕਾਸ਼ ਸਿੰਘ ਬਾਦਲ
(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)


ਸ. ਸੁਖਬੀਰ ਸਿੰਘ ਬਾਦਲ
(ਕਾਰਜਕਾਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)


ਸ. ਸੁਰਜੀਤ ਸਿੰਘ ਰੱਖੜਾ
(ਪ੍ਰਧਾਨ ਐਨ.ਆਰ.ਆਈ. ਵਿੰਗ)


ਸ. ਮਨਜੀਤ ਸਿੰਘ ਦਸੂਹਾ
(ਪ੍ਰਧਾਨ, ਅਕਾਲੀ ਦਲ, ਅਮਰੀਕਾ)


ਸ. ਬਲਦੇਵ ਸਿੰਘ ਸੱਲਾਂ
ਫੋਨ:317-362-5843


ਸ. ਕਿਰਨਜੀਤ ਸਿੰਘ (ਕਿੱਟੂ) ਬਾਵਾ
ਫੋਨ:574-320-3242


ਸ. ਨਰਿੰਦਰ ਸਿੰਘ ਮੁੰਦਰ
ਫੋਨ:269-273-6500

ਸ. ਬਲਦੇਵ ਸਿੰਘ ਸੱਲਾਂ ਨੂੰ ਅਕਾਲੀ ਦਲ (ਬਾਦਲ) ਦੇ ਐਨ.ਆਰ.ਆਈ. ਵਿੰਗ ਅਮਰੀਕਾ ਦਾ ਮੀਤ ਪ੍ਰਧਾਨ ਅਤੇ ਸ. ਕਿਰਨਜੀਤ ਸਿੰਘ (ਕਿੱਟੂ) ਬਾਵਾ ਨੂੰ ਮਿਡਵੈਸਟ ਅਮਰੀਕਾ ਦਾ ਪ੍ਰਧਾਨ ਅਤੇ ਸ. ਨਰਿੰਦਰ ਸਿੰਘ ਮੁੰਦਰ ਨੂੰ ਜਨਰਲ ਸਕੱਤਰ ਨਿਯੁਕਤ ਹੋਣ 'ਤੇ

## ਸੁਭ ਕਾਮਨਾਵਾਂ !


ਸੁਖਦੇਵ ਸਿੰਘ ਖਾਲਸਾ
419-699-9055


ਜਰਨੈਲ ਸਿੰਘ ਮਿਆਣੀ
262-370-2428


ਸਤਪਾਲ ਸਿੰਘ
262-930-2523


ਜਸਵਿੰਦਰ ਸਿੰਘ ਭੰਦਾਸ
414-873-5525


ਪਰਮਿੰਦਰ ਸਿੰਘ ਗੋਲਡੀ
414-736-6580


ਹਰਜਿੰਦਰ ਸਿੰਘ ਜਿੰਦੀ
414-841-5649

## ਸਮੂਹ ਮੈਂਬਰ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ
ਮਿਲਵਾਕੀ (ਵਿਸਕਾਨਸਿਨ)

# ਪਿਟਸਬਰਗ ਸੰਮੇਲਨ ਦੌਰਾਨ ਭਾਰਤ ਆਪਣੀ ਮਨਾਉਣ 'ਚ ਸਫਲ ਰਿਹਾ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਪਿਟਸਬਰਗ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਪਿਟਸਬਰਗ ਵਿਖੇ ਜੀ-20 ਸਿਖਰ ਸੰਮੇਲਨ ਨੇ ਲੰਮੇ ਸਮੇਂ ਦੀ ਖੁਸ਼ਹਾਲੀ ਲਈ ਰਾਹ ਤਿਆਰ ਕਰ ਦਿੱਤਾ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਸੰਸਾਰ ਹੁਣ ਅਤੀਤ ਵਰਗੀ ਉਤਰਾਅ-ਚੜ੍ਹਾਅ ਵਾਲੀ ਆਰਥਿਕਤਾ ਨੂੰ ਪ੍ਰਵਾਨ ਨਹੀਂ ਕਰ ਸਕਦਾ।

ਪਿਟਸਬਰਗ ਵਿਖੇ ਜੀ-20 ਸਿਖਰ ਸੰਮੇਲਨ ਦੇ ਤੀਜੇ ਗੇੜ ਨੂੰ ਪੂਰੀ ਤਰ੍ਹਾਂ ਸਫਲ ਦੱਸਦਿਆਂ ਓਬਾਮਾ ਨੇ ਕਿਹਾ ਕਿ ਇਸ ਸਿਖਰ ਸੰਮੇਲਨ 'ਚ ਅਸੀਂ ਜਲਵਾਯੂ ਤਬਦੀਲੀ ਕਾਰਨ ਪੈਦਾ ਹੋਏ ਖ਼ਤਰੇ 'ਤੇ ਵਿਚਾਰ ਦੇ ਨਾਲ-ਨਾਲ ਕੌਮਾਂਤਰੀ ਆਰਥਿਕ ਸਹਿਯੋਗ 'ਚ ਵਾਧੇ ਲਈ ਸਹਿਮਤ ਰਹੇ। ਸੰਮੇਲਨ ਦੀ ਸਮਾਪਤੀ ਮਗਰੋਂ 20 ਦੇਸ਼ਾਂ ਦੇ ਮੁਖੀਆਂ ਦੀ ਮੌਜੂਦਗੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਸੀਂ ਕੌਮਾਂਤਰੀ ਆਰਥਿਕਤਾ ਨੂੰ ਕਿਨਾਰੇ ਤੋਂ ਵਾਪਸ ਲਿਆਉਣ 'ਚ ਸਫਲ ਰਹੇ ਹਾਂ ਅਤੇ ਅਸੀਂ ਲੰਮੇਂ ਸਮੇਂ ਦੀ ਆਰਥਿਕ ਖੁਸ਼ਹਾਲੀ ਦੇ ਕੰਮ ਦੀ ਸ਼ੁਰੂਆਤ ਵੀ ਕਰ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਪਿਟਸਬਰਗ ਵਿਖੇ ਅਸੀਂ ਮਜ਼ਬੂਤ, ਟਿਕਾਊ ਅਤੇ ਸੰਤੁਲਿਤ ਆਰਥਿਕ ਵਿਕਾਸ ਲਈ ਕਈ ਅਹਿਮ ਕਦਮ ਚੁੱਕਣ 'ਚ ਸਫਲ ਹੋਏ ਹਾਂ ਅਤੇ ਜੀ-20 ਸੰਮੇਲਨ 'ਚ ਅਸੀਂ ਆਪਸੀ ਆਰਥਿਕ ਸਹਿਯੋਗ ਵਧਾਉਣ ਬਾਰੇ ਸਹਿਯੋਗ 'ਚ ਵੀ ਸਫਲ ਰਹੇ ਅਤੇ ਇਸ ਸੰਮੇਲਨ 'ਚ ਜਲਵਾਯੂ ਤਬਦੀਲੀ ਕਾਰਨ ਪੈਦਾ ਹੋਣ ਵਾਲੇ ਖਤਰਿਆਂ ਨਾਲ ਨਿਪਟਣ ਬਾਰੇ ਵੀ ਸਹਿਮਤੀ ਹੋਈ ਹੈ।

ਇਸ ਦੌਰਾਨ ਭਾਰਤ ਨੂੰ ਜੀ-20 ਸਿਖਰ ਸੰਮੇਲਨ ਵਿਚ ਉਸ ਸਮੇਂ ਵੱਡੀ ਜਿੱਤ ਹਾਸਲ ਹੋਈ ਜਦੋਂ ਆਈ.ਐਮ.ਐਫ. (ਕੌਮਾਂਤਰੀ ਮੁਦਰਾ ਕੋਸ਼) ਅਤੇ ਵਿਸ਼ਵ ਬੈਂਕ ਵਰਗੀਆਂ ਕੌਮਾਂਤਰੀ ਵਿੱਤੀ ਸੰਸਥਾਵਾਂ ਵਿਚ ਵਿਕਾਸਸ਼ੀਲ ਦੇਸ਼ਾਂ ਦੇ ਵੋਟਾਂ ਦੇ ਹੱਕ ਵਿਚ ਵਾਧਾ ਕਰਨ ਦੀ ਮੰਗ ਨੂੰ ਮੰਨ ਲਿਆ ਗਿਆ। ਸੰਮੇਲਨ ਦੌਰਾਨ ਭਾਰਤ ਦੇ ਉਸ ਸਟੈਂਡ ਨੂੰ ਵੀ ਪ੍ਰਵਾਨ ਕਰ ਲਿਆ ਗਿਆ ਜਿਸ ਵਿਚ ਆਲਮੀ ਮੰਦੇ ਦੇ ਟਾਕਰੇ ਲਈ ਲੰਡਨ ਸਿਖਰ ਸੰਮੇਲਨ ਦੌਰਾਨ ਦਿਤੇ ਗਏ ਆਰਥਕ ਪੈਕੇਜਾਂ ਨੂੰ ਜਾਰੀ ਰੱਖਣ 'ਤੇ ਜ਼ੋਰ ਦਿੱਤਾ ਗਿਆ ਸੀ।

ਲੰਡਨ ਸਿਖਰ ਸੰਮੇਲਨ ਜਿਥੇ ਕਿ ਦਬਾਅ ਪਾ ਕੇ ਆਲਮੀ ਮੰਦੀ ਦੇ ਟਾਕਰੇ ਲਈ 1.1 ਖਰਬ ਅਮਰੀਕੀ ਡਾਲਰ ਦਾ ਰਾਹਤ ਪੈਕੇਜ ਜਾਰੀ ਕਰਵਾਇਆ ਗਿਆ, ਤੋਂ ਉਲਟ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਮੇਜ਼ਬਾਨੀ ਵਾਲੀ ਜੀ-20 ਦੇਸ਼ਾਂ ਦੀ ਕਾਨਫਰੰਸ ਵਿਚ ਠਰੰਮੇ ਨਾਲ ਭਾਰਤ ਅਤੇ ਚੀਨ ਵਰਗੇ ਉਭਰਦੇ ਅਰਥਚਾਰਿਆਂ ਦੀ ਭੂਮਿਕਾ ਨੂੰ ਮੱਦੇਨਜ਼ਰ ਰੱਖ ਕੇ ਕਦਮ ਚੁਕੇ ਗਏ। ਸੰਮੇਲਨ ਦੇ ਆਗੂਆਂ ਵਲੋਂ ਜਾਰੀ ਚਾਰ ਸਫ਼ਿਆਂ ਦੇ 31 ਨੁਕਾਤੀ ਬਿਆਨ ਵਿਚ ਕਿਹਾ ਗਿਆ, "ਸੰਕਟ ਤੋਂ ਬਾਅਦ ਅਹਿਮ ਦੇਸ਼ਾਂ ਨੂੰ ਵੀ ਆਪਣੇ ਨਾਲ ਰਲਾਉਣ ਅਤੇ ਸਾਡੀਆਂ ਵਿੱਤੀ ਸੰਸਥਾਵਾਂ ਵਿਚ ਸਹਿਯੋਗ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ ਤਾਂ ਜੋ ਮਜ਼ਬੂਤ ਅਤੇ ਸਥਿਰ ਵਿਕਾਸ ਦੀ ਨੀਂਹ ਰੱਖੀ ਜਾ ਸਕੇ। ਅਸੀਂ ਵਿੱਤੀ ਸਥਿਰਤਾ ਬੋਰਡ (ਐਫ.ਐਸ.ਬੀ.) ਦੀ ਸਥਾਪਨਾ ਕੀਤੀ ਹੈ ਜਿਸ ਵਿਚ ਵਿਸ਼ਵ ਦੇ ਉਭਰ ਰਹੇ ਅਰਥਚਾਰਿਆਂ ਨੂੰ ਸ਼ਾਮਲ ਕੀਤਾ ਹੈ ਅਤੇ ਵਿੱਤੀ ਹਾਲਾਤ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਵਲੋਂ ਦਿਤੇ ਜਾ ਰਹੇ ਸਹਿਯੋਗ ਦਾ ਅਸੀਂ ਸਵਾਗਤ ਕਰਦੇ ਹਾਂ।" ਬਿਆਨ ਅਨੁਸਾਰ ਜੀ-20 ਦੇਸ਼ ਆਈ.ਐਮ.ਐਫ ਦੇ ਹਿੱਸੇ ਨੂੰ ਉਭਰ ਰਹੇ ਬਾਜ਼ਾਰਾਂ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਤਬਦੀਲ ਕਰਨ ਲਈ ਵਚਨਬੱਧ ਹਨ।

"ਅੱਜ ਅਸੀਂ ਆਈ.ਐਮ.ਐਫ. ਦੇ ਕਰਜ਼ਿਆਂ ਬਾਰੇ ਨਵੇਂ ਪ੍ਰਬੰਧਾਂ ਤਹਿਤ 500 ਅਰਬ ਅਮਰੀਕੀ ਡਾਲਰ ਤੋਂ ਵਧ ਦੇ ਯੋਗਦਾਨ ਬਾਰੇ ਆਪਣੇ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ।" ਮਾਹਰਾਂ ਦਾ ਇਸ ਬਾਰੇ ਕਹਿਣਾ ਹੈ ਕਿ ਆਈ.ਐਮ.ਐਫ. ਦੇ ਕੋਟੇ ਵਿਚ ਕੀਤੀ ਗਈ ਤਬਦੀਲੀ ਦਰਸਾਉਂਦੀ ਹੈ ਕਿ ਅਮਰੀਕਾ ਅਤੇ ਯੂਰਪੀ ਦੇਸ਼ ਭਾਰਤ ਅਤੇ ਚੀਨ ਵਰਗੇ ਉਭਰ ਰਹੇ ਅਰਥਚਾਰਿਆਂ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝ ਗਏ ਹਨ। ਭਾਰਤੀ ਵਫ਼ਦ ਦੀ ਅਗਵਾਈ ਕਰ ਰਹੇ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਆਈ.ਐਮ.ਐਫ. ਵਿਚ ਵੋਟਾਂ ਪਾਉਣ ਦਾ ਹੱਕ ਘਟੋ-ਘੱਟ 50:50 ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਸਾਡੀ ਮੰਗ 7ਫ਼ੀਸਦੀ ਸੀ ਪਰ 5 ਫ਼ੀ ਸਦੀ 'ਤੇ ਹੀ ਸਹਿਮਤੀ ਹੋ ਸਕੀ ਹੈ। ਵਿਸ਼ਵ ਬੈਂਕ ਬਾਰੇ ਸੰਮੇਲਨ ਦੌਰਾਨ ਵਿਸ਼ੇਸ਼ ਫਾਰਮੂਲਾ ਅਪਨਾਉਣ 'ਤੇ ਜ਼ੋਰ ਦਿਤਾ ਗਿਆ ਜਿਸ ਤਹਿਤ ਅਮੀਰ ਦੇਸ਼ ਅਤੇ ਵਿਸ਼ਵ ਬੈਂਕ ਦੇ ਵਿਕਾਸ ਮਿਸ਼ਨ ਤਹਿਤ ਆਉਣ ਵਾਲੇ ਵਿਕਾਸਸ਼ੀਲ ਦੇਸ਼ਾਂ ਦੇ ਹੱਕ ਨੂੰ 3 ਫ਼ੀ ਸਦੀ ਵਧਾਉਣ ਦਾ ਪ੍ਰਸਤਾਵ ਹੈ।" ਆਲਮੀ ਮੰਦੇ ਤੋਂ ਬਾਹਰ ਆਉਣ ਬਾਰੇ ਸੰਮੇਲਨ ਦੌਰਾਨ ਮਹਿਸੂਸ ਕੀਤਾ ਗਿਆ ਕਿ ਸਥਿਰ ਹਾਲਾਤ ਵਿਚ ਆਉਣ ਤਕ ਮੌਜੂਦਾ ਨੀਤੀ ਜਾਰੀ ਰਹੇਗੀ।

ਬਿਆਨ ਅਨੁਸਾਰ ਜਦੋਂ ਤਕ ਵਿਕਾਸ ਦਰ ਵਾਪਸ ਨਹੀਂ ਪਰਤਦੀ ਅਤੇ ਲੋਕਾਂ ਨੂੰ ਨੌਕਰੀਆਂ ਮਿਲਣੀਆਂ ਸ਼ੁਰੂ ਨਹੀਂ ਹੋ ਜਾਂਦੀਆਂ, ਸਾਨੂੰ ਆਰਥਕ ਪੈਕੇਜ ਜਾਰੀ ਰਖਣੇ ਹੋਣਗੇ। ਭਾਵੇਂ ਕਿ ਯੂਰਪ ਦੇ ਕਈ ਦੇਸ਼ਾਂ ਨੇ ਆਰਥਕ ਪੈਕੇਜ ਵਾਪਸ ਲੈਣ ਦੀ ਵਕਾਲਤ ਕੀਤੀ ਪਰ ਭਾਰਤ ਵਰਗੇ ਦੇਸ਼ਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਜੀ-20 ਦੇਸ਼ਾਂ ਦੇ ਆਗੂਆਂ ਨੇ ਮਹਿਸੂਸ ਕੀਤਾ ਕਿ ਆਮ ਵਰਗੇ ਹਾਲਾਤ ਵਾਪਸ ਆਉਣ ਤਕ ਮੌਜੂਦਾ ਰਾਹਤ ਪੈਕੇਜ ਜਾਰੀ ਰਹਿਣੇ ਚਾਹੀਦੇ ਹਨ।



*ਪੀਟਸਬਰਗ ਵਿਚ ਇਕੱਤਰ ਹੋਏ ਜੀ ਵੀਹ ਮੁਲਕਾਂ ਦੇ ਆਗੂ ਸਾਂਝੀ ਤਸਵੀਰ ਖਿਚਾਉਣ ਵੇਲੇ*

## ਸੰਮੇਲਨ ਖ਼ਿਲਾਫ਼ ਪ੍ਰਦਰਸ਼ਨ

ਪਿਟਸਬਰਗ 'ਚ ਚੱਲ ਰਹੇ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਜੀ-20 ਸਿਖ਼ਰ ਸੰਮੇਲਨ 'ਚ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਦਰਮਿਆਨ ਜ਼ੋਰਦਾਰ ਝੜਪਾਂ ਹੋਈਆਂ। ਸੰਮੇਲਨ ਵਾਲੀ ਥਾਂ ਵਲ ਵਧ ਰਹੇ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਦਸਤੇ ਦੀਆਂ ਕਾਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਭੰਨ ਦਿੱਤੇ ਅਤੇ ਪੁਲਿਸ ਕਰਮਚਾਰੀਆਂ 'ਤੇ ਵੀ ਪਥਰਾਅ ਕੀਤਾ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਵਿਰੋਧ ਵਜੋਂ ਲਾਲ ਤੇ ਕਾਲੇ ਰੰਗ ਦੇ ਝੰਡੇ ਲਏ ਹੋਏ ਸਨ ਅਤੇ ਉਹ ਲਗਾਤਾਰ ਪੂੰਜੀਵਾਦ ਖ਼ਿਲਾਫ਼ ਨਾਅਰੇ ਲਗਾ ਰਹੇ ਸਨ।

ਇਹ ਵਿਰੋਧ ਪ੍ਰਦਰਸ਼ਨ ਸਿਖ਼ਰ ਸੰਮੇਲਨ ਵਾਲੀ ਥਾਂ ਤੋਂ ਇਕ ਮੀਲ ਦੀ ਦੂਰੀ 'ਤੇ ਲਾਰੈਂਸਵਿਲੇ 'ਚ ਹੋਇਆ। ਸੰਮੇਲਨ ਵਾਲੀ ਥਾਂ ਵਲ ਮਾਰਚ ਕਰ ਰਹੇ 2000 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਪੁਲਿਸ ਨੇ ਰਬੜ ਦੀਆਂ ਗੋਲੀਆਂ ਨਾਲ ਫਾਇਰਿੰਗ ਕਰਨ ਦੇ ਨਾਲ-ਨਾਲ ਹੰਝੂ ਗੈਸ ਦੇ ਗੋਲੇ ਵੀ ਛੱਡੇ।

ਅਸਲ 'ਚ ਪ੍ਰਦਰਸ਼ਨਕਾਰੀਆਂ ਦੀ ਮੁੱਖ ਯੋਜਨਾ ਸਿਖ਼ਰ ਸੰਮੇਲਨ ਵਾਲੀ ਥਾਂ 'ਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਸੀ। ਇਸ ਤੋਂ ਪਹਿਲਾਂ ਅਪ੍ਰੈਲ 'ਚ ਵੀ ਜੀ-20 ਸੰਮੇਲਨ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਦਰਮਿਆਨ ਝੜਪਾਂ ਹੋਈਆਂ।


*Visit us on the web:*
***punjabtimesusa.com***
***To Advertise with us call:***
***847-359-0746***


# ਕ੍ਰਿਸ਼ਨਾ-ਕੁਰੈਸ਼ੀ ਵਾਰਤਾ:ਮੁੰਬਈ ਹਮਲਿਆਂ ਦਾ ਮੁੱਦਾ ਭਾਰੂ ਰਿਹਾ

**ਨਿਊਯਾਰਕ:** ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਅਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਸ਼ਾਹ ਮਹਿਮੂਦ ਕੁਰੈਸ਼ੀ ਵਿਚਾਲੇ ਬੀਤੀ 27 ਸਤੰਬਰ ਨੂੰ ਹੋਈ ਗੱਲਬਾਤ 'ਚ ਪਿਛਲੇ ਸਾਲ 26 ਨਵੰਬਰ ਨੂੰ ਹੋਏ ਅੱਤਵਾਦੀ ਹਮਲਿਆਂ ਦੇ ਮਾਮਲੇ ਵਿਚ ਪਾਕਿਸਤਾਨ ਵਲੋਂ ਕੀਤੀ ਜਾ ਰਹੀ ਜਾਂਚ ਵਿਚ ਪ੍ਰਗਤੀ ਦਾ ਮੁੱਦਾ ਮੁਖ ਤੌਰ 'ਤੇ ਕੇਂਦਰਿਤ ਰਿਹਾ। ਭਾਰਤ ਨੇ ਸਪੱਸ਼ਟ ਕੀਤਾ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੇ ਜਾਣ ਤੋਂ ਪਹਿਲਾਂ ਭਾਰਤ-ਪਾਕਿ ਵਾਰਤਾ ਨਹੀਂ ਕੀਤੀ ਜਾਵੇਗੀ।

ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਇਜਲਾਸ ਵਿਚ ਹਿੱਸਾ ਲੈਣ ਲਈ ਇਥੇ ਆਏ ਸ੍ਰੀ ਕ੍ਰਿਸ਼ਨਾ ਅਤੇ ਸ੍ਰੀ ਕੁਰੈਸ਼ੀ ਨੇ ਨਿਊਯਾਰਕ ਪੈਲੇਸ ਹੋਟਲ ਵਿਚ ਮੁਲਾਕਾਤ ਕਰ ਕੇ ਮੁੰਬਈ ਅੱਤਵਾਦੀ ਹਮਲੇ ਦੀ ਜਾਂਚ ਦੀ ਪ੍ਰਗਤੀ 'ਤੇ ਚਰਚਾ ਕੀਤੀ। ਸ੍ਰੀ ਕ੍ਰਿਸ਼ਨਾ ਅਤੇ ਸ੍ਰੀ ਕੁਰੈਸ਼ੀ ਨੇ ਗੱਲਬਾਤ ਲਈ ਜਾਣ ਤੋਂ ਪਹਿਲਾਂ ਇਕ-ਦੂਜੇ ਨਾਲ ਮੁਸਕਰਾ ਕੇ ਹੱਥ ਮਿਲਾਇਆ। ਇਸ ਅਹਿਮ ਗੱਲਬਾਤ ਤੋਂ ਪਹਿਲਾਂ ਸ੍ਰੀ ਕੁਰੈਸ਼ੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਸਾਬਕਾ ਵਿਦੇਸ਼ ਸਕੱਤਰ ਰਿਆਜ਼ ਮੁਹੰਮਦ ਖਾਨ ਨੂੰ ਭਾਰਤੀ ਮਾਮਲਿਆਂ ਦਾ ਵਿਸ਼ੇਸ਼ ਦੂਤ ਨਿਯੁਕਤ ਕਰਨ ਬਾਰੇ ਵਿਚਾਰ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਮੀਡੀਆ ਵਿਚ ਇਸ ਤਰ੍ਹਾਂ ਦੀਆਂ ਰਿਪੋਰਟਾਂ ਆਈਆਂ ਸਨ ਕਿ ਪਾਕਿਸਤਾਨ ਸ੍ਰੀ ਖਾਨ ਨੂੰ ਭਾਰਤ ਨਾਲ ਗੈਰ ਰਸਮੀ ਗੱਲਬਾਤ ਕਰਨ ਲਈ ਵਿਸ਼ੇਸ਼ ਦੂਤ ਨਿਯੁਕਤ ਕਰਨ 'ਤੇ ਵਿਚਾਰ ਕਰ ਰਿਹਾ ਹੈ।

ਮੀਟਿੰਗ ਪਿੱਛੋਂ ਕ੍ਰਿਸ਼ਨਾ ਨੇ ਦੱਸਿਆ ਕਿ ਮੈਂ ਕੁਰੈਸ਼ੀ ਨੂੰ ਇਹ ਜਾਣਕਾਰੀ ਦੇ ਦਿੱਤੀ ਹੈ ਕਿ ਭਾਰਤ ਉਨ੍ਹਾਂ ਦੇ ਦੇਸ਼ ਦੀ ਧਰਤੀ ਤੋਂ ਹੁਣ ਵੀ ਪੈਦਾ ਹੋ ਰਹੇ ਅੱਤਵਾਦੀ ਖ਼ਤਰੇ ਕਾਰਨ ਚਿੰਤਤ ਹੈ। ਪਾਕਿਸਤਾਨ ਤੋਂ ਅੱਤਵਾਦੀ ਗਰੁੱਪ ਸੰਚਾਲਿਤ ਹੋ ਰਹੇ ਹਨ। ਇਹ ਪੁੱਛਣ 'ਤੇ ਕਿ ਭਾਰਤ ਦੋਵਾਂ ਦੇਸ਼ਾਂ ਵਿਚ ਪੈਂਡਿੰਗ ਵਾਰਤਾ ਲਈ ਸ਼ਰਤਾਂ ਕਿਉਂ ਲਾ ਰਿਹਾ ਹੈ, ਕ੍ਰਿਸ਼ਨਾ ਨੇ ਕਿਹਾ ਕਿ ਸਵਾਲ ਵਾਰਤਾ ਦੀ ਕੁਆਲਟੀ ਦਾ ਹੈ। ਹੁਣ ਮੁੰਬਈ ਕਾਂਡ ਦੇ ਸਾਜ਼ਿਸ਼ੀਆਂ ਵਿਰੁਧ ਕਾਰਵਾਈ ਦਾ ਭਰੋਸਾ ਦਿਵਾਇਆ ਗਿਆ ਹੈ, ਸੋ ਦੇਖਦੇ ਹਾਂ। ਇਸ ਤੋਂ ਪਹਿਲਾਂ ਦੋਵਾਂ ਵਿਚ ਸਾਰਕ ਦੇ ਵਿਦੇਸ਼ ਮੰਤਰੀਆਂ ਲਈ ਆਯੋਜਿਤ ਡਿਨਰ ਦੇ ਮੌਕੇ 'ਤੇ ਗੈਰ-ਰਸਮੀ ਮੁਲਾਕਾਤ ਹੋਈ। ਕ੍ਰਿਸ਼ਨਾ ਤੇ ਕੁਰੈਸ਼ੀ ਨੂੰ ਗਰਮਜੋਸ਼ੀ ਭਰੇ ਅੰਦਾਜ਼ ਵਿਚ ਇਕ-ਦੂਜੇ ਦਾ ਸਵਾਗਤ ਕੀਤਾ।

## ਪੀ.ਸੀ.ਐਸ. ਦੇ 8ਵੇਂ ਭੰਗੜਾ ਅਤੇ ਗਿੱਧਾ ਮੁਕਾਬਲੇ 31 ਨੂੰ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਵਲੋਂ ਆਪਣੀ ਪੀ.ਸੀ.ਐਸ. ਨਾਈਟ ਉਤੇ ਅੱਠਵੇਂ ਭੰਗੜਾ ਅਤੇ ਗਿੱਧਾ ਮੁਕਾਬਲੇ ਸਨਿਚਰਵਾਰ 31 ਅਕਤੂਬਰ ਨੂੰ ਵਾਟਰਫੋਰਡ ਬੈਂਕੁਇਟ ਹਾਲ, ਐਲਮਹਰਸਟ ਵਿਚ ਸ਼ਾਮੀ 7 ਵਜੇ ਤੋਂ ਕਰਵਾਏ ਜਾਣਗੇ। ਜੇਤੂ ਭੰਗੜਾ ਅਤੇ ਗਿੱਧਾ ਟੀਮਾਂ ਨੂੰ ਕ੍ਰਮਵਾਰ 3500, 2100 ਅਤੇ 1100 ਦੇ ਪਹਿਲੇ, ਦੂਜੇ ਤੇ ਤੀਜੇ ਇਨਾਮ ਦਿੱਤੇ ਜਾਣਗੇ। ਭੰਗੜਾ ਅਤੇ ਗਿੱਧਾ ਟੀਮਾਂ ਲਈ ਆਪਣੀ ਰਜਿਸਟਰੇਸ਼ਨ 11 ਅਕਤੂਬਰ ਤੱਕ ਕਰਵਾਉਣੀ ਲਾਜ਼ਮੀ ਹੈ।

ਪੀ.ਸੀ.ਐਸ. ਦੇ ਇਕ ਬੁਲਾਰੇ ਸ੍ਰੀ ਸੰਨੀ ਕੁਲਾਰ ਅਨੁਸਾਰ ਇਸ ਸਮਾਗਮ ਮੌਕੇ ਪਰਿਵਾਰਕ ਡਿਨਰ, ਭੰਗੜੇ ਦਾ ਖੁੱਲ੍ਹਾ ਪਿੜ, ਡੀ.ਜੇ., ਢੋਲ ਅਤੇ ਪੂਰਾ ਰੌਣਕ ਮੇਲਾ ਹੋਵੇਗਾ। ਪਾਰਕਿੰਗ ਮੁਫ਼ਤ ਹੋਵੇਗੀ। ਟਿਕਟ 50, 65, 100, 200 ਡਾਲਰ ਅਤੇ ਵੀ.ਆਈ.ਪੀ ਰੱਖੀ ਗਈ ਹੈ। ਇਸ ਟਿਕਟ ਵਿਚ ਡਿਨਰ ਵੀ ਸ਼ਾਮਲ ਹੋਵੇਗਾ। ਦਸ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੋਈ ਟਿਕਟ ਨਹੀਂ ਹੋਵੇਗੀ। ਪਿਛਲੇ ਸਾਲ ਹੋਏ ਮੁਕਾਬਲਿਆਂ ਵਿਚ ਕੋਈ ਇਕ ਦਰਜਨ ਤੋਂ ਵੱਧ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਵਾਸ਼ਿੰਗਟਨ, ਟੈਕਸਸ, ਵਰਜੀਨੀਆ ਤੋਂ ਇਲਾਵਾ ਵੈਨਕੂਵਰ ਅਤੇ ਟੋਰਾਂਟੋ ਤੋਂ ਪਹੁੰਚੀਆਂ ਸਨ। ਹੋਰ ਜਾਣਕਾਰੀ ਰਾਜਿੰਦਰ ਮਾਗੋ (630-440-7730) ਜਾਂ ਸੰਨੀ ਕੁਲਾਰ (312-224-4425) ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।

## ਲੋਗਨ ਹਾਈ ਸਕੂਲ 'ਚ ਪੰਜਾਬੀ ਕਲਾਸ ਮੁੜ ਸ਼ੁਰੂ ਹੋਣ ਦੇ ਆਸਾਰ

**ਯੂਨੀਅਨ ਸਿਟੀ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਲੋਗਨ ਹਾਈ ਸਕੂਲ, ਯੂਨੀਅਨ ਸਿਟੀ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਦੀ ਵਜ੍ਹਾ ਦੱਸ ਕੇ ਬੰਦ ਕੀਤੀ ਗਈ ਪੰਜਾਬੀ ਕਲਾਸ ਮੁੜ ਤੋਂ ਸ਼ੁਰੂ ਹੋਣ ਦੇ ਆਸਾਰ ਹਨ। ਇਹ ਕਲਾਸ ਕੋਈ ਤਿੰਨ ਸਾਲ ਪਹਿਲਾਂ ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਸਦਕਾ ਸ਼ੁਰੂ ਹੋਈ ਸੀ। ਇਸ ਪ੍ਰਬੰਧ ਹੇਠ ਨੌਂਵੀਂ ਜਮਾਤ ਵਿਚ ਵਿਦਿਆਰਥੀ ਹੋਰ ਵਿਸ਼ਿਆਂ ਵਾਂਗ ਪੰਜਾਬੀ ਦਾ ਵਿਸ਼ਾ ਲੈ ਸਕਦੇ ਸਨ।

ਪੰਜਾਬੀ ਭਾਈਚਾਰੇ ਵਲੋਂ ਲੋਗਨ ਹਾਈ ਸਕੂਲ ਦੇ ਪ੍ਰਿੰਸੀਪਲ ਨਾਲ ਸਕੂਲ ਦੀਆਂ ਮਾਸਿਕ ਪਬਲਿਕ ਮੀਟਿੰਗਾਂ ਵਿਚ ਪਹੁੰਚ ਕੇ ਪੰਜਾਬੀ ਕਲਾਸ ਬੰਦ ਨਾ ਕੀਤੇ ਜਾਣ ਦੀ ਜ਼ੋਰਦਾਰ ਵਕਾਲਤ ਸਦਕਾ ਉਮੀਦ ਬੱਝੀ ਹੈ ਕਿ ਇਹ ਕਲਾਸ ਬੰਦ ਨਹੀਂ ਕੀਤੀ ਜਾਵੇਗੀ। ਪ੍ਰਿੰਸੀਪਲ ਨੂੰ ਇਹ ਦੱਸਿਆ ਗਿਆ ਕਿ ਪੰਜਾਬੀ ਬੋਲੀ ਦਾ ਪੰਜਾਬੀ ਭਾਈਚਾਰੇ ਲਈ ਕੀ ਮਹੱਤਵ ਹੈ।

ਇਨ੍ਹਾਂ ਵਿਸ਼ੇਸ਼ ਮੀਟਿੰਗਾਂ ਵਿਚ ਸਿੱਖ ਭਾਈਚਾਰੇ ਦੀ ਤਰਫੋਂ ਭਾਈ ਰਾਮ ਸਿੰਘ, ਭਾਈ ਗੁਰਮੀਤ ਸਿੰਘ ਖਾਲਸਾ, ਸ. ਹਰਪਾਲ ਸਿੰਘ ਰਾਣਾ, ਸ. ਅੰਮ੍ਰਿਤਪਾਲ ਸਿੰਘ ਭਾਟੀਆ, ਅਮਰਦੀਪ ਸਿੰਘ, ਹਰਪ੍ਰੀਤ ਸਿੰਘ ਢਿੱਲੋਂ, ਲਖਵੀਰ ਸਿੰਘ, ਹਰਮਿੰਦਰ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਬਲਜੀਤ ਸਿੰਘ ਸੋਹੀ ਅਤੇ ਕਰਨੈਲ ਸਿੰਘ ਵੜੈਚ ਨੇ ਹਿੱਸਾ ਲਿਆ। ਇਨ੍ਹਾਂ ਆਗੂਆਂ ਨੇ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਬੱਚਿਆਂ ਨੂੰ ਪੰਜਾਬੀ ਵਿਸ਼ਾ ਚੁਣਨ ਲਈ ਆਖਣ।


# ਪੰਜਾਬ ਟਾਈਮਜ਼

**Need advertisement Sales Manager**

**Ideal candidate should have experience in advertisement sales and aptitude towards sales. Knowlege of computer skills must. Salary+Commission. Fax or e-mail your application.**

## ਲੋੜ ਹੈ ਸੇਲਜ਼ ਮੈਨੇਜ਼ਰ

**ਕੈਲੀਫੋਰਨੀਆ ਵਿਚ ਇਸ਼ਤਿਹਾਰ ਦੀ ਸਪੇਸ ਵੇਚਣ ਲਈ ਪੰਜਾਬ ਟਾਈਮਜ਼ ਨੂੰ ਇਕ ਨਿਸ਼ਠਾਵਾਨ ਅਨੁਭਵੀ ਅਤੇ ਪੱਤਰਕਾਰੀ ਪਿਛੋਕੜ ਵਾਲੇ ਸੇਲਜ਼ ਮੈਨੇਜ਼ਰ ਦੀ ਲੋੜ ਹੈ।**

**ਆਦਰਸ਼ ਉਮੀਦਵਾਰ ਕੋਲ ਅਖਬਾਰੀ ਲਾਈਨ ਦਾ ਤਜ਼ਰਬਾ, ਕੰਪਿਊਟਰ ਦੀ ਜਾਣਕਾਰੀ ਅਤੇ ਵਿਕਰੀ ਰੁਚੀ ਜ਼ਰੂਰੀ। ਤਨਖਾਹ ਅਤੇ ਕਮਿਸ਼ਨ ਯੋਗਤਾ ਅਨੁਸਾਰ। ਦਰਖਾਸਤ ਫੈਕਸ ਕਰੋ ਜਾਂ ਈ-ਮੇਲ ਕਰੋ**

**Fax:847-705-9388**

**e-mail:punjabtimes1@sbcglobal.net**

## ਮਲਕੀਤ ਸਿੰਘ ਧਾਮੀ ਸਿਟੀ ਪਲੈਨਰ ਨਿਯੁਕਤ

**ਰੀਨੋ, ਨੇਵਾਡਾ (ਪੰਜਾਬ ਟਾਈਮਜ਼ ਬਿਊਰੋ)**:ਕਾਰਸਨ ਸਿਟੀ ਦੇ ਮੇਅਰ ਅਤੇ ਸਿਟੀ ਕੌਂਸਲ ਨੇ ਸ. ਮਲਕੀਤ ਸਿੰਘ ਧਾਮੀ ਨੂੰ ਚਾਰ ਸਾਲ ਲਈ ਪਲੈਨਿੰਗ ਕਮਿਸ਼ਨਰ ਨਿਯੁਕਤ ਕੀਤਾ ਹੈ। ਸ. ਧਾਮੀ ਆਪਣੇ ਸਮਾਜਿਕ ਅਤੇ ਧਾਰਮਿਕ ਕੰਮਾਂ ਕਰਕੇ ਰੀਨੋ ਦੇ ਭਾਈਚਾਰੇ



*ਮਲਕੀਤ ਸਿੰਘ ਧਾਮੀ*

ਵਿਚ ਇਕ ਜਾਣੀ-ਪਛਾਣੀ ਹਸਤੀ ਹਨ। ਰੀਨੋ ਵਿਚ ਗੁਰਦੁਆਰਾ ਬਣਾਉਣ ਵਿਚ ਵੀ ਉਨ੍ਹਾਂ ਪੂਰਨ ਯੋਗਦਾਨ ਪਾਇਆ ਸੀ ਅਤੇ ਗੁਰਦੁਆਰੇ ਦੇ ਫਾਊਂਡਰ ਪ੍ਰਧਾਨ ਵੀ ਰਹੇ।

ਸ. ਧਾਮੀ ਜ਼ਿਲਾ ਹਸ਼ਿਆਰਪੁਰ ਦੇ ਪਿੰਡ ਪਿੱਪਲਾਂਵਾਲਾ ਤੋਂ ਹਨ ਅਤੇ ਪੇਸ਼ੇ ਵਲੋਂ ਇੰਜੀਨੀਅਰ ਹਨ। ਉਨ੍ਹਾਂ ਦੀ ਇਸ ਨਿਯੁਕਤੀ 'ਤੇ ਵਧਾਈ ਦੇਣ ਵਾਲਿਆਂ ਵਿਚ ਰੀਨੋ ਤੋਂ ਸ. ਅਮੋਲਕ ਸਿੰਘ ਪਵਾਰ, ਜਗਤ ਸਿੰਘ ਥਾਂਦੀ, ਸੁਖਦੇਵ ਸਿੰਘ ਹੁੰਦਲ, ਸਤਨਾਮ ਸਿੰਘ ਸੰਧੂ, ਅਮਰੀਕ ਸਿੰਘ ਬਸਰਾ, ਕੇਵਲ ਸਿੰਘ ਸੇਖੋਂ, ਉਪਿੰਦਰ ਸਿੰਘ, ਬੱਬੂ ਢਿੱਲੋਂ, ਮਨਜਿੰਦਰ ਸਿੰਘ ਵੜੈਚ, ਸੈਕਰਾਮੈਂਟੋ ਤੋਂ ਨਰਿੰਦਰਪਾਲ ਸਿੰਘ ਹੁੰਦਲ, ਮੁਖਤਾਰ ਸਿੰਘ ਗਿੱਲ, ਯੂਬਾ ਸਿਟੀ ਤੋਂ ਗੁਰਨਾਮ ਸਿੰਘ ਪੰਮਾ ਅਤੇ ਦੀਦਾਰ ਸਿੰਘ ਬੈਂਸ ਦੇ ਨਾਂ ਸ਼ਾਮਲ ਹਨ।

# ਨਿਊ ਯਾਰਕ ਕਬੱਡੀ ਕੱਪ 'ਚ ਇੰਗਲੈਂਡ ਦੀ ਬੱਲੇ ਬੱਲੇ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਇਥੇ ਕਨਿੰਘਮ ਪਾਰਕ ਦੀ ਗਰਾਊਂਡ ਵਿਚ ਪੰਜਾਬੀ ਵਿਰਸਾ ਸਪੋਰਟਸ ਕਲੱਬ ਵਲੋਂ 20 ਸਤੰਬਰ ਨੂੰ ਕਰਵਾਏ ਗਏ ਦੂਜੇ ਅੰਤਰਰਾਸ਼ਟਰੀ ਕਬੱਡੀ ਕੱਪ ਵਿਚ ਇੰਗਲੈਂਡ ਦੀ ਟੀਮ ਦੀ ਸਰਦਾਰੀ ਰਹੀ। ਫਾਈਨਲ 'ਚ ਇੰਗਲੈਂਡ ਤੇ ਅਮਰੀਕਾ ਦੀਆਂ ਟੀਮਾਂ ਭਿੜੀਆਂ ਸਨ ਪਰ ਟਰਾਫੀ ਇੰਗਲੈਂਡ ਦੀ ਟੀਮ ਦੀ ਝੋਲੀ 'ਚ ਪਈ। ਇੰਗਲੈਂਡ ਦੇ ਸੰਦੀਪ ਸਿੰਘ ਜੀਵਾ ਨੂੰ ਬੈਸਟ ਸਟਾਪਰ ਅਤੇ ਇੰਗਲੈਂਡ ਦੇ ਹੀ ਅਮਰਜੀਤ ਨੂੰ ਬੈਸਟ ਰੇਡਰ ਐਲਾਨਿਆ ਗਿਆ।

ਪਹਿਲਾ ਮੈਚ ਵੈਨਕੂਵਰ ਅਤੇ ਭਾਰਤ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜੋ ਭਾਰਤ ਨੇ ਜਿੱਤਿਆ। ਕੈਲੀਫੋਰਨੀਆ ਤੇ ਨਿਊ ਯਾਰਕ ਦੀਆਂ ਟੀਮਾਂ ਵਿਚਾਲੇ ਹੋਏ ਦੂਜੇ ਮੈਚ 'ਚ ਕੈਲੀਫੋਰਨੀਆ ਬਾਜ਼ੀ ਮਾਰ ਗਿਆ। ਤੀਜਾ ਮੈਚ ਭਾਰਤ ਅਤੇ ਇੰਗਲੈਂਡ 'ਚ ਹੋਇਆ ਜਿਸ ਦੀ ਜਿੱਤ ਦਾ ਸਿਹਰਾ ਇੰਗਲੈਂਡ ਦੀ ਟੀਮ ਨੂੰ ਗਿਆ। ਇਸੇ ਤਰ੍ਹਾਂ ਕੈਨੇਡਾ ਈਸਟ ਅਤੇ ਨਿਊਯਾਰਕ ਵਿਚਾਲੇ ਹੋਏ ਚੌਥੇ ਮੈਚ 'ਚੋਂ ਕੈਨੇਡਾ ਈਸਟ ਜੇਤੂ ਰਿਹਾ। ਇਸ ਤੋਂ ਇਲਾਵਾ ਟੋਰਾਂਟੋ ਦੀ ਪੀਲ ਪੁਲਿਸ ਅਤੇ ਨਿਊਯਾਰਕ- 'ਬੀ' ਟੀਮ ਵਿਚਾਲੇ ਹੋਇਆ ਸ਼ੋਅਮੈਚ ਵੀ ਬੜਾ ਰੌਚਿਕ ਸੀ ਜਿਸ ਵਿਚ ਨਿਊਯਾਰਕ ਨੇ ਕੈਨੇਡਾ ਪੀਲ ਪੁਲਿਸ ਨੂੰ ਅੱਧੇ ਨੰਬਰ 'ਤੇ ਹਰਾਇਆ।

ਇੰਗਲੈਂਡ ਅਤੇ ਟੋਰਾਂਟੋ ਵਿਚਕਾਰ ਹੋਏ ਸੈਮੀਫਾਈਨਲ ਵਿਚ ਟੋਰਾਂਟੋ ਜੇਤੂ ਰਿਹਾ। ਦੂਜਾ ਸੈਮੀਫਾਈਨਲ ਕੈਨੇਡਾ ਵੈਸਟ ਅਤੇ ਅਮਰੀਕਾ ਵਿਚਾਲੇ ਖੇਡਿਆ ਗਿਆ ਜਿਸ ਵਿਚ ਅਮਰੀਕਾ ਜੇਤੂ ਰਿਹਾ। ਆਖਰੀ ਮੈਚ ਤੋਂ ਪਹਿਲਾਂ ਭੰਗੜਾ ਟੀਮ ਨੇ ਆਪਣੇ ਜੌਹਰ ਦਿਖਾਏ। ਗਾਇਕ ਬਲਜੀਤ ਮਾਲਵਾ ਨੇ ਖੇਡ ਪ੍ਰੇਮੀਆਂ ਦਾ ਮਨੋਰੰਜਨ ਕੀਤਾ। ਬਲਜੀਤ ਨੇ ਪਹਿਲਾਂ ਧਾਰਮਿਕ ਗੀਤ ਸੁਣਾਇਆ ਅਤੇ ਫਿਰ ਸਰੋਤਿਆਂ ਦੇ ਸਵਾਦ ਅਨੁਸਾਰ 'ਕੀਹਦੇ ਚੁੱਗਦੀ ਬਦਾਮਾਂ ਦੇ ਚੋਗੇ, ਸਾਡੀਆਂ ਨਾ ਚੱਬੇਂ ਛੱਲੀਆਂ' ਅਤੇ 'ਮੌਜਾਂ ਭੁੱਲੀਆਂ ਨੀ, ਜੋ ਬਾਪੂ ਦੇ ਸਿਰ 'ਤੇ ਕਰੀਆਂ' ਆਦਿ ਗੀਤ ਸੁਣਾਏ।

ਲੰਗਰਾਂ ਦੀ ਸੇਵਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰਾਂ ਵਲੋਂ ਕੀਤੀ ਗਈ।

ਇਸ ਮੇਲੇ 'ਚ ਸਟਾਰ ਖਿਡਾਰੀ ਦੇਵੀ ਦਿਆਲ, ਹਰਜਿੰਦਰ ਸਿੰਘ ਥਾਣਾ, ਕਮਲ ਪੰਡਿਤ ਚੱਕਾਂ ਵਾਲਾ, ਸਾਈਕਲਿਸਟ ਕਾਬਲ ਸਿੰਘ ਬਟਾਲਾ ਅਤੇ ਪਹਿਲਵਾਨ ਕਰਤਾਰ ਸਿੰਘ ਨੂੰ ਸਨਮਾਨਤ ਕੀਤਾ ਗਿਆ। ਪਹਿਲਾ ਇਨਾਮ 75 ਸੁਪਰ ਬਾਜ਼ਾਰ ਵਾਲੇ ਹਰਜੀਤ ਸਿੰਘ, ਸੋਹਣ ਸਿੰਘ ਅਤੇ ਤੇਜਾ ਸਿੰਘ ਵਲੋਂ ਦਿੱਤਾ ਗਿਆ। ਇਸੇ ਤਰ੍ਹਾਂ ਦੂਜਾ ਇਨਾਮ ਮਾਲਵਾ ਬ੍ਰਦਰਜ਼ ਯੂ.ਐਸ.ਏ., ਤੀਜਾ ਇਨਾਮ ਬਾਬਾ ਨਿਧਾਨ ਸਿੰਘ, ਚੌਥਾ ਇਨਾਮ ਹਰਬੰਸ ਸਿੰਘ, ਮਾਸਟਰ ਸੁਰਜੀਤ ਸਿੰਘ, ਸ਼ਿੰਦਰ ਸਿੰਘ, ਸ਼ਿੰਗਾਰਾ ਸਿੰਘ, ਸੁਖਵੰਤ ਸਿੰਘ ਦਾਖਾ, ਬਲਵੀਰ ਸਿੰਘ ਚੀਨਾ ਤੇ ਹੁਸ਼ਿਆਰ ਸਿੰਘ ਅਤੇ ਪੰਜਵਾਂ ਇਨਾਮ ਸੁਖਵੰਤ ਸਿੰਘ ਸੁੱਖੀ (ਪਾਪਾ ਜਾਨ ਪੀਜ਼ਾ) ਵਲੋਂ ਦਿੱਤਾ ਗਿਆ, ਜਦਕਿ ਸਿਟੀ ਫਿਊਲਸ ਦੇ ਸੰਤੋਖ ਸਿੰਘ ਮੱਲ੍ਹੀ ਨੇ ਨਿਊ ਯਾਰਕ ਦੀ ਟੀਮ ਨੂੰ ਸਪਾਂਸਰ ਕੀਤਾ।

ਫਾਈਨਲ ਮੈਚ ਦੇ ਰੈਫਰੀ ਕਬੱਡੀ ਦੇ ਰਹਿ ਚੁੱਕੇ ਧਨੰਤਰ ਖਿਡਾਰੀ ਦੇਵੀ ਦਿਆਲ ਅਤੇ ਸ੍ਰੀ ਧੰਨਾ ਸਨ। ਸਟੇਜ ਪ੍ਰਿੰ. ਸਰਵਣ ਸਿੰਘ, ਮੱਖਣ ਸਿੰਘ ਹਕੀਮਪੁਰ ਅਤੇ ਜਸ ਪੰਜਾਬੀ ਦੇ ਹਰਵਿੰਦਰ ਰਿਆੜ ਨੇ ਸੰਭਾਲੀ।

ਕਲੱਬ ਦੇ ਮੈਂਬਰਾਂ ਮਹਿੰਦਰ ਸਿੰਘ ਸਿੱਧੂ, ਬਿੰਦਰ 5 ਸਟਾਰ, ਤਜਿੰਦਰ ਸਿੰਘ, ਸੰਤੋਖ ਸਿੰਘ, ਹਰਵਿੰਦਰ ਸਿੰਘ, ਕੁਲਵੰਤ ਸਿੰਘ, ਸਤਨਾਮ ਸਿੰਘ, ਮੰਗੀ ਔਜਲਾ, ਬਲਵਿੰਦਰ ਸਿੰਘ ਜੰਡਿਆਲਾ, ਸੁਖਵਿੰਦਰ ਸਿੰਘ ਨੀਲੋ, ਕੇ.ਕੇ. ਸ਼ਰਮਾ, ਬਲਵਿੰਦਰ ਸਿੰਘ ਵਿਰਕ, ਜਸਵੀਰ ਸਿੰਘ ਕਟਾਰੀਆ, ਲੱਖੀ ਗਿੱਲ, ਕਸ਼ਮੀਰ ਸਿੰਘ ਮੀਤੂ ਅਤੇ ਨਛੱਤਰ ਸਿੰਘ ਹੋਰਾਂ ਦੇ ਉਦਮ ਨਾਲ ਮੇਲਾ ਕਾਮਯਾਬ ਰਿਹਾ।





*To Advertise with us call:*
***847-359-0746***

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਭਾਰਤੀ ਅਧਿਕਾਰੀ ਦਾ ਗਲ਼ਾ ਵੱਢਣ ਵਾਲੇ ਨੂੰ ਮੁਸ਼ੱਰਫ ਨੇ ਸਨਮਾਨਤ ਕੀਤਾ**

-ਬੱਸ? ਸਾਡੇ ਦੇਸ਼ 'ਚ ਤਾਂ ਆਪਣਿਆਂ ਦੇ ਗਲ਼ੇ ਵੱਢਣ ਵਾਲਿਆਂ ਨੂੰ ਵਜ਼ੀਰੀਆਂ ਮਿਲ ਜਾਂਦੀਆਂ।

***ਇਕ ਕੁੱਤੇ ਦੇ ਸਵਾਗਤ ਲਈ ਪਹੁੰਚੀਆਂ 30 ਮਰਸੀਡੀਜ਼ ਕਾਰਾਂ**

-ਫਿਰ ਇਹ ਕੁੱਤਾ ਨਹੀਂ, ਬਾਹਲਾ ਈ ਕੁੱਤਾ ਹੋਣੈ।

***ਕੈਨੇਡਾ ਤੇ ਅਮਰੀਕਾ ਦੇ ਮੰਦਰਾਂ 'ਚ ਹੋਵੇਗੀ ਹੁਣ ਈ-ਪੂਜਾ**

-ਖਾਣਪੀਣ ਲਈ ਵੀ ਫਿਰ ਈ-ਪ੍ਰਸ਼ਾਦ ਤੇ ਈ-ਲੰਗਰ ਚੱਲਿਆ ਕਰੂ!

***ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤਲਾਕ ਦੀ ਰਸਮ ਸਰਾਸਰ ਗਲਤ- ਜਥੇਦਾਰ ਗੁਰਬਚਨ ਸਿੰਘ**

-ਜੇ ਕੋਈ ਜ਼ੋਰਾਵਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਰਸੀ ਡਾਹ ਕੇ ਬਹਿ ਜਾਏ ਉਹ ਠੀਕ ਐ!

***1984 ਦੇ ਸਾਕੇ ਨੂੰ ਹਰਗਿਜ਼ ਨਹੀਂ ਭੁਲਾਇਆ ਜਾਣਾ ਚਾਹੀਦਾ-ਪਾਲ ਸਿੰਘ ਆਹਲੂਵਾਲੀਆ**

-ਇਹ ਕਿਹੜਾ ਸਤਾਰਾਂ ਦਾ ਪਹਾੜਾ ਆ ਬਈ ਭੁੱਲ ਜਾਊ, ਏਡੇ ਵੱਡੇ ਹਮਲੇ ਨੂੰ ਕੋਈ ਗੀਦੀ ਭੁਲਾਊ।

***ਮੈਂ ਕਦੇ ਵੀ ਸੋਨੀਆ ਗਾਂਧੀ ਦਾ ਸਾਥ ਨਹੀਂ ਛੱਡ ਸਕਦਾ-ਲਾਲੂ**

-ਸਾਥ ਛੱਡ ਕੇ ਘਪਲਿਆਂ ਦੀ ਬੰਦ ਪਈ ਜਾਂਚ ਖੁਲ੍ਹਵਾਉਣੀ ਐ?

***ਕਪੂਰੀ ਦਾ ਮੋਰਚਾ ਗਲਤ ਸੀ ਜਾਂ ਹੁਣ ਅਕਾਲੀ ਦਲ ਵਲੋਂ ਚੌਟਾਲੇ ਦੀ ਚੋਣਾਂ 'ਚ ਹਮਾਇਤ ਗਲਤ, ਇਹਦੇ ਬਾਰੇ ਤਾਂ ਬਾਦਲ ਸਾਬ੍ਹ ਆਪ ਹੀ ਦੱਸ ਸਕਦੇ ਨੇ-ਮੱਕੜ**

-ਸਾਡੀ ਡਿਊਟੀ ਤਾਂ ਬੱਸ ਕਾਂਗਰਸ ਨੂੰ ਭੰਡਣ ਦੀ ਲੱਗੀ ਐ।


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Kashmir S. Thandi**
**Office: (866) 933-3038**
**Balhar S. Rana**
**Cell:916-502-7733**

**Call For Special Price**

**4585 Pell Dr. Secramento CA, 95838**



# HOME LOANS
## Sacramento and Central Valley

ਜੈਗ ਭੰਗੂ ਜੋ ਇਕ ਹਜ਼ਾਰ ਤੋਂ ਵੱਧ ਹਰ ਕਿਸਮ ਦੇ ਲੋਨ ਕਰ ਚੁੱਕੇ ਹਨ

*Attention Home Buyers & Realtors*
*Get qualified for loan before looking for a house.*

*Free Credit & Loan pre approval*

ਰੀਫਾਇਨਾਂਸ ਕਰਵਾਓ ਅਤੇ ਆਪਣੀ ਵਿਆਜ ਦਰ ਤੇ ਕਿਸ਼ਤ ਘਟਾਓ

ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਲਈ ਲੋਨ ਚੰਗੀਆਂ ਸ਼ਰਤਾਂ ਲੈਣ ਲਈ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ

*Purchase home with 3.5% Down FHA*

*Loan can be approved even if your bank/loan officer said NO*

*Low credit score ...We can do the loan*



*Realtors get your client pre approved ...Call for details*

**Self Employed OK**
**First Time Home Buyers OK**
**Loan Available For Bank Owned Properties**

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

**ਜੈਗ ਭੰਗੂ**
**408-598-9605**
**916-759-1923**
*CA DRE Lic 01364174*

*Direct Mortgage Lender Rates Are LOW Now*

**DIRECT LENDERS AND MAJOR BANKS LOAN AVAILABLE**



### For Honest and Reliable
# Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।



*Specializing in Bank Repo. And short sales.*

**Nand S. Brar**
**Broker Associate**
**DRE Lic No: 01816328**

**(916) 501-3974**
**(916) 344-5453**

**Email : nandsbrar@gmail.com, www.westcorealty.com**

# ਪਰਮਿੰਦਰ ਸੈਣੀ ਨੇ ਕੈਨੇਡਾ ਸਰਕਾਰ ਤੋਂ ਵਕਾਲਤ ਕਰਨ ਦੀ ਆਗਿਆ ਮੰਗੀ

**ਟੋਰਾਂਟੋ :** ਭਾਰਤ ਵਾਪਸ ਭੇਜੇ ਜਾਣ ਵਿਰੁਧ ਕਾਨੂੰਨੀ ਲੜਾਈ ਲੜ ਰਹੇ ਤੇ ਕਿਸੇ ਸਮੇਂ ਦੋਸ਼ੀ ਕਰਾਰ ਦਿੱਤੇ ਸਿੱਖ ਖਾੜਕੂ ਪਰਮਿੰਦਰ ਸਿੰਘ ਸੈਣੀ ਨੇ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹਨੂੰ ਦੇਸ਼ 'ਚ ਵਕਾਲਤ ਕਰਨ ਦੀ ਆਗਿਆ ਦਿੱਤੀ ਜਾਵੇ। 5 ਜੁਲਾਈ 1984 ਨੂੰ ਪੰਜ ਨੌਜਵਾਨਾਂ ਦੀ ਅਗਵਾਈ ਕਰਦਿਆਂ ਸ੍ਰੀਨਗਰ ਤੋਂ ਨਵੀਂ ਦਿੱਲੀ ਜਾ ਰਹੇ ਏਅਰ ਇੰਡੀਆ ਦੇ ਜਹਾਜ਼ ਨੂੰ ਅਗਵਾ ਕਰਕੇ ਲਾਹੌਰ ਲਿਜਾਣ ਵਾਲੇ ਪਰਮਿੰਦਰ ਸਿੰਘ ਸੈਣੀ ਨੇ ਅਪੀਲ ਕੀਤੀ ਹੈ ਕਿ ਉਹਨੂੰ ''ਇਕ ਮੌਕਾ ਦਿੱਤਾ ਜਾਣਾ ਚਾਹੀਦਾ ਹੈ।''

ਲਾਅ ਸੁਸਾਇਟੀ ਆਫ ਅੱਪਰ ਕੈਨੇਡਾ ਅੱਗੇ ਹਾਲ ਹੀ 'ਚ ਪੇਸ਼ ਹੋਏ ਸੈਣੀ ਨੇ ਕਿਹਾ ਕਿ ਉਹਨੂੰ ਆਪਣੇ ਅਤੀਤ ਪ੍ਰਤੀ ਅਫਸੋਸ ਹੈ। 46 ਸਾਲਾ ਸੈਣੀ ਨੇ ਮੰਨਿਆ ਕਿ ਜੋ ਉਹਨੇ ਕੀਤਾ ਉਹ ਠੀਕ ਨਹੀਂ ਸੀ। ਪਰਮਿੰਦਰ ਸਿੰਘ ਨੇ ਬੀ.ਏ ਯਾਰਕ ਯੂਨੀਵਰਸਿਟੀ ਤੋਂ ਅਤੇ ਕਾਨੂੰਨ 'ਚ ਡਿਗਰੀ ਵਿੰਡਸਰ ਤੋਂ ਕੀਤੀ ਹੋਈ ਹੈ, ਪਰ ਉਹਦੇ ਆਲੋਚਕ ਹਾਲੇ ਵੀ ਉਸ ਬਾਰੇ ਸ਼ੱਕੀ ਹਨ।



ਲਾਅ ਸੁਸਾਇਟੀ ਵਕੀਲ ਸੂਜ਼ਨ ਹੀਕਸ ਨੇ ਉਹਦੀ ਅਰਜ਼ੀ ਦਾ ਵਿਰੋਧ ਕਰਦਿਆਂ ਸੁਣਵਾਈ ਦੌਰਾਨ ਕਿਹਾ ਕਿ 15 ਸਾਲ ਤੋਂ ਵਧ ਸਮੇਂ ਤੋਂ ਕੈਨੇਡਾ ਦੀਆਂ ਅਦਾਲਤਾਂ ਤੇ ਟ੍ਰਿਬਿਊਨਲਾਂ ਨੇ ਉਹਨੂੰ ਲੋਕਾਂ ਤੇ ਦੇਸ਼ ਦੀ ਸੁਰੱਖਿਆ ਲਈ ਖਤਰਾ ਐਲਾਨਿਆ ਹੋਇਆ ਹੈ, ਇਸ ਕਰਕੇ ਉਹ ਇਥੇ ਨਹੀਂ ਰਹਿਣਾ ਚਾਹੀਦਾ।

ਹੀਕਸ ਨੇ ਗੱਲ ਅੱਗੇ ਤੋਰਦਿਆਂ ਕਿਹਾ ਕਿ ਜਹਾਜ਼ ਅਗਵਾ ਕਰਨ ਤੋਂ ਇਲਾਵਾ, ਉਹਨੇ ਇਸ 'ਚ ਸਵਾਰ 270 ਤੋਂ ਵੱਧ ਬੰਧਕਾਂ 'ਚੋਂ ਬਹੁਤਿਆਂ ਵਲ ਗੋਲੀਆਂ ਚਲਾਈਆਂ ਤੇ ਫਿਰ ਉਹ ਝੂਠ ਦੇ ਆਧਾਰ 'ਤੇ ਕੈਨੇਡਾ ਆ ਗਿਆ। ਉਹਨੂੰ ਕਦੀ ਵੀ ਕੈਨੇਡਾ 'ਚ ਪਰਵਾਸੀ ਦਾ ਰੁਤਬਾ ਨਹੀਂ ਮਿਲ ਸਕਿਆ। ਉਹਨੂੰ ਉਹਦੇ ਦੇਸ਼ ਵਾਪਸ ਭੇਜਣ ਦੀ ਕਾਰਵਾਈ ਜਾਰੀ ਹੈ ਤੇ ਉਹ ਦੇਸ਼ ਦੀ ਸੁਰੱਖਿਆ ਲਈ ਖਤਰਾ ਹੈ। ਟੋਰਾਂਟੋ ਸਟਾਰ 'ਚ ਹੀਕਸ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਇਸ ਸਾਰੇ ਕੁਝ ਦੇ ਚਲਦਿਆਂ ਉਹਨੂੰ ਬਾਰ 'ਚ ਕਿਵੇਂ ਸ਼ਾਮਲ ਕੀਤਾ ਜਾ ਸਕਦਾ ਹੈ?

ਸੈਣੀ ਨੂੰ ਪਾਕਿਸਤਾਨ ਦੀ ਇਕ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ, ਪਰ ਮਗਰੋਂ ਇਹ ਸਜ਼ਾ 10 ਸਾਲ ਕਰ ਦਿੱਤੀ ਗਈ ਸੀ ਤੇ ਫਿਰ ਉਹਨੂੰ ਦੇਸ਼ ਛੱਡਣ ਲਈ ਕਹਿ ਦਿੱਤਾ ਗਿਆ ਸੀ। 1995 'ਚ ਉਹ ਬਲਬੀਰ ਸਿੰਘ ਦੇ ਨਾਮ 'ਤੇ ਅਫਗਾਨਿਸਤਾਨ ਦੇ ਜਾਅਲੀ ਪਾਸਪੋਰਟ 'ਤੇ ਕੈਨੇਡਾ 'ਚ ਦਾਖਲ ਹੋ ਗਿਆ ਸੀ। ਇਸ ਵੇਲੇ ਸੈਣੀ ਆਪਣੇ ਭਰਾ ਦੀ ਇਮੀਗ੍ਰੇਸ਼ਨ ਕੰਸਲਟੈਂਸੀ ਫਰਮ ਸਿੰਘ ਐਂਡ ਐਸੋਸੀਏਟਸ ਨਾਲ ਟੋਰਾਂਟੋ ਦੇ ਬਾਹਰਵਾਰ ਪੈਂਦੇ ਮਿਸੀਸਾਗਾ ਖੇਤਰ 'ਚ ਕੰਮ ਕਰ ਰਿਹਾ ਹੈ। ਕਿਹਾ ਜਾਂਦਾ ਹੈ ਕਿ ਪਾਕਿਸਤਾਨੀ ਸਰਕਾਰ ਨੇ ਉਹਦੇ ਲਈ ਅਫਗਾਨਿਸਤਾਨ ਦੇ ਜਾਅਲੀ ਪਾਸਪੋਰਟ ਦਾ ਪ੍ਰਬੰਧ ਕੀਤਾ ਤੇ ਉਹ 21ਜਨਵਰੀ 1995 ਨੂੰ ਉਹ ਕੈਨਡਾ ਪੁੱਜ ਗਿਆ। ਬਲਬੀਰ ਸਿੰਘ ਦੇ ਨਾਮ 'ਤੇ ਇਥੇ ਪੁੱਜੇ ਸੈਣੀ ਨੇ ਕੈਨੇਡਾ ਦੇ ਸਬੰਧਤ ਵਿਭਾਗਾਂ ਨੂੰ ਇਹ ਵੀ ਕਿਹਾ ਸੀ ਕਿ ਉਹਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ ਤੇ ਉਹਦੇ ਪਰਿਵਾਰ ਦਾ ਕੋਈ ਜੀਅ ਜਾਂ ਰਿਸ਼ਤੇਦਾਰ ਇਥੇ ਨਹੀਂ ਰਹਿੰਦਾ, ਜਦਕਿ ਉਹਦਾ ਭਰਾ ਤੇ ਮਾਂ ਪਹਿਲਾਂ ਹੀ ਇਥੇ ਰਹਿ ਰਹੇ ਸਨ। ਕੈਨੇਡਾ ਦੀ ਖੁਫੀਆ ਏਜੰਸੀ ਨੇ 8 ਮਹੀਨੇ ਮਗਰੋਂ ਉਹਨੂੰ ਕਾਬੂ ਕਰ ਲਿਆ ਸੀ ਤੇ ਉਹਨੂੰ ਦੇਸ਼ ਵਾਪਸ ਭੇਜੇ ਜਾਣ ਦੇ ਹੁਕਮ ਜਾਰੀ ਹੋ ਗਏ ਸਨ, ਪਰ ਇਹ ਮਾਮਲਾ ਹਾਲੇ ਲਟਕ ਰਿਹਾ ਹੈ।

## ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 4 ਨੂੰ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੀਫੋਰਨੀਆ ਵਲੋਂ 4 ਅਕਤੂਬਰ ਨੂੰ ਕਰਵਾਏ ਜਾ ਰਹੇ ਗਦਰੀ ਬਾਬਿਆਂ ਦੇ ਮੇਲੇ ਲਈ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਹ ਜਾਣਕਾਰੀ ਇਥੇ ਦਿੰਦਿਆਂ ਸੰਸਥਾ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਦੱਸਿਆ ਕਿ ਮੇਲਾ ਐਸ.ਈ.ਐਸ. ਹਾਲ, ਐਲਕ ਗਰੂਵ ਵਿਚ ਸਵੇਰੇ 12 ਵਜੇ ਤੋਂ ਸ਼ਾਮ 8 ਵਜੇ ਤੱਕ ਚੱਲੇਗਾ ਅਤੇ ਇਸ ਵਾਰ ਦਾ ਮੇਲਾ ਰਾਜ ਪਲਟਾਊ ਕੂਕਾ ਤਹਿਰੀਕ ਦੇ ਸ਼ਹੀਦਾਂ ਨੂੰ ਸਮਰਪਿਤ ਹੈ।

ਸ੍ਰੀ ਬਿੰਦਰਾ ਅਨੁਸਾਰ ਮੇਲੇ ਵਿਚ ਲੋਕ ਕਲਾਕਾਰ ਗੁਰਮਿੰਦਰ ਗੁਰੀ, ਸੁਖਵੰਤ ਸੁੱਖੀ, ਸੁਲਤਾਨ ਅਖਤਰ, ਪਰਮਜੀਤ ਮਾਨ ਅਤੇ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਰੌਣਕਾਂ ਲਾਉਣਗੇ। ਇਸ ਤੋਂ ਇਲਾਵਾ ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵੀ ਹੋਵੇਗਾ। ਸਟੇਜ ਦਾ ਸੰਚਾਲਨ ਪ੍ਰੋ. ਗੁਰਮਿੰਦਰਪਾਲ ਸਿੰਘ ਅਤੇ ਜਸਵੰਤ ਸਿੰਘ ਸ਼ਾਦ ਕਰਨਗੇ। ਕੱਪੜਿਆਂ ਅਤੇ ਗਹਿਣਿਆਂ ਦੇ ਸਟਾਲ ਵੀ ਇਸ ਮੌਕੇ ਲਾਏ ਜਾਣਗੇ। ਖਾਣਾ ਮੁਫਤ ਹੋਵੇਗਾ। ਪਾਰਕਿੰਗ ਅਤੇ ਦਾਖਲੇ ਲਈ ਕੋਈ ਫੀਸ ਨਹੀਂ। ਇਸ ਮੌਕੇ ਪੁੱਜ ਰਹੀਆਂ ਵਿਸ਼ੇਸ਼ ਸ਼ਖਸੀਅਤਾਂ ਵਿਚ ਆਜ਼ਾਦੀ ਘੁਲਾਟੀਏ ਸ. ਦੇਵਾ ਸਿੰਘ ਧੂਤ, ਬੀਬੀ ਬੀਰਾਂ (ਕੈਨੇਡਾ), ਹਾਕੀ ਓਲੰਪੀਅਨ ਪਦਮਸ੍ਰੀ ਬਲਬੀਰ ਸਿੰਘ ਸ਼ਾਮਲ ਹਨ। ਹੋਰ ਜਾਣਕਾਰੀ ਸ੍ਰੀ ਬਿੰਦਰਾ ਪਾਸੋਂ ਫੋਨ 916-534-3766 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਪੀ.ਏ.ਯੂ. ਏ ਪੁਰਾਣੇ ਵਿਦਿਆਰਥੀਆਂ ਦੀ ਪਿਕਨਿਕ 4 ਨੂੰ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਪੁਰਾਣੇ ਵਿਦਿਆਰਥੀਆਂ ਦੀ ਇਕ ਪਿਕਨਿਕ ਇਥੇ ਲੇਕ ਅਲਿਜਬੈਥ ਪਾਰਕ ਵਿਚ ਸਵੇਰੇ 10:30 ਤੋਂ ਸ਼ਾਮ ਤੱਕ ਚੱਲੇਗੀ।

ਇਸ ਮੌਕੇ ਵਾਲੀਬਾਲ, ਸਾਕਰ ਅਤੇ ਰੱਸਾਕਸ਼ੀ ਦੀਆਂ ਖੇਡਾਂ ਤੋਂ ਇਲਾਵਾ ਹੋਰ ਕਈ ਖੇਡਾਂ ਕਰਵਾਈਆਂ ਜਾਣਗੀਆ। ਆਏ ਮਹਿਮਾਨਾਂ ਦੀ ਸੇਵਾ ਗਰਮ ਗਰਮ ਚਾਹ, ਪਕੌੜਿਆਂ, ਛੋਲੇ-ਭਠੂਰਿਆਂ ਅਤੇ ਜਲੇਬੀਆਂ ਨਾਲ ਕੀਤੀ ਜਾਵੇਗੀ। ਹੋਰ ਜਾਣਕਾਰੀ ਲੈਣ ਲਈ ਇੰਦਰਜੀਤ ਚਾਹਲ (408-274-7103) ਜਾਂ ਸ਼ਮਸ਼ੇਰ ਕੰਗ (650-274-2464 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonials

**Medico Jat Sikh match for, 27, 5'0'/ smart girl doing DDS in USA. Respond with place and time of birth. contact:219-878-1008 e-mail:sur_malhi@yahoo.co.in**

**ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800**

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com

Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com


ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States


# ਵਿਧਾਇਕ ਜੱਸੀ ਖੰਘੂੜਾ ਵਲੋਂ ਸੁਖਬੀਰ ਬਾਦਲ ਦੀਆਂ ਵਿਦੇਸ਼ ਫੇਰੀਆਂ 'ਤੇ ਗੰਭੀਰ ਕਿੰਤੂ

**ਲੁਧਿਆਣਾ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਵਾਰ ਵਾਰ ਕੀਤੀਆਂ ਜਾ ਰਹੀਆਂ ਵਿਦੇਸ਼ ਫੇਰੀਆਂ ਉਤੇ ਗੰਭੀਰ ਕਿੰਤੂ ਕਰਦਿਆਂ ਕਿਲਾ ਰਾਏਪੁਰ ਤੋਂ ਵਿਧਾਇਕ ਸ੍ਰੀ ਜੱਸੀ ਖੰਘੂੜਾ ਨੇ ਮੰਗ ਕੀਤੀ ਹੈ ਕਿ ਸ੍ਰੀ ਬਾਦਲ ਪਿਛਲੇ ਇਕ ਸਾਲ ਵਿਚ ਲਾਈਆਂ ਆਪਣੀਆਂ ਵਿਦੇਸ਼ ਫੇਰੀਆਂ ਦਾ ਪੂਰਾ ਵੇਰਵਾ ਦੇਣ। ਉਹ ਕਿਥੇ ਰਹੇ, ਉਨ੍ਹਾਂ ਕੀ ਕੀਤਾ, ਇਨ੍ਹਾਂ ਫੇਰੀਆਂ ਲਈ ਕਿਰਾਇਆ ਕਿਸ ਨੇ ਭਰਿਆ ਅਤੇ ਇਨ੍ਹਾਂ ਦਾ ਨਤੀਜਾ ਕੀ ਹੈ?

ਇਕ ਅਦਾਲਤ ਵਲੋਂ ਸ੍ਰੀ ਸੁਖਬੀਰ ਬਾਦਲ ਦੀ ਅਗਲੀ ਵਿਦੇਸ਼ ਫੇਰੀ ਲਈ ਇਜਾਜ਼ਤ ਦਿੱਤੇ ਜਾਣ ਉਤੇ ਟਿੱਪਣੀ ਕਰਦਿਆਂ ਸ੍ਰੀ ਖੰਘੂੜਾ ਨੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਇਸ ਯਾਤਰਾ ਬਾਰੇ ਸੂਬੇ ਦੇ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਸ੍ਰੀ ਸੁਖਬੀਰ ਬਾਦਲ ਨੇ ਇਕ ਮਹੀਨੇ ਲਈ ਸੰਸਾਰ ਯਾਤਰਾ ਕੀਤੀ। ਸ੍ਰੀ ਖੰਘੂੜਾ ਨੇ ਇਥੇ ਜਾਰੀ ਇਕ ਬਿਆਨ ਵਿਚ ਇਹ ਜਾਨਣਾ ਚਾਹਿਆ ਹੈ ਕਿ ਛੋਟਾ ਬਾਦਲ ਲੋਕਾਂ ਦੀਆਂ ਆਟਾ-ਦਾਲ ਵਰਗੀਆਂ ਸਮੱਸਿਆਵਾਂ ਅਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਨਜ਼ਰਅੰਦਾਜ਼ ਕਰਕੇ ਕਿਉਂ ਨਿੱਤ ਦਿਹਾੜੇ ਵਿਦੇਸ਼ਾਂ ਨੂੰ ਮੂੰਹ ਕਰੀ ਰੱਖਦਾ ਹੈ? ਬਿਆਨ ਵਿਚ ਸ੍ਰੀ ਖੰਘੂੜਾ ਨੇ ਪੁੱਛਿਆ ਹੈ ਕਿ ਸਾਡਾ ਉਪ ਮੁੱਖ ਮੰਤਰੀ ਵਿਦੇਸ਼ ਜਾ ਕੇ ਕਰਦਾ ਕੀ ਹੈ? ਕਿਉਂਕਿ ਉਸ ਦਾ ਪਰਿਵਾਰ ਇਥੇ ਹੈ ਇਸ ਕਰਕੇ ਮੰਨਿਆ ਜਾਣਾ ਚਾਹੀਦਾ ਹੈ ਕਿ ਉਸ ਦਾ ਦਿਲ ਵੀ ਇਥੇ ਹੈ, ਤਾਂ ਫਿਰ ਵਾਰ ਵਾਰ ਬਿਨਾ ਕਿਸੇ ਜਵਾਬਦੇਹੀ ਦੇ ਉਹ ਦੁਬਈ ਅਤੇ ਹੋਰਨਾਂ ਮੁਲਕਾਂ ਵਿਚ ਕਿਉਂ ਜਾਂਦਾ ਹੈ?

ਬਾਦਲ ਪਰਿਵਾਰ 'ਤੇ ਹਮੇਸ਼ਾ ਤਿੱਖੀਆਂ ਟਿੱਪਣੀਆਂ ਕਰਨ ਕਰਕੇ ਜਾਣੇ ਜਾਂਦੇ ਸ੍ਰੀ ਖੰਘੂੜਾ ਨੇ ਆਖਿਆ ਹੈ ਕਿ ਛੋਟਾ ਬਾਦਲ ਆਪਣੀਆਂ ਵਿਦੇਸ਼ ਫੇਰੀਆਂ ਨੂੰ ਗੁਪਤ ਕਿਉਂ ਰੱਖਦਾ ਹੈ? ਇਹ ਫੇਰੀਆਂ ਸਰਕਾਰੀ ਤੌਰ 'ਤੇ ਕਿਉਂ ਨਹੀਂ ਤੈਅ ਕੀਤੀਆਂ ਜਾਂਦੀਆਂ? ਉਨ੍ਹਾਂ ਮੰਗ ਕੀਤੀ ਕਿ ਭਵਿੱਖ ਵਿਚ ਸ੍ਰੀ ਸੁਖਬੀਰ ਬਾਦਲ ਜਦੋਂ ਵੀ ਵਿਦੇਸ਼ ਯਾਤਰਾ 'ਤੇ ਜਾਣ ਵਾਪਸ ਆ ਕੇ ਲੋਕਾਂ ਨੂੰ ਇਸ ਦੀ ਰਿਪੋਰਟ ਜ਼ਰੂਰ ਦੇਣ। ਸ੍ਰੀ ਖੰਘੂੜਾ ਨੇ ਸੁਖਬੀਰ ਬਾਦਲ ਤੋਂ ਇਹ ਵੀ ਜਾਨਣਾ ਚਾਹਿਆ ਕਿ ਉਹ ਵਾਰ ਵਾਰ ਦੁਬਈ ਕਿਉਂ ਜਾਂਦੇ ਹਨ? ਜਦੋਂ ਕਿ ਆਮ ਲੋਕ ਇਸ ਸ਼ਹਿਰ ਨੂੰ ਕੁਝ ਘੰਟਿਆਂ ਲਈ ਰੁਕਣ ਦਾ ਪੜਾਅ ਜਾਂ ਫਿਰ ਕਾਲੇ ਧਨ ਦੀ ਨਗਰੀ ਕਰਕੇ ਜਾਣਦੇ ਹਨ। ਕਿਉਂ ਨਹੀਂ ਸੁਖਬੀਰ ਬਾਦਲ ਆਪਣੀਆਂ ਇਨ੍ਹਾਂ ਫੇਰੀਆਂ ਨੂੰ ਪਰਵਾਸੀ ਭਾਰਤੀਆਂ ਨਾਲ ਸਾਂਝ ਵਧਾਉਣ ਲਈ ਵਰਤਦੇ? ਕਿਉਂ ਉਹ ਅਮਰੀਕਾ-ਕੈਨੇਡਾ ਜਾਣ ਤੋਂ ਇਨਕਾਰੀ ਹਨ? ਪਰਵਾਸੀ ਮਾਮਲਿਆਂ ਦੇ ਮੰਤਰੀ ਹੋਣ ਦੇ ਬਾਵਜੂਦ ਕਿਉਂ ਨਹੀਂ ਉਹ ਆਪਣੇ ਏਜੰਡੇ ਦਾ ਐਲਾਨ ਕਰਦੇ?




**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਾਲੀ ਮੰਦੇ ਨੇ ਵਿਕਸਤ ਮੁਲਕਾਂ ਦੀ ਸੁਰਤ ਟਿਕਾਣੇ ਲਿਆਂਦੀ

ਹੋਏ ਜੀ-20 ਸਿਖਰ ਸੰਮੇਲਨ ਵਿਚ ਮੈਂਬਰ ਦੇਸ਼ਾਂ ਦੇ ਆਗੂ ਵਿਸ਼ਵ ਆਰਥਿਕਤਾ ਨੂੰ ਪੈਰਾਂ ਸਿਰ ਕਰਨ ਵਾਸਤੇ 1-1 ਅਰਬ ਅਮਰੀਕੀ ਡਾਲਰ ਦਾ ਰਾਹਤ ਪੈਕੇਜ ਦੇਣ ਲਈ ਸਹਿਮਤ ਹੋਏ ਸਨ। ਸਿਖਰ ਸੰਮੇਲਨ ਵਿਚ ਹੋਏ ਵਿਚਾਰ-ਵਟਾਂਦਰੇ ਦੌਰਾਨ ਭਾਰਤ ਨੇ ਇਹ ਸੁਝਾਅ ਦਿੱਤਾ ਸੀ ਕਿ ਰਾਹਤ ਪੈਕੇਜ ਨੂੰ ਖਤਮ ਕਰਨ ਲਈ ਨੀਤੀ ਘੜਨਾ ਜਲਦਬਾਜ਼ੀ ਵਾਲਾ ਕੰਮ ਹੋਵੇਗਾ ਅਤੇ ਇਸ ਨੂੰ ਹਾਲ ਦੀ ਘੜੀ ਸਬੰਧਤ ਦੇਸ਼ਾਂ 'ਤੇ ਛੱਡਣ ਲਈ ਕਿਹਾ ਗਿਆ ਸੀ। ਇਸ ਵਿਚਾਰ-ਵਟਾਂਦਰੇ ਵਿਚ ਭਾਰਤ ਵਲੋਂ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਦੇਸ਼ ਦਾ ਪੱਖ ਰਖਿਆ।

ਅਮਰੀਕਾ, ਫਰਾਂਸ, ਬਰਤਾਨੀਆ, ਚੀਨ ਤੇ ਹੋਰ ਦੇਸ਼ਾਂ ਦੇ ਆਗੂਆਂ ਨੇ ਇਤਿਹਾਸਕ ਫੈਸਲਾ ਕੀਤਾ ਕਿ ਜੀ-20 ਦੇਸ਼ਾਂ ਦੀ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਕਰਨ ਲਈ ਯਤਨ ਕੀਤੇ ਜਾਣਗੇ ਅਤੇ ਅਜਿਹੀਆਂ ਵਿੱਤੀ ਬੇਨਿਯਮੀਆਂ ਤੋਂ ਬਚਿਆ ਜਾਵੇਗਾ ਜਿਨ੍ਹਾਂ ਕਾਰਨ ਆਰਥਿਕ ਸੰਕਟ ਪੈਦਾ ਹੋਇਆ ਸੀ। ਇਹ ਫੈਸਲਾ ਭਾਰਤ ਅਤੇ ਹੋਰ ਦੇਸ਼ਾਂ ਦੀਆਂ ਚਿੰਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਕੀਤਾ ਗਿਆ ਦੱਸਿਆ ਜਾਂਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਵਿਸ਼ਵ ਆਰਥਿਕ ਮੰਦੇ ਦੇ ਦੌਰ ਤੋਂ ਪਹਿਲਾਂ ਵਿਕਸਤ ਦੇਸ਼ ਜੀ-7 ਨਾਂ ਦਾ ਇਕ ਸੰਗਠਨ ਬਣਾ ਕੇ ਇਹ ਫੈਸਲਾ ਕਰ ਲੈਂਦੇ ਸਨ ਕਿ ਕੌਮਾਂਤਰੀ ਅਰਥ ਵਿਵਸਥਾ ਦਾ ਸੰਚਾਲਨ ਕਿਵੇਂ ਕੀਤਾ ਜਾਵੇ। ਡਾਲਰ ਨੂੰ ਕੌਮਾਂਤਰੀ ਵਪਾਰ ਵਿਚ ਇਜਾਰੇਦਾਰੀ ਵਾਲੀ ਥਾਂ ਹਾਸਲ ਹੋਣ ਪਿੱਛੋਂ ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੇ ਕੰਮ ਕਾਜ ਤੇ ਪ੍ਰਬੰਧ 'ਚ ਇਨ੍ਹਾਂ ਦੇਸ਼ਾਂ ਦੀ ਹੀ ਤੂਤੀ ਬੋਲਦੀ ਸੀ। ਇਥੇ ਹੀ ਬਸ ਨਹੀਂ ਵਿਸ਼ਵ ਵਪਾਰ ਸੰਸਥਾ ਦੀ ਸਥਾਪਨਾ ਕਰਕੇ ਉਨ੍ਹਾਂ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਆਪਣੀਆਂ ਮੰਡੀਆਂ ਦੇ ਬੂਹੇ ਕੌਮਾਂਤਰੀ ਪੂੰਜੀ ਤੇ ਬਹੁ-ਕੌਮੀ ਇਜਾਰੇਦਾਰਾਂ ਲਈ ਖੋਲ੍ਹਣ ਵਾਸਤੇ ਮਜਬੂਰ ਕਰ ਦਿੱਤਾ ਸੀ। ਪਰ ਪਿਛਲੇ ਵਰ੍ਹੇ ਆਏ ਆਰਥਿਕ ਮੰਦਵਾੜੇ ਨੇ ਇਨ੍ਹਾਂ ਦੇਸ਼ਾਂ ਦੀ ਸੁਰਤ ਟਿਕਾਣੇ ਲਿਆ ਦਿੱਤੀ ਅਤੇ ਪੱਛਮ ਨੂੰ ਪਹਿਲੀ ਵਾਰ ਇਹ ਅਹਿਸਾਸ ਹੋਇਆ ਕਿ ਉਹ ਇਕੱਲੇ ਤੌਰ 'ਤੇ ਆਰਥਿਕ ਸੰਕਟ ਤੋਂ ਉਭਰ ਨਹੀਂ ਸਕੇਗਾ। ਉਨ੍ਹਾਂ ਨੂੰ ਚੀਨ, ਭਾਰਤ, ਬ੍ਰਾਜ਼ੀਲ, ਰੂਸ, ਦੱਖਣੀ ਅਮਰੀਕਾ ਆਦਿ ਦੇ ਮੁਖੀਆਂ ਕੋਲ ਇਸ ਸੰਕਟ 'ਚੋਂ ਸਾਂਝੇ ਤੌਰ 'ਤੇ ਨਿਕਲਣ ਲਈ ਪਹੁੰਚ ਕਰਨੀ ਪਈ।

ਸੰਮੇਲਨ ਦੇ ਆਗੂਆਂ ਵਲੋਂ ਜਾਰੀ ਚਾਰ ਸਫਿਆਂ ਦੇ 31 ਨੁਕਾਤੀ ਬਿਆਨ ਵਿਚ ਇਹ ਗੱਲ ਮੁੜ ਦੁਹਰਾਈ ਗਈ ਕਿ ਭਵਿੱਖ ਵਿਚ ਇਹ ਦੇਸ਼ ਮਿਲਕੇ ਆਰਥਿਕਤਾ ਦਾ ਭਵਿਖ-ਨਕਸ਼ਾ ਤੈਅ ਕਰਿਆ ਕਰਨਗੇ। ਵਿਕਸਤ ਪੱਛਮੀ ਦੇਸ਼ਾਂ ਵਲੋਂ ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਵਰਗੀਆਂ ਕੌਮਾਂਤਰੀ ਵਿਤੀ ਸੰਸਥਾਵਾਂ ਵਿਚ ਵਿਕਾਸਸ਼ੀਲ ਦੇਸ਼ਾਂ ਦੇ ਵੋਟਾਂ ਦੇ ਹੱਕਾਂ ਵਿਚ ਵਾਧਾ ਕਰਨ ਦੀ ਮੰਗ ਵੀ ਮੰਨ ਲਈ ਗਈ ਹੈ। ਭਾਰਤੀ ਵਫਦ ਦੀ ਅਗਵਾਈ ਕਰ ਰਹੇ ਡਾ. ਮਨਮੋਹਨ ਸਿੰਘ ਨੇ ਮੰਗ ਕੀਤੀ ਸੀ ਕਿ ਆਈ.ਐਮ.ਐਫ. ਵਿਚ ਵੋਟਾਂ ਪਾਉਣ ਦਾ ਹੱਕ ਘੱਟੋ-ਘੱਟ 50:50 ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸਾਡੀ ਮੰਗ 7 ਫੀਸਦੀ ਸੀ ਪਰ 5 ਫੀਸਦੀ 'ਤੇ ਹੀ ਸਹਿਮਤੀ ਹੋ ਸਕੀ ਹੈ। ਵਿਸ਼ਵ ਬੈਂਕ ਬਾਰੇ ਸੰਮੇਲਨ ਦੌਰਾਨ ਵਿਸ਼ੇਸ਼ ਫਾਰਮੂਲਾ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ ਜਿਸ ਤਹਿਤ ਅਮੀਰ ਦੇਸ਼ ਅਤੇ ਵਿਸ਼ਵ ਬੈਂਕ ਦੇ ਵਿਕਾਸ ਮਿਸ਼ਨ ਤਹਿਤ ਆਉਣ ਵਾਲੇ ਵਿਕਾਸਸ਼ੀਲ ਦੇਸ਼ਾਂ ਦੇ ਹੱਕ ਨੂੰ 3 ਫੀਸਦੀ ਵਧਾਉਣ ਦਾ ਪ੍ਰਸਤਾਵ ਹੈ। ਆਲਮੀ ਮੰਦੇ ਤੋਂ ਬਾਹਰ ਆਉਣ ਬਾਰੇ ਸੰਮੇਲਨ ਦੌਰਾਨ ਮਹਿਸੂਸ ਕੀਤਾ ਗਿਆ ਕਿ ਸਥਿਰ ਹਾਲਾਤ ਵਿਚ ਆਉਣ ਤੱਕ ਮੌਜੂਦਾ ਨੀਤੀ ਜਾਰੀ ਰਹੇਗੀ। ਭਾਵੇਂ ਕਿ ਯੂਰਪ ਦੇ ਕਈ ਦੇਸ਼ਾਂ ਨੇ ਆਰਥਿਕ ਪੈਕੇਜ ਵਾਪਸ ਲੈਣ ਦੀ ਵਕਾਲਤ ਕੀਤੀ ਪਰ ਭਾਰਤ ਵਰਗੇ ਦੇਸ਼ਾਂ ਨੇ ਇਸ ਦਾ ਸਖਤ ਵਿਰੋਧ ਕੀਤਾ। ਜੀ-20 ਦੇਸ਼ਾਂ ਦੇ ਆਗੂਆਂ ਨੇ ਮਹਿਸੂਸ ਕੀਤਾ ਕਿ ਆਮ ਵਰਗੇ ਹਾਲਾਤ ਵਾਪਸ ਆਉਣ ਤੱਕ ਮੌਜੂਦਾ ਰਾਹਤ ਪੈਕੇਜ ਜਾਰੀ ਰਹਿਣੇ ਚਾਹੀਦੇ ਹਨ।

ਭਾਰਤ ਨੇ ਪ੍ਰਮਾਣੂ ਹਥਿਆਰ ਮੁਕਤ ਦੁਨੀਆ ਦਾ ਸਮਰੱਥਨ ਕਰਦਿਆਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕੋਈ ਵੀ ਕੌਮਾਂਤਰੀ ਸੰਧੀ ਵਿਤਕਰੇ ਭਰੀ ਨਹੀਂ ਹੋ ਸਕਦੀ। ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਉਦਘਾਟਨੀ ਸਮਾਗਮ 'ਚ ਉਪਰੋਕਤ ਵਿਚਾਰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਉਸ ਮਤੇ ਦੀ ਪਿੱਠਭੂਮੀ 'ਚ ਦਿੱਤਾ, ਜਿਸ ਵਿਚ ਪ੍ਰਮਾਣੂ ਅਪਸਾਰ ਸੰਧੀ 'ਤੇ ਹਸਤਾਖਰ ਨਾ ਕਰਨ ਵਾਲੇ ਸਾਰੇ ਦੇਸ਼ਾਂ ਨੂੰ ਸੰਧੀ 'ਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਿਟਸਬਰਗ 'ਚ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਚੰਗੇ ਸੰਬੰਧ ਚਾਹੁੰਦਾ ਹੈ ਤਾਂ ਉਸਨੂੰ ਅਤਿਵਾਦ ਨੂੰ ਸਰਕਾਰੀ ਨੀਤੀ ਵਿਚ ਇਕ ਔਜ਼ਾਰ ਦੇ ਤੌਰ 'ਤੇ ਵਰਤਣਾ ਬੰਦ ਕਰ ਦੇਣਾ ਚਾਹੀਦਾ ਹੈ। ਭਾਰਤੀ ਵਿਦੇਸ਼ ਮੰਤਰੀ ਨੇ ਵੀ ਕਿਹਾ ਕਿ ਉਦੋਂ ਤੱਕ ਸ਼ਾਂਤੀਵਾਰਤਾ 'ਚ ਪ੍ਰਗਤੀ ਨਹੀਂ ਹੋ ਸਕਦੀ ਜਦੋਂ ਤੱਕ ਪਾਕਿਸਤਾਨ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਕੇ 26/11 ਦੇ ਹਮਲਿਆਂ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਠੋਸ ਕਾਰਵਾਈ ਨਹੀਂ ਕਰਦਾ। ਪਾਕਿਸਤਾਨ ਨੇ ਕਿਹਾ ਕਿ ਉਹ ਜਮਾਤ-ਉਦ-ਦਾਵਾ ਦੇ ਮੁੱਖੀ ਵਿਰੁਧ ਕਾਨੂੰਨੀ ਪੱਖੋਂ ਠੋਸ ਸਬੂਤਾਂ ਦੀ ਅਣਹੋਂਦ 'ਚ ਅੱਧ-ਪੱਕੇ ਸਬੂਤਾਂ ਨਾਲ ਅਦਾਲਤ 'ਚ ਨਹੀਂ ਜਾਣਾ ਚਾਹੁੰਦਾ ਅਤੇ ਕਿਹਾ ਕਿ ਭਾਰਤ ਆਪਣੇ ਸੰਬੰਧਾਂ ਨੂੰ ਸਿਰਫ ਇਕ ਮੁੱਦੇ ਤੱਕ ਸੀਮਤ ਨਾ ਕਰੇ।

ਭਾਰਤ ਨੇ ਅਤਿਵਾਦ ਦੇ ਮੁੱਦੇ 'ਤੇ ਪੱਛਮੀ ਦੇਸ਼ਾਂ ਦੇ ਆਗੂਆਂ ਦੀ ਹਮਾਇਤ ਹਾਸਲ ਕੀਤੀ ਹੈ। ਵਿਕਸਤ ਦੇਸ਼ਾਂ ਦੇ ਆਰਥਿਕ ਵਿਕਾਸ ਵਿਚ ਆਈ ਖੜੋਤ ਦੇ ਮੁਕਾਬਲੇ ਚੀਨ, ਭਾਰਤ ਤੇ ਬ੍ਰਾਜੀਲ ਵਰਗੇ ਦੇਸ਼ਾਂ 'ਚ ਵਿਕਾਸ ਦੀ ਉੱਚੀ ਦਰ ਤੋਂ ਸਿੱਧ ਹੁੰਦਾ ਹੈ ਕਿ ਪੱਛਮੀ ਵਿਕਸਤ ਦੇਸ਼ਾਂ ਨੂੰ ਨਵੇਂ ਹਾਲਾਤ ਮੁਤਾਬਕ ਚਲਣਾ ਪਵੇਗਾ।

## ਜਨਤਕ ਥਾਵਾਂ 'ਤੇ ਨਹੀਂ ਬਣ ਸਕਣਗੇ ਧਰਮ ਸਥਾਨ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ ਕਿ ਦੇਸ਼ ਭਰ ਵਿਚ ਜਨਤਕ ਥਾਵਾਂ ਉਪਰ ਕੋਈ ਨਵਾਂ ਧਾਰਮਿਕ ਸਥਾਨ ਨਹੀਂ ਬਣੇਗਾ। ਅਦਾਲਤ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਕਿਹਾ ਹੈ ਕਿ ਉਸ ਦੇ ਹੁਕਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਜਸਟਿਸ ਦਲਵੀਰ ਭੰਡਾਰੀ ਅਤੇ ਜਸਟਿਸ ਮੁਕੰਦ ਸ਼ਰਮਾ ਦੇ ਬੈਂਚ ਨੇ ਇਕ ਅੰਤ੍ਰਿਮ ਹੁਕਮ ਵਿਚ ਕਿਹਾ ਹੈ ਕਿ ਇਹ ਪਾਬੰਦੀ ਮੰਦਰਾਂ, ਮਸਜਿਦਾਂ, ਗਿਰਜਾਘਰਾਂ, ਗੁਰਦੁਆਰਿਆਂ ਅਤੇ ਹੋਰ ਸਾਰੇ ਫਿਰਕਿਆਂ ਦੇ ਪੂਜਾ ਸਥਾਨਾਂ 'ਤੇ ਲਾਗੂ ਹੋਵੇਗੀ। ਬੈਂਚ ਨੇ ਕਿਹਾ ਕਿ ਮੌਜੂਦਾ ਧਾਰਮਿਕ ਸਥਾਨਾਂ ਬਾਰੇ ਸਬੰਧਤ ਰਾਜ ਸਰਕਾਰਾਂ ਨੂੰ ਮਾਮਲੇ ਦਰ ਮਾਮਲੇ ਦੇ ਆਧਾਰ ਉਪਰ ਫੈਸਲਾ ਕਰਨਾ ਹੋਵੇਗਾ।

ਇਸਤੋਂ ਪਹਿਲਾਂ ਸੋਲਿਸਟਰ ਜਨਰਲ ਗੋਪਾਲ ਸੁਬਰਾਮਨੀਅਮ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕੇਂਦਰ ਅਤੇ ਰਾਜ ਸਰਕਾਰ ਇਸ ਆਮ ਸਹਿਮਤੀ 'ਤੇ ਪੁੱਜ ਚੁੱਕੀਆਂ ਹਨ ਕਿ ਜਨਤਕ ਥਾਵਾਂ 'ਤੇ ਧਾਰਮਿਕ ਸਥਾਨ ਦਾ ਨਿਰਮਾਣ ਨਹੀਂ ਕੀਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਨੇ 31 ਜੁਲਾਈ ਨੂੰ ਸਰਕਾਰ ਨੂੰ ਇਹ ਪੱਕਾ ਕਰਨ ਦੇ ਹੁਕਮ ਦਿੱਤੇ ਸਨ ਕਿ ਜਨਤਕ ਥਾਵਾਂ ਉਪਰ ਕਬਜ਼ਾ ਕਰਕੇ ਉਸ 'ਤੇ ਧਾਰਮਿਕ ਸਥਾਨ ਬਣਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ।

ਅਦਾਲਤ ਨੇ ਕੇਂਦਰ ਸਰਕਾਰ ਨੂੰ ਇਹ ਹੁਕਮ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਦਿੱਤਾ, ਜਿਸ ਵਿਚ ਗੁਜਰਾਤ ਹਾਈ ਕੋਰਟ ਦੇ ਮਈ 2006 ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਵਿਚ ਰਾਜ ਦੇ ਨਗਰ ਨਿਗਮਾਂ ਨੂੰ ਸਰਕਾਰੀ ਸੜਕਾਂ 'ਤੇ ਧਾਰਮਿਕ ਸਥਾਨ ਸਣੇ ਸਾਰੇ ਗੈਰ-ਕਾਨੂੰਨੀ ਢਾਂਚੇ ਖਤਮ ਕਰਨ ਦਾ ਹੁਕਮ ਦਿੱਤਾ ਗਿਆ ਸੀ। ਬੈਂਚ ਨੇ ਇਸੇ ਦੌਰਾਨ ਸਾਰੇ ਮੈਜਿਸਟਰੇਟਾਂ, ਕੁਲੈਕਟਰਾਂ ਜਾਂ ਕਮਿਸ਼ਨਰਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਉਸ ਦੇ ਹੁਕਮਾਂ ਦੀ ਤਾਮੀਲ ਬਾਰੇ ਰਿਪੋਰਟ ਆਪਣੇ-ਆਪਣੇ ਮੁੱਖ ਸਕੱਤਰ ਨੂੰ ਸੌਂਪਣ ਤੇ ਉਹ ਅੱਗੋਂ ਰਿਪੋਰਟ ਅਦਾਲਤ ਕੋਲ ਪੇਸ਼ ਕਰਨ।

ਇਹ ਦੂਜੀ ਵਾਰ ਹੈ ਜਦੋਂ ਸੁਪਰੀਮ ਕੋਰਟ ਨੇ ਜਨਤਕ ਥਾਵਾਂ ਉਤੇ ਧਰਮ ਸਥਾਨਾਂ ਦੀ ਉਸਾਰੀ ਦੇ ਖਿਲਾਫ ਸਖਤ ਸਟੈਂਡ ਲਿਆ ਹੈ। ਇਸ ਤੋਂ ਪਹਿਲਾਂ 1990ਵਿਆਂ 'ਚ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਉਸ ਸਮੇਂ ਦੀ ਦਿੱਲੀ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਹ ਕੇਂਦਰੀ ਪ੍ਰਦੇਸ਼ ਦਿੱਲੀ ਵਿਚ ਜਨਤਕ ਥਾਵਾਂ 'ਤੇ ਸਥਾਪਤ ਧਰਮ-ਸਥਾਨਾਂ ਨੂੰ 24 ਘੰਟਿਆਂ ਦੇ ਅੰਦਰ ਚੁੱਕ ਦੇਵੇ ਨਹੀਂ ਤਾਂ ਉਹ ਦਿੱਲੀ ਪ੍ਰਦੇਸ਼ ਦੀ ਮੁੱਖ ਮੰਤਰੀ ਨੂੰ ਤਲਬ ਕਰ ਲੈਣਗੇ।

# ਅਕਾਲੀ-ਭਾਜਪਾ ਰਿਸ਼ਤੇ ਹੋਰ ਵਿਗੜਨ ਵਲ

ਅਰੁਣ ਜੇਤਲੀ, ਵਿਜੈ ਗੋਇਲ ਅਤੇ ਭਾਜਪਾ ਦੇ ਹਰਿਆਣਾ ਪ੍ਰਧਾਨ ਕ੍ਰਿਸ਼ਨ ਪਾਲ ਗੁੱਜਰ ਮੌਜੂਦ ਸਨ।

ਭਾਜਪਾ ਦੇ ਆਗੂਆਂ ਨੇ ਸਪੱਸ਼ਟ ਕਿਹਾ ਕਿ ਉਹ ਹਰ ਹਾਲਤ ਵਿਚ ਪੰਜਾਬ ਤੋਂ ਆਪਣਾ ਹੱਕ ਹਾਸਲ ਕਰਕੇ ਰਹਿਣਗੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਆ ਰਹੀਆਂ ਅਸੈਂਬਲੀ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਇਕੱਲੇ ਤੌਰ 'ਤੇ ਚੋਣ ਮੈਦਾਨ ਵਿਚ ਹੈ ਅਤੇ ਉਸਨੇ 90 ਸੀਟਾਂ ਉਪਰ ਆਪਣੇ ਉਮੀਦਵਾਰ ਖੜੇ ਕੀਤੇ ਹਨ। ਇਹ ਪਹਿਲੀ ਵਾਰ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਇਸ ਰਾਜ ਵਿਚ ਇੰਨੀ ਵੱਡੀ ਪੱਧਰ 'ਤੇ ਆਪਣੇ ਉਮੀਦਵਾਰ ਖੜੇ ਕੀਤੇ ਹਨ। ਇਸ ਤੋਂ ਇਲਾਵਾ ਹਰਿਆਣਾ ਕਾਂਗਰਸ ਅਤੇ ਭਜਨ ਲਾਲ ਦੀ ਅਗਵਾਈ ਵਾਲੀ ਹਰਿਆਣਾ ਜਨਹਿਤ ਕਾਂਗਰਸ ਵੀ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ਉਪਰ ਭਾਜਪਾ ਅਤੇ ਇਨੈਲੋ ਵਰਗੀ ਸਮਝ ਹੀ ਰੱਖਦੀਆਂ ਹਨ। ਸਮੁੱਚੇ ਤੌਰ 'ਤੇ ਆਖਣਾ ਬਣਦਾ ਹੈ ਕਿ ਹਰਿਆਣਾ ਵਿਚ ਕੰਮ ਕਰਦੀਆਂ ਤਕਰੀਬਨ ਸਾਰੀਆਂ ਰਾਜਨੀਤਕ ਪਾਰਟੀਆਂ, ਭਾਵੇਂ ਉਹ ਕੌਮੀ ਪਾਰਟੀਆਂ ਹੋਣ ਜਾਂ ਖੇਤਰੀ, ਪਾਣੀਆਂ ਦੇ ਮੁੱਦੇ ਉਤੇ ਹਰਿਆਣਾ ਦੇ ਪੱਖ ਵਿਚ ਹਨ।

ਇਸਦੇ ਉਲਟ ਪੰਜਾਬ ਦੀ ਹਾਲਤ ਬਿਲਕੁਲ ਵੱਖਰੀ ਕਿਸਮ ਦੀ ਹੈ। ਇਥੇ ਹਾਲਤ ਇਹ ਹੈ ਕਿ ਕਿਸੇ ਵਕਤ ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕ ਲਈ ਲੜਨ ਵਾਲਾ ਅਕਾਲੀ ਦਲ ਵੀ ਹੁਣ ਇਸ ਮੁੱਦੇ ਉੱਪਰ ਕਾਫੀ ਢਿੱਲਾ ਪੈ ਗਿਆ ਹੈ ਅਤੇ ਇਥੋਂ ਤੱਕ ਕਿ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਪੰਜਾਬ ਦਾ ਵਿਰੋਧ ਕਰ ਰਹੀਆਂ ਹਰਿਆਣਵੀ ਪਾਰਟੀਆਂ ਨਾਲ ਸਮਝੌਤਾ ਕਰਨ ਤੱਕ ਚਲਾ ਗਿਆ ਹੈ। ਜਿਥੋਂ ਤੱਕ ਪੰਜਾਬ ਦਾ ਸੁਆਲ ਹੈ ਨਾ ਤਾਂ ਕਾਂਗਰਸ ਪਾਰਟੀ ਪੈਰ ਗੱਡ ਕੇ ਪੰਜਾਬ ਦੇ ਪਾਣੀਆਂ ਉਪਰ ਹੱਕ ਦੀ ਪੈਰਵਾਈ ਕਰਦੀ ਹੈ ਅਤੇ ਨਾ ਹੀ ਹੁਣ ਅਕਾਲੀ ਸਹੀ ਮਾਅਨਿਆਂ ਵਿਚ ਇਸਦੇ ਹੱਕ ਵਿਚ ਹਨ। ਅਕਾਲੀ ਇਸ ਮਾਮਲੇ ਵਿਚ ਪੰਜਾਬ ਦੇ ਹਿੱਤਾਂ ਦੀਆਂ ਦੁਸ਼ਮਣ ਪਾਰਟੀਆਂ ਨਾਲ ਸਮਝੌਤੇ ਕਰਨ ਵਲ ਰੁਚਿਤ ਹਨ। ਅਕਾਲੀ ਦਲ ਦਾ ਵਿਰੋਧ ਕਰ ਰਹੀਆਂ ਹੋਰ ਛੋਟੀਆਂ ਪੰਥਕ ਧਿਰਾਂ ਕਿਸੇ ਵੀ ਪੁੱਗਤ ਵਿਚ ਨਹੀਂ ਹਨ। ਇਸਦੇ ਨਾਲ ਹੀ ਕਿਸੇ ਵਕਤ ਪਾਣੀਆਂ ਦੇ ਮਾਮਲੇ ਵਿਚ ਅਕਾਲੀ ਦਲ ਨਾਲ ਸਾਂਝਾ ਮੋਰਚਾ ਲਗਾਉਣ ਵਾਲੀਆਂ ਸੀ ਪੀ ਐਮ ਜਿਹੀਆਂ ਖੱਬੇ ਪੱਖੀ ਪਾਰਟੀਆਂ ਵੀ ਆਪਣਾ ਸਟੈਂਡ ਲਗਭਗ ਛੱਡ ਹੀ ਗਈਆਂ ਹਨ। ਇਸ ਹਾਲਤ ਵਿਚ ਪੰਜਾਬ ਦੇ ਲੋਕਾਂ ਦੀ ਸਭਿਆਚਾਰਕ ਹਸਤੀ ਅਤੇ ਆਰਥਿਕ ਹੈਸੀਅਤ ਲਈ ਸੰਘਰਸ਼ਸ਼ੀਲ ਅਤੇ ਨੁਮਾਇੰਦਾ ਸਿਆਸੀ ਧਿਰਾਂ ਇਸ ਰਾਜ ਦੇ ਸਿਆਸੀ ਦ੍ਰਿਸ਼ ਤੋਂ ਲਗਭਗ ਅਲੋਪ ਹੋ ਗਈਆਂ ਹਨ। ਪੰਜਾਬ ਵਿਚ ਵਿਕਾਸ, ਮਨੁੱਖੀ ਸੋਮਿਆਂ, ਕੁਦਰਤੀ ਆਲੇ-ਦੁਆਲੇ ਅਤੇ ਸਭਿਆਚਾਰਕ ਨਿਘਾਰ ਦੀ ਪੈਦਾ ਹੋਏ ਹਾਲਾਤ ਇਸੇ ਦਾ ਸਿੱਟਾ ਹਨ।

ਅਕਾਲੀ ਦਲ ਦੀ ਹਾਲਤ ਇਹ ਹੈ ਕਿ ਜਿਸ ਕਿਸਾਨੀ ਤਬਕੇ ਦੀ ਉਹ ਨੁਮਾਇੰਦਗੀ ਕਰਦੇ ਹਨ ਉਸਦੇ ਹੱਕ ਵਿਚ ਉਹ ਇਕ ਦਿਨ ਇਕ ਕਦਮ ਚੁੱਕਦੇ ਹਨ ਅਤੇ ਅਗਲੇ ਹੀ ਦਿਨ ਉਨ੍ਹਾਂ ਨੂੰ ਇਹ ਕਦਮ ਵਾਪਸ ਲੈਣਾ ਪੈਂਦਾ ਹੈ। ਪਿਛਲੇ ਕੁਝ ਦਿਨਾਂ ਵਿਚ ਇਸ ਤਰ੍ਹਾਂ ਅਕਾਲੀ-ਭਾਜਪਾ ਸਰਕਾਰ ਨੇ ਕਈ ਫੈਸਲੇ ਬਦਲੇ ਹਨ। ਇਹ ਭਾਵੇਂ ਸਬਸਿਡੀਆਂ ਦਾ ਮਾਮਲਾ ਹੋਵੇ ਜਾਂ ਕਿਸਾਨਾਂ ਨੂੰ ਚੈਕ ਰਾਹੀਂ ਅਦਾਇਗੀ ਕਰਨ ਦਾ। ਬਿਜਲੀ ਦੇ ਬਿਲ ਵਧਾਉਣ ਅਤੇ ਸਬਸਿਡੀਆਂ ਹਟਾਉਣ ਦੇ ਮਾਮਲੇ ਉਪਰ ਭਾਜਪਾ ਦੇ ਦਬਾਅ ਕਾਰਨ ਅਕਾਲੀ-ਭਾਜਪਾ ਸਰਕਾਰ ਇਕ ਵਾਰ ਫੈਸਲਾ ਕਰਕੇ ਪੈਰ ਪਿਛਾਂਹ ਖਿੱਚ ਚੁੱਕੀ ਹੈ। ਇਸਤੋਂ ਇਲਾਵਾ ਆੜ੍ਹਤੀਆ ਲਾਬੀ ਦੇ ਦਬਾਅ ਅਧੀਨ ਮਾਮਲਾ ਅਦਾਲਤ ਵਿਚ ਹੋਣ ਦੇ ਬਾਵਜੂਦ ਬਾਦਲ ਸਰਕਾਰ ਨੇ ਕਿਸਾਨਾਂ ਨੂੰ ਚੈਕ ਰਾਹੀਂ ਸਿੱਧੀ ਅਦਾਇਗੀ ਕਰਨ ਦੇ ਵਾਅਦੇ ਤੋਂ ਵੀ ਪੈਰ ਪਿਛਾਂਹ ਖਿੱਚ ਲਿਆ ਹੈ ਅਤੇ ਹੁਣ ਦਲੀਲ ਦਿੱਤੀ ਜਾ ਰਹੀ ਹੈ ਕਿ ਐਫ ਸੀ ਆਈ ਸਮੇਤ ਸਾਰੇ ਖਰੀਦਦਾਰ ਅਦਾਇਗੀ ਆੜ੍ਹਤੀਆਂ ਨੂੰ ਕਰਨਗੇ ਤੇ ਅੱਗੇ ਆੜ੍ਹਤੀ ਕਿਸਾਨਾਂ ਨੂੰ ਚੈਕ ਰਾਹੀਂ ਅਦਾਇਗੀ ਕਰਨਗੇ। ਇਹ ਸਾਰਾ ਕੁੱਝ ਇਸ ਗੱਲ ਦੇ ਬਾਵਜੂਦ ਕੀਤਾ ਜਾ ਰਿਹਾ ਹੈ ਕਿ ਮਸਲੇ ਉਤੇ ਮਾਹਰਾਂ ਦੀ ਰਾਇ ਇਹ ਹੈ ਕਿ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਉਨ੍ਹਾਂ ਨੂੰ ਆੜ੍ਹਤੀਏ ਦੇ ਚੁੰਗਲ ਵਿਚੋਂ ਕੱਢਣਾ ਜ਼ਰੂਰੀ ਹੈ ਅਤੇ ਇਸ ਮਕਸਦ ਲਈ ਚੈਕ ਰਾਹੀਂ ਸਿੱਧੀ ਅਦਾਇਗੀ ਵਾਲਾ ਤੋਰਾ ਤੋਰਿਆ ਹੀ ਜਾਣਾ ਚਾਹੀਦਾ ਹੈ ਪਰ ਅਕਾਲੀ ਦਲ (ਬਾਦਲ) ਆਪਣੀ ਸਰਕਾਰ ਹੋਣ ਦੇ ਬਾਵਜੂਦ ਵੀ ਇਸ ਮੁੱਦੇ ਉੱਤੇ ਭਾਜਪਾ ਦੇ ਦਬਾਅ ਅਧੀਨ ਇਕ ਤਰ੍ਹਾਂ ਨਾਲ ਵਿਚਾਰਾ ਬਣ ਕੇ ਰਹਿ ਗਿਆ ਹੈ।

## ਪੰਜਾਬ ਦੇ ਵਿਧਾਇਕ ਆਪਣਾ ਟੈਕਸ ਦੇਣ ਲਈ ਰਾਜ਼ੀ

**ਚੰਡੀਗੜ੍ਹ :** ਚੰਡੀਗੜ੍ਹ ਨੇੜੇ ਕਾਂਸਲ ਪਿੰਡ ਦੀ ਇਕ ਹਾਊਸਿੰਗ ਸੁਸਾਇਟੀ ਨਾਲ ਜੁੜੇ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਨੇ ਮੀਟਿੰਗ ਕਰਕੇ ਆਮਦਨ ਕਰ ਵਿਭਾਗ ਦੇ ਨੋਟਿਸਾਂ ਦੇ ਜੁਆਬ ਵਿਚ ਬਣਦਾ ਟੈਕਸ ਦੇਣ ਦਾ ਫੈਸਲਾ ਲਿਆ ਹੈ। ਇਸ ਦੀ ਅਦਾਇਗੀ ਦੇ ਢੰਗ ਬਾਰੇ ਅਜੇ ਹੋਰ ਕਾਨੂੰਨੀ ਰਾਇ ਲਈ ਜਾਵੇਗੀ।

ਪੰਜਾਬ ਦੇ ਕੋਈ 60 ਤੋਂ ਵਧੇਰੇ ਵਿਧਾਇਕਾਂ ਨੇ ਇਸ ਮੁੱਦੇ 'ਤੇ ਫੌਰੀ ਤੌਰ 'ਤੇ ਪੰਜਾਬ ਭਵਨ ਮੀਟਿੰਗ ਕੀਤੀ। ਮੀਟਿੰਗ ਦੀ ਪ੍ਰਧਾਨਗੀ ਸਪੀਕਰ ਅਤੇ ਸੁਸਾਇਟੀ ਦੇ ਮੌਜੂਦਾ ਪ੍ਰਧਾਨ ਸ੍ਰੀ ਨਿਰਮਲ ਸਿੰਘ ਕਾਹਲੋਂ ਨੇ ਕੀਤੀ। ਮੀਟਿੰਗ ਵਿਚ ਭਾਜਪਾ ਦੇ ਸੀਨੀਅਰ ਨੇਤਾ ਬਲਰਾਮ ਜੀ ਦਾਸ ਟੰਡਨ, ਪਾਰਲੀਮੈਂਟ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਤੋਂ ਇਲਾਵਾ ਕਈ ਕੈਬਨਿਟ ਮੰਤਰੀ, ਕਾਂਗਰਸ ਅਤੇ ਸੀ.ਪੀ.ਆਈ. ਦੇ ਨੇਤਾ ਸ਼ਾਮਲ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਬੁੱਢੇ ਨਾਲੇ ਦਾ ਪਾਣੀ ਸ਼ੁੱਧ ਹੋ ਕੇ ਜਾਵੇਗਾ ਸਤਲੁਜ 'ਚ

### ਮਾਲਵੇ ਦੇ ਲੋਕਾਂ ਨੂੰ ਮਿਲੇਗੀ ਵੱਡੀ ਰਾਹਤ

**ਲੁਧਿਆਣਾ:** ਦਰਿਆ ਸਤਲੁਜ 'ਤੇ ਨਿਰਭਰ ਮਾਲਵੇ ਦੇ ਵਸਨੀਕਾਂ ਨੂੰ ਪੀਣ ਲਈ ਸ਼ੁੱਧ ਪਾਣੀ ਮਿਲਣਾ ਹੁਣ ਮੁਸ਼ਕਲ ਨਹੀਂ ਹੋਵੇਗਾ ਸਗੋਂ ਖੇਤਾਂ ਦੀ ਖੁਰਾਕ (ਖਾਦ) ਵੀ ਮਿਲਣੀ ਆਰੰਭ ਹੋ ਜਾਵੇਗੀ।

ਮਾਲਵੇ ਵਿਚ ਪੈਂਦੇ ਇਲਾਕਾ ਅਬੋਹਰ, ਫਿਰੋਜ਼ਪੁਰ, ਮੁਕਤਸਰ ਅਤੇ ਰਾਜਸਥਾਨ ਦੇ ਅਨੇਕਾਂ ਪਿੰਡਾਂ ਵਿਚ ਜਿਥੇ ਦਰਿਆ ਸਤਲੁਜ-ਬਿਆਸ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਹੈ, ਦੇ ਵਸਨੀਕਾਂ 'ਤੇ ਰਸਾਇਦਕ ਪਾਣੀ ਕਾਰਨ ਕੈਂਸਰ ਵਰਗੇ ਭਿਆਨਕ ਰੋਗਾਂ ਦੀਆਂ ਖ਼ਬਰਾਂ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈਕੋਰਟ ਅਤੇ ਰਾਜ ਸਰਕਾਰ ਵਲੋਂ ਗੰਭੀਰ ਹੋਣ 'ਤੇ ਇਸ ਦਾ ਕਾਰਨ ਸਮਝੇ ਜਾਂਦੇ ਲੁਧਿਆਣੇ ਦੇ ਬੁੱਢੇ ਨਾਲੇ ਰਾਹੀਂ ਸਤਲੁਜ ਦਰਿਆ ਵਿਚ ਪੈਂਦੇ ਰੰਗਾਈ ਕਾਰਖਾਨਿਆਂ ਦੇ ਪ੍ਰਦੂਸ਼ਿਤ ਪਾਣੀ ਨੂੰ ਸ਼ੁੱਧ ਕਰਨ ਲਈ ਲੁਧਿਆਣਾ ਵਿਚ ਪੰਜ ਸਾਂਝੇ 'ਟਰੀਟਮੈਂਟ ਪਲਾਂਟ' ਸਥਾਪਤ ਕਰਨ ਦਾ ਕੰਮ ਆਰੰਭ ਹੋ ਗਿਆ ਹੈ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਪ੍ਰਿੰਸੀਪਲ ਸਕੱਤਰ ਸ. ਦਰਬਾਰਾ ਸਿੰਘ ਗੁਰੂ ਦੀ ਅਗਵਾਈ ਹੇਠ ਉਚ ਪੱਧਰੀ ਕਮੇਟੀ ਨੇ ਸ਼ੁੱਕਰਵਾਰ ਰਾਤ 11 ਵਜੇ ਤੱਕ ਲੁਧਿਆਣਾ ਵਿਖੇ ਹੀ ਕੀਤੀਆਂ ਲਗਾਤਾਰ ਮੀਟਿੰਗਾਂ ਅਤੇ ਮੌਕੇ ਦਾ ਨਿਰੀਖਣ ਕਰਨ ਤੋਂ ਬਾਅਦ 268 ਰੰਗਾਈ ਕਾਰਖਾਨਿਆਂ ਦੇ ਰੋਜ਼ਾਨਾ ਨਿਕਲਣ ਵਾਲੇ 110 ਤੋਂ 150 ਮਿਲੀਅਨ ਲੀਟਰ ਪਾਣੀ ਨੂੰ ਇਲਾਕਾ ਫੋਕਲ ਪੁਆਇੰਟ, ਇੰਡਸਟਰੀਅਲ ਏਰੀਆ-ਏ, ਤਾਜਪੁਰ ਰੋਡ, ਬਹਾਦਰ ਕੇ ਰੋਡ ਅਤੇ ਰਾਹੋਂ ਰੋਡ ਵਿਖੇ ਸਾਂਝੇ 'ਟਰੀਟਮੈਂਟ ਪਲਾਂਟ' ਸਥਾਪਤ ਕਰਨ ਦਾ ਨਿਰਣਾ ਲੈ ਲਿਆ ਹੈ। ਜਦੋਂਕਿ ਇਨ੍ਹਾਂ ਕੇਂਦਰਾਂ ਤੋਂ ਵੱਖਰੀਆਂ ਰਹਿੰਦੀਆਂ 32 ਡਾਇੰਗ ਫੈਕਟਰੀਆਂ ਨੂੰ ਬਦਲਣ ਦਾ ਫ਼ੈਸਲਾ ਵੀ ਕਰ ਲਿਆ ਗਿਆ ਹੈ। ਪ੍ਰਿੰਸੀਪਲ ਸਕੱਤਰ ਸ. ਦਰਬਾਰਾ ਸਿੰਘ ਗੁਰੂ ਦੀ ਅਗਵਾਈ ਹੇਠਲੀ ਕਮੇਟੀ ਵਿਚ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਐੱਮ. ਡੀ. ਸ. ਐੱਸ. ਐੱਸ. ਰਾਜਪੂਤ, ਪ੍ਰਿੰਸੀਪਲ ਸਕੱਤਰ ਸਥਾਨਕ ਸਰਕਾਰਾਂ ਸ. ਡੀ. ਐੱਸ. ਬੈਂਸ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਸ੍ਰੀ ਯੋਗੇਸ਼ ਗੋਇਲ ਸ਼ਾਮਲ ਹਨ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਂ ਵਿਚੋਂ ਦੋ 'ਟਰੀਟਮੈਂਟ ਪਲਾਂਟ' ਸਥਾਪਤ ਕਰਨ ਲਈ ਲੋੜੀਂਦੀ ਜ਼ਮੀਨ ਪ੍ਰਾਪਤ ਕਰਨ ਦੇ ਆਦੇਸ਼ ਹੋ ਗਏ ਹਨ ਜਦੋਂਕਿ ਬਾਕੀ ਤਿੰਨ ਲਈ ਜ਼ਮੀਨ ਦੇ ਵੇਰਵੇ ਚੰਡੀਗੜ੍ਹ ਮੰਗਵਾ ਲਏ ਗਏ ਹਨ।

## ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਜਨਤਕ ਲਹਿਰ ਦਾ ਸੱਦਾ

**ਜਲੰਧਰ:** ਪੰਜਾਬੀ ਜਾਗ੍ਰਿਤੀ ਮੰਚ ਵਲੋਂ ਕੀਤੀ ਗਈ ਸਰਬ ਪਾਰਟੀ ਇਕੱਤਰਤਾ 'ਚ ਪੰਜਾਬੀ ਬੋਲੀ ਤੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਸਰਕਾਰੀ ਤੇ ਕਾਨੂੰਨੀ ਅਦਾਰਿਆਂ 'ਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਜਨਤਕ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ ਗਿਆ ਹੈ। ਪੰਜਾਬੀ ਜ਼ੁਬਾਨ ਦੇ ਵਿਕਾਸ ਲਈ ਵਚਨਬੱਧਤਾ ਰੱਖਣ ਵਾਲੇ ਬੁਲਾਰਿਆਂ ਨੇ ਇਕ ਸੁਰ ਹੁੰਦਿਆਂ ਕਿਹਾ ਕਿ ਪੰਜਾਬ 'ਚ ਪੰਜਾਬੀ ਦੇ ਵਿਕਾਸ ਲਈ ਲੋੜੀਂਦਾ ਵਾਤਾਵਰਨ ਉਸਾਰਨ ਦੀ ਸਖ਼ਤ ਲੋੜ ਹੈ। ਪੰਜਾਬੀ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਦਸਤਾਵੇਜ਼ ਤਿਆਰ ਕਰਕੇ ਸਮੁੱਚੇ ਪੰਜਾਬ ਨੂੰ ਵੰਡਣ ਬਾਰੇ ਵੀ ਸੰਜੀਦਗੀ ਨਾਲ ਚਰਚਾ ਕੀਤੀ ਗਈ। ਪੰਜਾਬੀ ਭਾਸ਼ਾ ਨੂੰ ਹਰ ਪੱਧਰ 'ਤੇ ਲਾਗੂ ਕਰਨ ਬਾਰੇ ਬਣੇ ਐਕਟ 'ਚ ਢੇਰ ਸਾਰੀਆਂ ਘਾਟਾਂ, ਪੰਜਵੀਂ ਜਮਾਤ ਤੱਕ ਸਾਰੀ ਪੜ੍ਹਾਈ ਪੰਜਾਬੀ'ਚ ਕਰਵਾਏ ਜਾਣ ਨੂੰ ਵੀ ਗੰਭੀਰਤਾ ਨਾਲ ਲਿਆ ਗਿਆ। ਸੂਬੇ ਦੀਆਂ ਰਾਜਨੀਤਕ ਧਿਰਾਂ ਵਲੋਂ ਪੰਜਾਬੀ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ 'ਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ ਗਈ। ਪੰਜਾਬੀ ਭਾਸ਼ਾ 'ਚ ਅੜਿੱਕਾ ਬਣ ਰਹੀ ਅਫਸਰਸ਼ਾਹੀ ਤੋਂ ਹਕੂਮਤੀ ਧਿਰਾਂ ਦੀ ਭੂਮਿਕਾ ਦੀ ਨਿੰਦਿਆ ਕੀਤੀ ਗਈ।

## ਸ਼੍ਰੋਮਣੀ ਕਮੇਟੀ 'ਚ ਹੁਣ ਵਾਪਰਿਆ ਫਰਨੀਚਰ ਸਕੈਂਡਲ

### ਫਰਨੀਚਰ ਆਮ ਕੰਪਨੀ ਦਾ, ਗੋਦਰੇਜ਼ ਦੇ ਨਾਂ ਪਾਇਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਉਸ ਵੇਲੇ ਹੋਰ ਦਿਲਚਸਪ ਬਣ ਗਈ ਜਦੋਂ ਕਾਰਜਕਾਰਨੀ ਕਮੇਟੀ ਮੈਂਬਰ ਰਾਜਿੰਦਰ ਸਿੰਘ ਮਹਿਤਾ ਨੇ ਘਟੀਆ ਫਰਨੀਚਰ ਖਰੀਦਣ ਤੋਂ ਆਪਣੇ ਆਪ ਨੂੰ ਲਾਂਭੇ ਕਰਦਿਆਂ ਕਿਹਾ ਕਿ ਸਭ ਕੁਝ ਉਨ੍ਹਾਂ ਦੇ ਵੱਕਾਰ ਨੂੰ ਢਾਹ ਲਗਾਉਣ ਤੇ ਬਦਨਾਮ ਕਰਨ ਦੀ ਨੀਅਤ ਨਾਲ ਕੀਤਾ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵਲੋਂ ਇਕ ਤਿੰਨ ਮੈਂਬਰੀ ਕਮੇਟੀ ਬਣਾ ਕੇ ਗੋਦਰੇਜ ਕੰਪਨੀ ਦਾ ਫਰਨੀਚਰ ਖਰੀਦਣ ਦਾ ਮਤਾ ਪਾਸ ਕੀਤਾ ਗਿਆ, ਜਿਸ ਵਿਚ ਸ੍ਰੀ ਰਾਜਿੰਦਰ ਸਿੰਘ ਮਹਿਤਾ ਵੀ ਸ਼ਾਮਲ ਸਨ। ਲੱਖਾਂ ਰੁਪਏ ਦਾ ਫਰਨੀਚਰ ਗੋਦਰੇਜ ਦੀ ਬਜਾਏ ਕਿਸੇ ਹੋਰ ਕੰਪਨੀ ਕੋਲੋਂ ਖਰੀਦ ਕੇ ਬਿੱਲ ਗੋਦਰੇਜ ਦੇ ਰੇਟਾਂ ਦੇ ਬਣਵਾਏ ਗਏ। ਫਰਨੀਚਰ ਦੀ ਜਾਂਚ ਕਰਨ ਲਈ ਜਦੋਂ ਖਰੀਦ ਵਿਭਾਗ ਦਾ ਨੁਮਾਇੰਦਾ ਪੁੱਜਾ, ਤਾਂ ਉਸ ਨੇ ਦੇਖਿਆ ਕਿ ਬਿਲ ਗੋਦਰੇਜ ਕੰਪਨੀ ਦੇ ਹਨ ਤੇ ਫਰਨੀਚਰ ਬਿਲਕੁਲ ਦੇਸੀ ਤੇ ਸਸਤਾ ਹੈ। ਇਸ ਨੁਮਾਇੰਦੇ ਦੀ ਰਿਪੋਰਟ 'ਤੇ ਫਰਨੀਚਰ ਸਪਲਾਈ ਕਰਨ ਵਾਲੀ ਕੰਪਨੀ ਦੀ ਅਦਾਇਗੀ ਰੋਕ ਦਿੱਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਐਕਸ਼ਨ ਲੈਂਦਿਆਂ ਇਸ ਘਪਲੇ ਦੀ ਜਾਂਚ ਲਈ ਇਕ ਸਬ-ਕਮੇਟੀ ਬਣਾ ਦਿੱਤੀ ਗਈ ਤੇ ਫਰਨੀਚਰ ਸਪਲਾਈ ਕਰਨ ਵਾਲੀ ਕੰਪਨੀ ਦੇ ਖਿਲਾਫ 420 ਦਾ ਮੁਕੱਦਮਾ ਵੀ ਦਰਜ ਕਰਵਾਇਆ ਗਿਆ। ਪੁਲਿਸ ਭਾਵੇਂ ਕੋਈ ਗ੍ਰਿਫ਼ਤਾਰੀ ਨਹੀਂ ਕਰ ਸਕੀ, ਪਰ ਫਰਨੀਚਰ ਸਪਲਾਈ ਕਰਨ ਵਾਲੇ ਠੇਕੇਦਾਰ ਨੂੰ ਆਪਣੀ ਹਾਈ ਕੋਰਟ ਵਲੋਂ ਜ਼ਮਾਨਤ ਕਰਵਾਉਣੀ ਪਈ ਸੀ। ਸ੍ਰੀ ਮਹਿਤਾ ਨੇ ਆਪਣਾ ਸਪੱਸ਼ਟਕਰਨ ਦਿੰਦਿਆਂ ਇੱਥੋਂ ਤੱਕ ਕਿਹਾ ਕਿ ਉਨ੍ਹਾਂ ਨੇ ਖਰੀਦ ਕਰਕੇ ਕੋਈ ਗਲਤੀ ਨਹੀਂ ਕੀਤੀ, ਸਗੋਂ ਉਨ੍ਹਾਂ ਨੂੰ ਇਕ ਸਾਜ਼ਿਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਮੱਕੜ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਪੁਰਾਣੀ ਕਮੇਟੀ ਭੰਗ ਕਰਕੇ ਨਵੀਂ ਕਮੇਟੀ ਕਿਉਂ ਬਣਾਈ ਗਈ ਅਤੇ ਖਰੀਦ ਕਮੇਟੀ ਤੋਂ ਪੁੱਛੇ ਬਗੈਰ ਐੱਫ ਆਈ ਆਰ ਵੀ ਦਰਜ ਕਰਵਾਈ। ਉਨ੍ਹਾਂ ਕਿਹਾ ਕਿ ਖਰੀਦ ਵਿਚ ਕੋਈ ਘਪਲੇਬਾਜ਼ੀ ਨਹੀਂ ਹੋਈ। ਭਾਵੇਂ ਏਜੰਡੇ ਤੋਂ ਬਾਹਰ ਇਸ ਆਈਟਮ ਦੇ ਹੋਣ ਕਾਰਨ ਕਿਸੇ ਵੀ ਕੋਈ ਨੋਟਿਸ ਨਹੀਂ ਲਿਆ, ਪਰ ਸ੍ਰੀ ਮੱਕੜ ਨੇ ਇਹ ਕਹਿ ਕੇ ਮਹਿਤੇ ਵਲੋਂ ਦਿੱਤੇ ਸਪੱਸ਼ਟੀਕਰਨ 'ਤੇ ਮਿੱਟੀ ਪਾ ਦਿੱਤੀ ਕਿ ਪੂਰੇ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਲਈ ਉਨ੍ਹਾਂ ਨੂੰ ਸਪੱਸ਼ਟੀਕਰਨ ਦੇਣ ਦੀ ਕੋਈ ਲੋੜ ਨਹੀਂ।

ਪ੍ਰਧਾਨ ਨੇ ਮਹਿਤੇ ਨੂੰ ਵੀ ਤਾੜਨਾ ਕੀਤੀ ਕਿ ਉਹ ਬਿਨਾਂ ਮੰਗਿਆਂ ਸਪੱਸ਼ਟੀਕਰਨ ਦੇ ਕੇ ਦੋਸ਼ੀ ਨਾ ਬਣੇ ਤੇ ਨਾ ਹੀ ਉਨ੍ਹਾਂ ਵਲੋਂ ਕੀਤੀ ਜਾ ਰਹੀ ਪੜਤਾਲ ਵਿਚ ਰੁਕਾਵਟ ਪੈਦਾ ਕਰੇ। ਉਪ੍ਰੋਕਤ ਘਟਨਾ ਬਾਰੇ ਜਦੋਂ ਰਾਜਿੰਦਰ ਸਿੰਘ ਮਹਿਤਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਤਤਕਾਰ ਹੋਣ ਦੀ ਘਟਨਾ ਨੂੰ ਤਾਂ ਜ਼ਰੂਰ ਕਬੂਲਿਆ, ਪਰ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਬਾਰੇ ਜੋ ਕੁਝ ਵੀ ਪੁੱਛਣਾ ਹੈ, ਉਹ ਪ੍ਰਧਾਨ ਸਾਹਿਬ ਨੂੰ ਪੁੱਛਿਆ ਜਾਵੇ।

## ਅਤਿਵਾਦ ਸਮੇਂ ਦੱਬੇ ਕਾਰਤੂਸ ਬਰਾਮਦ

**ਪੱਟੀ :** ਸਬ-ਡਵੀਜ਼ਨ ਪੱਟੀ ਅਧੀਨ ਆਉਂਦੇ ਪਿੰਡ ਕੈਰੋਂ ਵਿਖੇ ਇਕ ਪੈਲੀ ਵਿਚੋਂ ਮਿੱਟੀ ਹੇਠਾਂ ਦੱਬੇ 8 ਗ੍ਰਨੇਡ (ਐੱਚ. ਈ. 36) ਅਤੇ ਏ. ਕੇ. 47 ਰਾਈਫਲ ਦੇ 80 ਦੇ ਕਰੀਬ ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ। ਇਹ ਕਾਰਤੂਸ ਅੱਤਵਾਦ ਦੇ ਸਮੇਂ ਦੌਰਾਨ ਇਥੇ ਦੱਸੇ ਜਾਂਦੇ ਹਨ।

ਇਸ ਬਰਾਮਦਗੀ ਸੰਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਪੁਲਿਸ ਨੇ ਦੱਸਿਆ ਕਿ ਪਿੰਡ ਕੈਰੋਂ ਦਾ ਕਿਸਾਨ ਇਕਬਾਲ ਸਿੰਘ ਜਦੋਂ ਆਪਣੇ ਖੇਤ ਦੀ ਨੁੱਕਰ ਵਿਚੋਂ ਮਿੱਟੀ ਕੁੱਟ ਰਿਹਾ ਸੀ ਤਾਂ ਉਥੋਂ ਉਸ ਨੂੰ ਉਪਰੋਕਤ ਸਮੱਗਰੀ ਮਿਲੀ।

## ਸ਼੍ਰੋਮਣੀ ਕਮੇਟੀ ਦਾ ਮੌਜੂਦਾ ਹਾਊਸ ਨਵੀਆਂ ਚੋਣਾਂ ਤਕ

ਚੰਡੀਗੜ੍ਹ : ਆਉਂਦੀ ਫ਼ਰਵਰੀ 'ਚ ਪੰਜਾਬ, ਹਰਿਆਣਾ, ਹਿਮਾਚਲ ਤੇ ਯੂ.ਟੀ ਚੰਡੀਗੜ੍ਹ 'ਚ ਪੈਂਦੀਆਂ 120 ਸੀਟਾਂ ਤੋਂ 170 ਆਗੂ ਚੁਣਨ ਲਈ, ਨਵੇਂ ਸਿਰਿਉਂ ਸਿੱਖ ਵੋਟਰ ਬਣਾਉਣ ਵਾਸਤੇ 78 ਲੱਖ ਦੇ ਕਰੀਬ ਫ਼ਾਰਮ ਅਗਲੇ ਹਫ਼ਤੇ ਥਾਉਂ ਥਾਈਂ ਪਹੁੰਚਾ ਦਿਤੇ ਜਾਣਗੇ ਤਾਕਿ 30 ਅਗਸਤ ਨੂੰ ਆਪਣੀ 5 ਸਾਲਾ ਮਿਆਦ ਪੁਗਾ ਚੁੱਕੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਨਵਾਂ ਜਨਰਲ ਹਾਊਸ ਹੋਂਦ 'ਚ ਆ ਸਕੇ।

ਕੇਂਦਰ ਸਰਕਾਰ ਵਲੋਂ ਸਥਾਪਤ ਗੁਰਦਵਾਰਾ ਚੋਣ ਕਮਿਸ਼ਨ 'ਚ ਬਤੌਰ ਚੀਫ਼ ਕਮਿਸ਼ਨਰ ਦੀ ਡਿਊਟੀ ਨਿਭਾਅ ਰਹੇ ਸ. ਗੁਰਦੇਵ ਸਿੰਘ ਨੇ ਦਸਿਆ ਕਿ ਪਟਿਆਲਾ ਸਥਿਤ ਸਰਕਾਰੀ ਪ੍ਰੈਸ ਤੋਂ 70 ਲੱਖ ਫ਼ਾਰਮ ਪੰਜਾਬੀ 'ਚ ਤੇ 8 ਲੱਖ ਦੇ ਕਰੀਬ ਹਿੰਦੀ-ਪੰਜਾਬੀ ਦੋਹਾਂ ਭਾਸ਼ਾਵਾਂ 'ਚ ਛਪ ਕੇ ਤਿਆਰ ਹੋਣ ਵਾਲਾ ਹੈ ਜਿਨ੍ਹਾਂ ਨੂੰ ਲੋੜ ਮੁਤਾਬਕ ਡਿਪਟੀ ਕਮਿਸ਼ਨਰਾਂ, ਤਹਿਸੀਲਦਾਰਾਂ, ਗੁਰਦਵਾਰਿਆਂ ਅਤੇ ਪੰਚਾਇਤਾਂ ਨੂੰ ਸਪਲਾਈ ਕੀਤਾ ਜਾਵੇਗਾ ਤਾਂ ਕਿ ਪਿੰਡਾਂ 'ਚ ਪਟਵਾਰੀ ਤੇ ਸ਼ਹਿਰਾਂ 'ਚ ਮਿਊਂਸਪਲ ਮੁਲਾਜ਼ਮ 21 ਸਾਲ ਦੇ ਸਿੱਖ ਮਰਦਾਂ ਅਤੇ ਸਿੱਖ ਬੀਬੀਆਂ ਬਾਰੇ ਤਸਦੀਕ ਕਰ ਕੇ ਵੋਟਾਂ ਬਣਾ ਸਕਣ।

ਸ. ਗੁਰਦੇਵ ਸਿੰਘ ਨੇ ਦਸਿਆ ਕਿ ਅਕਤੂਬਰ ਤੇ ਨਵੰਬਰ ਮਹੀਨੇ ਵੋਟਰ ਲਿਸਟਾਂ ਦੇ ਖਰੜੇ ਤਿਆਰ ਹੋਣ ਦੀ ਉਮੀਦ ਹੈ। ਦਸੰਬਰ ਦੇ ਅਖ਼ੀਰ ਜਾਂ ਜਨਵਰੀ ਦੇ ਸ਼ੁਰੂ ਤਕ ਇਤਰਾਜ਼ ਅਤੇ ਦਾਅਵੇ ਦਰਜ ਕੀਤੇ ਜਾਣਗੇ।


# Real Estate and Home Loans

**For buying or selling your home**

**Call Aman Hundal at: 209-918-6464**

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

**ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ**

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

Century 21
M&M and Associates

# ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

**Kiran Hundal**

**(209)345-0183**

khundal@farmersagent.com
CA insurance License # 0F96503

1900 Standiford Ave.
Modesto, Ca 95350

FARMERS INSURANCE GROUP
Symbol of Superior Service

FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।





ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

### ਸਰਹਿੰਦ ਫੀਡਰ ਤੇ ਰਾਜਸਥਾਨ ਨਹਿਰਾਂ ਨੂੰ ਪੱਕੇ ਕਰਨ ਦਾ ਪ੍ਰਾਜੈਕਟ

# ਨਹਿਰੀ ਲਾਈਨਿੰਗ ਦਾ ਨੱਬੇ ਫੀਸਦੀ ਖਰਚਾ ਕੇਂਦਰ ਵਲੋਂ

**ਚੰਡੀਗੜ੍ਹ :** ਸਰਹਿੰਦ ਫੀਡਰ ਅਤੇ ਰਾਜਸਥਾਨ ਨਹਿਰ ਪੱਕੀਆਂ ਕਰਨ ਦੇ 1450 ਕਰੋੜ ਰੁਪਏ ਦਾ ਪ੍ਰਾਜੈਕਟ ਤੇ ਦਿੱਲੀ ਵਿਚ ਕੇਂਦਰੀ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿਚ ਪੰਜਾਬ ਨੂੰ ਬੀਤੀ 25 ਸਤੰਬਰ ਨੂੰ ਉਦੋਂ ਵੱਡੀ ਸਫਲਤਾ ਮਿਲੀ ਜਦੋਂ ਕੇਂਦਰ ਨੇ ਇਸ ਪ੍ਰਾਜੈਕਟ ਦਾ ਮੁੱਖ ਖਰਚਾ ਗਰਾਂਟ ਦੇ ਰੂਪ ਵਿਚ ਦੇਣ ਬਾਰੇ ਸਹਿਮਤੀ ਦੇ ਦਿੱਤੀ। ਹੁਣ ਦੋਵੇਂ ਰਾਜ ਕੇਵਲ 10 ਪ੍ਰਤੀਸ਼ਤ ਖਰਚਾ ਆਪ ਦੇਣਗੇ ਅਤੇ ਬਾਕੀ ਜ਼ਿੰਮੇਵਾਰੀ ਕੇਂਦਰ ਦੀ ਹੋਵੇਗੀ।

ਵਰਨਣਯੋਗ ਹੈ ਕਿ ਸਰਹਿੰਦ ਫੀਡਰ ਅਤੇ ਰਾਜਸਥਾਨ ਨਹਿਰਾਂ ਪੱਕੀਆਂ ਕਰਨ ਲਈ ਪੰਜਾਬ ਵਲੋਂ ਕੇਂਦਰ 'ਤੇ ਕਾਫੀ ਸਮੇਂ ਤੋਂ ਜ਼ੋਰ ਪਾਇਆ ਜਾ ਰਿਹਾ ਸੀ। ਅਕਾਲੀ-ਭਾਜਪਾ ਗਠਜੋੜ ਨੇ ਆਪਣੀ ਪਿਛਲੀ ਸਰਕਾਰ ਵੇਲੇ ਵੀ ਕੇਂਦਰ ਤੋਂ ਇਸ ਪ੍ਰਾਜੈਕਟ ਲਈ ਪ੍ਰਵਾਨਗੀ ਮੰਗੀ ਸੀ ਪਰ ਉਸ ਵੇਲੇ ਗੱਲ ਸਿਰੇ ਨਹੀਂ ਲੱਗੀ ਸੀ।

ਇਸ ਦੌਰਾਨ ਪੰਜਾਬ ਦੇ ਜ਼ੋਰ ਦੇਣ 'ਤੇ ਕੇਂਦਰ ਨੇ ਇਨ੍ਹਾਂ ਦੋਹਾਂ ਨਹਿਰਾਂ ਦੇ ਪ੍ਰਾਜੈਕਟਾਂ ਦੀ ਪ੍ਰਵਾਨਗੀ ਤਾਂ ਦੇ ਦਿੱਤੀ ਪਰ ਰਾਜਸਥਾਨ ਨਹਿਰ ਲਈ 90 ਪ੍ਰਤੀਸ਼ਤ, ਸਰਹਿੰਦ ਫੀਡਰ ਲਈ 75 ਪ੍ਰਤੀਸ਼ਤ ਖਰਚਾ ਦੇਣਾ ਹੀ ਮੰਨਿਆ। ਪੰਜਾਬ ਦਾ ਕਹਿਣਾ ਸੀ ਕਿ ਕੇਂਦਰ ਵਲੋਂ ਸਿੱਧੇ ਤੌਰ 'ਤੇ ਵਿਤਕਰਾ ਕੀਤਾ ਗਿਆ ਹੈ। ਪੰਜਾਬ ਇਨ੍ਹਾਂ ਨਹਿਰਾਂ ਕਾਰਨ ਦਹਾਕਿਆਂ ਤੋਂ ਸੇਮ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਨਹਿਰਾਂ ਦੇ ਪੱਕੇ ਹੋਣ ਨਾਲ ਜਿਥੇ ਸੇਮ ਦੀ ਸਮੱਸਿਆ ਹੱਲ ਹੋਵੇਗੀ, ਉਥੇ ਰਾਜਸਥਾਨ ਨੂੰ ਵੀ ਵਧੇਰੇ ਪਾਣੀ ਮਿਲਣ ਲੱਗ ਜਾਵੇਗਾ।

ਜਾਣਕਾਰੀ ਅਨੁਸਾਰ ਦਿੱਲੀ ਵਿਚ ਲੰਘੀ 25 ਸਤੰਬਰ ਨੂੰ ਕੇਂਦਰੀ ਜਲ ਸਾਧਨਾਂ ਬਾਰੇ ਸਕੱਤਰ ਨੇ ਇਨ੍ਹਾਂ ਮੁੱਦਿਆਂ 'ਤੇ ਪੰਜਾਬ ਅਤੇ ਰਾਜਸਥਾਨ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਪੰਜਾਬ ਵਲੋਂ ਮੁੱਖ ਇੰਜੀਨੀਅਰ (ਨਹਿਰਾਂ), ਅਮਰਜੀਤ ਸਿੰਘ ਦੁੱਲਟ ਅਤੇ ਮੁੱਖ ਇੰਜੀਨੀਅਰ (ਡਰੇਨਜ਼) ਵਿਨੋਦ ਚੌਧਰੀ ਸ਼ਾਮਲ ਹੋਏ ਜਦੋਂਕਿ ਰਾਜਸਥਾਨ ਵਲੋਂ ਪ੍ਰਿੰਸੀਪਲ ਸਕੱਤਰ (ਸਿੰਚਾਈ) ਅਤੇ ਮੁੱਖ ਇੰਜੀਨੀਅਰ (ਨਹਿਰਾਂ) ਸ਼ਾਮਲ ਸਨ। ਮੀਟਿੰਗ ਵਿਚ ਪੰਜਾਬ ਵਲੋਂ ਉਠਾਏ ਅਹਿਮ ਮੁੱਦੇ 'ਤੇ ਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਗਿਆ ਕਿ ਰਾਜਸਥਾਨ ਵਾਂਗ ਪੰਜਾਬ ਲਈ ਵੀ ਸਰਹਿੰਦ ਫੀਡਰ ਦਾ ਖਰਚਾ ਚੁੱਕਣ ਲਈ ਕੇਂਦਰ ਸਹਿਮਤ ਹੈ ਪਰ ਪੰਜਾਬ ਨੂੰ ਸੋਕੇ ਦੀ ਸਕੀਮ ਹੇਠ ਇਸ ਮੰਤਵ ਲਈ ਪੈਸਾ ਨਹੀਂ ਮਿਲ ਸਕਦਾ ਸਗੋਂ ਕੇਂਦਰ ਗਰਾਂਟ ਦੇ ਰੂਪ 'ਚ ਪੰਜਾਬ ਦੀ ਮੱਦਦ ਕਰੇਗਾ। ਰਾਜਸਥਾਨ ਨਹਿਰ ਨੂੰ ਪੱਕਾ ਕਰਨ ਲਈ 952 ਕਰੋੜ ਰੁਪਏ ਖਰਚ ਆਉਣਗੇ ਅਤੇ ਇਸ ਵਿਚੋਂ ਕੇਵਲ ਦਸ ਪ੍ਰਤੀਸ਼ਤ ਰਾਜਸਥਾਨ ਅਦਾ ਕਰੇਗਾ। ਸਰਹਿੰਦ ਫੀਡਰ ਲਈ 489 ਕਰੋੜ ਰੁਪਏ ਖਰਚ ਆਉਣਗੇ ਅਤੇ ਹੁਣ ਕੇਂਦਰ 90 ਪ੍ਰਤੀਸ਼ਤ ਗਰਾਂਟ ਦੇਵੇਗਾ। ਇਸ ਤਰ੍ਹਾਂ ਪੰਜਾਬ ਨੂੰ ਸਿੱਧੇ ਤੌਰ 'ਤੇ 250 ਕਰੋੜ ਰੁਪਏ ਦੀ ਰਾਹਤ ਮਿਲ ਗਈ ਹੈ।

ਮੀਟਿੰਗ ਵਿਚ ਇਹ ਵੀ ਤੈਅ ਹੋਇਆ ਹੈ ਕਿ ਰਾਜਸਥਾਨ ਨਹਿਰ ਨੂੰ ਪੱਕਾ ਕਰਨ ਲਈ ਫਰਵਰੀ ਵਿਚ ਨਹਿਰ ਦੀ ਬੰਦੀ ਕੀਤੀ ਜਾਵੇਗੀ, ਜੋ ਮਾਰਚ ਤੱਕ ਜਾਰੀ ਰਹੇਗੀ। ਰਾਜਸਥਾਨ ਨੂੰ ਪੀਣ ਲਈ 2650 ਕਿਊਸਿਕ ਪਾਣੀ ਦੀ ਲੋੜ ਹੈ। ਪੰਜਾਬ ਨੇ ਕਿਹਾ ਹੈ ਕਿ ਸਰਹਿੰਦ ਫੀਡਰ ਦੇ ਲਿੰਕ ਰਾਹੀਂ ਰਾਜਸਥਾਨ ਨੂੰ ਪੀਣ ਵਾਲਾ ਪਾਣੀ ਦਿੱਤਾ ਜਾਵੇਗਾ। ਇਸ ਵੇਲੇ ਇਹ ਲਿੰਕ ਬੰਦ ਪਿਆ ਹੈ ਪਰ ਸਫਾਈ ਕਰਵਾ ਕੇ ਇਸ ਨਾਲ 1800 ਕਿਊਸਿਕ ਪਾਣੀ ਜਾ ਸਕਦਾ ਹੈ। ਪੰਜਾਬ ਨੇ ਭਰੋਸਾ ਦਿੱਤਾ ਹੈ ਕਿ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇਗਾ।ਰਾਜਸਥਾਨ ਨਹਿਰ ਦੀ ਮੁਰੰਮਤ ਵਾਸਤੇ ਪੰਜਾਬ 90ਫ਼ੀ ਸਦੀ ਖ਼ਰਚਾ ਕੇਂਦਰ ਤੋਂ ਮੰਗੇਗਾ। ਯਾਦ ਰਹੇ ਪੰਜਾਬ ਨੇ ਸਰਹੰਦ ਫ਼ੀਡਰ ਤੇ ਰਾਜਸਥਾਨ ਨਹਿਰਾਂ ਦੀ ਮੁਰੰਮਤ, ਲਾਈਨਿੰਗ, ਪੱਕੀ ਕਰਨ, ਸਫਾਈ ਕਰਨ ਤੇ ਉਨ੍ਹਾਂ ਤੇ ਪੁਲਾਂ ਦੀ ਉਸਾਰੀ ਕਰਨ ਲਈ 1450 ਕਰੋੜ ਰੁਪਏ ਦਾ ਵੱਡਾ ਪ੍ਰੋਜੈਕਟ ਨੇਪਰੇ ਚਾੜਨ ਵਾਸਤੇ ਕੇਂਦਰ ਤੋਂ 90ਫੀਸਦੀ ਖ਼ਰਚਾ ਮੰਗਿਆ ਸੀ।

ਸਿੰਚਾਈ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਰਾਜਸਥਾਨ ਵਾਸਤੇ ਪਾਣੀ ਲਿਜਾਣ ਵਾਲੀ ਨਹਿਰ ਦੀ ਮੁਰੰਮਤ ਅਤੇ ਮਜ਼ਬੂਤੀ ਲਈ 983 ਕਰੋੜ ਦੀ ਸਕੀਮ ਹੈ ਜਿਸ ਚੋਂ 90 ਫੀਸਦੀ ਖ਼ਰਚਾ ਭਾਰਤ ਸਰਕਾਰ ਕਰੇਗੀ ਤੇ ਬਾਕੀ 10ਫੀਸਦੀ 98 ਕਰੋੜ ਦੇ ਲਗਭਗ ਰਾਜਸਥਾਨ ਦੇਵੇਗਾ ਜਿਸ ਨਾਲ ਪੰਜਾਬ 'ਚ ਪੇਂਦੇ ਇਲਾਕੇ ਦੀਆਂ ਨਹਿਰੀ ਪੁਲੀਆਂ, ਕਿਨਾਰੇ ਆਦਿ ਮਜ਼ਬੂਤ ਕੀਤੇ ਜਾਣਗੇ। ਅਧਿਕਾਰੀ ਨੇ ਇਹ ਵੀ ਦਸਿਆ ਕਿ ਸਰਹੰਦ ਫ਼ੀਡਰ ਰਜਸਥਾਨ ਨਹਿਰ ਦੇ ਨਾਲ ਨਾਲ ਜਾਂਦੀ ਪੰਜਾਬ ਦੀ ਨਹਿਰ ਦੀ ਮੁਰੰਮਤ ਅਤੇ ਪੱਕਾ ਕਰਨ ਲਈ 467 ਕਰੋੜ ਰੁਪਏ ਦਾ ਪ੍ਰਾਜੈਕਟ ਤਿਆਰ ਕੀਤਾ ਹੈ। ਮੁਰੰਮਤ ਦਾ ਕੰਮ ਆਉਂਦੇ ਤਿੰਨ ਸਾਲਾਂ ਵਿਚ ਪੂਰਾ ਕਰਨ ਦਾ ਟੀਚਾ ਹੈ।

## ਨਹਿਰੀ ਵਿਭਾਗ ਨੇ ਨਹਿਰਾਂ ਦੀ ਸਫਾਈ ਲਈ ਗਰਾਂਟ ਭੇਜੀ

**ਚੰਡੀਗੜ੍ਹ :** ਪੰਜਾਬ ਵਿਚ ਸਮੁੱਚੇ ਨਹਿਰੀ ਨੈਟਵਰਕ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਲਈ ਨਰੇਗਾ ਸਕੀਮ ਅਧੀਨ ਨਹਿਰਾਂ ਦੀ ਅੰਦਰੂਨੀ ਸਫਾਈ ਦੇ ਪ੍ਰਾਜੈਕਟ ਨੂੰ ਸਮੇਂ ਸਿਰ ਪੂਰਾ ਕਰਨ ਲਈ ਨਹਿਰੀ ਵਿਭਾਗ ਦੇ ਸਾਰੇ ਕਾਰਜਕਾਰੀ ਇੰਜੀਨੀਅਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਸਾਲ 2009-2010 ਦੌਰਾਨ ਨਹਿਰਾਂ ਦੀ ਅੰਦਰੂਨੀ ਸਫਾਈ ਦੇ ਕੰਮਾਂ ਦੇ ਪ੍ਰਾਜੈਕਟ ਦਾ ਅਨੁਮਾਨ ਤਿਆਰ ਕਰਕੇ ਡਿਪਟੀ ਕਮਿਸ਼ਨਰਾਂ ਨੂੰ ਪ੍ਰਵਾਨਗੀ ਹਿਤ ਭੇਜਣ।

ਸਿੰਚਾਈ ਵਿਭਾਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਸਰਹਿੰਦ ਨਹਿਰ ਸਮੇਤ ਹਲਕਾ ਲੁਧਿਆਣਾ ਅਧੀਨ ਪੈਂਦੀਆਂ ਨਹਿਰਾਂ ਦੀ ਸਫਾਈ ਲਈ 535.33 ਲੱਖ ਰੁਪਏ, ਫਿਰੋਜ਼ਪੁਰ ਅਧੀਨ ਨਹਿਰਾਂ ਦੀ ਸਫਾਈ ਲਈ 1037.12 ਲੱਖ ਰੁਪਏ, ਭਾਖੜਾ ਮੇਨ ਲਾਈਨ ਹਲਕਾ ਪਟਿਆਲਾ ਲਈ 531.65 ਲੱਖ ਰੁਪਏ, ਅਪਰ ਬਾਰੀ ਦੁਆਬ ਨਹਿਰ ਹਲਕਾ ਅੰਮ੍ਰਿਤਸਰ ਲਈ 273.93 ਲੱਖ ਰੁਪਏ, ਆਈ. ਬੀ. ਹਲਕਾ ਪਟਿਆਲਾ ਦੀਆਂ ਨਹਿਰਾਂ ਦੀ ਸਫਾਈ ਲਈ 387.82 ਲੱਖ ਰੁਪਏ, ਡਾਇਰੈਕਟਰ ਵਾਟਰ ਸੈਲ ਚੰਡੀਗੜ੍ਹ ਲਈ 120.51 ਲੱਖ ਰੁਪਏ ਭੇਜੇ ਗਏ ਹਨ।

ਬੁਲਾਰੇ ਨੇ ਦੱਸਿਆ ਕਿ ਸਾਰੀਆਂ ਨਹਿਰਾਂ ਦੀ ਸਫਾਈ ਤੇ ਕੁੱਲ ਅਨੁਮਾਨਤ ਖਰਚਾ 2889.36 ਲੱਖ ਰੁਪਏ ਆਵੇਗਾ। ਉਨ੍ਹਾਂ ਦੱਸਿਆ ਕਿ ਨਹਿਰਾਂ ਦੀ ਸਫਾਈ ਹੋ ਜਾਣ ਨਾਲ ਪਾਣੀ ਟੇਲਾਂ ਤੱਕ ਪਹੁੰਚਣਾ ਯਕੀਨੀ ਹੋ ਜਾਵੇਗਾ। ਇਸ ਨਾਲ ਸਿੰਚਾਈ ਅਧੀਨ ਹੋਰ ਵਧੇਰੇ ਰਕਬਾ ਲਿਆ ਜਾਵੇਗਾ।

## ਪੰਜਾਬ ਤੋਂ ਗਹਿਣਿਆਂ ਦੇ ਕਾਰੋਬਾਰੀਆਂ ਨੂੰ ਉਮੀਦਾਂ

**ਚੰਡੀਗੜ੍ਹ :** ਪੰਜਾਬ ਦੇ ਗਹਿਣਿਆਂ ਦੇ ਬਾਜ਼ਾਰ ਵਿਚ ਬ੍ਰਾਂਡਿਡ ਗਹਿਣਿਆਂ ਦੀਆਂ ਨਿਰਮਾਤਾ ਕੰਪਨੀਆਂ ਤੇਜ਼ੀ ਨਾ ਪੈਰ ਪਸਾਰ ਰਹੀਆਂ ਹਨ। ਇਨ੍ਹਾਂ ਵਿਚ ਤਨਿਸ਼ਕ, ਗੋਇਕਾ ਜਿਊਲਰੀ, ਔਰਾ, ਟਾਟਾ, ਗੋਲਡ, ਗੋਲਡ ਪਲੱਸ ਦੇ ਨਾਂ ਪ੍ਰਮੁੱਖ ਹਨ। ਵਰਤਮਾਨ ਸਮੇਂ ਪੰਜਾਬ ਵਿਚ ਸਾਲਾਨਾ ਤਕਰੀਬਨ 5000 ਕਰੋੜ ਰੁਪਏ ਦਾ ਗੋਲਡ ਗਹਿਣਿਆਂ ਦਾ ਵਪਾਰਕ ਕਾਰੋਬਾਰ ਹੈ। ਇਸ ਵਿਚੋਂ ਬ੍ਰਾਂਡਿਡ ਜਿਊਲਰੀ ਦੀ ਹਿੱਸੇਦਾਰੀ ਲਗਭਗ 20 ਫੀਸਦੀ ਹੈ। ਬ੍ਰਾਂਡਿਡ ਗਹਿਣਿਆਂ ਦੀਆਂ ਨਿਰਮਾਤਾ ਕੰਪਨੀਆਂ ਦਾ ਮੰਨਣਾ ਹੈ ਕਿ ਲੋਕਾਂ ਵਿਚ ਬ੍ਰਾਂਡਿਡ ਅਤੇ ਬੀ. ਆਈ. ਐੱਸ. ਹੌਲ ਮਾਰਕਿੰਗ ਗਹਿਣਿਆਂ ਦੇ ਵਧਦੇ ਰੁਝਾਨ ਵਿਚ ਬ੍ਰਾਂਡਿਡ ਗਹਿਣਿਆਂ ਦੇ ਕਾਰੋਬਾਰ ਵਿਚ ਹੋਰ ਵਾਧੇ ਦੀ ਉਮੀਦ ਹੈ।

ਗੋਇਕਾ ਡਾਇਮੰਡ ਐਂਡ ਜਿਊਲਰੀ ਕੰਪਨੀ ਤੋਂ ਇਲਾਵਾ ਤਨਿਸ਼ਕਾ ਗੋਲਡ ਗਹਿਣਿਆਂ ਵਿਚ ਕਾਫੀ ਅੱਗੇ ਨਿਕਲ ਚੁੱਕੇ ਹਨ। ਗੋਇੰਕਾ ਡਾਇਮੰਡ ਦੇ ਲਗਭਗ 100 ਬਿਲੀਅਨ ਡਾਲਰ ਦੇ ਕਾਰੋਬਾਰ ਵਿਚ ਪੰਜਾਬ ਦੀ 15 ਤੋਂ 20 ਫੀਸਦੀ ਹਿੱਸੇਦਾਰੀ ਹੈ। ਕੰਪਨੀ ਦੇ ਐੱਮ. ਡੀ. ਨਿਤਿਨ ਗੋਇੰਕਾ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੰਪਨੀ ਨੇ ਹੁਣ ਪੰਜਾਬ ਵਿਚ ਵੀ ਤੇਜ਼ੀ ਨਾਲ ਪਰਸਾਰ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਮਾਰਚ 2010 ਤਕ ਪੰਜਾਬ ਵਿਚ ਚਾਰ ਐਕਸਕੂਲਸਿਵ ਸਟੋਰ ਖੋਲ੍ਹਣ ਜਾ ਰਹੀ ਹੈ। ਇਹ ਸਟੋਰ ਚੰਡੀਗੜ੍ਹ, ਜਲੰਧਰ, ਪਟਿਆਲਾ ਅਤੇ ਅੰਮ੍ਰਿਤਸਰ ਵਿਚ ਖੋਲ੍ਹੇ ਜਾਣਗੇ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਹਰ ਪ੍ਰਕਾਰ ਦੇ ਗਹਿਣਿਆਂ ਦਾ ਕਾਰੋਬਾਰ ਕਰ ਰਹੀ ਹੈ, ਜਿਸ ਵਿਚ ਕੁੰਦਨ, ਪਲੇਟਿਨਮ ਅਤੇ ਡਾਇਮੰਡ ਗਹਿਣੇ ਸ਼ਾਮਲ ਹਨ।

ਔਰਾ ਕੰਪਨੀ ਦੇ ਖੇਤਰੀ ਉਪ ਵਿਕਰੀ ਮੈਨੇਜਰ ਸੰਦੀਪ ਭਾਂਡਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਸੋਨੇ ਦੇ ਗਹਿਣਿਆਂ ਦਾ ਕਾਰੋਬਾਰ ਅਜੇ ਤਕ ਰਵਾਇਤੀ ਗਹਿਣਿਆਂ ਤਕ ਹੀ ਸੀਮਤ ਸੀ ਪਰ ਹੁਣ ਡਿਜ਼ਾਇਨ ਅਤੇ ਗੁਣਵੱਤਾ ਨੂੰ ਲੈ ਕੇ ਗਾਹਕਾਂ ਵਿਚ ਰੁਝਾਨ ਛੇਤੀ ਨਾਲ ਬ੍ਰਾਂਡਿਡ ਗਹਿਣਿਆਂ ਵੱਲ ਵਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਨੇ ਇਸ ਸਾਲ ਦੇ ਅੰਤ ਤਕ ਤਿੰਨ ਨਵੇਂ ਸ਼ੋਅ ਰੂਮ ਪੰਜਾਬ ਅਤੇ ਚੰਡੀਗੜ੍ਹ ਵਿਚ ਖੋਲ੍ਹਣ ਦਾ ਮਨ ਬਣਾਇਆ ਹੈ। ਪੰਜਾਬ ਵਿਚ ਗਹਿਣਿਆਂ ਦਾ ਸਾਲਾਨਾ ਕਾਰੋਬਾਰ ਲਗਭਗ 500 ਕਰੋੜ ਰੁਪਏ ਦਾ ਹੈ।ਯਦਾ ਰਹੇ ਪਜਾਬੀ ਔਰਤਾਂ ਸੋਨੇ ਦੇ ਗਹਿਣਿਆਂ ਦੀਆਂ ਸਦੀਆਂ ਤੋਂ ਸ਼ੁਕੀਨ ਹਨ।

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਬਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਸਰਕਾਰ ਆਦਰਸ਼ ਸਕੂਲਾਂ ਵਾਲੀਆਂ ਕੰਪਨੀਆਂ 'ਤੇ ਲੱਟੂ

**ਚੰਡੀਗੜ੍ਹ :** ਪੰਜਾਬ 'ਚ ਸਰਕਾਰੀ ਭਾਈਵਾਲੀ ਨਾਲ ਆਦਰਸ਼ ਸਕੂਲ ਚਲਾਉਣ ਵਾਲੀਆਂ ਨਿੱਜੀ ਖੇਤਰ ਦੀਆਂ ਵੱਡੀਆਂ ਕੰਪਨੀਆਂ ਪ੍ਰਤੀ ਸਰਕਾਰ ਦੀ ਫਰਾਖ਼ਦਿਲੀ ਤੋਂ ਪ੍ਰਸ਼ਾਸਨਿਕ ਹਲਕੇ ਹੈਰਾਨ ਹਨ। ਸਰਕਾਰ ਇਨ੍ਹਾਂ ਕੰਪਨੀਆਂ 'ਤੇ ਇਸ ਕਦਰ ਦਿਆਲ ਹੈ ਕਿ ਨਿਯਮ ਬਣਨ ਅਤੇ ਸ਼ਰਤਾਂ ਤੈਅ ਹੋਣ ਤੋਂ ਬਾਅਦ ਵੀ ਸਕੂਲਾਂ ਦੀ ਸਥਾਪਨਾ ਲਈ ਸਰਕਾਰੀ ਫੰਡਾਂ ਦਾ ਹਿੱਸਾ ਵਧਾ ਦਿੱਤਾ ਗਿਆ ਹੈ ਤੇ ਇਨ੍ਹਾਂ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਵੀ ਦੁੱਗਣੀ ਕਰਨ ਦਾ ਫੈਸਲਾ ਲਿਆ ਗਿਆ ਹੈ। ਇਨ੍ਹਾਂ ਸਕੂਲਾਂ ਦੀ ਸਥਾਪਨਾ ਕਰਨ ਵਾਲੇ ਪੰਜਾਬ ਸਿੱਖਿਆ ਵਿਕਾਸ ਬੋਰਡ ਦੀ ਮੀਟਿੰਗ ਵਿਚ ਲੰਘੀ 23 ਸਤੰਬਰ ਨੂੰ ਇਹ ਅਹਿਮ ਫੈਸਲੇ ਲਏ ਗਏ। ਸੂਤਰਾਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵਲੋਂ ਆਦਰਸ਼ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਲਈ ਪ੍ਰਤੀ ਸਕੂਲ ਢਾਈ ਕਰੋੜ ਰੁਪਏ ਦਾ ਯੋਗਦਾਨ ਪਾਇਆ ਜਾਵੇਗਾ ਜਦੋਂਕਿ ਪਹਿਲਾਂ ਸਰਕਾਰੀ ਹਿੱਸਾ 2 ਕਰੋੜ ਰੁਪਏ ਸੀ। ਇਸੇ ਤਰ੍ਹਾਂ ਇਕ ਸਕੂਲ ਵਿਚ ਹੁਣ 2000 ਬੱਚੇ ਦਾਖਲ ਕੀਤੇ ਜਾ ਸਕਣਗੇ।

ਸਿੱਖਿਆ ਵਿਭਾਗ ਵਲੋਂ ਇਸ ਮੀਟਿੰਗ 'ਚ ਜਿਹੜਾ ਏਜੰਡਾ ਭੇਜਿਆ ਗਿਆ ਸੀ, ਉਸ ਵਿਚ ਸਪੱਸ਼ਟ ਲਿਖਿਆ ਹੈ ਕਿ ਜੇਕਰ ਸਰਕਾਰ ਇਮਾਰਤਾਂ ਦੀ ਉਸਾਰੀ ਵਿਚ ਸਰਕਾਰੀ ਭਾਗੀਦਾਰੀ ਦੀ ਰਕਮ ਵਧਾਉਣ ਅਤੇ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦਾ ਫੈਸਲਾ ਲੈਂਦੀ ਹੈ ਤਾਂ ਇਸ ਫੈਸਲੇ ਪ੍ਰਤੀ ਕਾਨੂੰਨੀ ਤੌਰ 'ਤੇ ਹੀ ਕਈ ਤਰ੍ਹਾਂ ਦੇ ਇਤਰਾਜ਼ ਨਹੀਂ ਹੋਣਗੇ ਸਗੋਂ ਪੰਜਾਬ ਸਿੱਖਿਆ ਵਿਕਾਸ ਬੋਰਡ 'ਤੇ ਵਿੱਤੀ ਬੋਝ ਵੀ ਵਧੇਗਾ। ਸੂਤਰਾਂ ਮੁਤਾਬਕ ਸਿੱਖਿਆ ਵਿਭਾਗ ਨਾਲ ਸੰਬੰਧਤ ਅਧਿਕਾਰੀਆਂ ਨੇ ਸਰਕਾਰ ਦੇ ਧਿਆਨ 'ਚ ਲਿਆਂਦਾ ਸੀ ਕਿ ਜਿਸ ਸਮੇਂ ਸਰਕਾਰ ਨੇ ਆਦਰਸ਼ ਸਕੂਲਾਂ ਲਈ ਅਰਜ਼ੀਆਂ ਦੀ ਮੰਗ ਕੀਤੀ ਸੀ ਤਾਂ ਸਰਕਾਰੀ ਹਿੱਸਾ ਦੋ ਕਰੋੜ ਰੁਪਏ ਦੱਸਿਆ ਗਿਆ ਸੀ। ਇਨ੍ਹਾਂ ਹਾਲਾਤ ਵਿਚ ਕੋਈ ਵੀ ਵਿਅਕਤੀ ਸਰਕਾਰ ਦੇ ਇਸ ਫੈਸਲੇ ਨੂੰ ਅਦਾਲਤ 'ਚ ਚੁਣੌਤੀ ਦੇ ਸਕਦਾ ਹੈ ਕਿਉਂਕਿ ਸਰਕਾਰ ਹੁਣ ਜਿਹੜਾ ਫੈਸਲਾ ਕਰਨ ਜਾ ਰਹੀ ਹੈ ਉਹ ਨਿਯਮ ਬਣਨ ਅਤੇ ਸ਼ਰਤਾਂ ਤੈਅ ਹੋਣ ਤੋਂ ਬਾਅਦ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਵਲੋਂ ਸ਼ਰਾਬ 'ਤੇ ਲਗਾਏ ਜਾ ਰਹੇ ਸਿੱਖਿਆ ਸੈੱਸ ਰਾਹੀਂ ਇਕੱਠਾ ਹੁੰਦਾ ਮਾਲੀਆ ਇਨ੍ਹਾਂ ਸਕੂਲਾਂ 'ਤੇ ਖਰਚ ਕੀਤਾ ਜਾਣਾ ਹੈ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸ਼ਰਾਬ 'ਤੇ ਲੱਗਣ ਵਾਲੇ ਸੈੱਸ ਨਾਲ ਜਿਹੜੀ ਉਗਰਾਹੀ ਹੋਈ ਹੈ, ਉਸ ਨਾਲ ਸਕੂਲ ਲੰਬਾ ਸਮਾਂ ਨਹੀਂ ਚੱਲ ਪਾਉਣਗੇ। ਇਕ ਦਿਨ ਇਹ ਨੌਬਤ ਵੀ ਆ ਸਕਦੀ ਹੈ ਕਿ ਸਰਕਾਰ ਸਕੂਲਾਂ ਨੂੰ ਪੂਰੀ ਤਰ੍ਹਾਂ ਹੀ ਨਿੱਜੀ ਅਦਾਰਿਆਂ ਦੇ ਹਵਾਲੇ ਕਰ ਦੇਵੇ ਕਿਉਂਕਿ ਇਸ ਛੋਟੇ ਜਿਹੇ ਫੈਸਲੇ ਨਾਲ ਹੀ ਕਰੋੜਾਂ ਰੁਪਏ ਦਾ ਸਾਲਾਨਾ ਬੋਝ ਵਧ ਜਾਣਾ ਹੈ। ਬੱਚਿਆਂ ਦੀ ਗਿਣਤੀ ਵਧਣ ਨਾਲ ਅਧਿਆਪਕਾਂ ਦੀ ਗਿਣਤੀ ਵੀ ਵਧਾਉਣੀ ਪਵੇਗੀ ਤੇ ਇਮਾਰਤਾਂ ਵੀ ਵੱਡੀਆਂ ਬਣਾਉਣੀਆਂ ਪੈਣਗੀਆਂ। ਇਸ ਦਾ 70 ਫੀਸਦੀ ਹਿੱਸਾ ਸਰਕਾਰ ਨੇ ਦੇਣਾ ਹੈ।

ਸਿੱਖਿਆ ਸਕੱਤਰ ਜੀ.ਐਸ.ਗਰੇਵਾਲ ਨੇ ਮੀਟਿੰਗ ਦੌਰਾਨ ਸਰਕਾਰ ਦਾ ਹਿੱਸਾ ਅਤੇ ਬੱਚਿਆਂ ਦੀ ਗਿਣਤੀ ਵਧਾਏ ਜਾਣ ਦੇ ਫੈਸਲੇ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਮੁਤਾਬਕ ਭਾਰਤੀ ਐਂਟਰਪ੍ਰਾਈਜ਼ਿਜ਼ ਵਲੋਂ ਸਰਕਾਰ ਤੋਂ ਇਸ ਤਰ੍ਹਾਂ ਦੀ ਮੰਗ ਕੀਤੀ ਗਈ ਸੀ। ਇਸ ਕੰਪਨੀ ਨੇ ਬੱਚਿਆਂ ਦੀ ਗਿਣਤੀ 3000 ਹਜ਼ਾਰ ਕਰਨ ਦੀ ਸ਼ਰਤ ਰੱਖੀ ਸੀ। ਇਸ ਤੋਂ ਪਹਿਲਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਤਾਂ ਇਸ ਮੰਗ ਨੂੰ ਰੱਦ ਕਰ ਦਿੱਤਾ ਸੀ ਪਰ ਮੁੱਖ ਮੰਤਰੀ ਜੋ ਕਿ ਬੋਰਡ ਦੇ ਚੇਅਰਮੈਨ ਹਨ, ਨੇ ਮਾਮਲਾ ਮੀਟਿੰਗ 'ਚ ਵਿਚਾਰਨ ਲਈ ਕਿਹਾ। ਅੰਤ ਬੱਚਿਆਂ ਦੀ ਗਿਣਤੀ 2000 ਕਰਨ ਬਾਰੇ ਸਹਿਮਤੀ ਹੋਈ। ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਵਸੂਲੀ ਜਾਵੇਗੀ। ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਜ਼ਮੀਨ ਮੁਫਤ 'ਚ ਦਿੱਤੀ ਗਈ ਹੈ। ਸਰਕਾਰ ਵੱਲੋਂ ਭਾਰਤੀ ਐਂਟਰਪ੍ਰਾਈਜਿਜ਼ ਲਿਮਟਿਡ, ਰਨਬੈਕਸੀ ਲੈਬੋਰਟਰੀਜ਼, ਐਜੂਕੌਂਪ ਸੌਲੂਸ਼ਨ ਨਵੀਂ ਦਿੱਲੀ, ਕੈਰੀਅਰ ਲਾਂਚਰ ਨਵੀਂ ਦਿੱਲੀ ਅਤੇ ਚੀਫ ਖਾਲਸਾ ਦੀਵਾਨ ਦੀ ਭਾਈਵਾਲੀ ਨਾਲ ਅੰਮ੍ਰਿਤਸਰ, ਲੁਧਿਆਣਾ, ਸੰਗਰੂਰ, ਮੁਹਾਲੀ, ਰੋਪੜ, ਪਟਿਆਲਾ, ਤਰਨਤਾਰਨ ਅਤੇ ਗੁਰਦਾਸਪੁਰ ਜ਼ਿਲਿਆਂ 'ਚ 17 ਸਕੂਲ ਖੋਲ੍ਹੇ ਜਾਣੇ ਹਨ।

## ਅਕਾਲੀ ਦਲ ਨੂੰ ਇਨੈਲੋ ਨਾਲ ਚੋਣ ਲੜਨੋ ਬਚਣਾ ਚਾਹੀਦਾ ਸੀ-ਭਾਜਪਾ



**ਜਲੰਧਰ :** ਸ਼੍ਰੋਮਣੀ ਅਕਾਲੀ ਦਲ ਵਲੋਂ ਹਰਿਆਣਾ 'ਚ ਇਨੈਲੋ ਨਾਲ ਮਿਲ ਕੇ ਵਿਧਾਨ ਸਭਾ ਚੋਣਾਂ ਲੜਨ ਦੇ ਮੁੱਦੇ 'ਤੇ ਭਾਜਪਾ ਨੇ ਸਖਤ ਗੁੱਸੇ ਦਾ ਇਜ਼ਹਾਰ ਕੀਤਾ ਹੈ। ਪੰਜਾਬ ਦੇ ਸਥਾਨਕ ਸਰਕਾਰਾਂ ਅਤੇ ਉਦਯੋਗ ਮੰਤਰੀ ਮਨੋਰੰਜਨ ਕਾਲੀਆ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਅਜਿਹੇ ਹਾਲਾਤ ਪੈਦਾ ਨਹੀਂ ਹੋਣੇ ਚਾਹੀਦੇ ਸਨ ਕਿਉਂਕਿ ਪੰਜਾਬ 'ਚ ਅਕਾਲੀ ਦਲ ਭਾਜਪਾ ਨਾਲ ਮਿਲ ਕੇ ਸਰਕਾਰ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਹੁਣ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਫੈਸਲਾ ਲੈ ਲਿਆ ਹੈ, ਇਸ ਲਈ ਪੰਜਾਬ ਭਾਜਪਾ ਹਰਿਆਣਾ 'ਚ ਅਕਾਲੀ ਦਲ-ਇਨੈਲੋ ਦੇ ਉਮੀਦਵਾਰਾਂ ਨੂੰ ਹਰਾਉਣ ਦੇ ਮਕਸਦ ਨਾਲ ਕੰਮ ਕਰੇਗੀ। ਉਨ੍ਹਾਂ ਵਿਅੰਗ ਕਰਦਿਆਂ ਕਿਹਾ 'ਪਿਆਰ ਅਤੇ ਜੰਗ 'ਚ ਸਭ ਜਾਇਜ਼ ਹੁੰਦਾ ਹੈ।' ਸ੍ਰੀ ਕਾਲੀਆ ਨੇ ਕਿਹਾ ਕਿ ਭਾਵੇਂ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਹੋਏ ਚੋਣ ਸਮਝੌਤਿਆਂ ਦਾ ਪੰਜਾਬ 'ਚ ਸਰਕਾਰ 'ਤੇ ਕੋਈ ਅਸਰ ਨਹੀਂ ਪਵੇਗਾ ਪਰ ਆਪਸੀ ਕੁੜੱਤਣ ਵਾਲੇ ਫੈਸਲਿਆਂ ਤੋਂ ਬਚਣਾ ਚਾਹੀਦਾ ਹੈ।

### ਚੋਣਾਂ ਹਰਿਆਣੇ ਦੀਆਂ

# ਬਾਹਰਲਿਆਂ ਨੂੰ ਟਿਕਟਾਂ ਤੋਂ ਕਾਂਗਰਸ 'ਚ ਬਗਾਵਤ

**ਚੰਡੀਗੜ੍ਹ :** ਹਲਕਿਆਂ ਤੋਂ ਬਾਹਰਲੇ ਉਮੀਦਵਾਰਾਂ ਨੂੰ ਟਿਕਟਾਂ ਦੇਣ ਕਾਰਨ ਕਾਂਗਰਸ ਪਾਰਟੀ ਨੂੰ ਕਈ ਵਿਧਾਨ ਸਭਾ ਹਲਕਿਆਂ ਵਿਚ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਕਾਰਨ ਕਈ ਹਲਕੇ ਖਤਮ ਹੋ ਗਏ ਸਨ ਤੇ ਇਨ੍ਹਾਂ ਦੀ ਥਾਂ ਨਵੇਂ ਬਣ ਗਏ ਸਨ ਤੇ ਇਸੇ ਤਰ੍ਹਾਂ ਕੁਝ ਰਾਖਵੇਂ ਹਲਕੇ ਵੀ ਬਦਲ ਗਏ ਸਨ। ਕਾਂਗਰਸ ਹਾਈਕਮਾਂਡ ਨੇ ਹਲਕੇ ਬਦਲਣ ਕਰਕੇ ਕੁਝ ਉਮੀਦਵਾਰਾਂ ਨੂੰ ਹੋਰ ਹਲਕਿਆਂ ਤੋਂ ਟਿਕਟਾਂ ਦੇਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਨਾਲ ਬਗਾਵਤ ਸ਼ੁਰੂ ਹੋ ਗਈ ਹੈ।

ਜਿਹੜੇ ਕਾਂਗਰਸ ਆਗੂਆਂ ਨੂੰ ਟਿਕਟ ਨਹੀਂ ਮਿਲੀ, ਉਨ੍ਹਾਂ ਵਿਚੋਂ ਕੁਝ ਬਸਪਾ ਤੇ ਹਜਕਾਂ ਦੀ ਟਿਕਟ ਲੈਣ ਲਈ ਯਤਨਸ਼ੀਲ ਹਨ। ਇਸੇ ਕਾਰਨ ਦੋਵਾਂ ਪਾਰਟੀਆਂ ਦੀਆਂ ਸੂਚੀਆਂ ਨੂੰ ਅੰਤਿਮ ਰੂਪ ਦੇਣ ਵਿਚ ਮੁਸ਼ਕਿਲ ਆ ਰਹੀ ਹੈ। ਬਸਪਾ ਨੇ ਆਪਣੀ ਸੂਚੀ ਜਾਰੀ ਕਰ ਦੇਣੀ ਸੀ ਪਰ ਕੁਝ ਕਾਂਗਰਸੀਆਂ ਨੇ ਟਿਕਟ ਲਈ ਪਾਰਟੀ ਕੋਲ ਪਹੁੰਚ ਕੀਤੀ ਹੈ ਤੇ ਇਸ ਕਰਕੇ ਪਾਰਟੀ ਦੇ ਉਮੀਦਵਾਰਾਂ ਦੇ ਐਲਾਨ ਵਿਚ ਦੇਰੀ ਹੋ ਰਹੀ ਹੈ।

ਕਾਂਗਰਸ ਨੇ ਰਾਜੌਂਦ ਹਲਕਾ ਖਤਮ ਹੋਣ ਕਰਕੇ ਉਸ ਹਲਕੇ ਤੋਂ ਵਿਧਾਇਕ ਸਤਵਿੰਦਰ ਸਿੰਘ ਰਾਣਾ ਨੂੰ ਕਾਲਕਾ ਤੋਂ ਟਿਕਟ ਦਿਤੀ ਹੈ ਪਰ ਉਸਨੂੰ ਟਿਕਟ ਮਿਲਣ ਕਰਕੇ ਟਿਕਟ ਲੈਣ ਦੇ ਚਾਹਵਾਨ ਸਥਾਨਕ ਹਲਕੇ ਦੇ ਕਾਂਗਰਸ ਆਗੂ ਵਿਜੇ ਬਾਂਸਲ ਕਾਂਗਰਸ ਨੂੰ ਅਲਵਿਦਾ ਕਹਿਕੇ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਲ ਹੋ ਗਏ ਹਨ।

ਇਸੇ ਤਰ੍ਹਾਂ ਸਾਬਕਾ ਮੰਤਰੀ ਲਛਮਣ ਸਿੰਘ ਦੇ ਲੜਕੇ ਭਗਤ ਸਿੰਘ ਨੇ ਕਾਂਗਰਸ ਦੀ ਟਿਕਟ ਨਾ ਮਿਲਣ ਕਰਕੇ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿਚ ਜੁਟਣ ਦਾ ਐਲਾਨ ਕਰ ਦਿਤਾ ਹੈ। ਇਸ ਦੇ ਨਾਲ ਲਗਦੇ ਹਲਕੇ ਤੋਂ ਕਾਂਗਰਸ ਨੇ ਅੰਬਾਲਾ ਛਾਉਣੀ ਦੇ ਵਿਧਾਇਕ ਡੀ.ਕੇ.ਬਾਂਸਲ ਨੂੰ ਪੰਚਕੂਲਾ ਤੋਂ ਚੋਣ ਮੈਦਾਨ ਵਿਚ ਉਤਾਰ ਦਿਤਾ ਹੈ ਤੇ ਇਸ ਹਲਕੇ ਤੋਂ ਟਿਕਟ ਦੇ ਇਛੁੱਕ ਸ਼ਸ਼ੀ ਸ਼ਰਮਾ ਹਰਿਆਣਾ ਜਨਹਿੱਤ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ।

ਹੱਦਬੰਦੀ ਕਾਰਨ ਅੰਬਾਲਾ ਦੇ ਨਾਲ ਲਗਦਾ ਹਲਕਾ ਨੱਗਲ ਖਤਮ ਹੋ ਗਿਆ ਸੀ ਤੇ ਇਸ ਹਲਕੇ ਦੇ ਵਿਧਾਇਕ ਨਿਰਮਲ ਸਿੰਘ ਨੂੰ ਅੰਬਾਲਾ ਛਾਉਣੀ ਤੋਂ ਟਿਕਟ ਦਿਤੀ ਗਈ ਤੇ ਡੀ.ਕੇ. ਬਾਂਸਲ ਨੂੰ ਪੰਚਕੂਲਾ ਭੇਜ ਦਿਤਾ ਗਿਆ। ਇਸ ਹਲਕੇ ਤੋਂ ਚਾਰ ਵਾਰ ਵਿਧਾਇਕ ਬਣੇ ਸਾਬਕਾ ਉਪ ਮੁੱਖ ਮੰਤਰੀ ਚੰਦਰਮੋਹਨ ਨੇ ਆਪਣੇ ਲਈ ਜਾਂ ਆਪਣੀ ਪਤਨੀ ਨੂੰ ਟਿਕਟ ਦੇਣ ਦੀ ਮੰਗ ਕੀਤੀ ਸੀ ਪਰ ਕਾਂਗਰਸ ਹਾਈਕਮਾਂਡ ਨੇ ਉਸਦੀ ਟਿਕਟ ਕੱਟ ਦਿਤੀ।

ਘਨੌਰ ਹਲਕੇ ਤੋਂ ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਵਰਕਿੰਗ ਪ੍ਰਧਾਨ ਕੁਲਦੀਪ ਸ਼ਰਮਾ ਨੂੰ ਟਿਕਟ ਦੇਣ ਕਰਕੇ ਕੁਝ ਕਾਂਗਰਸ ਆਗੂ ਵਿਰੋਧ ਵਿਚ ਆ ਗਏ ਹਨ। ਕੈਥਲ ਦੇ ਨਾਲ ਲਗਦੇ ਕਲਾਇਤ ਰਾਖਵੇਂ ਹਲਕੇ ਨੂੰ ਜਨਰਲ ਕਰਨ ਨਾਲ ਇਸ ਹਲਕੇ ਤੋਂ ਕਾਂਗਰਸ ਵਿਧਾਇਕ ਗੀਤਾ ਭੁੱਕਲ ਨੂੰ ਝੱਜਰ ਤੋਂ ਟਿਕਟ ਦਿਤੀ ਗਈ ਹੈ ਤੇ ਇਸੇ ਤਰ੍ਹਾਂ ਸਾਹਲਾਵਾਸ ਹਲਕੇ ਦੇ ਖਤਮ ਹੋਣ ਕਰਕੇ ਅਨੀਤਾ ਯਾਦਵ ਨੂੰ ਅਟੇਲੀ ਹਲਕੇ ਤੋਂ ਟਿਕਟ ਮਿਲੀ ਹੈ ਤੇ ਇਸ ਹਲਕੇ ਤੋਂ ਅਜ਼ਾਦ ਵਿਧਾਇਕ ਨਰੇਸ਼ ਯਾਦਵ ਜੋ ਕੁਝ ਸਮਾਂ ਪਹਿਲਾਂ ਕਾਂਗਰਸ ਵਿਚ ਸ਼ਾਮਲ ਹੋਏ ਸਨ, ਟਿਕਟ ਲੈਣ ਤੋਂ ਵਾਂਝੇ ਰਹਿ ਗਏ ਹਨ।


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

We Also Offer Notary Service



Editing & Translation
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed

Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪੰਜਾਬ ਦੀ ਪੇਂਡੂ ਜਲ ਸਪਲਾਈ ਸਕੀਮ ਫੇਲ੍ਹ ਹੋਣ ਵਲ

**ਰਾਏਕੋਟ :** ਵਿਸ਼ਵ ਬੈਂਕ ਦੀ ਵਿੱਤੀ ਸਹਾਇਤਾ ਨਾਲ ਭਾਰਤ ਸਰਕਾਰ ਦੀ ਹਿੱਸੇਦਾਰੀ ਅਤੇ ਲਾਭਪਾਤਰੀਆਂ ਤੋਂ 10 ਪ੍ਰਤੀਸ਼ਤ ਹਿੱਸੇ ਨਾਲ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸਕੀਮ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰਾਜੈਕਟ ਦੀ ਹੁਣੇ ਹੀ ਫੂਕ ਨਿਕਲਦੀ ਜਾਪ ਰਹੀ ਹੈ। ਇਸ ਸਕੀਮ ਅਧੀਨ ਜਿਸ ਪਿੰਡ ਅੰਦਰ ਵਿਭਾਗ ਵਲੋਂ ਕੰਮ ਸ਼ੁਰੂ ਕੀਤਾ ਜਾਵੇਗੀ, ਉਸ ਪਿੰਡ ਦੇ ਲਾਭਪਾਤਰੀਆਂ ਜਾਂ ਪਿੰਡ ਦੀ ਪੰਚਾਇਤ ਵਲੋਂ 10 ਪ੍ਰਤੀਸ਼ਤ ਮਹਿਕਮੇ ਕੋਲ ਜਮ੍ਹਾਂ ਕਰਵਾਉਣਾ ਪੈਣਾ ਹੈ। ਜੋ ਭਾਗੀਦਾਰ ਇਸ ਸਕੀਮ ਦਾ ਲਾਭ ਪ੍ਰਾਪਤ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਪਿੰਡ ਅਬਾਦੀ ਦੇ ਹਿਸਾਬ ਨਾਲ ਵਧ ਤੋਂ ਵਧ 1500 ਤੇ ਘੱਟ ਤੋਂ ਘੱਟ 800 ਰੁਪਏ ਪੰਚਾਇਤ ਨੂੰ ਦੇਣੇ ਹੋਣਗੇ, ਜਦਕਿ ਅਨੁਸੂਚਿਤ ਜਾਤੀ ਅਬਾਦੀ ਵਾਲੇ ਪਿੰਡ, ਸਰਹੱਦੀ ਏਰੀਆ, ਬੇਟ ਏਰੀਆ, ਕੰਢੀ ਬੈਲਟ ਅਤੇ ਸੇਮ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਸਥਿਤ ਪਿੰਡਾਂ ਲਈ ਵਧ ਤੋਂ ਵਧ ਭਾਗੀਦਾਰੀ 400 ਤੇ ਘੱਟ ਤੋਂ ਘੱਟ 200 ਰੁਪਏ ਪ੍ਰਤੀ ਘਰ ਤੋਂ ਲਈ ਜਾਵੇਗੀ। ਸਕੀਮ ਪੂਰੀ ਹੋਣ 'ਤੇ ਪਾਣੀ ਦਾ ਕੁਨੈਕਸ਼ਨ 500 ਰੁਪਏ ਪ੍ਰਤੀ ਹਿਸਾਬ ਨਾਲ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਛੋਟੇ ਬੋਰ, ਸੀਵਰੇਜ ਸਿਸਟਮ ਅਧੀਨ ਜਿਹੜੇ ਪਿੰਡਾਂ ਵਿਚ ਘੱਟੋ-ਘੱਟ 70 ਪ੍ਰਤੀਸ਼ਤ ਘਰਾਂ ਅੰਦਰ ਸੈਪਟਿਕ ਟੈਂਕ ਮੌਜੂਦ ਹਨ। ਉਨ੍ਹਾਂ ਨੂੰ ਹੀ ਇਸ ਸਕੀਮ ਅਧੀਨ ਪਹਿਲ ਦਿੱਤੀ ਜਾਵੇਗੀ। 1 ਤੋਂ 2 ਏਕੜ ਜ਼ਮੀਨ ਸੀਵਰੇਜ ਟਰੀਟਮੈਂਟ ਪਲਾਂਟ ਵਾਸਤੇ ਮੁਫਤ ਦੇਣ ਲਈ ਜੀ ਪੀ ਡਬਲਯੂ ਐੱਸ. ਸੀ ਰਜ਼ਾਮੰਦ ਹੋਵੇਗੀ। ਸੀਵਰੇਜ ਸਿਸਟਮ ਦੀਆਂ ਸਾਂਝੀਆਂ ਸਹੂਲਤਾਂ ਲਈ ਵਿੱਤੀ ਸਹਿਯੋਗ ਦਿਤਾ ਜਾਵੇਗਾ। ਇੰਟਰਸੈਪਟਿਕ ਟੈਂਕ, ਸੈਪਟਿਕ ਟੈਂਕ, ਲੈਟਰੀਨ ਦੀ ਉਸਾਰੀ ਅਤੇ ਸੀਵਰੇਜ ਕੁਨੈਕਸ਼ਨ ਪਾਈਪ ਆਦਿ ਦਾ ਖਰਚਾ ਖਪਤਕਾਰ ਦਾ ਹੋਣ ਕਾਰਨ, ਪਿੰਡ ਦੀਆਂ ਪੰਚਾਇਤਾਂ ਕਸੂਤੀ ਸਥਿਤੀ 'ਚ ਹਨ। ਪਹਿਲਾਂ ਇਹ ਸਕੀਮ ਦਾ 10 ਪ੍ਰਤੀਸ਼ਤ ਪੰਚਾਇਤ ਨੇ ਭਰ ਕੇ ਫਿਰ ਖਪਤਕਾਰਾਂ ਤੋਂ ਇਕੱਠੇ ਕਰਨੇ ਹੁੰਦੇ ਹਨ। ਇਸ ਲਈ ਕੋਈ ਵੀ ਪੰਚਾਇਤਾਂ ਰਿਸਕ ਲੈਣ ਤੋਂ ਡਰ ਰਹੀ ਹੈ।



ਇਸ ਸਕੀਮ 'ਚ ਵਿਸ਼ਵ ਬੈਂਕ ਨੇ 750.90 ਕਰੋੜ ਰੁਪਏ, ਪੰਜਾਬ ਸਰਕਾਰ ਵਲੋਂ 245.40 ਕਰੋੜ, ਭਾਰਤ ਸਰਕਾਰ ਦਾ ਹਿੱਸਾ 207.20 ਕਰੋੜ ਰੁਪਏ ਲਾਭਪਾਤਰੀਆਂ 76.80 ਕਰੋੜ ਹੈ। ਇਸ ਦੀ ਕੁਲ ਰਕਮ 1280.30 ਕਰੋੜ ਹੈ। ਬੇਸ਼ੱਕ ਪੰਜਾਬ ਸਰਕਾਰ ਨੇ ਇਹ ਸਕੀਮ ਪੰਜ ਸਾਲ 'ਚ ਪੂਰੀ ਕਰਨੀ ਹੈ, ਪਰ ਸਰਕਾਰ ਦੇ ਤਿੰਨ ਸਾਲ ਦੇ ਕਰੀਬ ਦਾ ਸਮਾਂ ਬੀਤ ਜਾਣ ਬਾਅਦ ਵੀ ਇਸ ਸਕੀਮ ਅਧੀਨ ਅਜੇ ਨਾਮਾਤਰ ਪਿੰਡ ਹੀ ਆਏ ਹਨ, ਕਿਉਂਕਿ ਜਿਹੜੇ ਪਿੰਡਾਂ 'ਚ ਪਹਿਲਾਂ ਹੀ ਸਰਕਾਰ ਵਲੋਂ ਵਾਟਰ ਵਰਕਸ ਲਾ ਕੇ ਟੈਂਕਰ ਬਣਾਏ ਹੋਏ ਹਨ, ਉਨ੍ਹਾਂ ਦਾ ਪਾਣੀ ਵੀ ਲੋਕਾਂ ਦੇ ਘਰਾਂ ਤੱਕ ਸਹੀ ਢੰਗ ਨਾਲ ਨਹੀਂ ਪਹੁੰਚਦਾ। ਪਾਣੀ ਰਾਹ 'ਚ ਲੀਕ ਹੋ ਜਾਂਦਾ ਹੈ ਜਾਂ ਲੋਹੇ ਦੇ ਪਾਈਪਾਂ ਨੂੰ ਜੰਗ ਆਦਿ ਲੱਗ ਕੇ ਜਦੋਂ ਉਨ੍ਹਾਂ 'ਚ ਸੁਰਾਖ ਹੋ ਜਾਂਦੇ ਹਨ, ਤਾਂ ਉਨ੍ਹਾਂ ਵਿਚੋਂ ਦੂਸ਼ਿਤ ਪਾਣੀ ਮਿਲ ਕੇ ਲੋਕਾਂ ਤੱਕ ਪੁੱਜਦਾ ਹੈ।

# ਵਿਧਾਇਕਾਂ ਦੇ ਤਨਖਾਹਾਂ-ਭੱਤਿਆਂ 'ਚ ਵਾਧੇ ਦੀ ਤਜਵੀਜ਼ ਨੂੰ ਹਰੀ ਝੰਡੀ

**ਚੰਡੀਗੜ੍ਹ :** ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਵਲੋਂ ਵਿਧਾਨਕਾਰਾਂ ਦੇ ਟਰੇਨਿੰਗ ਕੈਂਪ ਦੌਰਾਨ ਇਸ ਗੱਲ ਲਈ ਮੁਆਫੀ ਮੰਗੀ ਕਿ ਉਨ੍ਹਾਂ ਦੇ ਤਨਖਾਹਾਂ-ਭੱਤਿਆਂ ਵਿਚ ਵਾਧੇ ਸੰਬੰਧੀ ਵਿਧਾਨ ਸਭਾ ਵਲੋਂ ਲਏ ਗਏ ਫੈਸਲੇ ਨੂੰ ਖਜ਼ਾਨਾ ਵਿਭਾਗ ਦੀ ਪ੍ਰਵਾਨਗੀ ਨਾ ਮਿਲਣ ਕਾਰਨ ਇਹ ਵਾਧੇ ਲਾਗੂ ਨਹੀਂ ਹੋ ਸਕੇ, ਨੂੰ ਸ਼ਾਇਦ ਆਪਣੀ ਸਰਕਾਰ ਦੇ ਖਜ਼ਾਨਾ ਵਿਭਾਗ ਵੱਲੋਂ 14 ਸਤੰਬਰ ਨੂੰ ਲਏ ਗਏ ਫੈਸਲੇ ਦੀ ਖਬਰ ਨਹੀਂ ਸੀ। ਯਾਦ ਰਹੇ ਉਕਤ ਤਜਵੀਜ਼ਾਂ ਸਬੰਧੀ ਖਜਾਨਾ ਵਿਭਾਗ ਨੇ ਆਪਣੀ ਪ੍ਰਵਾਨਗੀ ਪਹਿਲਾਂ ਹੀ ਦੇ ਦਿੱਤੀ ਹੈ। ਪਾਰਲੀਮਾਨੀ ਮਾਮਲਿਆਂ ਦੇ ਵਿਭਾਗ ਵਲੋਂ 27 ਅਗਸਤ ਨੂੰ ਖਜ਼ਾਨਾ ਵਿਭਾਗ ਵਲੋਂ ਮੰਗੇ ਗਏ ਕੁੱਝ ਸਪੱਸ਼ਟੀਕਰਨਾਂ ਤੋਂ ਬਾਅਦ ਇਸ ਫਾਈਲ ਨੂੰ 14 ਸਤੰਬਰ ਨੂੰ ਪ੍ਰਵਾਨਗੀ ਦੇ ਕੇ ਨਵੇਂ ਤਨਖਾਹ ਭੱਤੇ ਲਾਗੂ ਕਰਨ ਸਬੰਧੀ ਰਾਹ ਪੱਧਰਾ ਕਰ ਦਿੱਤਾ ਗਿਆ ਸੀ। ਜਦੋਂਕਿ ਮੰਤਰੀ ਮੰਡਲ ਦੀ ਪ੍ਰਵਾਨਗੀ ਇਨ੍ਹਾਂ ਤਜਵੀਜ਼ਾਂ ਸਬੰਧੀ ਲਈ ਜਾਣੀ ਅਜੇ ਬਾਕੀ ਹੈ। ਲੇਕਿਨ ਸੂਚਨਾ ਅਨੁਸਾਰ ਖਜ਼ਾਨਾ ਵਿਭਾਗ ਵਲੋਂ ਵਿਧਾਨਕਾਰਾਂ ਨੂੰ ਮਕਾਨ ਬਣਾਉਣ ਲਈ 40 ਲੱਖ ਰੁਪਏ ਦਾ ਕਰਜ਼ਾ ਦਿੱਤੇ ਜਾਣ ਦੇ ਮੰਤਵ ਦੀ ਤਜਵੀਜ਼ ਨੂੰ ਵਿਭਾਗੀ ਪ੍ਰਵਾਨਗੀ ਨਹੀਂ ਮਿਲ ਸਕੀ। ਕਿਉਂਕਿ ਖਜ਼ਾਨਾ ਵਿਭਾਗ ਦਾ ਕਹਿਣਾ ਸੀ ਕਿ ਰਾਜ ਸਰਕਾਰ ਵਲੋਂ ਆਪਣੇ ਮੁਲਾਜ਼ਮਾਂ ਸਮੇਤ ਵੱਖ-ਵੱਖ ਸਭ ਵਰਗਾਂ ਲਈ ਮਕਾਨ ਬਣਾਉਣ ਸਬੰਧੀ ਕਰਜ਼ੇ ਦੇਣੇ ਬੰਦ ਕਰ ਦਿੱਤੇ ਗਏ ਹਨ।

ਇਸੇ ਤਰ੍ਹਾਂ ਵਿਧਾਨਕਾਰਾਂ ਵਲੋਂ ਬਿਨਾਂ ਬਿੱਲ ਅਤੇ ਰਸੀਦ ਉਨ੍ਹਾਂ ਨੂੰ ਮਹੀਨੇ ਦਾ 10 ਹਜ਼ਾਰ ਰੁਪਏ ਟੈਲੀਫੋਨ ਦੇ ਬਿੱਲ ਲਈ ਦਿੱਤੇ ਜਾਣ ਅਤੇ ਪੈਟਰੋਲ ਭੱਤਾ ਵੀ ਬਿਨਾਂ ਕੋਈ ਰਸੀਦ ਜਾਂ ਬਿੱਲ ਦਿੱਤੇ ਜਾਣ ਦੇ ਮੰਤਵ ਦੀ ਮੰਗ ਨੂੰ ਵੀ ਖਜ਼ਾਨਾ ਵਿਭਾਗ ਵਲੋਂ ਇਸ ਲਈ ਪ੍ਰਵਾਨ ਨਹੀਂ ਕੀਤਾ ਗਿਆ ਕਿਉਂਕਿ ਬਿਨਾਂ ਬਿੱਲ ਅਤੇ ਰਸੀਦ ਦਿੱਤੇ ਗਏ ਭੱਤਿਆਂ ਨੂੰ ਆਮਦਨ ਕਰ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਵਿਧਾਨਕਾਰਾਂ ਦਾ ਆਮਦਨ ਕਰ ਵੀ ਸਰਕਾਰ ਵਲੋਂ ਦੇਣ ਦੇ ਫੈਸਲੇ ਕਾਰਨ ਸਰਕਾਰ 'ਤੇ ਇਹ ਇਕ ਹੋਰ ਵਾਧੂ ਬੋਝ ਪੈਣਾ ਸੀ। ਲੇਕਿਨ ਖਜ਼ਾਨਾ ਵਿਭਾਗ ਵਲੋਂ ਵਿਧਾਨਕਾਰਾਂ ਦੀ ਤਨਖਾਹ 4 ਹਜ਼ਾਰ ਤੋਂ ਵਧਾਕੇ 10 ਹਜ਼ਾਰ ਰੁਪਏ ਮਹੀਨੇ ਕੀਤੇ ਜਾਣ, ਹਲਕਾ ਭੱਤਾ 8 ਹਜ਼ਾਰ ਤੋਂ ਵਧਾਕੇ 15 ਹਜ਼ਾਰ ਰੁਪਏ ਕੀਤੇ ਜਾਣ ਅਤੇ ਉਨ੍ਹਾਂ ਨੂੰ ਪ੍ਰਤੀ ਮਹੀਨਾ ਦਫ਼ਤਰੀ ਖਰਚਿਆਂ ਲਈ 5 ਹਜ਼ਾਰ ਰੁਪਏ ਦਾ ਨਵਾਂ ਭੱਤਾ ਸ਼ੁਰੂ ਕੀਤੇ ਜਾਣ ਅਤੇ ਉਨ੍ਹਾਂ ਦਾ ਰੋਜ਼ਾਨਾ ਭੱਤਾ 500 ਤੋਂ ਵਧਾਕੇ ਇਕ ਹਜ਼ਾਰ ਰੁਪਏ ਕਰਨ ਅਤੇ ਨਿੱਜੀ ਸਵਾਰੀ ਦੀ ਵਰਤੋਂ ਲਈ ਸਰਕਾਰ ਵਲੋਂ ਮਿਲਦਾ ਖਰਚਾ 6 ਰੁਪਏ ਪ੍ਰਤੀ ਕਿਲੋਮੀਟਰ ਤੋਂ ਵਧਾਕੇ 12 ਰੁਪਏ ਪ੍ਰਤੀ ਕਿਲੋਮੀਟਰ ਕਰਨ ਤੋਂ ਇਲਾਵਾ ਸੈਂਪਚੂਅਸ ਅਲਾਊਂਸ ਨੂੰ ਵੀ ਵਧਾਕੇ 2 ਹਜ਼ਾਰ ਤੋਂ ਵਧਾਕੇ 5 ਹਜ਼ਾਰ ਰੁਪਏ ਕੀਤੇ ਜਾਣ ਦੇ ਮੰਤਵ ਦੀ ਤਜਵੀਜ਼ ਨੂੰ ਵੀ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਵਿਧਾਨਕਾਰਾਂ ਲਈ ਇਕ ਲੱਖ, 25 ਹਜ਼ਾਰ ਰੁਪਏ ਦੇ ਮੁਫਤ ਹਵਾਈ ਸਫਰ ਦੀ ਹੱਦ ਨੂੰ ਵਧਾਕੇ ਦੋ ਲੱਖ ਪ੍ਰਤੀ ਸਾਲ ਕਰਨ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਕੇਵਲ ਵਿਧਾਨਕਾਰਾਂ ਦੀ ਤਨਖਾਹ ਵਿਚ ਕੀਤੇ ਵਾਧੇ ਕਾਰਨ ਸਰਕਾਰ 'ਤੇ ਸਾਲਾਨਾ 5.61 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ ਜਦੋਂਕਿ ਵਿਧਾਨਕਾਰਾਂ ਨੂੰ ਦਿੱਤੀਆਂ ਗਈਆਂ ਇਨ੍ਹਾਂ ਸਾਰੀਆਂ ਸਹੂਲਤਾਂ ਨਾਲ ਸਰਕਾਰ 'ਤੇ ਕੋਈ 7 ਤੋਂ 8 ਕਰੋੜ ਰੁਪਏ ਦਾ ਵਾਧੂ ਮਾਲੀ ਬੋਝ ਆਵੇਗਾ ਅਤੇ ਵਿਧਾਨਕਾਰਾਂ ਨੂੰ ਕੋਈ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਾ ਫਾਇਦਾ ਮਿਲ ਸਕੇਗਾ।ਯਾਦ ਰਹੇ ਵਿਧਾਨ ਸਭਾ ਵਲੋਂ 11 ਜੁਲਾਈ 2009 ਨੂੰ ਬਜਟ ਸਮਾਗਮ ਦੌਰਾਨ ਜਨਰਲ ਪਰਪਜ਼ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦਿੰਦਿਆਂ ਵਿਧਾਨਕਾਰਾਂ ਲਈ ਕੀਤੇ ਗਏ ਇਸ ਵਾਧੇ ਨੂੰ ਇਕ ਅਪ੍ਰੈਲ, 2009 ਨੂੰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ ਸੀ ਅਤੇ ਜੇ ਰਾਜ ਸਰਕਾਰ ਇਸੇ ਤਰੀਕ ਤੋਂ ਵਿਧਾਨਕਾਰਾਂ ਨੂੰ ਇਹ ਵਾਧਾ ਦੇਣ ਦਾ ਫੈਸਲਾ ਲੈਂਦੀ ਹੈ ਤਾਂ ਮਗਰਲੇ ਛੇ ਮਹੀਨਿਆਂ ਦੇ ਬਕਾਏ ਵੀ ਵਿਧਾਨਕਾਰਾਂ ਨੂੰ ਦੇਣੇ ਪੈਣਗੇ। ਵਿਧਾਨਕਾਰਾਂ ਲਈ ਮੌਜੂਦਾ ਪੈਨਸ਼ਨ ਪ੍ਰਤੀ ਮਹੀਨਾ 5 ਹਜ਼ਾਰ ਤੋਂ ਵਧਾਕੇ 7500 ਰੁਪਏ ਕਰਨ ਅਤੇ ਹਰ ਵਾਧੂ ਟਰਮ ਲਈ ਪੈਨਸ਼ਨ 2500 ਤੋਂ ਵਧਾਕੇ 5 ਹਜ਼ਾਰ ਕਰ ਦਿੱਤੀ ਗਈ ਸੀ।

# ਸਿਰਫ ਮੁਆਵਜ਼ਾ ਦੇਣ ਦੇ ਫੈਸਲੇ ਤੋਂ ਪੀੜਤ ਨਹੀਂ ਸੰਤੁਸ਼ਟ

## 'ਕਤਲ' ਹੋਏ ਜਗਸੀਰ ਦੇ ਮੁੜ ਜਿਉਂਦੇ ਹੋਣ ਵਾਲਾ ਮਾਮਲਾ

**ਬਰਨਾਲਾ:** ਪਿੰਡ ਟੱਲੇਵਾਲ ਦੇ ਝੂਠੇ ਕਤਲ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਚੁੱਕੇ ਪੰਜ ਵਿਅਕਤੀਆਂ ਨੂੰ ਕਤਲ ਹੋਏ ਵਿਅਕਤੀ ਦੇ ਜਿਊਂਦਾ ਮਿਲ ਜਾਣ ਕਾਰਨ ਭਾਵੇਂ ਹਾਈ ਕੋਰਟ ਵਲੋਂ ਪੀੜਤ ਵਿਅਕਤੀਆਂ ਨੂੰ 20-20 ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਸੁਣਾਇਆ ਗਿਆ ਹੈ, ਪ੍ਰੰਤੂ ਇਸ ਫੈਸਲੇ ਨਾਲ ਪੀੜਤ ਵਿਅਕਤੀਆਂ ਨੂੰ ਪੂਰਨ ਤਸੱਲੀ ਨਹੀਂ ਹੋਈ। ਪੀੜਤ ਵਿਅਕਤੀਆਂ ਨੇ ਕਿਹਾ ਕਿ ਅਦਾਲਤ ਦੇ ਫ਼ੈਸਲੇ ਨਾਲ ਸਾਡੇ ਮੱਥੇ 'ਤੇ ਲੱਗਿਆ ਦਾਗ ਤਾਂ ਭਾਵੇਂ ਮਿਟ ਗਿਆ ਹੈ, ਪ੍ਰੰਤੂ ਤਸੱਲੀ ਉਦੋਂ ਹੋਵੇਗੀ, ਜਦੋਂ ਅਦਾਲਤ ਵਲੋਂ ਉਕਤ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਆਰਥਕ ਪੱਖੋਂ ਕਮਜ਼ੋਰ ਹੋ ਚੁੱਕੇ ਪੀੜਤਾਂ ਲਈ ਇਹ ਮੁਆਵਜ਼ੇ ਦੀ ਰਕਮ ਬਹੁਤ ਥੋੜ੍ਹੀ ਹੈ। ਨਛੱਤਰ ਸਿੰਘ ਉਰਫ਼ ਖੰਡਾ ਪੁੱਤਰ ਬੰਤ ਸਿੰਘ, ਜੋ ਉਸ ਵੇਲੇ ਸਰਪੰਚ ਸੀ, ਨੇ ਦੱਸਿਆ ਕਿ ਉਸਨੇ ਸੁਖਦੇਵ ਸਿੰਘ ਨਾਂਅ ਦੇ ਵਿਅਕਤੀ ਦੀ ਜ਼ਮੀਨ ਠੇਕੇ 'ਤੇ ਲਈ ਹੋਈ ਸੀ। ਉਸ ਵੇਲੇ ਜ਼ਮੀਨ ਮਾਲਕ ਦਾ ਪੁੱਤਰ ਜਗਸੀਰ ਸਿੰਘ ਘਰੋਂ ਅਚਾਨਕ ਗਾਇਬ ਹੋ ਗਿਆ। ਉਸਦਾ ਝੂਠਾ ਕਤਲ ਕੇਸ ਉਸ ਉੱਪਰ ਅਤੇ ਉਸ ਦੇ ਨਾਲ ਲਗਦੀ ਜ਼ਮੀਨ ਜਿਨ੍ਹਾਂ ਨੇ ਠੇਕੇ ਉੱਪਰ ਲਈ ਹੋਈ ਸੀ, 'ਤੇ ਦਰਜ ਕਰਵਾ ਦਿੱਤਾ ਗਿਆ। ਨਛੱਤਰ ਸਿੰਘ ਨੇ ਦੱਸਿਆ ਕਿ ਅਸੀਂ ਕੋਈ ਕਤਲ ਨਹੀਂ ਕੀਤਾ ਸੀ ਤਾਂ ਫਿਰ ਕਿਵੇਂ ਮੰਨਦੇ, ਪ੍ਰੰਤੂ ਪੁਲਸ ਵਲੋਂ ਅੰਨਾ ਤਸ਼ੱਦਦ ਕੀਤਾ ਗਿਆ ਤੇ ਸ਼ਰੇਆਮ ਉਨ੍ਹਾਂ ਨੂੰ ਪਿੰਡ ਸਾਹਮਣੇ ਕੁੱਟਿਆ ਗਿਆ। ਉਨ੍ਹਾਂ ਦੱਸਿਆ ਕਿ ਸਾਨੂੰ ਯਕੀਨ ਸੀ ਕਿ ਜਿਸ ਵਿਅਕਤੀ ਦਾ ਕਤਲ ਸਾਡੇ ਸਿਰ ਮੜ੍ਹਿਆ ਜਾ ਰਿਹਾ ਹੈ, ਉਹ ਜਿਊਂਦਾ ਹੈ? ਅਤੇ ਇਕ ਵਾਰ ਅਸੀਂ ਉਸਨੂੰ ਬਠਿੰਡੇ ਟਰੱਕ ਦਾ ਟਾਇਰ ਬਦਲਦੇ ਹੋਏ ਵੇਖ ਵੀ ਲਿਆ ਸੀ, ਪ੍ਰੰਤੂ ਫੜੇ ਜਾਣ ਤੋਂ ਪਹਿਲਾਂ ਹੀ ਉਥੋਂ ਭੱਜ ਗਿਆ ਸੀ। ਨਛੱਤਰ ਸਿੰਘ ਨੇ ਦੱਸਿਆ ਕਿ ਅਸੀਂ ਜਦ ਵੀ ਜੇਲ੍ਹ ਵਿਚੋਂ ਛੁੱਟੀ ਆਉਂਦੇ ਤਾਂ ਉਸਦੀ ਭਾਲ ਕਰਦੇ।

ਉਸਨੇ ਦੱਸਿਆ ਕਿ ਮੈਂ ਉਸ ਸਮੇਂ ਪਿੰਡ ਦਾ ਸਰਪੰਚ ਹੋਣ ਕਰਕੇ ਮੈਨੂੰ ਸਿਆਸੀ ਸਾਜ਼ਿਸ਼ ਤਹਿਤ ਫਸਾਇਆ ਗਿਆ ਸੀ। ਨਛੱਤਰ ਸਿੰਘ ਖੰਡਾ ਦੀ ਵਿਧਵਾ ਨੂੰਹ ਕੁਲਜੀਤ ਕੌਰ ਨੇ ਦੱਸਿਆ ਕਿ ਉਸਦੇ ਵਿਆਹ ਨੂੰ ਸਿਰਫ਼ ਡੇਢ ਸਾਲ ਹੋਇਆ ਸੀ ਤੇ ਉਸ ਦੀ ਗੋਦ ਵਿਚ ਪੰਜ ਮਹੀਨੇ ਦਾ ਪੁੱਤਰ ਸੁਖਜੀਤ ਸਿੰਘ ਸੀ। ਜਦ ਉਸ ਦੇ ਸਹੁਰੇ ਸਹੁਰੇ ਨਛੱਤਰ ਸਿੰਘ ਤੇ ਪਤੀ ਜਗਸੀਰ ਸਿੰਘ ਨੂੰ ਝੂਠੇ ਕਤਲ ਕੇਸ ਵਿਚ ਫਸਾ ਦਿੱਤਾ। ਕੁਲਜੀਤ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਕੇਸ ਵਿਚ ਫਸਣ ਕਾਰਨ ਸਾਡੀ ਦੋ ਏਕੜ ਜ਼ਮੀਨ, 15 ਤੋਲੇ ਸੋਨੇ ਤੋਂ ਇਲਾਵਾ ਘਰ ਵੀ ਵਿਕ ਗਿਆ ਤੇ ਘਰ ਦੀਆਂ ਕੀਮਤੀ ਚੀਜ਼ਾਂ ਪੁਲਸ ਚੁੱਕ ਕੇ ਲੈ ਗਈ ਸੀ। ਉਸ ਨੇ ਦੱਸਿਆ ਕਿ ਓਹਨੇ ਘਰ ਦਾ ਗੁਜ਼ਾਰਾ ਕਰਨ ਲਈ ਲੋਕਾਂ ਦੇ ਘਰ ਝਾੜੂ-ਪੋਚਾ ਲਗਾ ਕੇ ਟਾਇਮ ਪਾਸ ਕੀਤਾ । ਮੇਰੀ ਨਣਾਨ ਦਾ ਵਿਆਹ ਕਰਨ ਦੀ ਬਜਾਏ ਚੁੰਨੀ ਚੜ੍ਹਾ ਕੇ ਤੋਰਿਆ। ਇਸ ਸਮੇਂ ਸਮਾਜ ਤੋਂ ਤਾਹਨੇ ਵੀ ਸੁਣਨੇ ਪਏ। ਕੁਲਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਨੂੰ ਕੈਦ 'ਚੋਂ ਜ਼ਮਾਨਤ 'ਤੇ ਆਏ ਨੂੰ ਸੁਖਦੇਵ ਸਿੰਘ ਦਾ ਪਰਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਸੀ, ਜਿਸ ਕਾਰਨ ਉਸ ਦੇ ਪਤੀ ਨੇ ਸਮਾਜ ਤੋਂ ਤੰਗ ਆ ਕੇ ਅਕਤੂਬਰ 2003 'ਚ ਖੁਦਕੁਸ਼ੀ ਕਰ ਲਈ ਸੀ। ਕੁਲਜੀਤ ਕੌਰ ਨੇ ਕਿਹਾ ਕਿ ਹਰਜਾਨੇ ਨਾਲ ਸਿਰਫ ਕਾਨੂੰਨ 'ਤੇ ਆਸ ਬੱਝੀ ਹੈ ਤਸੱਲੀ ਤਾਂ ਝੂਠੇ ਲੋਕਾਂ ਨੂੰ ਸਜ਼ਾ ਮਿਲਣ ਤੇ ਹੀ ਹੋਵੇਗੀ। ਇਸ ਕੇਸ 'ਚ ਸ਼ਾਮਲ ਨਿੱਕਾ ਸਿੰਘ ਪੁੱਤਰ ਬਾਬੂ ਸਿੰਘ ਨੂੰ ਸਜ਼ਾ ਮਿਲਣ ਤੋਂ ਬਾਅਦ ਉਸ ਦੀ ਘਰਵਾਲੀ ਇਕ ਲੜਕੀ ਨੂੰ ਛੱਡ ਕੇ ਚਲੀ ਗਈ। ਉਸਨੇ ਦੁਬਾਰਾ ਵਿਆਹ ਵੀ ਕਰਵਾਇਆ ਪਰ ਪੁਲਸ ਦੀ ਕੁੱਟਮਾਰ 'ਤੇ ਜੇਲ੍ਹ ਜਾਣ ਪਿੱਛੋਂ ਹੌਲੀ-ਹੌਲੀ ਮਾਨਸਿਕ ਰੋਗੀ ਹੁੰਦਾ ਹੁੰਦਾ ਹੁਣ ਪੂਰੀ ਤਰ੍ਹਾਂ ਮੰਜੇ ਤੇ ਪੈ ਗਿਆ ਹੈ। ਨਿੱਕਾ ਸਿੰਘ ਦਾ ਕੇਸ ਝਗੜਦਿਆਂ ਸਭ ਕੁੱਝ ਵਿਕ ਗਿਆ ਹੈ। ਨਿੱਕਾ ਸਿੰਘ ਦੇ ਭਰਾ ਪੰਚ ਗੁਰਬਚਨ ਸਿੰਘ ਨੇ ਦੱਸਿਆ ਕਿ ਜਗਸੀਰ ਸਿੰਘ, ਜਿਸ ਦਾ ਮੇਰੇ ਭਰਾ 'ਤੇ ਝੂਠਾ ਕਤਲ ਕੇਸ ਪਾਇਆ ਗਿਆ ਸੀ ਨੂੰ ਇਕ ਦਿਨ ਮੈਂ ਜਿਉਂਦਾ ਵੇਖ ਲਿਆ ਸੀ ਤੇ ਪੁਲਸ ਇਨਕੁਆਰੀ 'ਚ ਜਗਸੀਰ ਸਿੰਘ ਦੇ ਜਿਉਂਦੇ ਹੋਣ ਦੀ ਗੱਲ ਆਖੀ ਤਾਂ ਮੈਨੂੰ ਵੀ ਪੁਲਸ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ। ਅਮਰਜੀਤ ਸਿੰਘ ਪੁੱਤਰ ਦੌਲਾ ਸਿੰਘ ਅਤੇ ਸੁਰਜੀਤ ਸਿੰਘ ਪੁੱਤਰ ਜੰਗ ਸਿੰਘ ਦੇ ਪਰਵਾਰ ਵੀ ਝੂਠ ਤੇ ਸੱਚ ਦੀ ਲੜਾਈ ਲੜਦੇ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਟੁੱਟ ਚੁੱਕੇ ਸਨ।

ਇਸ ਸਮੇਂ ਹਾਜ਼ਰ ਮੁਕੰਦ ਸਿੰਘ, ਗਿਆਨ, ਕੌਰ, ਗੁਰਬਚਨ ਸਿੰਘ, ਜਗੀਰ ਕੌਰ ਆਦਿ ਪੰਚਾਂ ਤੋਂ ਇਲਾਵਾ ਮਾਸਟਰ ਮੇਲਾ ਸਿੰਘ, ਕਮਲ ਸਿੰਘ ਨੇ ਕਿਹਾ ਕਿ ਪਿੰਡ ਵਾਲੇ ਪਹਿਲਾਂ ਭਾਵੇਂ ਇਨ੍ਹਾਂ ਨੂੰ ਕਾਤਲ ਹੋਣ ਦੇ ਸ਼ੱਕ ਤੇ ਨਫਰਤ ਕਰਦੇ ਸਨ, ਪ੍ਰੰਤੂ ਸਚਾਈ ਸਾਹਮਣੇ ਆ ਜਾਣ ਤੇ ਉਨ੍ਹਾਂ ਦੀ ਪਿੰਡ ਤੇ ਸਮਾਜ 'ਚ ਮੁੜ ਪਹਿਲਾਂ ਵਾਲੀ ਇੱਜ਼ਤ ਬਹਾਲ ਹੋਈ ਹੈ। ਉਨ੍ਹਾਂ ਕਿਹਾ ਕਿ ਜਗਸੀਰ ਸਿੰਘ ਦੇ ਕਤਲ ਦੀ ਝੂਠੀ ਕਹਾਣੀ ਘੜ ਕੇ ਬੇਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਾਲੇ ਝੂਠੇ ਲੋਕਾਂ ਨੂੰ ਸ਼ਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਪੀੜਤ ਪਰਵਾਰਾਂ ਨੂੰ ਮੁਆਵਜ਼ੇ ਦੀ ਹੋਰ ਰਕਮ ਮਿਲਣੀ ਚਾਹੀਦੀ ਹੈ।

# 'ਕਾਤਲਾਂ' ਨੂੰ ਇਕ ਕਰੋੜ ਦਾ ਮੁਆਵਜ਼ਾ

**ਚੰਡੀਗੜ੍ਹ:** ਪੰਜਾਬ-ਹਰਿਆਣਾ ਹਾਈ ਕੋਰਟ ਨੇ ਜਗਸੀਰ ਸਿੰਘ ਨਾਮੀ ਸ਼ਖਸ ਦੇ ਕਤਲ, ਜੋ ਅਸਲ ਵਿਚ ਜ਼ਿੰਦਾ ਸੀ ਤੇ ਬਾਅਦ ਵਿਚ ਸਾਹਮਣੇ ਆ ਗਿਆ ਸੀ, ਦੇ ਮਾਮਲੇ ਵਿਚ ਫਸਾਏ ਗਏ ਪੰਜ ਨਿਰਦੋਸ਼ ਵਿਅਕਤੀਆਂ ਨੂੰ ਇਕ ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ।

ਜਸਟਿਸ ਮਹਿਤਾਬ ਸਿੰਘ ਗਿੱਲ ਅਤੇ ਜਸਟਿਸ ਜਤਿੰਦਰ ਚੌਹਾਨ ਦੇ ਬੈਂਚ ਨੇ ਦੋ ਪੁਲੀਸ ਅਫਸਰਾਂ ਅਤੇ ਜਗਸੀਰ ਸਿੰਘ ਸਣੇ 12 ਹੋਰਨਾਂ ਖਿਲਾਫ ਝੂਠ ਬੋਲਣ ਬਦਲੇ ਕਾਰਵਾਈ ਸ਼ੁਰੂ ਕਰਨ ਦੀ ਵੀ ਹਦਾਇਤ ਦਿੱਤੀ ਹੈ। ਉਸ ਵੇਲੇ ਦੇ ਐਸ.ਪੀ. ਅਤੇ ਡੀ.ਐਸ.ਪੀ. ਖਿਲਾਫ ਵੀ ਟਿੱਪਣੀਆਂ ਕੀਤੀਆਂ ਹਈਆਂ ਹਨ। ਬੈਂਚ ਨੇ ਕਿਹਾ ਕਿ ਕਤਲ ਦੇ ਗਲਤ ਕੇਸ ਵਿਚ ਫਸਾਏ ਗਏ ਨਛੱਤਰ ਸਿੰਘ, ਸੀਰਾ, ਅਮਰਜੀਤ ਸਿੰਘ, ਨਿੱਕਾ ਸਿੰਘ ਅਤੇ ਸੁਰਜੀਤ ਸਿੰਘ ਨੂੰ ਦੇਣੇ ਬਣਦੇ ਸਾਰੇ ਮੁਆਵਜ਼ੇ ਦਾ ਰਾਜ ਸਰਕਾਰ 'ਤੇ ਆਇਦ ਹੁੰਦਾ ਹੈ। ਅਪੀਲ ਤੋਂ ਲੈ ਕੇ ਇਸ ਮੁਕੱਦਮੇ ਨੂੰ ਬੰਨੇ ਲੱਗਣ ਵਿਚ 13 ਸਾਲ ਲਗ ਗਏ ਹਨ। ਨਛੱਤਰ ਸਿੰਘ ਦੇ ਪੁੱਤਰ ਸੀਰਾ ਨੇ ਉਦੋਂ ਖੁਦਕੁਸ਼ੀ ਕਰ ਲਈ ਸੀ, ਜਦੋਂ ਉਹ ਜ਼ਮਾਨਤ 'ਤੇ ਛੁੱਟ ਕੇ ਆਇਆ ਸੀ। ਅਪੀਲ ਕਰਤਾ ਪੰਜ ਸਾਲ ਜੇਲ੍ਹ 'ਚ ਰਹੇ ਅਤੇ ਉਨ੍ਹਾਂ ਨੂੰ 13 ਸਾਲ ਅਕਹਿ ਦੁੱਖ ਤੇ ਤਸ਼ੱਦਦ ਝੱਲਣਾ ਪਿਆ।




## ਪਿੰਡ ਬਿਜਲੀਪੁਰ ’ਚ 1000 ਮੁੰਡਿਆਂ ਪਿੱਛੇ 1880 ਕੁੜੀਆਂ !

**ਸਮਰਾਲਾ:**ਇਸ ਸਬ ਡਵੀਜਨ ਦੇ ਪਿੰਡ ਬਿਜਲੀਪੁਰ ਦੇ ਵਾਸੀਆਂ ਵਲੋਂ ਭਰੂਣ ਹੱਤਿਆ ਦੇ ਖਿਲਾਫ ਛੇੜੀ ਗਈ ਮੁਹਿੰਮ ਨੇ ਪੂਰੇ ਦੇਸ਼ ਭਰ ‘ਚ ਇਕ ਅਜਿਹੀ ਮਿਸਾਲ ਕਾਇਮ ਕਰ ਦਿੱਤੀ ਹੈ ਕਿ ਅੱਜ ਇਹ 200 ਦੇ ਕਰੀਬ ਘਰਾਂ ਵਾਲਾ ਪਿੰਡ ਪੂਰੀ ਦੁਨੀਆਂ ‘ਚ ਚਰਚਿਤ ਹੋ ਚੁਕਿਆ ਹੈ । ਦੇਸ਼-ਵਿਦੇਸ਼ ਦਾ ਮੀਡੀਆ ਇਸ ਪਿੰਡ ਦੇ ਵਾਸੀਆਂ ਦੀ ਭਰੂਣ ਹੱਤਿਆ ਖਿਲਾਫ ਲੜੀ ਜਾ ਰਹੀ ਜੰਗ ਨੂੰ ਪੂਰੀ ਦੁਨੀਆਂ ਅੱਗੇ ਇਕ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰ ਰਿਹਾ ਹੈ।

ਪਿੱਛਲੇ ਸਾਲਾਂ ਦੌਰਾਨ ਜਿਥੇ ਪੂਰੇ ਪੰਜਾਬ ਦੀ ਸਰਵੇ ਰਿਪੋਰਟ ‘ਚ ਇਕ ਹਜ਼ਾਰ ਲੜਕਿਆਂ ਪਿੱਛੇ ਲੜਕੀਆਂ ਦੀ ਜਨਮ ਦਰ 780 ਦਰਜ ਕੀਤੀ ਗਈ, ਉਥੇ ਇਸ ਪਿੰਡ ਦੇ 0 ਤੋਂ ਲੈ ਕੇ 6 ਸਾਲ ਤੱਕ ਦੇ ਬੱਚਿਆਂ ਦੀ ਜਨਮ ਦਰ ਦੇ ਰਿਕਾਰਡ ਕੀਤੇ ਗਏ ਅੰਕੜਿਆਂ ‘ਚ ਔਸਤ 1000 ਲੜਕਿਆਂ ਪਿੱਛੇ 1880 ਲੜਕੀਆਂ ਦੀ ਰੇਸ਼ੋ ਦਰਜ ਹੋਈ ਹੈ ਜੋ ਕਿ ਦੇਸ਼ ਭਰ ‘ਚ ਆਪਣੇ-ਆਪ ‘ਚ ਇਕ ਵਿਲੱਖਣ ਰਿਕਾਰਡ ਹੈ। ਪਿੰਡ ਵਾਸੀਆਂ ਦੀ ਇਸ ਪ੍ਰਾਪਤੀ ਤੋਂ ਬਾਅਦ ਲਗਾਤਾਰ ਕਈ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦੀਆਂ ਟੀਮਾਂ ਇਸ ਪਿੰਡ ‘ਚ ਪੁੱਜ ਕੇ ਰਿਸਰਚ ਕਰ ਰਹੀਆਂ ਹਨ।

## ਇਕ ਚੂਹੇ ਨੇ ਰੱਦ ਕਰਵਾਈ ਟੋਰਾਂਟੋ ਨੂੰ ਜਾਣ ਵਾਲੀ ਉਡਾਣ

**ਅੰਮ੍ਰਿਤਸਰ:**ਇਥੇ ਬੀਤੀ 26 ਸਤੰਬਰ ਨੂੰ ਰਾਜਾਸਾਂਸੀ ਹਵਾਈ ਅੱਡੇ ਤੋਂ ਵਾਇਆ ਲੰਡਨ ਟੋਰਾਂਟੋ ਜਾਣ ਵਾਲੀ ਏਅਰ ਇੰਡੀਆ ਦੀ ਫਲਾਈਟ ਨੰਬਰ 187ਨੂੰ ਇਕ ਚੂਹੇ ਦੇ ਵੜ ਜਾਣ ਕਾਰਨ ਰੋਕਣਾ ਪਿਆ। ਇਹ ਫਲਾਈਟ ਸਵੇਰੇ 6.35 ਵਜੇ ਰਵਾਨਾ ਹੋਣੀ ਸੀ। ਬਾਅਦ ‘ਚ ਇਕ ਹੋਰ ਜਹਾਜ਼ 26 ਸਤੰਬਰ ਨੂੰ ਸ਼ਾਮੀਂ 5.26 ਵਜੇ 238 ਯਾਤਰੀ ਲੈ ਕੇ ਲੰਡਨ ਲਈ ਰਵਾਨਾ ਹੋਇਆ। ਪ੍ਰਾਪਤ ਵੇਰਵੇ ਅਨੁਸਾਰ ਜਹਾਜ਼ ਉਡਣ ਲਈ ਤਿਆਰ ਸੀ ਕਿ ਪਤਾ ਲੱਗ ਗਿਆ ਕਿ ਇਸ ਵਿਚ ਇਕ ਚੂਹਾ ਵੀ ਸਵਾਰ ਹੈ। ਯਾਤਰੂਆਂ ਨੂੰ ਤੁਰੰਤ ਜਹਾਜ਼ ਵਿਚੋਂ ਉਤਾਰ ਲਿਆ ਗਿਆ ਅਤੇ ਚੂਹੇ ਦੀ ਭਾਲ ਸ਼ੁਰੂ ਹੋ ਗਈ।ਪਤਾ ਲੱਗਾ ਹੈ ਕਿ ਇਥੋਂ ਦੀ ਟੀਮ ਨੂੰ ਜਦੋਂ ਚੂਹਾ ਨਾ ਲੱਭਿਆ ਤਾਂ ਦਿੱਲੀ ਤੋਂ ਵਿਸ਼ੇਸ਼ ਟੀਮ ਮੰਗਵਾਈ ਗਈ। ਆਖਰ ਏਅਰਪੋਰਟ ਅਥਾਰਿਟੀ ਦੇ ਡਾਇਰੈਕਟਰ ਵੀ. ਐੱਨ. ਚੌਹਾਨ ਨੇ ਦੱਸਿਆ ਕਿ ਯਾਤਰੂਆਂ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਦਿੱਲੀ ਤੋਂ ਆਏ ਇਕ ਜਹਾਜ਼ ਰਾਹੀਂ ਭੇਜਣ ਦਾ ਯਤਨ ਵੀ ਕੀਤਾ ਗਿਆ ਪਰ ਉਸ ਵਿਚ ਵੀ ਕੋਈ ਸਮੱਸਿਆ ਆ ਜਾਣ ਕਾਰਨ ਅਜਿਹਾ ਨਹੀਂ ਹੋ ਸਕਿਆ। ਬਾਅਦ ਵਿਚ ਏਅਰ ਇੰਡੀਆ ਦਾ ਇਕ ਹੋਰ ਜਹਾਜ਼ ਮੰਗਵਾ ਕੇ ਸ਼ਾਮੀਂ ਲੰਡਨ ਲਈ ਰਵਾਨਾ ਕੀਤਾ ਗਿਆ।

## ਵਿਆਹ ਸਮਾਗਮ ’ਚ ਚੱਲੀ ਗੋਲੀ,ਇਕ ਦੀ ਮੌਤ, 9 ਜ਼ਖਮੀ

**ਨੂਰਪੁਰਬੇਦੀ:**ਨਜ਼ਦੀਕੀ ਪਿੰਡ ਤਖਤਗੜ੍ਹ ਵਿਖੇ ਇਕ ਵਿਆਹ ਸਮਾਗਮ ਦੌਰਾਨ 2 ਧੜਿਆਂ ਵਿਚ ਹੋਈ ਤਕਰਾਰਬਾਜ਼ੀ ਉਪਰੰਤ ਇਕ ਧੜੇ ਵਲੋਂ ਚਲਾਈਆਂ ਗਈਆਂ ਗੋਲੀਆਂ ਨਾਲ ਜਿਥੇ ਇਕ ਨੌਜਵਾਨ ਦੀ ਮੌਕੇ ‘ਤੇ ਮੌਤ ਹੋ ਗਈ, ਉੱਥੇ 9 ਹੋਰ ਵਿਅਕਤੀਆਂ ਦੇ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ, ਜਿਨ੍ਹਾਂ ‘ਚੋਂ ਇਕ ਵਿਅਕਤੀ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਇਸ ਗੋਲੀਕਾਂਡ ਦੌਰਾਨ ਗੋਲੀ ਦਾ ਸ਼ਿਕਾਰ ਹੋਏ ਪਿੰਡ ਸਾਊਪਰ ਦੇ ਸੋਹਣ ਸਿੰਘ ਪੁੱਤਰ ਪ੍ਰੇਮ ਸਿੰਘ ਦੇ ਭਰਾ ਚਰਨਜੀਤ ਸਿੰਘ ਨੇ ਪੁਲਸ ਨੂੰ ਦਰਜ ਕਰਵਾਏ ਬਿਆਨਾਂ ਵਿਚ ਦੱਸਿਆ ਕਿ ਤਖ਼ਤਗੜ੍ਹ ਨਿਵਾਸੀ ਪ੍ਰਵੀਨ ਕੁਮਾਰ ਉਰਫ ਲਵ ਪੁੱਤਰ ਬਾਲ ਕਿਸ਼ਨ ਵਲੋਂ ਲੱਕੀ ਪੁੱਤਰ ਗੌਰੀ ਸ਼ੰਕਰ ਪਿੰਡ ਬੈਂਸ, ਪੰਮੀ ਪੁੱਤਰ ਵਾਸੀ ਲਹਿੜੀਆਂ ਤੇ ਮੱਖਣ ਸਿੰਘ ਭੱਟੋਂ ਆਦਿ ਨੂੰ ਆਪਣੇ ਵਿਆਹ ਵਿਚ ਸੱਦਿਆ ਹੋਇਆ ਸੀ। ਇਸ ਦੌਰਾਨ ਡੀ.ਜੇ. ‘ਤੇ ਨੱਚਦੇ ਸਮੇਂ ਨੌਜਵਾਨ ਲੱਕੀ ਤੇ ਉਸਦੇ ਸਾਥੀਆਂ ਦੀ ਤਖਤਗੜ੍ਹ ਨਿਵਾਸੀ ਬਲਜਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਨਾਲ ਤਕਰਾਰਬਾਜ਼ੀ ਹੋ ਗਈ, ਜਿਸਨੂੰ ਮ੍ਰਿਤਕ ਸੋਹਣ ਸਿੰਘ ਨੇ ਵਿਚ ਪੈ ਕੇ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਇਸ ਦੌਰਾਨ ਲੱਕੀ ਗਰੁੱਪ ਵਲੋਂ ਚੱਲੀ ਗੋਲੀ ਨਾਲ ਸੋਹਣ ਸਿਘ ਦੀ ਮੌਤ ਹੋ ਗਈ।

## ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਹਿੰਸਾ ਪੀੜਤਾਂ ਨੂੰ ਰਾਹਤ

**ਹੁਸ਼ਿਆਰਪੁਰ:**ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਹੁਣ ਤਕ 117110 ਸ਼ਿਕਾਇਤਾਂ ਦਾ ਨਿਪਟਾਰਾ ਕਰ ਕੇ ਲੋਕਾਂ ਨੂੰ ਨਿਆਂ ਦਿਵਾਉਣ ਦਾ ਉਪਰਾਲਾ ਕੀਤਾ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਕਮਿਸ਼ਨ ਦੀ ਸਥਾਪਨਾ 1997 ਵਿਚ ਹੋਈ ਸੀ। ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਜ਼ਿਲਾ ਅੰਮ੍ਰਿਤਸਰ ਵਿਚ ਅੱਤਵਾਦੀਆਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ 2.82 ਕਰੋੜ ਰੁਪਏ ਦੀ ਰਾਸ਼ੀ ਪੈਨਸ਼ਨ ਦੇਣ ਲਈ ਕਿਹਾ।

ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਲੈਣ ਲਈ ਇਕੋ ਇਕ ਭਰੋਸੇਮੰਦ ਨਾਮ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ



Major Singh Chauhan
AGENT
CA Ins. Lic #0D36632
New York Life Insurance Company

Sacramento Office :
120 Hoxsie Ct,
Folsom CA 95630

Fremont Office :
39650 Liberty St. #200
Fremont CA 94538

Bakersfield Office :
PO Box 40728
Bakersfield CA 93384

Cell : 916-337-1683
Off : 916-983-4890
Off : 510-624-4190
Fax : 916-984-0110

mc101048@gmail.com
THE COMPANY YOU KEEP

Real Estate and Loans Under One Roof

Call: Sam Chahal Tel: 916-612-5773
Multi-Million Dollars Producer-2007-08

Reo-Bankowned Properties
Serving from Bay Area to Sacramento

*For Buying and Selling Residential, Commercial property and for Loans in Sacramento area*



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell
Business & Homes

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਹਿੰਦੂ ਸੁਰੱਖਿਆ ਸੰਮਤੀ ਵਲੋਂ ਤਾਰਾ ਦੇ ਸਿਰ ਦਾ ਇਨਾਮ

**ਮੋਹਾਲੀ:** ਕਟੜਪੰਥੀ ਜਥੇਬੰਦੀ ਆਲ ਇੰਡੀਆ ਹਿੰਦੂ ਸੁਰਕਸ਼ਾ ਸੰਮਤੀ ਨੇ ਚੰਡੀਗੜ੍ਹ ਜੇਲ੍ਹ ਵਿਚੋਂ ਭੱਜੇ ਖਾੜਕੂ ਜਗਤਾਰ ਸਿੰਘ ਤਾਰਾ ਨੂੰ ਜ਼ਿੰਦਾ ਜਾਂ ਮੁਰਦਾ ਪੇਸ਼ ਕਰਨ ਜਾਂ ਉਸ ਬਾਰੇ ਜਾਣਕਾਰੀ ਦੇਣ ਵਾਲੇ ਨੂੰ 7 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਥੇ ਜਥੇਬੰਦੀ ਦੇ ਪ੍ਰਧਾਨ ਸੰਜੀਵ ਭਾਰਦਵਾਜ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਸ ਮਸਲੇ 'ਤੇ ਉਹ ਕਾਨੂੰਨ ਹੱਥ ਵਿਚ ਲੈਣ ਤੋਂ ਵੀ ਪਿਛੇ ਨਹੀਂ ਹਟਣਗੇ।

ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਦੀ ਜਥੇਬੰਦੀ ਕੱਟੜ ਹਿੰਦੂਵਾਦੀ ਜਥੇਬੰਦੀ ਹੈ ਪਰ ਦੇਸ਼ ਦੀ ਸੁਰੱਖਿਆ ਦੇ ਮਾਮਲੇ 'ਤੇ ਕੋਈ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 1980 ਵਾਂਗ ਮੁੜ ਅਤਿਵਾਦ ਸ਼ੁਰੂ ਹੋ ਗਿਆ ਹੈ ਅਤੇ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਰੁਲਦਾ ਸਿੰਘ ਨੂੰ ਮਾਰਨ ਦੀ ਜ਼ੁੰਮੇਵਾਰੀ ਬੱਬਰ ਖ਼ਾਲਸਾ ਨੇ ਕਬੂਲੀ ਹੈ ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਪੰਜਾਬ ਵਿਚ ਮੁੜ ਅਤਿਵਾਦ ਸਿਰ ਚੁੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਨੂੰ ਸ਼ਹਿ ਦੇਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੋਸਟਰ ਮੁੜ ਥਾਂ-ਥਾਂ ਉੱਤੇ ਲੱਗ ਰਹੇ ਹਨ, ਜਿਨ੍ਹਾਂ ਰਾਹੀਂ ਅਤਿਵਾਦ ਪੈਦਾ ਕਰਨ ਦਾ ਸੰਦੇਸ਼ ਦਿਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਭਿੰਡਰਾਂਵਾਲਾ ਦੇ ਮਾਮਲੇ 'ਤੇ ਧਾਰੀ ਚੁੱਪ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਭਿੰਡਰਾਂਵਾਲੇ ਨੂੰ ਅਤਿਵਾਦੀ ਮੰਨਣ ਲਈ ਤਿਆਰ ਨਹੀਂ ਹੈ। ਉਨ੍ਹਾਂ ਦਸਿਆ ਕਿ ਆਲ ਇੰਡੀਆ ਹਿੰਦੂ ਸੁਰਕਸ਼ਾ ਸੰਮਤੀ ਦੇ ਪੰਜਾਬ ਦੇ ਪ੍ਰਧਾਨ ਸ੍ਰੀ ਰਾਜੀਵ ਟੰਡਨ ਵਲੋਂ ਸੂਚਨਾ ਅਧਿਕਾਰ ਅਧੀਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਪੁੱਛਣ 'ਤੇ ਪੰਜਾਬ ਦੇ ਪੁਲਿਸ ਮੁਖੀ ਨੇ ਗੋਲਮੋਲ ਪਹੁਚ ਅਖ਼ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਪੁਛਿਆ ਸੀ ਕਿ ਉਹ ਸੰਤ ਹਨ, ਅਤਿਵਾਦੀ ਹਨ ਜਾਂ ਫਿਰ ਆਮ ਆਦਮੀ? ਇਸਦੇ ਜਵਾਬ ਵਿਚ ਡੀ.ਜੀ.ਪੀ. ਦਫਤਰ ਨੇ ਏਨਾ ਕਹਿ ਕੇ ਹੀ ਸਾਰ ਦਿਤਾ ਹੈ ਕਿ ਉਨ੍ਹਾਂ ਦਾ ਸਵਾਲ ਸਪੱਸ਼ਟ ਨਹੀਂ ਹੈ ਅਤੇ ਇਹ ਰਿਕਾਰਡ ਵਿਚ ਮੌਜੂਦ ਨਹੀਂ। ਉਨ੍ਹਾਂ ਕਿਹਾ ਕਿ ਡੀ.ਜੀ.ਪੀ. ਵਲੋਂ ਸਪੱਸ਼ਟ ਜਵਾਬ ਨਾ ਦੇਣ ਦੇ ਮਾਮਲੇ 'ਤੇ ਉਹ ਸੂਚਨਾ ਕਮਿਸ਼ਨ ਕੋਲ ਅਪੀਲ ਪਾਉਣਗੇ ਤਾਂ ਕਿ ਮਾਮਲਾ ਸਪੱਸ਼ਟ ਹੋ ਸਕੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜੇ ਭਿੰਡਰਾਂਵਾਲੇ ਦੇ ਪੋਸਟਰ ਪੰਜਾਬ ਵਿਚ ਸਰਕਾਰ ਬੰਦ ਨਹੀਂ ਕਰਵਾ ਸਕਦੀ ਤਾਂ ਉਹ ਇਸ ਬਾਰੇ ਸ਼ਾਂਤਮਈ ਰੋਸ ਪ੍ਰਗਟ ਕਰਦੇ ਰਹਿਣਗੇ। ਗਾਂਧੀ ਨੂੰ ਮਾਰਨ ਵਾਲੇ ਨੱਥੂ ਰਾਮ ਗੋਡਸੇ ਅਤਿਵਾਦੀ ਸੀ ਜਾਂ ਰਾਸ਼ਟਰਵਾਦੀ, ਇਸ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਸੂਚਨਾ ਅਧਿਕਾਰ ਐਕਟ ਤਹਿਤ ਜਾਣਕਾਰੀ ਪ੍ਰਾਪਤ ਕਰਨਗੇ। ਭਾਰਤ ਸਰਕਾਰ ਨੂੰ ਧਰਮ ਨਿਰਪੱਖਤਾ ਦੇ ਮਾਮਲੇ ਤੇ ਕੋਸਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਾਰੇ ਧਰਮਾਂ ਬਾਰੇ ਇਕ ਨੀਤੀ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਿੰਦੋਸਤਾਨ ਵਿਚ ਰਹਿ ਰਹੇ ਮੁਸਲਮਾਨ ਭਾਰਤ ਦੇ ਵਿਧਾਨ ਅਧੀਨ ਹਨ ਪਰ ਸਰਕਾਰ ਨੇ ਉਨ੍ਹਾਂ ਲਈ ਵਖਰਾ ਰਵਈਆ ਅਪਣਾਅ ਕੇ ਉਨ੍ਹਾਂ ਨੂੰ 4-4 ਵਿਆਹ ਕਰਨ ਤੇ 16-16 ਬੱਚੇ ਜੰਮ ਦੀ ਇਜਾਜ਼ਤ ਦਿਤੀ ਹੋਈ ਹੈ। ਉਨ੍ਹਾਂ ਮੁਸਲਮਾਨਾਂ ਨੂੰ ਸਿੱਧਾ ਸਵਾਲ ਕੀਤਾ ਕਿ ਉਹ ਭਾਰਤੀ ਵਿਧਾਨ ਅਧੀਨ ਹਨ ਜਾਂ ਕੁਰਾਨ ਅਧੀਨ ਹਨ?

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਲਈ ਵਿਆਹ ਦਾ ਵਖਰਾ ਕਾਨੂੰਨ ਬਣਾ ਦਿਤਾ ਹੈ ਪਰ ਦੂਜੇ ਪਾਸੇ ਧਰਮ ਨਿਰਪੱਖ ਕਹਿਣ ਵਾਲੀ ਸਰਕਾਰ ਨੇ ਸਾਰੇ ਸਨਾਤਨ ਧਰਮ ਦੇ ਮੰਦਰਾਂ ਉਪਰ ਸਰਕਾਰੀ ਕਬਜ਼ਾ ਕਰ ਰਖਿਆ ਹੈ। ਪਟਿਆਲਾ ਵਿਚੋਂ ਫੜੇ ਗਏ ਕੁੱਝ ਵਿਅਕਤੀਆਂ ਨੂੰ ਅਤਿਵਾਦੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਇਸ ਮਾਮਲੇ 'ਤੇ ਦੋਹਰੀ ਨੀਤੀ ਅਪਣਾਅ ਰਹੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਲੋਕ ਫੜੇ ਗਏ ਵਿਅਕਤੀਆਂ ਨੂੰ ਅਤਿਵਾਦੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਇਸ ਮਾਮਲੇ 'ਤੇ ਦੋਹਰੀ ਨੀਤੀ ਅਪਣਾਅ ਰਹੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਲੋਕ ਫੜੇ ਗਏ ਵਿਅਕਤੀਆਂ ਨੂੰ ਪਾਕਿਸਤਾਨੀ ਅਤਿਵਾਦੀ ਦੱਸਰਹੇ ਹਨ ਜਦਕਿ ਪੁਲਿਸ ਉਨ੍ਹਾਂ ਨੂੰ ਡਕੈਤਾਂ ਦਾ ਦਰਜਾ ਦੇ ਕੇ ਪੱਲਾ ਝਾੜ ਲੈਣਾ ਚਾਹੁੰਦੀ ਹੈ।

# ਯੂ.ਕੇ. ਦੀਆਂ ਪੰਥਕ ਜਥੇਬੰਦੀਆਂ ਵਲੋਂ ਪੰਜਾਬ ਵਿਚ ਸਿੱਖ ਨੌਜਵਾਨਾਂ ਦੀ ਫੜੋ-ਫੜੀ ਦੀ ਨਿਖੇਧੀ

**ਲੰਡਨ:** ਪੰਜਾਬ ਪੁਲਿਸ ਵਲੋਂ ਪੰਜਾਬ ਅੰਦਰ ਮੁੜ ਤੋਂ ਖਾੜਕੂਵਾਦ ਦੇ ਉਭਾਰ ਦਾ ਡਰ ਪੈਦਾ ਕਰਨ ਲਈ ਸਰਕਾਰ ਦੇ ਇਸ਼ਾਰੇ 'ਤੇ ਸਿੱਖ ਨੌਜਵਾਨਾਂ 'ਤੇ ਕੀਤੇ ਜਾ ਰਹੇ ਭਾਰੀ ਤਸ਼ੱਦਦ ਅਤੇ ਤੰਗ ਪ੍ਰੇਸ਼ਾਨ ਕਰਨ ਤੇ ਬਗ਼ੈਰ ਕਸੂਰ ਤੋਂ ਗ੍ਰਿਫ਼ਤਾਰ ਕਰਨ ਦਾ ਯੂ.ਕੇ.ਦੀਆਂ ਸਿੱਖ ਜਥੇਬੰਦੀਆਂ ਨੇ ਗੰਭੀਰ ਨੋਟਿਸ ਲੈਂਦਿਆਂ ਸੂਬਾ ਸਰਕਾਰ ਦੀ ਨਿਖੇਧੀ ਕੀਤੀ ਗਈ ਹੈ। ਇਥੇ ਜਾਰੀ ਵੱਖ-ਵੱਖ ਪ੍ਰੈਸ ਬਿਆਨਾਂ ਵਿਚ ਬ੍ਰਿਟਿਸ਼ ਸਿੱਖ ਕੌਂਸਲ ਯੂ.ਕੇ.ਦੇ ਜਨਰਲ ਸਕੱਤਰ ਭਾਈ ਤਰਸੇਮ ਸਿੰਘ ਦਿਉਲ, ਦਲ ਖ਼ਾਲਸਾ ਦੇ ਬਾਨੀ ਭਾਈ ਮਨਮੋਹਨ ਸਿੰਘ ਖ਼ਾਲਸਾ, ਦਲ ਖ਼ਾਲਸਾ ਯੂ.ਕੇ. ਦੇ ਮੁਖੀ ਭਾਈ ਗੁਰਚਰਨ ਸਿੰਘ, ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ ਨੇ ਕਿਹਾ ਹੈ ਕਿ ਪੰਜਾਬ ਪੁਲਿਸ ਸਰਕਾਰ ਦੇ ਇਸ਼ਾਰੇ 'ਤੇ ਸਿੱਖ ਨੌਜਵਾਨਾਂ 'ਤੇ ਜ਼ੁਲਮ ਕਰ ਰਹੀ ਹੈ ਅਤੇ ਪੰਜਾਬ ਵਿਚ ਹੁੰਦੀ ਕਿਸੇ ਵੀ ਵਾਰਦਾਤ ਨੂੰ ਵਿਦੇਸ਼ੀ ਸਿੱਖਾਂ ਦੀ ਸਾਜ਼ਸ਼ ਦਸ ਕੇ ਪੰਜਾਬ ਦੀ ਜਵਾਨੀ ਖਿਲਾਫ ਅਣ-ਮਨੁੱਖੀ ਵਤੀਰਾ ਵਰਤਿਆ ਜਾ ਰਿਹਾ ਹੈ। ਸਰਕਾਰ ਪੰਜਾਬ ਦੇ ਮਾਹੌਲ ਨੂੰ ਮੁੜ ਤੋਂ ਲਾਬੂ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਥਕ ਆਗੂਆਂ ਨੇ ਕਿਹਾ ਹੈ ਕਿ ਬਾਦਲ ਸਰਕਾਰ ਆਉਣ ਵਾਲੀਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਬਗ਼ੈਰ ਕਿਸੇ ਕਾਰਨ ਸਿੱਖ ਨੌਜਵਾਨਾਂ 'ਤੇ ਝੂਠੇ ਕੇਸ ਪਾ ਕੇ ਜੇਲਾਂ ਵਿਚ ਸੁੱਟ ਰਹੀ ਹੈ, ਜਿਸ ਦੀ ਤਾਜ਼ਾ ਮਿਸਾਲ ਪੰਚ ਪ੍ਰਧਾਨੀ ਦੇ ਮੁਖੀ ਭਾਈ ਦਲਜੀਤ ਸਿੰਘ ਬਿੱਟੂ ਤੇ ਸਾਥੀ ਹਨ। ਪੰਥਕ ਆਗੂਆਂ ਨੇ ਦੋਸ਼ ਲਾਇਆ ਕੀ ਪੰਜਾਬ ਸਰਕਾਰ ਸਿੱਖ ਨੌਜਵਾਨਾਂ 'ਤੇ ਝੂਠੇ ਕੇਸ ਪਾਉਣ ਦੇ ਨਾਲ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਦੱਸ ਕੇ ਰਾਜਨੀਤੀ ਕਰ ਰਹੀ ਹੈ, ਜਿਸ ਤੋਂ ਪੰਜਾਬ ਦੀ ਜਨਤਾ ਨੂੰ ਬਚਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਟਿਆਲਾ ਦੇ ਉਚ ਕੋਟੀ ਦੇ ਪੁਲਿਸ ਅਫ਼ਸਰਾਂ ਵਲੋਂ ਇਕ ਕਾਨਫ਼ਰੰਸ ਕਰ ਕੇ ਰੁਲਦਾ ਸਿੰਘ ਕੇਸ ਵਿਚ ਅਨੇਕਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਪੰਜਾਬ ਦੇ ਡੀ.ਜੀ.ਪੀ. ਵਲੋਂ ਭਾਈ ਬਿੱਟੂ ਵਿਰੁਧ ਪੁਖ਼ਤਾ ਸਬੂਤ ਹੋਣ ਦੀ ਗੱਲ ਆਖੀ ਗਈ ਸੀ ਤੇ ਭਾਈ ਬਿੱਟੂ ਨੂੰ ਰੁਲਦਾ ਸਿੰਘ ਕੇਸ ਵਿਚ ਮੁੱਖ ਮਾਸਟਰ ਮਾਈਂਡ ਭੂਤਨਾ ਦਾ ਨਜ਼ਦੀਕੀ ਸਾਥੀ ਦਸਿਆ ਗਿਆ ਸੀ ।ਜਦਕਿ ਹੁਣ ਇਸ ਕੇਸ ਵਿਚ ਭਾਈ ਤੋਂ ਭਾਈ ਬਿੱਟੂ ਨੂੰ ਕਾਲੀਨ ਚਿੱਟ ਦੇ ਕੇ ਰੁਲਦਾ ਸਿੰਘ ਦੀ ਮੌਤ ਲਈ ਇੰਗਲੈਂਡ ਦੇ ਸਿੱਖਾਂ ਨੂੰ ਇਸ ਨਾਲ ਜੋੜ ਦਿੱਤਾ ਗਿਆ ਹੈ ।

ਦੱਸਣਯੋਗ ਹੈ ਕਿ ਇਸ ਕਾਂਡ ਲਈ ਪਹਿਲਾਂ ਹੀ ਬੱਬਰ ਖ਼ਾਲਸਾ ਜਥੇਬੰਦੀ ਵਲੋਂ ਜ਼ੁੰਮੇਵਾਰੀ ਲੈ ਲਈ ਗਈ ਸੀ।

# ਗੰਨਾ ਕਮਿਸ਼ਨ ਦੇ ਨਾਂਹ ਪੱਖੀ ਰੁਖ ਕਾਰਨ ਕਿਸਾਨਾਂ ਦਾ ਕਰੋੜਾਂ ਦਾ ਨੁਕਸਾਨ

## *ਗੰਨਾ ਕਮਿਸ਼ਨ ਨੇ ਟਰੈਂਚ ਮਸ਼ੀਨਾਂ ਵਾਸਤੇ ਸਬਸਿਡੀ ਲੈਣ ਲਈ ਕਿਸਾਨ ਕਮਿਸ਼ਨ ਕੋਲ ਪਹੁੰਚ ਹੀ ਨਾ ਕੀਤੀ*

**ਚੰਡੀਗੜ੍ਹ:** ਪੰਜਾਬ ਗੰਨਾ ਕਮਿਸ਼ਨ ਦੇ ਨਾਂਹਪੱਖੀ ਰੁਖ਼ ਨੇ ਸੂਬੇ ਦੇ ਹਜ਼ਾਰਾਂ ਗੰਨਾ ਉਤਪਾਦਕ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੀ ਨਹੀਂ ਕੀਤਾ ਸਗੋਂ ਪ੍ਰਮੁਖ ਕੁਦਰਤੀ ਸੋਮੇ ਧਰਤੀ ਹੇਠਲੇ ਪਾਣੀ ਦੀ ਬਲੀ ਲੈਣ 'ਚ ਵੀ ਅਹਿਮ ਭੂਮਿਕਾ ਨਿਭਾਈ ਹੈ। ਕਮਿਸ਼ਨ ਦਾ ਇਹ ਨਾਂਹਪੱਖੀ ਰੁਖ਼ ਪੰਜਾਬ ਕਿਸਾਨ ਕਮਿਸ਼ਨ ਵਲੋਂ ਗੰਨਾ ਬੀਜਣ ਵਾਲੀਆਂ ਮਸ਼ੀਨਾਂ ਦੀ ਖਰੀਦ ਲਈ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਾਸ਼ੀ ਪ੍ਰਾਪਤ ਨਾ ਕਰਨ ਤੋਂ ਸਾਹਮਣੇ ਆਇਆ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਕਿਸਾਨ ਕਮਿਸ਼ਨ ਨੇ ਪੰਜਾਬ 'ਚ ਗੰਨੇ ਦੀ ਬਿਜਾਈ ਲਈ ਕਿਸਾਨਾਂ ਨੂੰ ਦੇਣ ਲਈ 'ਟਰੈਂਚ ਮਸ਼ੀਨਾਂ' ਦੀ ਖਰੀਦ ਕਰਨ ਖਾਤਰ 42 ਲੱਖ ਰੁਪਏ ਬਤੌਰ ਸਬਸਿਡੀ ਦੇਣ ਦਾ ਫੈਸਲਾ ਕੀਤਾ ਸੀ। ਫਾਰਮਰਜ਼ ਕਮਿਸ਼ਨ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਵਲੋਂ ਕੀਤੇ ਇਕ ਅਧਿਐਨ ਤੋਂ ਬਾਅਦ ਦਾਅਵਾ ਕੀਤਾ ਗਿਆ ਸੀ ਕਿ ਇਨ੍ਹਾਂ ਮਸ਼ੀਨਾਂ ਨਾਲ ਗੰਨੇ ਦੀ ਫਸਲ ਦੀ ਬਿਜਾਈ ਕਰਨ ਨਾਲ ਗੰਨੇ ਦਾ ਉਤਪਾਦਨ 100 ਕੁਇੰਟਲ ਪ੍ਰਤੀ ਏਕੜ ਵਧ ਜਾਂਦਾ ਹੈ ਤੇ ਇਹ ਫਸਲ ਪਾਣੀ ਵੀ ਘੱਟ ਮੰਗੇਗੀ।

ਪੰਜਾਬ ਦੀਆਂ ਖੰਡ ਮਿੱਲਾਂ ਦੇ ਪ੍ਰਬੰਧਕਾਂ ਵਲੋਂ ਕਮਿਸ਼ਨ ਨੂੰ ਦੱਸਿਆ ਗਿਆ ਹੈ ਕਿ ਕਿਸਾਨਾਂ ਪਾਸ ਇਸ ਵੇਲੇ ਟਰੈਂਚ ਮਸ਼ੀਨਾਂ ਦੀ ਭਾਰੀ ਕਮੀ ਪਾਈ ਜਾ ਰਹੀ ਹੈ। ਇਸ ਜਾਣਕਾਰੀ ਮੁਤਾਬਕ ਮਸਾਂ ਹੀ 131 ਮਸ਼ੀਨਾਂ ਹਨ ਜਦੋਂਕਿ ਸੂਬੇ 'ਚ 38000 ਹੈਕਟੇਰ ਰਕਬੇ 'ਚ ਗੰਨੇ ਦੀ ਕਾਸ਼ਤ ਕੀਤੀ ਜਾਂਦੀ ਹੈ। ਮਸ਼ੀਨਾਂ ਦੀ ਅਣਹੋਂਦ ਕਾਰਨ ਕਿਸਾਨ ਪੁਰਾਣੇ ਤਰੀਕਿਆਂ ਨਾਲ ਹੀ ਗੰਨੇ ਦੀ ਬਿਜਾਈ ਕਰਨ ਲਈ ਮਜਬੂਰ ਹਨ। ਮਿੱਲ ਪ੍ਰਬੰਧਕਾਂ ਵਲੋਂ ਫਾਰਮਰਜ਼ ਕਮਿਸ਼ਨ ਦੇ ਧਿਆਨ 'ਚ ਲਿਆਦਾ ਗਿਆ ਸੀ ਕਿ ਮਿੱਲਾਂ ਦੀ ਵਿੱਤੀ ਹਾਲਤ ਖਸਤਾ ਹੋਣ ਕਾਰਨ ਮਿੱਲਾਂ ਆਪਣੇ ਵਲੋਂ ਸਬਸਿਡੀ 'ਤੇ ਇਹ ਮਸ਼ੀਨਾਂ ਕਿਸਾਨਾਂ ਨੂੰ ਖਰੀਦ ਕੇ ਨਹੀਂ ਦੇ ਸਕਦੀਆਂ। ਇਸ ਲਈ ਸਰਕਾਰ ਸਸਿਡੀ 'ਤੇ ਇਹ ਮਸ਼ੀਨਾਂ ਪ੍ਰਦਾਨ ਕਰੇ ਤਾਂ ਜੋ ਗੰਨੇ ਦੀ ਬਿਜਾਈ ਨਵੀਆਂ ਤਕਨੀਕਾਂ ਨਾਲ ਕੀਤੀ ਜਾ ਸਕੇ।

ਮਿੱਲ ਪ੍ਰਬੰਧਕਾਂ ਦੇ ਇਸ ਸੁਝਾਅ ਤੋਂ ਬਾਅਦ ਫਾਰਮਰਜ਼ ਕਮਿਸ਼ਨ ਨੇ 18 ਮਈ ਨੂੰ ਹੋਈ ਮੀਟਿੰਗ ਦੌਰਾਨ 700 ਟਰੈਂਚ ਮਸ਼ੀਨਾਂ ਦੀ ਖਰੀਦ ਕਰਨ ਲਈ ਮਾਈਕਰੋ ਮੈਨੇਜਮੈਂਟ ਵਰਕ ਯੋਜਨਾ 'ਚੋਂ ਗੰਨਾ ਕਮਿਸ਼ਨ ਨੂੰ 42 ਲੱਖ ਰੁਪਏ ਦੀ ਸਬਸਿਡੀ ਦੇਣ ਦਾ ਫੈਸਲਾ ਕੀਤਾ ਗਿਆ।

ਕਿਸਾਨ ਕਮਿਸ਼ਨ ਵਲੋਂ ਗੰਨਾ ਕਮਿਸ਼ਨ ਨੂੰ ਲਿਖੇ ਇਕ ਪੱਤਰ ਰਾਹੀਂ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਗਿਆ ਸੀ ਤੇ ਸਪੱਸ਼ ਕੀਤਾ ਸੀ ਕਿ ਗੰਨੇ ਦੀ ਫਸਲ ਨੂੰ ਪਾਲਣ ਲਈ ਕਣਕ ਤੇ ਝੋਨਾ ਦੋਹਾਂ ਫਸਲਾਂ ਜਿੰਨਾ ਹੀ ਪਾਣੀ ਵਰਤੋਂ 'ਚ ਆਉਂਦਾ ਹੈ। ਪੰਜਾਬ 'ਚ ਇਸ ਕੁਦਰਤੀ ਸੋਮੇ ਦੇ ਲਗਾਤਾਰ ਹੇਠਾਂ ਜਾਣ ਕਾਰਨ ਸਮੱਸਿਆ ਦਿਨ ਪ੍ਰਤੀ ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਟਰੈਂਚ ਮਸ਼ੀਨਾਂ ਨਾਲ ਗੰਨੇ ਦੀ ਫਸਲ ਦੀ ਬਿਜਾਈ ਹੋਣ ਨਾਲ ਪਾਣੀ ਦੀ ਵਰਤੋਂ ਘਟੇਗੀ ਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋ ਜਾਵੇਗੀ। ਕਿਸਾਨ ਕਮਿਸ਼ਨ ਦਾ ਇਹ ਵੀ ਦਾਅਵਾ ਸੀ ਕਿ ਇਨ੍ਹਾਂ ਮਸ਼ੀਨਾਂ ਨਾਲ ਗੰਨੇ ਦੀ ਬਿਜਾਈ ਹੋਣ ਨਾ ਉਤਪਾਦਨ 'ਚ ਵੀ ਵਾਧਾ ਹੁੰਦਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਵੀ ਵਧੇਗੀ। ਅਧਿਐਨ ਮੁਤਾਬਕ 100 ਤੋਂ150 ਏਕੜ ਕੁਇੰਟਲ ਝਾੜ ਵੱਧ ਨਿਕਲਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕਿਸਾਨ ਕਮਿਸ਼ਨ ਦੇ ਇਸ ਪੱਤਰ ਦਾ ਗੰਨਾ ਕਮਿਸ਼ਨ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਤੇ ਨਾ ਹੀ ਸਬਸਿਡੀ ਦੀ ਰਕਮ ਲੈਣ ਲਈ ਫਾਰਮਰਜ਼ ਕਮਿਸ਼ਨ ਤੱਕ ਪਹੁੰਚ ਕੀਤੀ ਗਈ। ਗੰਨਾ ਕਮਿਸ਼ਨ ਦੀ ਇਸ ਅਣਗਹਿਲੀ ਸਦਕਾ ਕਿਸਾਨਾਂ ਨੂੰ ਪੁਰਾਣੀਆਂ ਤਕਨੀਕਾਂ ਨਾਲ ਹੀ ਗੰਨਾ ਬੀਜਣਾ ਪਿਆ।

ਗੰਨਾ ਕਮਿਸ਼ਨ ਦੇ ਇਸ ਰੁਖ਼ ਤੋਂ ਬਾਅਦ ਪੰਜਾਬ 'ਚ ਸਿਰਫ ਇਕੋ ਡਿਪਟੀ ਕਮਿਸ਼ਨ ਨੇ ਆਪਣੇ ਪੱਧਰ 'ਤੇ ਉਦਮ ਕਰਕੇ ਆਪਣੇ ਇਲਾਕੇ ਵਿਚਲੀਆਂ ਖੰਡ ਮਿੱਲਾਂ ਨੂੰ ਇਨ੍ਹਾਂ ਮਸ਼ੀਨਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਮੁਹੱਈਆ ਕਰਵਾਈ। ਅੰਮ੍ਰਿਤਸਰ ਦੇ ਡੀ. ਸੀ. ਕਾਹਨ ਸਿੰਘ ਪਨੂੰ, ਜੋ ਕਿ ਕਿਸਾਨ ਕਮਿਸ਼ਨ ਦੇ ਸਕੱਤਰ ਰਹੇ ਹਨ, ਨੇ 3 ਲੱਖ ਰੁਪਏ ਫਾਰਮਰਜ਼ ਕਮਿਸ਼ਨ ਤੋਂ ਹਾਸਲ ਕੀਤੇ ਤੇ ਜ਼ਿਲੇ ਵਿਚਲੀਆਂ 2 ਖੰਡ ਮਿੱਲਾਂ ਨੂੰ 60 ਮਸ਼ੀਨਾਂ ਮੁਹੱਈਆ ਕਰਾਈਆਂ। ਪੰਜਾਬ ਦੇ ਗੰਨਾ ਕਮਿਸ਼ਨਰ ਡਾ. ਮੰਗਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਪੰਜਾਬ ਕਿਸਾਨ ਕਮਿਸ਼ਨ ਸਬਸਿਡੀ ਨਹੀਂ ਸੀ ਦੇ ਰਿਹਾ ਬਲਕਿ ਉਧਾਰੇ ਪੈਸੇ ਦੇ ਰਿਹਾ ਸੀ। ਫਾਰਮਰਜ਼ ਕਮਿਸ਼ਨ ਵਲੋਂ ਅੰਡਰਟੇਕਿੰਗ ਲਈ ਜਾ ਰਹੀ ਸੀ ਕਿ ਜਿਵੇਂ ਹੀ ਭਾਰਤ ਸਰਕਾਰ ਤੋਂ ਪੈਸਾ ਆਉਂਦਾ ਹੈ ਤਾਂ ਇਹ ਕਰਜ਼ਾ ਵਾਪਸ ਕੀਤਾ ਜਾਵੇਗਾ।

# ਪੰਜਾਬ ਦੇ 96 ਵਿਧਾਇਕਾਂ ਨੂੰ ਆਮਦਨ ਕਰ ਵਿਭਾਗ ਵਲੋਂ ਨੋਟਿਸ

## ਮਕਾਨ ਉਸਾਰੀ ਪ੍ਰਾਜੈਕਟ ਵਿਚ 'ਟੈਕਸ ਚੋਰੀ' ਦੇ ਦੋਸ਼

**ਚੰਡੀਗੜ੍ਹ:** ਆਮਦਨ ਕਰ ਵਿਭਾਗ ਨੇ ਪੰਜਾਬ ਐੱਮ. ਐੱਲ. ਏ. ਸੁਸਾਇਟੀ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ (ਟੀ. ਐੱਚ. ਡੀ. ਸੀ.) ਕਾਂਸਲ ਨਾਲ ਸੰਬੰਧਤ 96 ਵਿਧਾਨਿਕਾਰਾਂ ਨੂੰ ਨੋਟਿਸ ਜਾਰੀ ਕਰਕੇ ਕਿਹਾ ਹੈ ਕਿ ਉਹ ਇਸ ਸੌਦੇ ਰਾਹੀਂ ਕੀਤੀ ਕਮਾਈ ਤੇ ਹੋਰ ਮਾਇਕ ਫਾਇਦਿਆਂ ਬਾਰੇ ਵਿਭਾਗ ਨੂੰ ਜਾਣਕਾਰੀ ਦੇਣ। ਵਿਭਾਗ ਇਸ ਮਕਾਨ ਉਸਾਰੀ ਪ੍ਰਾਜੈਕਟ ਵਿਚ ਟੈਕਸ ਚੋਰੀ ਦੇ ਦੋਸ਼ਾਂ ਦੀ ਪਹਿਲਾਂ ਹੀ ਜਾਂਚ ਕਰ ਰਿਹਾ ਹੈ ਅਤੇ ਇਹ ਨੋਟਿਸ ਇਸੇ ਜਾਂਚ ਦਾ ਹਿੱਸਾ ਹਨ।

ਆਮਦਨ ਕਰ ਵਿਭਾਗ ਦੇ ਸੂਤਰਾਂ ਅਨੁਸਾਰ ਇਸ ਹਾਊਸਿੰਗ ਸੁਸਾਇਟੀ ਦੇ ਹਰ ਮੈਂਬਰ ਵਿਧਾਇਕ/ਸਾਬਕਾ ਵਿਧਾਇਕ ਨੂੰ ਟੀ. ਐੱਚ. ਡੀ. ਸੀ. ਨਾਲ ਹੋਏ ਸੌਦੇ ਸਦਕਾ 82.5 ਲੱਖ ਰੁਪਏ ਨਕਦ ਅਤੇ ਚਾਰ ਬੈੱਡਰੂਮਾਂ ਵਾਲਾ ਫਲੈਟ ਮਿਲਣਾ ਸੀ। ਵਿਭਾਗ ਨੂੰ ਸ਼ੱਕ ਹੈ ਕਿ ਹਰ ਵਿਧਾਇਕ ਨੇ ਪ੍ਰਾਜੈਕਟ ਵਿਚਲੇ ਆਪਣੇ ਨਿਵੇਸ਼ ਰਾਹੀਂ 30 ਤੋਂ 40 ਲੱਖ ਰੁਪਏ ਮੁਨਾਫਾ ਕਮਾਇਆ ਹੈ।

ਇਥੇ ਵਰਣਨਯੋਗ ਹੈ ਕਿ ਆਮਦਨ ਕਰ ਵਿਭਾਗ ਨੇ ਇਹ ਸੂਹ ਮਿਲਣ 'ਤੇ ਹੈਸ਼ ਬਿਲਡਰਜ਼ ਪ੍ਰਾਈਵੇਟ ਲਿਮਟਿਡ ਦੇ ਸੈਕਟਰ 40, ਚੰਡੀਗੜ੍ਹ ਸਥਿਤ ਦਫ਼ਤਰ ਅਤੇ ਤਿੰਨ ਹੋਰ ਸੰਬੰਧਤ ਕੰਪਨੀਆਂ ਦੇ ਦਫ਼ਤਰਾਂ ਉਪਰ ਛਾਪੇ ਮਾਰੇ ਸਨ ਕਿ ਟੀ. ਐੱਚ. ਡੀ. ਸੀ. ਨਹੀਂ ਬਲਕਿ ਹੈਸ਼ ਬਿਲਡਰਜ਼ ਕੰਪਨੀ ਉਪਰੋਕਤ ਸੁਸਾਇਟੀ ਦੇ ਮੈਂਬਰਾਂ ਨੂੰ ਕਰੋੜਾਂ ਰੁਪਏ ਦੀਆਂ ਅਦਾਇਗੀਆਂ ਕਰ ਰਹੀ ਹੈ। ਹੈਸ਼ ਬਿਲਡਰਜ਼ ਨੇ ਨਹੀਂ, ਬਲਕਿ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ (ਟੀ. ਐੱਚ. ਡੀ. ਸੀ.) ਨੇ ਕਾਂਸਲ ਵਿਚ ਪੰਜਾਬ ਐੱਮ. ਐੱਲ. ਏਜ਼ ਹਾਊਸਿੰਗ ਸੁਸਾਇਟੀ ਨਾਲ ਸੰਬੰਧਤ 22 ਏਕੜ ਜ਼ਮੀਨ 106 ਕਰੋੜ ਰੁਪਏ ਦੀ ਖਰੀਦੀ ਸੀ। ਹੈਸ਼ ਬਿਲਡਰਜ਼ ਦਾ ਇਸ ਸੌਦੇ ਨਾਲ ਕੀ ਸੰਬੰਧ ਹੈ, ਇਹ ਜਾਂਚ ਵੀ ਬਾਰੀਕੀ ਨਾਲ ਜਾਰੀ ਹੈ।

ਸੀਨੀਅਰ ਆਮਦਨ ਕਰ ਅਧਿਕਾਰੀਆਂ ਨੇ ਦਸਿਆ ਕਿ 106 ਕਰੋੜ ਦੀ ਰਕਮ ਵਿਚੋਂ 40 ਕਰੋੜ ਰੁਪਏ ਸੁਸਾਇਟੀ ਦੇ ਮੈਂਬਰਾਂ ਨੂੰ ਪਹਿਲਾਂ ਹੀ ਅਦਾ ਕੀਤੇ ਜਾ ਚੁੱਕੇ ਹਨ। ਇਸ ਸੁਸਾਇਟੀ ਤੋਂ ਇਲਾਵਾ ਇਕ ਹੋਰ ਸੁਸਾਈਆਂ ਡਿਫੈਂਸ ਸਰਵਿਸ, ਕਾਂਸਲ ਦੇ ਮੈਂਬਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ। ਇਨ੍ਹਾਂ ਨੇ ਵੀ ਟੀ. ਐੱਚ. ਡੀ. ਸੀ ਨਾਲ ਐੱਮ. ਐੱਲ. ਏ. ਸੁਸਾਇਟੀ ਵਰਗਾ ਹੀ ਸੌਦਾ ਕੀਤਾ ਸੀ। ਇਸ ਸੌਦੇ ਦੀ ਰਕਮ 125 ਕਰੋੜ ਦੀ ਹੈ, ਜੋ ਕਿ ਸੁਸਾਇਟੀ ਦੇ ਮੈਂਬਰਾਂ ਵਿਚ ਵੰਡੀ ਜਾਵੇਗੀ ਅਤੇ ਨਾਲ ਹੀ ਹਰੇਕ ਨੂੰ ਇਕ ਫਲੈਟ ਵੀ ਦਿੱਤਾ ਜਾਵੇਗਾ। ਆਮਦਨ ਕਰ ਅਧਿਕਾਰੀਆਂ ਅਨੁਸਾਰ ਸੁਸਾਇਟੀ ਮੈਂਬਰਾਂ 'ਚੋਂ ਬਹੁਤਿਆਂ ਨੇ ਪ੍ਰਾਪਤ ਰਕਮ ਆਪਣੀਆਂ ਆਮਦਨ ਕਰ ਰਿਟਰਨਾਂ ਵਿਚ ਨਹੀਂ ਵਿਖਾਈ ।


**Attention Homeowners**

ਤੁਹਾਡੇ ਘਰ ਦਾ ਲੋਨ ਮੋਡੀਫਾਈ ਹੋ ਸਕਦਾ ਹੈ ਬੇਸ਼ੱਕ:



Nirmal Singh Mann

- ਤੁਹਾਡਾ ਕਰੈਡਿਟ ਅੱਛਾ ਹੈ ਜਾਂ ਬਿਲਕੁਲ ਖਰਾਬ?
- ਕੀ ਤੁਸੀਂ ਮਾਲੀ ਤੌਰ 'ਤੇ ਔਖੇ ਸਮੇਂ 'ਚੋਂ ਲੰਘ ਰਹੇ ਹੋ?
- ਤੁਹਾਡੇ ਘਰ ਦੀ ਕੀਮਤ ਘਟ ਗਈ ਹੈ?
- ਕੀ ਤੁਸੀਂ *Neg ARM/Option ARM* ਲੋਨ ਵਿਚ ਹੋ?
- ਰੀਫਾਇਨਾਂਸ ਕਰਾਉਣ ਵਿਚ ਤੁਹਾਨੂੰ ਦਿੱਕਤ ਆ ਰਹੀ ਹੈ?

ਕਰਜੇ ਦੀ ਆਪਣੀ ਮੂਲ ਰਕਮ ਦਾ ਚੋਖਾ ਹਿੱਸਾ ਘਟਾਓ,
ਆਪਣਾ ਵਿਆਜ ਦਰ 1% ਤੱਕ ਘਟਾਓ

ਮੈਂ ਤੁਹਾਡੀ ਮਦਦ ਕਰ ਸਕਦਾ ਹਾਂ, ਸਲਾਹ ਲਈ ਕਾਲ ਕਰੋ

**Nirmal Singh Mann can help reduce your payment as low as 1%**

Free Consultation Call **(877) 899-6244**

or www.tryemc.com

# ਬੰਦੂਕ ਨਾਲ ਅਤਿਵਾਦ ਖਤਮ ਨਹੀਂ ਹੋ ਸਕਦਾ-ਰਿਬੇਰੋ



**ਚੰਡੀਗੜ੍ਹ:**ਇਕੱਲੀ ਬੰਦੂਕ ਨਾਲ ਅੱਤਵਾਦ ਦਾ ਖਾਤਮਾ ਨਹੀਂ ਕੀਤਾ ਜਾ ਸਕਦਾ। ਅੱਤਵਾਦ ਨੂੰ ਖਤਮ ਕਰਨ ਲਈ ਭਾਈਚਾਰੇ ਅਤੇ ਆਮ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਅਤੇ ਭਾਈਚਾਰੇ ਤੇ ਆਮ ਲੋਕਾਂ ਦੇ ਸਰਗਰਮ ਸਹਿਯੋਗ ਬਿਨਾਂ ਅੱਤਵਾਦ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਦਾ। ਇਹ ਸ਼ਬਦ ਇਥੇ ਪੰਜਾਬ ਦੇ ਅੱਤਵਾਦੀ ਦੌਰੇ ਦੌਰਾਨ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ ਰਹੇ ਜੇ.ਐਫ. ਰਿਬੇਰੋ ਨੇ ਇਕ ਵਿਸ਼ੇਸ਼ ਗੱਲਬਾਤ ਦੌਰਾਨ ਕਹੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਫੈਲਿਆ ਅੱਤਵਾਦ ਜਦੋਂ ਸਥਾਨਕ ਲੋਕਾਂ ਦੇ ਖਿਲਾਫ਼ ਚੱਲਣ ਲੱਗ ਪਿਆ ਸੀ ਤਾਂ ਲੋਕਾਂ ਵਲੋਂ ਹੀ ਅੱਤਵਾਦ ਦੇ ਖਾਤਮੇ ਲਈ ਪੁਲਿਸ ਦੀ ਮਦਦ ਕੀਤੀ ਗਈ ਸੀ। ਜਿਸ ਦੇ ਚਲਦਿਆਂ ਪੰਜਾਬ ਵਿਚੋਂ ਅੱਤਵਾਦ ਦਾ ਖਾਤਮਾ ਹੋ ਸਕਿਆ। ਉਨ੍ਹਾਂ ਕਿਹਾ ਕਿ ਜਦੋਂ ਤੱਕ ਪੇਂਡੂ ਪੱਧਰ ਦੇ ਲੋਕਾਂ ਨੂੰ ਅੱਤਵਾਦ ਵਿਰੁਧ ਲਾਮਬੰਦ ਨਹੀਂ ਕੀਤਾ ਜਾਂਦਾ ਅੱਤਵਾਦ ਦਾ ਖਾਤਮਾ ਅਸੰਭਵ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿਚ ਫੈਲੇ ਜਿਹਾਦੀ ਅੱਤਵਾਦ ਨਾਲ ਨਜਿੱਠਣਾ ਮੁਸਲਿਮ ਭਾਈਚਾਰੇ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਲਈ ਹਥਿਆਰਾਂ ਦੀ ਥਾਂ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਲੋਕਾਂ ਵਿਚ ਪੁਲਿਸ ਪ੍ਰਤੀ ਭਰੋਸਾ ਹੋਣਾ ਵੀ ਜ਼ਰੂਰੀ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਪੱਛਮੀ ਬੰਗਾਲ ਵਿਚ ਫੈਲੇ ਨਕਸਲਵਾਦ ਪਿੱਛੇ ਉਥੋਂ ਦੇ ਸਮਾਜਿਕ, ਆਰਥਿਕ ਕਾਰਨਾਂ ਨੂੰ ਜ਼ਿੰਮੇਵਾਰ ਦੱਸਿਆ। ਸ੍ਰੀ ਰਿਬੈਰੋ ਨੇ ਕਿਹਾ ਕਿ ਮੌਜੂਦਾ ਫਿਰਕਾਪ੍ਰਸਤ ਤਾਕਤਾਂ ਅਤੇ ਭ੍ਰਿਸ਼ਟਾਚਾਰ ਨਾਲ ਨਿਪਟਣ ਲਈ ਉਨ੍ਹਾਂ ਸਾਬਕਾ ਅਧਿਕਾਰੀਆਂ ਦੀ ਇਕ ਟੀਮ ਤਿਆਰ ਕੀਤੀ ਗਈ ਹੈ, ਜਿਸ ਵਿਚ ਸਾਬਕਾ ਕੈਬਨਿਟ ਸਕੱਤਰ ਬੀ ਜੇ ਦੇਸ਼ਮੁੱਖ ਤੇ ਮੁੰਬਈ ਦੇ ਸਾਬਕਾ ਪੁਲਿਸ ਕਮਿਸ਼ਨਰ ਸਤੀਸ਼ ਸਾਹਨੀ ਵੀ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਉਹ ਮੁੰਬਈ ਦੇ ਸਲੱਮ ਖੇਤਰਾਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਦੇ ਹਨ, ਜਿਥੇ ਪੁਲਿਸ ਅਧਿਕਾਰੀ ਵੀ ਹਾਜ਼ਰ ਹੁੰਦੇ ਹਨ। ਇਸੇ ਤਰ੍ਹਾਂ ਪੁਲਿਸ ਤੇ ਲੋਕਾਂ ਵਿਚਲਾ ਪਾੜਾ ਖਤਮ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਮੁੰਬਈ ਵਿਚ ਮੁਸਲਿਮ ਭਾਈਚਾਰੇ ਦੇ ਲੋਕ ਪੁਲਿਸ ਨੂੰ ਸ਼ਿਵ ਸੈਨਾ ਪੱਖੀ ਸਮਝਦੇ ਹਨ ਤੇ ਪੁਲਿਸ ਤੋਂ ਦੂਰ ਰਹਿੰਦੇ ਸਨ। ਜਿਸ ਨਾਲ ਅੱਤਵਾਦ ਨੂੰ ਵਧਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਮੁੰਬਈ ਵਿਚ ਹਰ ਰੋਜ਼ ਹੋਣ ਵਾਲੇ ਬੰਦਾਂ 'ਤੇ ਰੋਕ ਲਗਾਉਣ ਨੂੰ ਆਪਣੀ ਸਭ ਤੋਂ ਵੱਡੀ ਉਪਲਬਧੀ ਦੱਸਿਆ। ਅੰਤ ਵਿਚ ਉਨ੍ਹਾਂ ਇਕ ਵਾਰ ਫਿਰ ਆਮ ਲੋਕਾਂ ਨੂੰ ਅੱਤਵਾਦ ਵਿਰੁੱਧ ਖੜ੍ਹਾ ਕਰਨ ਦੀ ਲੋੜ ਤੇ ਜ਼ੋਰ ਦਿੱਤਾ।

# ਰੁਲਦਾ ਸਿੰਘ ਕਤਲ;ਪੁਲਿਸ ਦਾਵੇ 'ਤੇ ਸਵਾਲ

## ਰੁਲਦਾ ਸਿੰਘ ਅਨੁਸਾਰ ਹਮਲਾਵਰ ਕਲੀਨਸ਼ੇਵ ਸਨ

**ਪਟਿਆਲਾ:**ਪਟਿਆਲਾ ਪੁਲਿਸ ਵਲੋਂ ਰੁਲਦਾ ਸਿੰਘ ਦੇ ਹੋਏ ਕਤਲ ਕੇਸ ਦੀ ਗੁੱਥੀ ਸੁਲਾਉਣ ਦੇ ਦਾਅਵੇ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ ਕਿਉਂਕਿ ਇਸ ਸੰਬੰਧੀ ਘਟਨਾ ਵਾਲੇ ਦਿਨਾਂ 'ਚ ਦਰਜ ਕੀਤੀ ਗਈ ਐਫ. ਆਈ. ਆਰ. ਵਿਚ ਤਿੰਨੋਂ ਹਮਲਾਵਰ ਸਿਰੋਂ ਮੋਨੇ ਦੱਸੇ ਗਏ ਹਨ ਜਦਕਿ ਹੁਣ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀ ਕੇਸਾਧਾਰੀ ਹਨ, ਜਿਨ੍ਹਾਂ ਨੂੰ ਘਟਨਾ ਤੋਂ ਸਵਾ ਮਹੀਨੇ ਬਾਅਦ ਇਕ ਹੋਰ ਵਿਅਕਤੀ ਦੇ ਬਿਆਨ 'ਤੇ ਗ੍ਰਿਫ਼ਤਾਰ ਕੀਤਾ ਗਿਆ।

ਬੀਤੀ 28 ਸਤਬਰ ਨੂੰ ਹੋਰ ਪੁਲਿਸ ਰਿਮਾਂਡ ਲਈ ਇਨ੍ਹਾਂ ਨੂੰ ਪੇਸ਼ ਕਰਨ ਮੌਕੇ ਬਚਾਓ ਪੱਖ ਦੇ ਵਕੀਲ ਐਡਵੋਕੇਟ ਲਖਵਿੰਦਰ ਸਿੰਘ ਕਾਲੀਰੌਣ ਨੇ ਵੀ ਇਸ ਮਾਮਲੇ ਨੂੰ ਅਦਾਲਤ ਵਿਚ ਉਠਾਇਆ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਸ ਘਟਨਾ ਸੰਬੰਧੀ ਪਹਿਲੇ ਹੀ ਦਿਨ ਜੋ ਕੇਸ ਦਰਜ ਕੀਤਾ ਗਿਆ ਸੀ, ਉਸ ਵਿਚ ਰੁਲਦਾ ਸਿੰਘ ਦੇ ਬਿਆਨ ਦੇ ਆਧਾਰ 'ਤੇ ਇਸ ਵਿਚ ਇਹ ਗੱਲ ਲਿਖੀ ਗਈ ਸੀ ਕਿ ਉਸ ਉਪਰ ਹਮਲਾਵਰ ਸਿਰੋਂ ਮੋਨੇ (ਕਲੀਨਸ਼ੇਵ) ਸਨ।

ਪ੍ਰੰਤੂ ਪੁਲਿਸ ਵਲੋਂ ਹਮਾਵਰ ਦੱਸ ਕੇ ਗ੍ਰਿਫ਼ਤਾਰ ਕੀਤੇ ਗਏ ਦਰਸ਼ਨ ਸਿੰਘ ਅਤੇ ਜਗਮੋਹਣ ਸਿੰਘ ਕੇਸਾਧਾਰੀ ਹਨ, ਜਿਨ੍ਹਾਂ ਨੇ ਬਾਕਾਇਦਾ ਦਾੜ੍ਹੀ ਵੀ ਰੱਖੀ ਹੋਈ ਹੈ।

ਇਸ ਤੋਂ ਪਹਿਲਾਂ ਇਸੇ ਹੀ ਕੇਸ ਅਧੀਨ ਦੋ ਦਿਨ ਪੁਲਿਸ ਅਦਾਤ ਵਿਚ ਬਚਾਓ ਪੱਖ ਵਲੋਂ ਪੇਸ਼ ਹੋਏ ਮਨੁੱਖੀ ਅਧਿਕਾਰਾਂ ਦੇ ਹਾਮੀ, ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਵੀ ਇਹੋ ਮੁੱਦਾ ਉਠਾਇਆ ਸੀ।

ਉਨ੍ਹਾਂ ਦਾ ਵੀ ਕਹਿਣਾ ਸੀ ਕਿ ਜਦੋਂ ਰੁਲਦਾ ਸਿੰਘ ਨੇ ਖ਼ੁਦ ਹੀ ਹਮਲਾਵਰ ਕਲੀਨਸ਼ੇਵ ਹੋਣ ਸੰਬੰਧੀ ਬਿਆਨ ਦਿੱਤਾ ਹੈ, ਫਿਰ ਦਾੜ੍ਹੀ ਤੇ ਕਸਾਧਾਰੀ ਕਿਸੇ ਵਿਅਕਤੀ ਨੂੰ ਹਮਲਾਵਰ ਕਿਵੇਂ ਕਿਹਾ ਜਾ ਸਕਦਾ ਹੈ।

## ਬਿੱਟੂ ਦੇ ਤਿੰਨ ਸਾਥੀਆਂ ਨੂੰ ਪੇਸ਼ ਨਾ ਕਰਨ ਦਾ ਅਦਾਲਤ ਵਲੋਂ ਨੋਟਿਸ

**ਲੁਧਿਆਣਾ:**ਗ਼ੈਰ ਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਭਾਈ ਬਿੱਟੂ ਦੇ ਤਿੰਨ ਸਾਥੀਆਂ ਨੂੰ ਅਦਾਲਤ ਵਿਚ ਪੇਸ਼ ਨਾ ਕਰਨ ਦਾ ਅਦਾਲਤ ਵਲੋਂ ਤਿੱਖਾ ਨੋਟਿਸ ਲੈਂਦਿਆਂ ਸਰਕਾਰ ਨੂੰ 9 ਅਕਤੂਬਰ ਲਈ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।

ਨਿਆਂਇਕ ਹਿਰਾਸਤ ਖ਼ਤਮ ਹੋਣ 'ਤੇ ਜੇਲ੍ਹ ਅਧਿਕਾਰੀਆਂ ਵਲੋਂ ਭਾਈ ਦਲਜੀਤ ਸਿੰਘ ਬਿੱਟੂ ਨੂੰ ਤਾਂ ਅਦਾਲਤ ਵਿਚ ਪੇਸ਼ ਕੀਤਾ ਗਿਆ ਪਰ ਉਨ੍ਹਾਂ ਦੇ ਤਿੰਨ ਸਾਥੀਆਂ ਪਲਵਿੰਦਰ ਸਿੰਘ, ਗੁਰਦੀਪ ਸਿੰਘ ਅਤੇ ਜਸਪਾਲ ਸਿੰਘ ਮੰਝਪੁਰ ਨੂੰ ਅਧਿਕਾਰੀ ਅਦਾਲਤ ਵਿਚ ਪੇਸ਼ ਕਰਨ ਲਈ ਅਸਫਲ ਰਹੇ । ਭਾਈ ਬਿੱਟੂ ਦੇ ਵਕੀਲ ਸ. ਕੁਲਦੀਪ ਸਿੰਘ ਬੀਲਾ ਨੇ ਇਸ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਣ ਦਾ ਮਾਮਲਾ ਕਰਾਰ ਦਿੰਦਿਆਂ ਅਦਾਲਤ ਨੂੰ ਸਬੰਧਤ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਅਦਾਲਤ ਵਲੋਂ ਵੀ ਇਸ ਦਾ ਤਿੱਖਾ ਨੋਟਿਸ ਲਿਆ ਗਿਆ ਹੈ। ਮਾਨਯੋਗ ਜੱਜ ਸ੍ਰੀਮਤੀ ਜਤਿੰਦਰ ਕੌਰ ਵਲੋਂ ਇਸ ਮਾਮਲੇ ਦੀ ਸੁਣਵਾਈ 8 ਅਕਤੂਬਰ ਨੂੰ ਕਰਨ ਦਾ ਹੁਕਮ ਸੁਣਾਇਆ ਗਿਆ ।

# ਰੁਲਦਾ ਸਿੰਘ ਦੇ ਕਤਲ ਕੇਸ ਸਬੰਧੀ ਦੋ ਕਾਬੂ



**ਪਟਿਆਲਾ:**ਪੁਲੀਸ ਨੇ ਆਰ.ਐਸ.ਐਸ. ਦੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਦੀ ਪੰਜਾਬ ਇਕਾਈ ਦੇ ਪ੍ਰਧਾਨ ਰੁਲਦਾ ਸਿੰਘ ਦੇ ਦੋ ਮਹੀਨੇ ਪਹਿਲਾਂ ਹੋਏ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕੀਤਾ ਹੈ। ਇਸ ਦੌਰਾਨ ਇਹ ਗੱਲ ਵੀ ਸਪਸ਼ਟ ਹੋ ਗਈ ਹੈ ਕਿ ਵਾਰਦਾਤ ਵਿਚ ਬੱਬਰ ਖਾਲਸਾ ਦਾ ਹੀ ਹੱਥ ਹੈ। ਇਸ ਸਬੰਧੀ ਇਥੋਂ ਦੀ ਪੁਲੀਸ ਵਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕੇਸ ਵਿਚ ਬੱਬਰ ਖਾਲਸਾ ਦੇ ਆਗੂ ਜਗਤਾਰ ਸਿੰਘ ਤਾਰਾ ਅਤੇ ਇਸੇ ਜਥੇਬੰਦੀ ਨਾਲ ਸਬੰਧ ਰੱਖਦੇ ਤੇ ਇੰਗਲੈਂਡ ਵਿਚ ਰਹਿ ਰਹੇ ਪਰਮਜੀਤ ਸਿੰਘ ਪੰਮਾ ਸਮੇਤ ਅੱਧੀ ਦਰਜਨ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ।

ਇਸ ਸਬੰਧੀ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿਚ 50 ਸਾਲਾ ਦਰਸ਼ਨ ਸਿੰਘ ਵਾਸੀ ਮੁਕਾਰੋਂਪੁਰ ਥਾਣਾ ਬਸੀ ਪਠਾਣਾਂ ਜ਼ਿਲਾ ਫਤਿਹਗੜ੍ਹ ਸਾਹਿਬ ਅਤੇ 28 ਸਾਲਾ ਜਗਮੋਹਨ ਸਿੰਘ ਵਾਸੀ ਸਿੰਘ ਪੁਰਾ ਮੁਹੱਲਾ ਵਾਰਡ ਨੰਬਰ 12 ਬਸੀ ਪਠਾਣਾ ਵਜੋਂ ਹੋਈ ਹੈ। ਇਨ੍ਹਾਂ ਨੂੰ ਦੁਪਹਿਰ 12 ਵਜੇ ਦੇ ਕਰੀਬ ਪਟਿਆਲਾ ਦੇ ਨਜ਼ਦੀਕ ਹੀ ਸਥਿਤ ਸਰਹੰਦ ਰੋਡ 'ਤੇ ਪੈਂਦੇ ਪਿੰਡ ਕਾਲਬਾ ਤੋਂ ਰੀਠ ਖੇੜੀ ਟੀ ਪੁਆਇੰਟ ਤੋਂ ਉਸ ਸਮੇਂ ਹਿਰਾਸਤ ਵਿਚ ਲਿਆ ਗਿਆ, ਜਦੋਂ ਉਹ ਚਿੱਟੇ ਰੰਗ ਦੀ ਇੰਡੀਕਾ ਕਾਰ ਵਿਚ ਜਾ ਰਹੇ ਸਨ। ਤਲਾਸ਼ੀ ਲੈਣ ਤੇ ਕਾਰ ਵਿਚੋਂ 32 ਬੋਰ ਦਾ ਇਕ ਪਿਸਤੌਲ ਵੀ ਬਰਾਮਦ ਹੋਇਆ।

ਰੁਲਦਾ ਸਿੰਘ ਨੂੰ 28 ਜੁਲਾਈ ਦੀ ਰਾਤ ਨੂੰ ਉਸ ਦੀ ਪਟਿਆਲਾ ਸਥਿਤ ਰਿਹਾਇਸ਼ 'ਤੇ ਗੋਲੀਆਂ ਮਾਰ ਦਿੱਤੀਆਂ ਸਨ। ਜਿਸ ਦੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦੋ ਹਫਤਿਆਂ ਬਾਅਦ ਮੌਤ ਹੋ ਗਈ ਸੀ। ਇਸ ਹਮਲੇ ਦੀ ਅਗਲੇ ਹੀ ਦਿਨ ਜਗਤਾਰ ਸਿੰਘ ਤਾਰਾ ਵਲੋਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਬੱਬਰ ਖਾਲਸਾ ਨੇ ਜ਼ਿੰਮੇਵਾਰੀ ਲੈ ਲਈ ਸੀ।

ਬੀਤੀ 24 ਸਤੰਬਰ ਦੀ ਸ਼ਾਮ ਇਥੇ ਪੁਲੀਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਡੀ.ਆਈ.ਜੀ. ਐਸ.ਕੇ. ਅਸਥਾਨਾ ਨੇ ਦੱਸਿਆ ਕਿ ਵਾਰਦਾਤ ਨੂੰ ਸਿੱਧੇ ਜਗਮੋਹਨ ਸਿੰਘ ਅਤੇ ਉਸ ਦੇ ਸਾਥੀ ਗੋਲਡੀ ਨੇ ਅੰਜਾਮ ਦਿੱਤਾ। ਹੱਤਿਆ ਬੱਬਰ ਖਾਲਸਾ ਦੇ ਤਾਰਾ ਅਤੇ ਪੰਮਾ ਦੇ ਕਹਿਣ ਤੇ ਹੀ ਕੀਤੀ ਗਈ ਹੈ। ਪੁਲੀਸ ਅਨੁਸਾਰ ਪੰਮਾ ਸਾਬਕਾ ਅਤਿਵਾਦੀ ਹੈ ਤੇ ਚਮਕੌਰ ਸਾਹਿਬ ਨੇੜਲੇ

**ਰੁਲਦਾ ਸਿੰਘ ਨੂੰ 28 ਜੁਲਾਈ ਦੀ ਰਾਤ ਨੂੰ ਉਸ ਦੀ ਰਿਹਾਇਸ਼ 'ਤੇ ਗੋਲੀਆਂ ਮਾਰ ਦਿੱਤੀਆਂ ਸਨ। ਜਿਸ ਦੀ ਪੀ.ਜੀ.ਆਈ. ਵਿਖੇ ਦੋ ਹਫਤਿਆਂ ਬਾਅਦ ਮੌਤ ਹੋ ਗਈ ਸੀ।**

ਪਿੰਡ ਭੁੱਕੂ ਮਾਜਰਾ ਦਾ ਵਸਨੀਕ ਹੈ, ਇਸ ਸਮੇਂ ਉਹ ਇੰਗਲੈਂਡ ਵਿਚ ਰਹਿ ਰਿਹਾ ਹੈ। ਜਿਸ ਨਾਲ ਸੰਪਰਕ ਸਾਧਕੇ ਤਾਰਾ ਨੇ ਰੁਲਦਾ ਸਿੰਘ ਦੀ ਹੱਤਿਆ ਦੀ ਕਾਰਵਾਈ ਨੂੰ ਅਮਲ ਵਿਚ ਲਿਆਉਣ ਲਈ ਆਖਿਆ । ਪੰਮਾ ਨੇ ਦਰਸ਼ਨ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ। ਦਰਸ਼ਨ ਸਿੰਘ ਤੇ ਪੰਮਾ ਕੁਝ ਵਰ੍ਹੇ ਪਹਿਲਾਂ ਜਦੋਂ ਜੇਲ੍ਹ ਵਿਚ ਇਕੱਠੇ ਸਨ, ਉਦੋਂ ਤੋਂ ਹੀ ਉਨ੍ਹਾਂ ਵਿਚ ਦੋਸਤੀ ਸੀ।

ਪੰਮਾ ਦੇ ਕਹਿਣ 'ਤੇ ਦਰਸ਼ਨ ਸਿੰਘ ਨੇ ਆਪਣੇ ਭਾਣਜੇ ਗੋਲਡੀ ਉਸ ਦੇ ਦੋਸਤ ਜਗਮੋਹਨ ਸਿੰਘ ਨੂੰ ਅਜਿਹਾ ਕਰਨ ਲਈ ਆਖਿਆ। ਇਸ ਤਰ੍ਹਾਂ ਉਹ ਦੋਵੇਂ ਹੀ ਇਸ ਕਾਰਵਾਈ ਨੂੰ ਅੰਜ਼ਾਮ ਦੇਣ ਲਈ ਤਿਆਰ ਹੋ ਗਏ।

ਸ੍ਰੀ ਅਸਥਾਨਾ ਨੇ ਇਹ ਵੀ ਦੱਸਿਆ ਕਿ ਕਤਲ ਦੀ ਇਸ ਸਾਜ਼ਿਸ਼ ਵਿਚ ਵਿਦੇਸ਼ ਤੋਂ ਆਏ ਦੋ ਹੋਰ ਵਿਅਕਤੀ ਵੀ ਸ਼ਾਮਿਲ ਹਨ, ਪਰ ਉਨ੍ਹਾਂ ਨੇ ਨਾਂ ਦੱਸਣ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸਬੰਧੀ ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਪੰਮਾ, ਦਰਸ਼ਨ ਸਿੰਘ, ਜਗਮੋਹਨ ਸਿੰਘ ਤੇ ਗੋਲਡੀ ਸਮੇਤ ਅੱਧੀ ਦਰਜਨ ਦੇ ਕਰੀਬ ਵਿਅਕਤੀਆਂ ਖਿਲਾਫ ਪਹਿਲਾਂ ਹੀ ਥਾਣਾ ਤ੍ਰਿਪੜੀ ਵਿਖੇ ਧਾਰਾ 302 ਅਧੀਨ ਦਰਜ ਕੇਸ ਦਰਜ ਕੀਤਾ ਜਾ ਚੁੱਕਾ ਹੈ।

## ਬੱਚਿਆਂ ਨੂੰ ਕਤਲ ਕਰ ਕੇ ਖੇਤਾਂ 'ਚ ਸੁੱਟਿਆ

**ਮੋਗਾ:**ਨਾਨਕ ਨਗਰੀ ਮੋਗਾ ਨਿਵਾਸੀ ਰਾਕੇਸ਼ ਕੁਮਾਰ ਦੇ ਦੋ ਬੱਚਿਆਂ ਅਮਨ (11) ਤੇ ਓਮ (6) ਦੀ ਮਾਮੂਲੀ ਰੰਜਿਸ਼ ਕਾਰਨ ਕੁਝ ਲੋਕਾਂ ਨੇ ਗਲਾ ਘੁੱਟ ਕੇ ਹੱਤਿਆ ਕਰ ਦਿਤੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਬਾਈਪਾਸ ਮੋਗਾ ਨੇੜੇ ਪੈਂਦੇ ਖੇਤਾਂ ਵਿਚ ਸੁੱਟ ਦਿਤਾ।

ਇਸ ਸੰਬੰਧ ਵਿਚ ਥਾਣਾ ਸਿਟੀ ਮੋਗਾ ਵਲੋਂ ਰਾਕੇਸ਼ ਕੁਮਾਰ ਪੁੱਤਰ ਖੁਸ਼ਹਾਲ ਚੰਦ ਨਿਵਾਸੀ ਨਾਨਕ ਨਗਰੀ ਮੋਗਾ ਦੇ ਬਿਆਨਾਂ 'ਤੇ ਰਣਜੀਤ ਕੁਮਾਰ ਗੁਪਤਾ ਅਤੇ ਉਸਦੀ ਪਤਨੀ ਸੰਜੂ ਨਿਵਾਸੀ ਬੇਅੰਤ ਨਗਰ ਮੋਗਾ ਤੋਂ ਇਲਾਵਾ ਕੁਝ ਅਣਪਛਾਤੇ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.





For Emergency Call anytime at 847-673-3825
EARLY BIRD SALE!!!!
India $545
London $250

ਡਾਇਮੰਡ ਹੇਅਰ ਕਟਿੰਗ ਸਲੂਨ
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।





TONY
26655 Mission Blvd.
Hayward, CA 94544
For men, women & Children
Make-up
Hair cut
Perm
Hair styler





Color
Facial, Threading
Bridal Make-up
Body Art (Henna)
Wednesday thru Monday 10 am to 7pm,
Sunday 11 am to 6.00 pm Tuesday closed
Ph: 510-582-2472 Cell: (510) 825-0820

Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ





RAJ SINGH
M.A., M.Ed Retd. Principal
Realtor & Financial Adviser
Lic#01776459 & OG22467
ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Refinance, Home Loan, SBA Loan
(All at Best Rates)
RAJ SINGH
Cell:510-452-7370
Notary Free
30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।
MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 3 ਅਕਤੂਬਰ, 2009


*ਚੁਣੌਤੀਆਂ ਦਾ ਮੁਕਾਬਲਾ ਕਰਕੇ ਹੀ ਤੁਸੀਂ ਜ਼ਿੰਦਗੀ ਨੂੰ ਜਿਊਣ ਲਾਇਕ ਬਣਾਉਂਦੇ ਹੋ।-ਮੇਰੀ ਟਾਇਲ ਮੂਰ*

## ਸੰਪਾਦਕੀ

## ਭਾਰਤ-ਪਾਕਿ ਸਬੰਧਾਂ 'ਚ ਤਬਦੀਲੀ

ਪਿਛਲੇ ਕੁਝ ਦਿਨਾਂ ਵਿਚ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿਚਕਾਰ ਤਬਦੀਲੀ ਵਾਲਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਪਾਕਿਸਤਾਨ ਨੇ ਆਪਣੇ ਕਬਾਇਲੀ ਖੇਤਰਾਂ 'ਚ ਤਾਲਿਬਾਨ ਅਤਿਵਾਦੀਆਂ ਦੇ ਖਿਲਾਫ ਫੈਸਲਾਕੁੰਨ ਕਾਰਵਾਈ ਕਰਕੇ ਅਮਰੀਕਾ ਦਾ ਵਿਸ਼ਵਾਸ ਜਿੱਤ ਲਿਆ ਹੈ ਅਤੇ ਇਸੇ ਦੌਰਾਨ ਉਸਨੇ ਭਾਰਤ ਵਿਰੁਧ ਆਪਣੀ ਪਹੁੰਚ ਬਦਲ ਲਈ ਹੈ। ਮੁੰਬਈ ਵਿਚ ਹੋਏ ਅਤਿਵਾਦੀ ਹਮਲਿਆਂ ਤੋਂ ਪਿਛੋਂ ਪਾਕਿਸਤਾਨ ਇਕ ਵਾਰ ਸੰਸਾਰ ਕੂਟਨੀਤੀ ਦੇ ਹਮਲੇ ਹੇਠ ਆ ਗਿਆ ਸੀ ਅਤੇ ਇਸ ਦੌਰਾਨ ਭਾਰਤ ਹਮਲਾਵਰ ਰੁੱਖ ਅਖ਼ਤਿਆਰ ਕਰ ਗਿਆ ਸੀ। ਪਾਕਿਸਤਾਨ ਨੇ ਇਸ ਹਮਲੇ ਤੋਂ ਪਿਛੋਂ ਨਿਮਾਣਿਆਂ ਨਿਤਾਣਿਆਂ ਵਰਗਾ ਵਿਹਾਰ ਵੀ ਕਰਨਾ ਸ਼ੁਰੂ ਕਰ ਦਿੱਤਾ ਸੀ। ਇਕ ਸਟੇਜ ਤਾਂ ਇਹੋ ਜਿਹੀ ਵੀ ਆਈ ਜਿਸ ਸਮੇਂ ਜਾਪਦਾ ਸੀ ਕਿ ਪਾਕਿਸਤਾਨ ਇਕ ਢੰਗ ਨਾਲ ਭਾਰਤ ਅਤੇ ਅਮਰੀਕਾ ਦੀਆਂ ਲੇਲ੍ਹੜੀਆਂ ਕੱਢ ਰਿਹਾ ਹੈ ਪਰ ਪੈਦਾ ਹੋਈ ਸਥਿਤੀ 'ਚੋਂ ਪਾਕਿਸਤਾਨ ਨੇ ਆਪਣੇ ਆਪ ਨੂੰ ਬੜੀ ਚਲਾਕੀ ਨਾਲ ਨਾ ਸਿਰਫ ਬਚਾਇਆ ਹੈ ਸਗੋਂ ਉਸਨੇ ਤਾਨਾਸ਼ਾਹ ਪ੍ਰਵੇਜ਼ ਮੁਸ਼ੱਰਫ ਵਲੋਂ ਸ਼ੁਰੂ ਕੀਤੀ ਗਈ ਅਮਰੀਕੀ ਡਾਲਰ ਹਾਸਲ ਕਰਨ ਦੀ ਰਣਨੀਤੀ ਵੀ ਜਾਰੀ ਰੱਖੀ। ਪ੍ਰਵੇਜ਼ ਮੁਸ਼ੱਰਫ ਦੇ ਜਾਣ ਪਿਛੋਂ ਗਿਲਾਨੀ ਦੀ ਅਗਵਾਈ ਵਾਲੀ ਜਮਹੂਰੀ ਸਰਕਾਰ ਨੇ ਮੁੱਢ ਵਿਚ ਤਾਲਿਬਾਨ ਅਤਿਵਾਦੀਆਂ ਖ਼ਿਲਾਫ ਕਾਰਵਾਈ ਵਿਚ ਭਾਵੇਂ ਹਿਚਕਿਚਾਹਟ ਵਿਖਾਈ ਪਰ ਪਿਛੋਂ ਉਨ੍ਹਾਂ ਨੇ ਤਾਲਿਬਾਨ ਤੋਂ ਆਪਣੇ ਆਪ ਨੂੰ ਮੁਕਤ ਕਰਨ ਦਾ ਪੈਂਤੜਾ ਹੀ ਅਖ਼ਤਿਆਰ ਕੀਤਾ। ਯਾਦ ਰਹੇ ਅਮਰੀਕੀ ਰਾਸ਼ਟਰਪਤੀ ਦੀ ਚੋਣ ਤੋਂ ਪਿਛੋਂ ਜਦੋਂ ਬਰਾਕ ਓਬਾਮਾ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਨੇ ਇਹ ਸਪਸ਼ਟ ਬਿਆਨ ਦਿੱਤਾ ਸੀ ਕਿ ਪਾਕਿਸਤਾਨ ਨੂੰ ਦਿੱਤੀ ਜਾ ਰਹੀ ਆਰਥਿਕ ਮਦਦ ਉਸ ਦੇਸ਼ ਵਲੋਂ ਅਤਿਵਾਦੀਆਂ ਖਿਲਾਫ ਕੀਤੀ ਜਾ ਰਹੀ ਕਾਰਵਾਈ ਨਾਲ ਜੋੜੀ ਜਾਵੇਗੀ। ਸ੍ਰੀ ਓਬਾਮਾ ਨੇ ਸਪਸ਼ਟ ਕਿਹਾ ਸੀ ਕਿ ਪਾਕਿਸਤਾਨ ਨੂੰ ਇਹ ਆਰਥਿਕ ਮਦਦ ਤਦ ਹੀ ਦਿੱਤੀ ਜਾਵੇਗੀ ਜੇ ਉਹ ਆਪਣੇ ਕਬਾਇਲੀ ਖੇਤਰਾਂ 'ਚ ਅਤਿਵਾਦੀਆਂ ਖ਼ਿਲਾਫ ਨਿਰਸੰਕੋਚ ਅਤੇ ਸਪਸ਼ਟ ਕਾਰਵਾਈ ਕਰੇਗਾ। ਇਸਦੇ ਨਾਲ ਹੀ ਅੰਦਰਖਾਤੇ ਅਮਰੀਕਾ ਪਾਕਿਸਤਾਨ ਹਕੂਮਤ ਤੋਂ ਤਾਲਿਬਾਨ ਖ਼ਿਲਾਫ ਡਰੋਨ ਹਮਲਿਆਂ ਲਈ ਖੁੱਲ੍ਹ ਵੀ ਮੰਗ ਰਿਹਾ ਸੀ। ਸੋ, ਪਾਕਿਸਤਾਨ ਨੇ ਨਵੀਂ ਹਾਲਤ 'ਚ ਅਮਰੀਕੀ ਪ੍ਰਸ਼ਾਸਨ ਅੱਗੇ ਝੁਕਣਾ ਹੀ ਬਿਹਤਰ ਸਮਝਿਆ। ਉਸਨੇ ਓਬਾਮਾ ਦੀਆਂ ਦੋਵੇਂ ਮੰਗਾਂ ਪ੍ਰਵਾਨ ਕੀਤੀਆਂ।

ਇਸਦਾ ਨਤੀਜਾ ਇਹ ਹੈ ਕਿ ਪਾਕਿਸਤਾਨ ਵਿਚ ਕਾਫੀ ਹੱਦ ਤੱਕ ਤਾਲਿਬਾਨ ਸਰਗਰਮੀਆਂ ਵਿਚ ਕਮੀ ਆਈ ਹੈ ਅਤੇ ਦੂਜੇ ਪਾਸੇ ਭਾਰਤ-ਪਾਕਿ ਸਰਹੱਦ 'ਤੇ ਫੌਜੀ ਨਫਰੀ ਘਟਾਉਣ ਵੇਲੇ ਪਾਕਿਸਤਾਨ ਨੇ ਇਕ ਵਾਰ ਫਿਰ ਕੁਝ ਨਕਲੋਂ ਹਰਕਤ ਸ਼ੁਰੂ ਕੀਤੀ ਹੈ। ਕੁਝ ਦਿਨ ਪਹਿਲਾਂ ਪੰਜਾਬ ਵਿਚ ਪੈਂਦੀ ਭਾਰਤ-ਪਾਕਿਸਤਾਨ ਸਰਹੱਦ ਉਪਰ ਬੀ.ਐਸ.ਐਫ. ਵਿਚ ਭਰਤੀ ਕੀਤੀਆਂ ਗਈਆਂ ਕੁੜੀਆਂ ਦੀ ਇਕ ਨਵੀਂ ਬਟਾਲੀਅਨ ਤਾਇਨਾਤ ਕੀਤੀ ਗਈ ਹੈ। ਇਸ ਤਾਇਨਾਤੀ ਦੇ ਖਿਲਾਫ ਨਾ ਸਿਰਫ ਪਾਕਿਸਤਾਨੀ ਮੀਡੀਆ ਨੇ ਉਲ-ਜਲੂਲ ਲਿਖਿਆ ਹੈ ਸਗੋਂ ਇਸੇ ਸਰਹੱਦੀ ਖੇਤਰ ਵਿਚ ਕੁਝ ਬੰਬ ਵਗੈਰਾ ਵੀ ਸੁੱਟੇ ਗਏ। ਪਾਕਿਸਤਾਨ ਦੀ ਇਹ ਕਾਰਵਾਈ ਨਵੀਆਂ ਤਾਇਨਾਤ ਕੀਤੀਆਂ ਗਈਆਂ ਕੁੜੀਆਂ ਵਿਚ ਦਹਿਸ਼ਤ ਪੈਦਾ ਕਰਨ ਦੇ ਮਕਸਦ ਲਈ ਕੀਤੀ ਗਈ ਜਾਪਦੀ ਹੈ। ਲਗਦਾ ਹੈ ਕਿ ਪਾਕਿਸਤਾਨ ਮੁੰਬਈ ਹਮਲਿਆਂ ਤੋਂ ਬਾਅਦ ਪਏ ਭਾਰਤ ਦੇ ਦਬਾਅ ਹੇਠੋਂ ਨਿਕਲ ਗਿਆ ਹੈ। ਹੁਣ ਪਾਕਿਸਤਾਨੀ ਹਕੂਮਤ ਨੇ ਇਹ ਵੀ ਆਖਣਾ ਸ਼ੁਰੂ ਕਰ ਦਿੱਤਾ ਹੈ ਕਿ ਮੁੰਬਈ ਹਮਲਿਆਂ ਨੂੰ ਦੋਨਾਂ ਮੁਲਕਾਂ ਵਿਚਕਾਰ ਆਪਸੀ ਗਲਬਾਤ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਉਧਰ ਭਾਰਤ ਦਾ ਆਖਣਾ ਹੈ ਕਿ ਪਾਕਿਸਤਾਨ ਨਾਲ ਗੱਲਬਾਤ ਦੌਰਾਨ ਅਤਿਵਾਦ ਨੂੰ ਇਕ ਮਸਲੇ ਵਜੋਂ ਕਾਇਮ ਰਖਿਆ ਜਾਵੇਗਾ। ਭਾਰਤ ਅਤੇ ਪਾਕਿਸਤਾਨ ਦੇ ਇਨ੍ਹਾਂ ਬਣਦੇ ਵਿਗੜਦੇ ਸੰਬੰਧਾਂ ਦਰਮਿਆਨ ਦੂਜੀ ਵੱਡੀ ਖ਼ਬਰ ਇਹ ਹੈ ਕਿ ਅਮਰੀਕਾ ਨੇ ਪਾਕਿਸਤਾਨ ਲਈ ਆਰਥਿਕ ਮਦਦ ਤਿੱਗਣੀ ਕਰ ਦਿੱਤੀ ਹੈ।

ਅਮਰੀਕਾ ਵਲੋਂ ਪਾਕਿਸਤਾਨ ਦੀ ਕੀਤੀ ਗਈ ਇਸ ਵੱਡੀ ਆਰਥਿਕ ਮਦਦ ਉਤੇ ਭਾਰਤ ਦਾ ਚਿੰਤਤ ਹੋਣਾ ਸੁਭਾਵਿਕ ਹੈ ਕਿਉਂਕਿ ਪਿਛਲੇ ਸਮੇਂ ਵਿਚ ਪਾਕਿਸਤਾਨ ਉਪਰ ਅਜਿਹੇ ਦੋਸ਼ ਵੀ ਲੱਗੇ ਸਨ ਕਿ ਅਮਰੀਕਾ ਵਲੋਂ ਉਸਨੂੰ ਦਿੱਤੀ ਗਈ ਆਰਥਿਕ ਮਦਦ ਦਾ ਬਹੁਤਾ ਹਿੱਸਾ ਭਾਰਤ ਖ਼ਿਲਾਫ ਮਿਲਟਰੀ ਸਾਜ਼ੋ-ਸਾਮਾਨ ਖਰੀਦਣ ਉਪਰ ਵਰਤਿਆ ਗਿਆ ਹੈ। ਇਸ ਸਬੰਧ ਵਿਚ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨੇ ਇਹ ਗੱਲ ਸ਼ਰ੍ਹੇਆਮ ਹੀ ਸਵੀਕਾਰ ਕਰ ਲਈ ਸੀ ਕਿ ਅਮਰੀਕਾ ਵਲੋਂ ਦਿੱਤੀ ਗਈ ਮਦਦ ਭਾਰਤ ਖ਼ਿਲਾਫ ਫੌਜੀ ਸਾਜ਼ੋ-ਸਾਮਾਨ ਖਰੀਦਣ ਵਿਚ ਖਰਚ ਕੀਤੀ ਗਈ ਸੀ। ਉਂਜ ਭਾਰਤ ਇਹ ਗੱਲ ਲੰਮੇ ਸਮੇਂ ਤੋਂ ਆਖਦਾ ਆਇਆ ਹੈ ਕਿ ਅਮਰੀਕਾ ਵਲੋਂ ਦਿੱਤੀ ਜਾ ਰਹੀ ਆਰਥਿਕ ਮਦਦ ਪਾਕਿਸਤਾਨ ਵਲੋਂ ਭਾਰਤ ਖ਼ਿਲਾਫ ਵਰਤੀ ਜਾ ਰਹੀ ਹੈ। ਅਮਰੀਕਾ ਵਲੋਂ ਤਾਜ਼ਾ ਰੂਪ ਵਿਚ ਪਾਕਿਸਤਾਨ ਨੂੰ ਦਿੱਤੀ ਗਈ ਆਰਥਿਕ ਮਦਦ ਉਪਰ ਵੀ ਭਾਰਤ ਨੇ ਚਿੰਤਾ ਪ੍ਰਗਟ ਕੀਤੀ ਹੈ। ਭਾਰਤ ਨੇ ਕਿਹਾ ਹੈ ਕਿ ਜਦੋਂ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਹਿਲਾਂ ਹੀ ਇਹ ਸਵੀਕਾਰ ਕਰ ਚੁੱਕੇ ਹਨ ਕਿ ਅਮਰੀਕਾ ਵਲੋਂ ਦਿੱਤੀ ਗਈ ਮਦਦ ਭਾਰਤ ਖ਼ਿਲਾਫ ਵਰਤੀ ਗਈ ਸੀ, ਤਾਂ ਅਮਰੀਕਾ ਨੂੰ ਨਵੀਂ ਮਦਦ ਦੇਣ ਤੋਂ ਪਹਿਲਾਂ ਸਾਰੀ ਹਾਲਤ ਦੀ ਨਜ਼ਰਸਾਨੀ ਕਰਨੀ ਚਾਹੀਦੀ ਸੀ।

ਸਪਸ਼ਟ ਹੈ ਕਿ ਅਮਰੀਕਾ ਨੇ ਅਜਿਹੀ ਨਜ਼ਰਸਾਨੀ ਨਹੀਂ ਕੀਤੀ ਹੈ ਅਤੇ ਅਮਰੀਕਾ ਦੀ ਮੁੱਖ ਚਿੰਤਾ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚੋਂ ਤਾਲਿਬਾਨ ਦਾ ਖਾਤਮਾ ਹੈ। ਇਸਦੇ ਨਾਲ ਹੀ ਤਾਲਿਬਾਨ ਦੀ ਪਿੱਠ ਪੂਰ ਰਹੇ ਇਰਾਨ ਨੂੰ ਵੀ ਸਬਕ ਸਿਖਾਉਣਾ ਮਕਸਦ ਹੈ। ਅਜਿਹੇ ਬਿਆਨ ਵੀ ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਪਿਛਲੇ ਕੁਝ ਦਿਨਾਂ ਵਿਚ ਦਿੱਤੇ ਹਨ। ਓਬਾਮਾ ਦਾ ਆਖਣਾ ਹੈ ਕਿ ਇਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਜਾਣਕਾਰੀ ਦੇਵੇ ਨਹੀਂ ਤਾਂ ਉਸ ਖ਼ਿਲਾਫ ਆਰਥਿਕ ਪਾਬੰਦੀਆਂ ਲਾਈਆਂ ਜਾਣਗੀਆਂ। ਸਮੁੱਚੇ ਰੂਪ ਵਿਚ ਹਾਲਾਤ ਸਾਫ ਹੋ ਰਹੇ ਹਨ। ਅਮਰੀਕਾ ਆਪਣੀਆਂ ਚਿੰਤਾਵਾਂ ਤੋਂ ਮੁਕਤੀ ਲਈ ਅੱਗੇ ਵਧ ਰਿਹਾ ਹੈ ਅਤੇ ਭਾਰਤ ਪ੍ਰਤੀ ਉਸਦੀ ਪਹੁੰਚ ਵੀ ਆਪਣੀਆਂ ਚਿੰਤਾਵਾਂ ਵਿਚੋਂ ਨਿਕਲ ਰਹੀ ਹੈ। ਭਾਰਤ ਦੀਆਂ ਚਿੰਤਾਵਾਂ ਪ੍ਰਤੀ ਅਮਰੀਕਾ ਦੀ ਪਹੁੰਚ ਓਨੀ ਸੰਵੇਦਨਸ਼ੀਲ ਨਹੀਂ ਹੈ ਜਿੰਨੀ ਹੋਣ ਦੀ ਭਾਰਤ ਨੂੰ ਆਸ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਨਮਾਨ ਕਰਾਓ ਸਨਮਾਨ!

ਸ਼ੋਸ਼ਾਗਿਰੀ ਨਿੱਤ ਨਵੀਂ ਕੋਈ ਕਰੀ ਜਾਣੀ,
ਇੰਜ ਹੋਣਾ ਪ੍ਰਸਿੱਧ ਜਹਾਨ ਆਪਾਂ।
ਇੰਟਰਨੈਸ਼ਨਲ ਦਿੱਖ ਬਣ ਜਾਏ ਸਾਡੀ,
ਏਅਰਪੋਰਟ ਤੋਂ ਲਿਆਈਏ ਮਹਿਮਾਨ ਆਪਾਂ।
ਲੀਡਰ ਕੋਈ ਵੀ ਦੇਸ਼ ਤੋਂ ਆਣ ਪਹੁੰਚੇ,
ਉਸ ਦੀ ਸ਼ਾਨ ਵਿਚ ਦੇਈਏ ਬਿਆਨ ਆਪਾਂ।
ਅਹੁਦਾ ਹੋਵੇ ਨਾ ਹੋਵੇ ਕੋਈ ਕੋਲ ਉਹਦੇ,
ਮੁਫ਼ਤੋ-ਮੁਫਤ ਕਹਿ ਦੇਈਏ 'ਪ੍ਰਧਾਨ' ਆਪਾਂ।
ਲਗਾਤਾਰ ਜੇ ਠਕ-ਠਕਾ ਰਿਹਾ ਚੱਲਦਾ,
ਕਰ ਲਵਾਂਗੇ ਚਾਲੂ ਦੁਕਾਨ ਆਪਾਂ।
ਹਰ ਅਖਬਾਰ ਵਿਚ ਫੋਟੋ ਛਪਵੌਣ ਖਾਤਿਰ,
ਜਣੇ-ਖਣੇ ਦਾ ਕਰੀਏ ਸਨਮਾਨ ਆਪਾਂ!

# ਹਰਿਆਣਾ ਚੋਣਾਂ 'ਚ ਪੰਜਾਬੀਆਂ ਦੀ ਭੂਮਿਕਾ

*ਹਰਿਆਣਾ ਅੰਦਰ ਪੰਜਾਬੀਆਂ ਨੂੰ ਆਧਾਰ ਬਣਾ ਕੇ ਰਾਜਨੀਤੀ ਕਰਨ ਵਾਲੇ ਬਹੁਤੇ ਲੋਕ ਸਾਹਮਣੇ ਨਹੀਂ ਆਏ। ਜੇਕਰ ਹਰਿਆਣਾ ਦੇ ਪੰਜਾਬੀ ਵੋਟਰ ਸਰਗਰਮ ਹੋਏ ਵੀ ਤਾਂ ਉਹ ਵੀ ਪੰਜਾਬ ਦੇ ਕਾਂਗਰਸੀ, ਅਕਾਲੀ ਦਲਾਂ ਨਾਲ ਹੀ ਤੁਰੇ, ਵੱਖਰੀ ਪਗਡੰਡੀ ਬਣਾਉਣ ਦੀ ਕੋਸ਼ਿਸ਼ ਹਰਿਆਣਵੀ ਪੰਜਾਬੀਆਂ ਨੇ ਨਹੀਂ ਕੀਤੀ, ਜਿਸ ਕਰਕੇ ਉਹ ਰਾਜਸੀ ਤੌਰ 'ਤੇ ਹਾਸ਼ੀਏ 'ਤੇ ਧੱਕੇ ਜਾਂਦੇ ਰਹੇ। ਪਹਿਲਾਂ ਕਾਂਗਰਸ ਉਨ੍ਹਾਂ ਨੂੰ ਵਰਤਦੀ ਰਹੀ ਫਿਰ ਇਨੈਲੋ ਨੇ ਪੰਜਾਬੀਆਂ ਨੂੰ ਲਾਰਿਆਂ 'ਚ ਲਾਈ ਰੱਖਿਆ। ਭਜਨ ਲਾਲ ਵਲੋਂ ਏਸ਼ੀਆਡ 82 ਵੇਲੇ ਕੀਤੀਆਂ ਹਰਕਤਾਂ ਤੋਂ ਉਨ੍ਹਾਂ ਦੀ ਨੀਤੀ ਸਾਫ ਝਲਕਦੀ ਰਹੀ ਸੀ। ਪਿਛਲੇ ਦਸਾਂ ਕੁ ਸਾਲਾਂ ਤੋਂ ਹਰਿਆਣਾ ਅੰਦਰ ਪੰਜਾਬੀਆਂ ਨੇ ਆਪਣੀ ਰਾਜਸੀ ਹੋਂਦ ਨੂੰ ਜਤਾਉਣ ਲਈ ਥੋੜ੍ਹੇ-ਥੋੜ੍ਹੇ ਯਤਨ ਕੀਤੇ, ਪਰ ਫਿਰ ਇਹ ਕੋਸ਼ਿਸ਼ਾਂ ਲੰਬੇ ਸਮੇਂ ਲਈ ਜਾਰੀ ਨਹੀਂ ਰੱਖੀਆਂ ਜਾ ਸਕੀਆਂ।*

**ਮਨਧੀਰ ਸਿੰਘ ਦਿਓਲ**

ਹਰਿਆਣਾ ਵਿਧਾਨ ਸਭਾ ਚੋਣਾਂ ਦਾ ਪਿੜ ਮਘ ਗਿਆ ਹੈ ਤੇ ਰਾਜਸੀ ਪਾਰਟੀਆਂ ਦੀ ਇੱਲ-ਅੱਖ ਵੱਖ-ਵੱਖ ਵੋਟ ਬੈਂਕਾਂ ਉਪਰ ਟਿਕ ਗਈ ਹੈ। ਉਹ ਜਾਤ, ਧਰਮ, ਫਿਰਕੇ ਤੇ ਵਰਗ ਵੰਡ ਦੇ ਆਧਾਰ 'ਤੇ ਜਮ੍ਹਾ-ਘਟਾਓ ਕਰਨ ਲੱਗੇ ਹਨ। ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਲਈ ਬਹੁਕੋਣਾ ਮੁਕਾਬਲਾ ਹੋਣਾ ਤੈਅ ਹੈ ਤੇ ਵੱਖ-ਵੱਖ ਪਾਰਟੀਆਂ ਦਾ ਆਪਣੇ ਆਪਣੇ ਖੇਤਰ 'ਚ ਪ੍ਰਭਾਵ ਹੈ। ਇਸ ਲਈ ਉਸੇ ਪਾਰਟੀ ਦੇ ਸਭ ਤੋਂ ਵਧ ਸਫਲ ਹੋਣ ਦੀਆਂ ਸੰਭਾਵਨਾਵਾਂ ਹਨ ਜੋ ਕਿਸੇ ਇਕ ਵੱਡੇ ਵਰਗ ਨੂੰ ਨਾਲ ਤੋਰ ਸਕੇਗੀ। ਅਜਿਹੇ ਹਾਲਾਤ 'ਚ ਹਰਿਆਣਾ ਦਾ ਪੰਜਾਬੀ ਵੋਟ ਬੈਂਕ ਵੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਜੇਕਰ ਪੰਜਾਬੀ ਵੋਟਰ ਇਕ ਪਲੇਟਫਾਰਮ ਉਪਰ ਇਕੱਠੇ ਹੋ ਜਾਣ ਤਾਂ ਹਰਿਆਣਾ ਵਿਧਾਨ ਸਭਾ ਦੀ ਬਣਤਰ ਵੱਖਰੀ ਹੀ ਹੋਵੇਗੀ।

ਹਰਿਆਣਾ ਅੰਦਰ ਸੱਤਾਧਾਰੀ ਕਾਂਗਰਸ ਪਾਰਟੀ ਇਕ ਮਜ਼ਬੂਤ ਧਿਰ ਹੈ ਤੇ ਵਿਰੋਧੀ ਧਿਰ 'ਚ ਇੰਡੀਅਨ ਨੈਸ਼ਨਲ ਲੋਕ ਦਲ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਹੈ, ਪਰ ਇਸ ਵਾਰ ਦੋ ਹੋਰ ਧਿਰਾਂ ਸਾਹਮਣੇ ਆਈਆਂ ਹਨ। ਇਹ ਹਨ ਭਜਨ ਲਾਲ ਦੀ ਅਗਵਾਈ ਹੇਠ ਬਣਾਈ ਗਈ ਹਰਿਆਣਾ ਜਨ ਹਿੱਤ ਕਾਂਗਰਸ ਅਤੇ ਦੂਜੀ ਬਹੁਜਨ ਸਮਾਜ ਪਾਰਟੀ। ਇਸ ਤੋਂ ਇਲਾਵਾ ਇਸ ਵਾਰ ਭਾਰਤੀ ਜਨਤਾ ਪਾਰਟੀ ਵੀ ਆਪਣੇ ਦਮ ਤੇ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕਰ ਚੁੱਕੀ ਹੈ। ਕਾਂਗਰਸ ਦਾ ਆਧਾਰ ਜਾਟ ਬਹੁ-ਗਿਣਤੀ ਇਲਾਕਿਆਂ ਤੇ ਸ਼ਹਿਰਾਂ ਅਤੇ ਪਿੰਡਾਂ 'ਚ ਬਰਾਬਰ ਹੈ। ਲੰਘੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਨੇ ਰਾਜ ਦੀਆਂ ਸਾਰੀਆਂ ਸੀਟਾਂ ਜਿੱਤੀਆਂ ਸਨ। ਇਸ ਲਈ ਪਾਰਟੀ ਪੂਰੇ ਉਤਸ਼ਾਹ 'ਚ ਹੈ ਤੇ ਇਸੇ ਕਰਕੇ ਹੀ ਮਿਆਦ ਤੋਂ ਪਹਿਲਾਂ ਵਿਧਾਨ ਸਭਾ ਭੰਗ ਕਰਕੇ ਮੁੜ ਲੋਕਾਂ ਤੋਂ ਫਤਵਾ ਲੈਣ ਚੋਣ ਮੈਦਾਨ 'ਚ ਆ ਗਈ ਹੈ। ਪਾਰਟੀ ਲੀਡਰਸ਼ਿਪ ਨੂੰ ਜਾਪਦਾ ਹੈ ਕਿ ਮਜ਼ਬੂਤ ਵਿਰੋਧੀ ਧਿਰ ਦੀ ਅਣਹੋਂਦ ਵੀ ਕਾਂਗਰਸ ਲਈ ਫਾਇਦੇਮੰਦ ਹੋ ਸਕਦੀ ਹੈ। ਦਰਅਸਲ ਇਨੈਲੋ-ਭਾਜਪਾ ਗੱਠਜੋੜ ਦੇ ਟੁੱਟਣ, ਹਰਿਆਣਾ ਜਨ ਹਿਤ ਕਾਂਗਰਸ ਨੂੰ ਲੋਕ ਸਭਾ 'ਚ ਚੋਣਾਂ 'ਚ ਬਹੁਤੀ ਸਫਲਤਾ ਨਾ ਮਿਲਣਾ ਤੇ ਬਹੁਜਨ ਸਮਾਜ ਪਾਰਟੀ ਦੇ ਚੌਥੀ ਧਿਰ ਬਣਨ ਕਰਕੇ ਕਾਂਗਰਸ ਅੱਗੇ ਮਜ਼ਬੂਤ ਚੁਣੌਤੀ ਦੇਣ ਵਾਲੀ ਧਿਰ ਫਿਲਹਾਲ ਪਾਰਟੀ ਆਗੂਆਂ ਨੂੰ ਦਿਖਾਈ ਨਹੀਂ ਦਿੰਦੀ। ਕਾਂਗਰਸ ਦਾ ਆਧਾਰ ਸ਼ਹਿਰਾਂ ਤੇ ਪਿੰਡਾਂ 'ਚ ਬਰਾਬਰ ਹੈ। ਇਨੈਲੋ ਦੀ ਪਕੜ ਜਾਟ ਵੋਟ ਖੇਤਰ 'ਚ ਰਹੀ ਹੈ ਤੇ ਸ਼ਹਿਰਾਂ 'ਚ ਇਸ ਪਾਰਟੀ ਲਈ ਵੋਟ ਜੁਟਾਉਣ ਦਾ ਕੰਮ ਕਰਨ ਵਾਲੀ ਭਾਜਪਾ ਇਸ ਵਾਰ ਇਕੱਲੇ ਤੌਰ 'ਤੇ ਮੈਦਾਨ 'ਚ ਉਤਰੀ ਹੈ। ਇਸ ਲਈ ਇਨੈਲੋ ਨੂੰ ਸ਼ਹਿਰੀ ਖੇਤਰ 'ਚ ਆਪਣੇ ਪੈਰ ਜਮਾਉਣ ਲਈ ਬਹੁਤ ਤਰੱਦਦ ਕਰਨਾ ਪਵੇਗਾ। ਹਰਿਆਣਾ ਜਨ ਹਿਤ ਕਾਂਗਰਸ ਦਾ ਮੂਲ ਆਧਾਰ ਵੀ ਨਾਰਾਜ਼ ਕਾਂਗਰਸੀਆਂ 'ਚ ਜਾਂ ਭਜਨ ਲਾਲ ਦੇ ਪੈਰੋਕਾਰਾਂ ਦੇ ਨੇੜੇ-ਤੇੜੇ ਹੈ। ਬਹੁਜਨ ਸਮਾਜ ਪਾਰਟੀ ਲੰਘੀਆਂ ਲੋਕ ਸਭਾ ਚੋਣਾਂ 'ਚ ਵੋਟ ਪ੍ਰਤੀਸ਼ਤ ਵਜੋਂ ਮਾਅਰਕਾ ਮਾਰਦੀ ਹੋਈ ਚੰਗੀ ਕਾਰਗੁਜ਼ਾਰੀ ਦਿਖਾ ਗਈ ਸੀ, ਜੋ ਕਾਂਗਰਸ ਲਈ ਖਤਰਾ ਹੋ ਸਕਦੀ ਹੈ। ਇਸ ਲਈ ਪ੍ਰਮੁੱਖ ਪਾਰਟੀਆਂ ਦਾ ਵੋਟ-ਬੈਂਕ ਅਲੱਗ-ਅਲੱਗ ਵਰਗਾ 'ਚ ਵੰਡਿਆ ਹੋਇਆ ਹੈ।

ਹਰਿਆਣਾ ਦੀ ਰਾਜਸੀ ਸਥਿਤੀ 'ਚ ਅਜਿਹੀ ਹਾਲਤ ਬਣਨ 'ਤੇ ਅਜਿਹੇ ਵੋਟ ਬੈਂਕਾਂ ਦੀ ਕਦਰ ਵਧਣ ਦੇ ਆਧਾਰ ਬਣ ਆਏ ਹਨ, ਜੋ ਪਹਿਲਾਂ ਵੋਟ ਸਮੀਕਰਨਾਂ ਨੂੰ ਪ੍ਰਭਾਵਿਤ ਕਰਦੇ ਆਏ ਹਨ। ਹਰਿਆਣਾ ਦੇ 30 ਫੀਸਦੀ ਤੋਂ ਵਧ ਪੰਜਾਬੀ ਵੀ ਇਸੇ ਸ਼੍ਰੇਣੀ 'ਚ ਆਉਂਦੇ ਹਨ। ਹਰਿਆਣਾ ਦੇ ਪੰਜਾਬੀ ਵੋਟਰ ਕਾਂਗਰਸ, ਭਾਜਪਾ ਜਾਂ ਇਨੈਲੋ ਦਰਮਿਆਨ ਵੰਡੇ ਜਾਂਦੇ ਰਹੇ ਹਨ ਤੇ ਇਹ ਪਾਰਟੀਆਂ ਆਪਣੇ ਨਾਲ ਕੁਝ ਪੰਜਾਬੀ ਆਗੂਆਂ ਨੂੰ ਵੀ ਜੋੜੀ ਰੱਖਦੀਆਂ ਹਨ, ਤਾਂ ਕਿ ਪੰਜਾਬੀਆਂ ਨੂੰ ਲੁਭਾਇਆ ਜਾ ਸਕੇ, ਪਰ ਪੰਜਾਬੀਆਂ ਨੂੰ ਬਣਦਾ ਹੱਕ ਕਿਸੇ ਵੀ ਪਾਰਟੀ ਨੇ ਨਹੀਂ ਦਿੱਤਾ ਹੈ। ਹਾਲਾਂਕਿ ਉਹ ਇਕੱਠੇ ਵਿਚਰ ਕੇ ਰਾਜਸੀ ਸਮੀਕਰਨਾਂ ਨੂੰ ਬਿਲਕੁਲ ਬਦਲਣ ਦੀ ਸਥਿਤੀ 'ਚ ਹੋ ਸਕਦੇ ਹਨ। ਦਰਜਨ ਤੋਂ ਵਧ ਸੀਟਾਂ ਉਪਰ ਉਹ ਸਿੱਧੇ ਅਸਰਦਾਰ ਹਨ ਤੇ ਕਈ ਹੋਰ ਸੀਟਾਂ ਉਪਰ ਵੋਟਾਂ ਦਾ ਸੰਤੁਲਨ ਆਪਣੇ ਕੋਲ ਰੱਖਣ ਦੇ ਕਾਬਲ ਹਨ।

ਹਰਿਆਣਾ ਅੰਦਰ ਜਾਟ ਰਾਜਨੀਤੀ ਭਾਰੂ ਰਹੀ ਹੈ। ਬਹੁਤੇ ਮੁੱਖ ਮੰਤਰੀ ਇਸੇ ਵਰਗ ਵਿਚੋਂ ਆਏ ਹਨ। ਇਸ ਵਰਗ 'ਤੇ ਦੇਵੀ ਲਾਲ ਪਰਿਵਾਰ ਤੇ ਕਾਂਗਰਸ ਦੇ ਭੁਪਿੰਦਰ ਸਿੰਘ ਹੁੱਡਾ ਜਾਂ ਬਰਿੰਦਰ ਸਿੰਘ ਵਰਗੇ ਹੋਰ ਆਗੂਆਂ ਦਾ ਅਸਰ ਰਿਹਾ ਹੈ। ਭਜਨ ਲਾਲ ਨੇ ਵੀ ਜਾਟ ਵੋਟਰਾਂ ਦੇ ਨਾਲ-ਨਾਲ ਸ਼ਹਿਰੀ ਵੋਟਰਾਂ 'ਚ ਆਪਣੀ ਪਹੁੰਚ ਬਣਾਈ ਰੱਖੀ ਸੀ। ਹਰਿਆਣਾ ਅੰਦਰ ਪੰਜਾਬੀਆਂ ਨੂੰ ਆਧਾਰ ਬਣਾ ਕੇ ਰਾਜਨੀਤੀ ਕਰਨ ਵਾਲੇ ਬਹੁਤੇ ਲੋਕ ਸਾਹਮਣੇ ਨਹੀਂ ਆਏ। ਜੇਕਰ ਹਰਿਆਣਾ ਦੇ ਪੰਜਾਬੀ ਵੋਟਰ ਸਰਗਰਮ ਹੋਏ ਵੀ ਤਾਂ ਉਹ ਵੀ ਪੰਜਾਬ ਦੇ ਕਾਂਗਰਸੀ, ਅਕਾਲੀ ਦਲਾਂ ਨਾਲ ਹੀ ਤੁਰੇ, ਵੱਖਰੀ ਪਗਡੰਡੀ ਬਣਾਉਣ ਦੀ ਕੋਸ਼ਿਸ਼ ਹਰਿਆਣਵੀ ਪੰਜਾਬੀਆਂ ਨੇ ਨਹੀਂ ਕੀਤੀ ਜਿਸ ਕਰਕੇ ਉਹ ਰਾਜਸੀ ਤੌਰ 'ਤੇ ਹਾਸ਼ੀਏ 'ਤੇ ਧੱਕੇ ਜਾਂਦੇ ਰਹੇ। ਪਹਿਲਾਂ ਕਾਂਗਰਸ ਉਨ੍ਹਾਂ ਨੂੰ ਵਰਤਦੀ ਰਹੀ ਫਿਰ ਇਨੈਲੋ ਨੇ ਪੰਜਾਬੀਆਂ ਨੂੰ ਲਾਰਿਆਂ 'ਚ ਲਾਈ ਰੱਖਿਆ। ਭਜਨ ਲਾਲ ਵਲੋਂ ਏਸ਼ੀਆਡ 82 ਵੇਲੇ ਕੀਤੀਆਂ ਹਰਕਤਾਂ ਤੋਂ ਉਨ੍ਹਾਂ ਦੀ ਨੀਤੀ ਸਾਫ ਝਲਕਦੀ ਰਹੀ ਸੀ। ਪਿਛਲੇ ਦਸਾਂ ਕੁ ਸਾਲਾਂ ਤੋਂ ਹਰਿਆਣਾ ਅੰਦਰ ਪੰਜਾਬੀਆਂ ਨੇ ਆਪਣੀ ਰਾਜਸੀ ਹੋਂਦ ਨੂੰ ਜਤਾਉਣ ਲਈ ਥੋੜ੍ਹੇ-ਥੋੜ੍ਹੇ ਯਤਨ ਕੀਤੇ, ਪਰ ਫਿਰ ਇਹ ਕੋਸ਼ਿਸ਼ਾਂ ਲੰਬੇ ਸਮੇਂ ਲਈ ਜਾਰੀ ਨਹੀਂ ਰੱਖੀਆਂ ਜਾ ਸਕੀਆਂ।

ਰਾਜਸੀ ਪਾਰਟੀਆਂ ਵਲੋਂ ਟਿਕਟਾਂ ਦੀ ਵੰਡ ਵੇਲੇ ਪੰਜਾਬੀਆਂ ਨੂੰ ਅਣਗੋਲੇ ਕੀਤੇ ਜਾਣ ਮਗਰੋਂ ਹੌਲੀ ਹੌਲੀ ਪੰਜਾਬੀ ਮਨਾਂ 'ਚ ਰਾਜਸੀ ਪਛਾਣ ਦੀ ਚਿਣਗ ਮਘੀ ਤੇ ਇਸ ਦੀ ਹਲਕੀ ਗਰਮਾਹਟ ਅੱਜ ਵੀ ਬਰਕਰਾਰ ਹੈ। ਪੰਜਾਬੀ ਭਾਸ਼ਾ ਨੂੰ ਦੂਜਾ ਦਰਜਾ ਦੇਣ ਦੀ ਮੰਗ ਦਾ ਉੱਠਣਾ ਵੀ ਉਪਰੋਕਤ ਗਰਮਾਹਟ ਕਰਕੇ ਹੀ ਸੰਭਵ ਹੋਇਆ ਸੀ। ਹਰਿਆਣਾ ਲਈ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ 'ਚ ਹਰਿਆਣਵੀਂ ਸਿੱਖਾਂ ਦੀਆਂ ਭੁਗਤੀਆਂ ਵੋਟਾਂ ਪਿੱਛੇ ਵੀ ਆਪਣੀ ਵੱਖਰੀ ਪਛਾਣ ਬਣਾਉਣ ਦੀ ਤਾਂਘ ਜਾਪਦੀ ਹੈ, ਹਾਲਾਂਕਿ ਇਹ ਮੁੱਦਾ ਧਰਮ ਦੀ ਚਾਸ਼ਣੀ 'ਚ ਡੁਬੋ ਕੇ ਰਾਜਸੀ ਸੋਚ ਅਧੀਨ ਸਾਹਮਣੇ ਲਿਆਂਦਾ ਗਿਆ ਹੈ, ਪਰ ਫਿਰ ਵੀ ਸਿੱਖਾਂ ਅਤੇ ਹਰਿਆਣਵੀ ਪੰਜਾਬੀਆਂ 'ਚ ਇਸ ਮੁਹਿੰਮ ਨਾਲ ਚੇਤਨਾ ਜਾਗਣੀ ਲਾਜ਼ਮੀ ਹੈ। ਇਸ ਵਾਰ ਹੋਣ ਵਾਲੇ ਬਹੁਕੋਣੇ ਮੁਕਾਬਲੇ ਦੌਰਾਨ ਪੰਜਾਬੀ ਵੋਟਰ ਹੋਰ ਵੀ ਅਸਰਦਾਰ ਹੋ ਸਕਦੇ ਹਨ, ਜੇਕਰ ਕਿਸੇ ਪਲੇਟਫਾਰਮ ਉਪਰ ਇਕੱਠੇ ਹੋਣ 'ਤੇ ਸੰਯੁਕਤ ਫੈਸਲਾ ਕਰਕੇ ਆਪਣੀ ਹੋਣੀ ਦਾ ਭਵਿੱਖ ਤੈਅ ਕਰਨ ਦੇ ਰਾਹ ਤੁਰਨ। ਹੋ ਸਕਦਾ ਹੈ ਇਸ ਵਾਰ ਸਫਲਤਾ ਨਾ ਮਿਲੇ ਜਾਂ ਆਸ ਤੋਂ ਘੱਟ ਨਤੀਜੇ ਸਾਹਮਣੇ ਆਉਣ, ਪਰ ਲੰਬੇ ਸਮੇਂ ਲਈ ਅਜਿਹੇ ਸਾਂਝੇ ਮੁਹਾਜ਼ ਜ਼ਰੂਰ ਅਸਰਦਾਰ ਹੁੰਦੇ ਹਨ।

ਅਜਿਹੀ ਹੀ ਮੁਹਿੰਮ ਦੌਰਾਨ ਹਰਿਆਣਾ 'ਚ ਪੰਜਾਬੀ ਬੋਲੀ ਦੇ ਵਿਕਾਸ, ਪੰਜਾਬੀਆਂ ਦੀ ਰਾਜਸੀ ਪਸੰਦ ਤੇ ਪਹੁੰਚ ਤੋਂ ਇਲਾਵਾ ਸਭਿਆਚਾਰ ਨੂੰ ਸਾਂਭੀ ਰੱਖਣ ਦੇ ਮੁੱਦਿਆਂ ਦੇ ਹੱਲ ਨਿਕਲ ਸਕਦੇ ਹਨ। ਇਸ ਲਈ ਪੰਜਾਬੀ ਹਿੰਦੂਆਂ, ਸਿੱਖਾਂ ਨੂੰ ਆਪਸੀ ਨੇੜਤਾ ਵਧਾਉਣੀ ਵੀ ਲਾਜ਼ਮੀ ਹੈ।

# ਕੈਨੇਡਾ ਵਿਚ ਬੱਚਿਆਂ ਦੀ ਜਨਮ ਦਰ 'ਚ ਭਾਰੀ ਵਾਧਾ

ਸਾਲ 2007 'ਚ ਕੈਨੇਡਾ ਅੰਦਰ ਬੱਚਿਆਂ ਦੀ ਪੈਦਾਇਸ਼ 'ਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਜਨਮ ਦੇਣ ਵਾਲੀਆਂ ਔਰਤਾਂ ਦੀ ਉਮਰ ਕੋਈ 30 ਤੋਂ 34 ਸਾਲ ਦੀ ਹੈ। ਮੁਲਕ ਦੇ ਅੰਕੜਾ ਵਿਭਾਗ ਨੇ ਆਪਣੀ ਰਿਪੋਰਟ 'ਚ ਖੁਲਾਸਾ ਕੀਤਾ ਹੈ ਕਿ 1989 ਤੋਂ ਮਗਰੋਂ ਸਾਲ 2007 ਦੌਰਾਨ ਕੈਨੇਡੀਅਨ ਮਾਵਾਂ ਨੇ 367.867 ਬੱਚਿਆਂ ਨੂੰ ਜਨਮ ਦਿੱਤਾ ਜੋ ਕਿ 2006 ਦੇ ਮੁਕਾਬਲੇ 3.7 ਪ੍ਰਤੀਸ਼ਤ ਜ਼ਿਆਦਾ ਹੈ।

ਇਹ ਵਾਧਾ 1898 ਤੋਂ ਮਗਰੋਂ ਸਭ ਤੋਂ ਵਧ ਕਿਹਾ ਗਿਆ ਹੈ ਅਤੇ ਏਜੰਸੀ ਅਨੁਸਾਰ ਬੱਚਾ ਪੈਦਾ ਕਰਨ ਵਾਲੀ ਹਰ ਔਰਤ ਦੀ ਜਣੇਪੇ ਦੀ ਦਰ 1.59 ਗੁਣਾ ਤੋਂ ਵਧ ਕੇ 2007 'ਚ 1.66 ਗੁਣਾ 'ਤੇ ਆ ਗਈ। ਇਹ ਕੈਨੇਡਾ ਲਈ ਚੰਗਾ ਸ਼ਗਨ ਸਮਝਿਆ ਜਾ ਰਿਹਾ ਹੈ। ਏਜੰਸੀ ਮੁਤਾਬਕ ਹਿਜ਼ਰਤ ਨੂੰ ਮੱਦੇਨਜ਼ਰ ਰੱਖਦਿਆਂ ਕੈਨੇਡਾ ਦੀ ਵਸੋਂ ਬਰਕਰਾਰ ਰੱਖਣ ਲਈ ਇਹ ਦਰ ਇਸੇ ਤਰ੍ਹਾਂ ਕਾਇਮ ਰਹਿਣੀ ਚਾਹੀਦੀ ਹੈ।

ਦਰਅਸਲ ਇਹ ਕੋਈ ਅਲੋਕਾਰੀ ਗੱਲ ਨਹੀਂ। ਪਿਛਲੇ ਸਾਲਾਂ ਦੌਰਾਨ ਸਪੇਨ, ਆਸਟਰੇਲੀਆ, ਸਵੀਡਨ ਤੇ ਇੰਗਲੈਂਡ 'ਚ ਵੀ ਅਜਿਹਾ ਵਾਪਰ ਚੁੱਕਾ ਹੈ। 1995 ਤੋਂ ਲੈ ਕੇ 2007 ਤੱਕ ਉਥੇ ਪੈਦਾਇਸ਼ ਬਹੁਤ ਵਧੀ ਹੈ। ਅੰਕੜੇ ਦੱਸਦੇ ਹਨ ਕਿ 30 ਸਾਲ ਅਤੇ ਇਸ ਤੋਂ ਵਧ ਉਮਰ ਦੀਆਂ ਔਰਤਾਂ ਨੇ ਇਸ ਵਾਧੇ 'ਚ ਬਹੁਤ ਯੋਗਦਾਨ ਪਾਇਆ ਹੈ ਅਤੇ ਇਹ ਹਿੱਸਾ ਕੋਈ 56 ਗੁਣਾ ਬਣਦਾ ਹੈ। ਕੈਨੇਡਾ ਦੇ ਚਾਰ ਸੂਬੇ-ਅਲਬਰਟਾ, ਓਂਟਾਰੀਓ, ਕਿਊਬੈਕ ਅਤੇ ਬ੍ਰਿਟਿਸ਼ ਕੋਲੰਬੀਆ ਇਸ ਪੈਦਾਇਸ਼ੀ ਵਾਧੇ 'ਚ 83 ਫੀਸਦੀ ਹਿੱਸੇਦਾਰ ਹਨ।

ਅੰਕੜਿਆਂ ਅਨੁਸਾਰ ਬਾਕੀ ਦੇ ਪ੍ਰਾਂਤਾਂ ਦੇ ਮੁਕਾਬਲੇ ਸਾਸਕੈਚਵਾਨ ਸੂਬੇ ਦੀ ਵਸੋਂ ਦੇ ਲਿਹਾਜ਼ ਨਾਲ ਹਰ ਔਰਤ ਮਗਰ ਤਿੰਨ ਬੱਚੇ ਆਉਂਦੇ ਹਨ। ਮੋਟੀ ਨਜ਼ਰ ਮਾਰਿਆਂ 2007 ਦੌਰਾਨ ਓਂਟਾਰੀਓ 'ਚ 138.436, ਕਿਊਬੈਕ 'ਚ 81.937, ਅਲਬਰਟਾ 'ਚ 49.028 ਅਤੇ ਬ੍ਰਿਟਿਸ਼ ਕੋਲੰਬੀਆ 'ਚ 43.649 ਬੱਚੇ ਪੈਦਾ ਹੋਏ ਹਨ।

# ਚੀਨ ਪ੍ਰਤੀ ਸਾਡਾ ਰਵੱਈਆ ਹਕੀਕਤਾਂ 'ਤੇ ਆਧਾਰਤ ਹੋਣਾ ਚਾਹੀਦਾ ਹੈ

**-ਸ਼ੇਖਰ ਗੁਪਤਾ**

ਚੀਨ ਇਕ ਵਾਰ ਫਿਰ ਸੁਰਖੀਆਂ ਵਿਚ ਹੈ ਅਤੇ ਅਸੀਂ ਇਸ ਗੱਲ ਤੇ ਚਰਚਾ ਕਰ ਸਕਦੇ ਹਾਂ ਕਿ ਸੀਮਾ 'ਤੇ ਖ਼ਤਰਾ ਅਸਲ 'ਚ ਹੈ ਜਾਂ ਫਿਰ ਸਿਰਫ ਹਵਾ-ਹਵਾਈ ਹੈ। ਪਰ ਇਕ ਪਲ ਦੇ ਲਈ ਇਹ ਸੋਚਣ ਵਾਲੀ ਕਲਪਨਾ ਕਰੋ ਕਿ ਕੀ ਭਾਰਤ ਉਸੇ ਤਰ੍ਹਾਂ ਦਾ ਦੇਸ਼ ਹੈ ਜੋ ਚੀਨ ਤੋਂ ਕਾਫੀ ਭੈ-ਭੀਤ ਹੈ? ਕੀ ਸਾਲ 1962 ਦੇ ਛੋਟੇ ਜਿਹੇ ਪਰ ਭੈ-ਭੀਤ ਯੁੱਧ ਦੇ ਬਾਅਦ ਅਸੀਂ ਦੋ ਜਾਂ ਤਿੰਨ ਪੀੜ੍ਹੀਆਂ ਨੂੰ ਮਾਨਸਿਕ ਤੌਰ 'ਤੇ ਇਸ ਗੱਲ ਦੇ ਲਈ ਤਿਆਰ ਕਰ ਦਿੱਤਾ ਹੈ ਕਿ ਉਹ ਚੀਨੀ ਡ੍ਰੈਗਨ ਤੋਂ ਡਰ ਕੇ ਰਹਿਣ? ਅਸੀਂ ਪਾਕਿਸਤਾਨ ਨੂੰ ਹਰ ਵਕਤ ਘੂਰ ਸਕਦੇ ਹਾਂ, ਅਮਰੀਕਾ ਦੇ ਨਾਲ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰ ਸਕਦੇ ਹਾਂ, ਪਰ ਚੀਨ? ਚੀਨ ਦਾ ਜ਼ਿਕਰ ਆਉਂਦੇ ਹੀ ਅਸੀਂ ਵਿਉਪਾਰ, ਸੰਸਕ੍ਰਿਤੀ, ਸਾਂਝੇ ਮੁੱਲ, ਸਦੀਆਂ ਪੁਰਾਣੇ ਸੰਬੰਧਾਂ ਆਦਿ ਦੀ ਦੁਹਾਈ ਦੇਣ ਲਗਦੇ ਹਾਂ। ਕੀ ਇਨੇ ਦਹਾਕਿਆਂ ਵਿਚ ਅਸੀਂ ਇਸ ਮਨੋਵਿਗਿਆਨ ਦਾ ਅੰਤਰਰਾਸ਼ਟਰੀਕਰਣ ਅਤੇ ਸੰਸਥਾਈਕਰਣ ਕਰ ਲਿਆ ਹੈ ਕਿ ਆਰਥਿਕ, ਰਾਜਨੀਤਿਕ ਅਤੇ ਸੈਨਾ ਦੇ ਰੂਪ ਵਿਚ ਚੀਨੀ ਚੁਣੌਤੀ ਕਿਤੇ ਅਜਿੱਤ ਹੈ?

ਅਸੀਂ ਅਕਸਰ ਹੀ ਚੀਨ ਦੇ ਨਾਲ ਤੁਲਨਾ ਕਰਕੇ ਆਪਣੀ ਪਿੱਠ ਥਪੜਦੇ ਹਾਂ ਅਤੇ ਉਦੋਂ ਖੁਸ਼ੀ ਨਾਲ ਫੁੱਲੇ ਨਹੀਂ ਸਮਾਉਂਦੇ, ਜਦੋਂ ਸਾਡਾ ਜ਼ਿਕਰ ਚੀਨ ਨਾਲ ਕਰ ਦਿੱਤਾ ਜਾਂਦਾ ਹੈ। ਅਸੀਂ ਉਸ ਵਕਤ ਰੋਮਾਂਸ ਨਾਲ ਭਰ ਉਠਦੇ ਹਾਂ, ਜਦ ਵਿਦੇਸ਼ੀ ਵਿੱਤੀ ਬਰਾਦਰੀ ਦਾ ਕੋਈ ਅਧਿਕਾਰੀ ਭਾਰਤ ਦੌਰੇ ਦੌਰਾਨ ਇਹ ਕਹਿ ਦਿੰਦਾ ਹੈ ਕਿ 'ਸੰਸਾਰ ਆਰਥਿਕ ਮੰਦੇ ਤੋਂ ਉਭਰਨ ਲਈ ਚੀਨ ਅਤੇ ਭਾਰਤ ਦੀ ਅਹਿਮ ਭੂਮਿਕਾ ਰਹੇਗੀ।' ਜੇਕਰ ਇਮਾਨਦਾਰੀ ਨਾਲ ਸੋਚੀਏ ਤਾਂ ਕੀ ਅਸੀਂ ਜ਼ਮੀਨੀ ਪੱਧਰ ਤੇ ਚੀਨ ਦੇ ਨੇੜੇ ਤੇੜੇ ਵੀ ਠਹਿਰਦੇ ਹਾਂ? ਇਸ ਤੱਥ ਤੇ ਵਿਚਾਰ ਕਰੋ।

ਆਰਥਿਕ ਸੰਸਾਰ ਸੰਕਟ ਨਾਲ ਨਿਪਟਣ ਦੇ ਲਈ ਚੀਨੀ ਬੈਂਕਾਂ ਨੇ ਆਪਣੀ ਅਰਥਵਿਵਸਥਾ ਵਿਚ ਵਾਧੂ 70 ਲੱਖ ਕਰੋੜ ਰੁਪਏ ਝੋਕ ਦਿੱਤੇ। ਇਸਦੀ ਤੁਲਨਾ ਭਾਰਤ ਦੀ ਅਰਥਵਿਵਸਥਾ ਵਿਚ ਕੁਲ ਕਰਜ਼ ਦੀ ਮਾਤਰਾ ਨਾਲ ਕਰੋ। ਇਹ ਆਂਕੜਾ ਸਿਰਫ 27 ਲੱਖ ਕਰੋੜ ਰੁਪਏ ਦਾ ਹੈ। ਇਸ ਨਾਲ ਚੀਨੀ ਅਰਥਵਿਵਸਥਾ ਇਕ ਸਾਲ ਦੇ ਅੰਦਰ ਹੀ ਫਰਾਟੇ ਭਰਨ ਲੱਗੀ।

ਇਥੇ ਮਕਸਦ ਨਾ ਤਾਂ ਚੀਨੀ ਭੈਅ ਨੂੰ ਨਿਆ ਸੰਗਤ ਠਹਿਰਾਉਣਾ ਹੈ ਅਤੇ ਨਾ ਹੀ ਉਸਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਹੈ। ਮੈਂ ਤਾਂ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਅਸਲ ਹਾਲਾਤ ਕੀ ਹਨ। ਕਿਉਂਕਿ ਅਸੀਂ ਕਿਸੇ ਸਮਾਧਾਨ ਦੀ ਉਮੀਦ ਉਦੋਂ ਕਰ ਸਕਦੇ ਹਾਂ, ਜਦ ਸਾਨੂੰ ਸੱਚਾਈ ਦਾ ਪਤਾ ਹੋਵੇ। ਪਿਛਲੇ ਕਰੀਬ ਅੱਧੀ ਸ਼ਤਾਬਦੀ ਤੋਂ ਅਸੀਂ ਚੀਨ ਦਾ ਸਾਹਮਣਾ ਪਲਾਇਨਵਾਦੀ ਰੁੱਖ ਦੇ ਨਾਲ ਕਰਦੇ ਆਏ ਹਾਂ। ਸਿਰਫ ਦੋ ਮੌਕਿਆਂ ਨੂੰ ਛੱਡਕੇ। ਇਕ ਤਾਂ ਉਦੋਂ ਜਦ ਰਾਜੀਵ ਗਾਂਧੀ ਨੇ ਸਾਹਸੀ ਕਦਮ ਉਠਾਕੇ ਦੋਵਾਂ ਦੇਸ਼ਾਂ ਵਿਚਕਾਰ ਮੇਲ-ਮਿਲਾਪ ਦਾ ਜਤਨ ਕੀਤਾ ਸੀ। ਦੂਜਾ, ਅਟਲ ਬਿਹਾਰੀ ਵਾਜਪਾਈ ਨੇ ਇਨ੍ਹਾਂ ਜਤਨਾਂ ਵਿਚ ਨਵੇਂ ਸਿਰਿਓਂ ਜਾਨ ਪਾਈ ਸੀ। ਅਸੀਂ ਕਿੰਨੇ ਪਲਾਇਨਵਾਦੀ ਹਾਂ, ਇਹ ਇਸੇ ਗੱਲ ਨਾਲ ਸਾਫ ਹੋ ਜਾਂਦਾ ਹੈ ਕਿ ਚੀਨ ਪਾਕਿਸਤਾਨ ਨੂੰ ਹਥਿਆਰਾਂ ਦੀ ਸਪਲਾਈ ਕਰਦਾ ਹੈ ਉਦੋਂ ਅਸੀਂ ਉਹਦੇ ਨਾਲ ਵਿਰੋਧ ਵੀ ਨਹੀਂ ਜਤਾਉਂਦੇ ਜਾਂ ਜਤਾਉਂਦੇ ਵੀ ਹਾਂ ਤਾਂ ਨਾ-ਮਾਤਰ ਹੀ। ਇਸਦੇ ਉਲਟ ਪਾਕਿਸਤਾਨ ਦੇ ਪੁਰਾਣੇ ਐਫ-16 ਜਹਾਜਾਂ ਨੂੰ ਆਧੁਨਿਕ ਕਰਨ ਦੇ ਅਮਰੀਕੀ ਪ੍ਰਸਤਾਵ 'ਤੇ ਹੀ ਅਸੀਂ ਫੁੱਟ ਪੈਂਦੇ ਹਾਂ। ਜੇਕਰ ਪਾਕਿਸਤਾਨ ਚੀਨੀ ਮਿਸਾਈਲਾਂ ਵਿਚ ਬਦਲਾਓ ਕਰਦਾ ਹੈ ਤਾਂ ਅਸੀਂ ਬਸ ਦਬੀ ਜੁਬਾਨ ਵਿਚ ਸ਼ਿਕਾਇਤ ਹੀ ਕਰਦੇ ਹਾਂ, ਪਰ ਜਦ ਉਹ ਅਮਰੀਕੀ ਹਾਰਪੂਨ ਵਿਚ ਬਦਲਾਓ ਕਰਦਾ ਹੈ ਤਾਂ ਸਾਡਾ ਗੁੱਸਾ ਦੇਖਣ ਲਾਇਕ ਹੁੰਦਾ ਹੈ। ਸਵਾਲ ਇਹ ਨਹੀਂ ਹੈ ਕਿ ਸਾਡਾ ਇਹ ਨਜ਼ਰੀਆ ਸਹੀ ਹੈ ਜਾਂ ਗਲਤ? ਸਮਾਨ ਰੂਪ ਵਿਚ ਇਹੀ ਕੋਸ਼ਿਸ਼



ਹੁੰਦੀ ਹੈ ਕਿ ਅਸੀਂ ਇਸ ਤਰ੍ਹਾਂ ਦਾ ਕੁਝ ਨਾ ਬੋਲੀਏ ਜਾ ਕਰੀਏ ਕਿ ਚੀਨ ਨਰਾਜ਼ ਹੋ ਜਾਵੇ। ਇਸਦੇ ਬਾਵਜੂਦ ਸਾਡੇ ਦਿਮਾਗ ਵਿਚ ਚੀਨ ਹੁਣ ਵੀ ਸਾਡੀ ਸੁਰਖਿਆ ਦੇ ਲਈ ਸਭ ਤੋਂ ਗੰਭੀਰ ਖਤਰਾ ਬਣਿਆ ਹੋਇਆ ਹੈ।

ਪਰ ਜੇਕਰ ਇਸ ਤਰ੍ਹਾਂ ਨਹੀਂ ਹੈ ਤਾਂ ਫਿਰ ਸਾਨੂੰ ਸੜਕਾਂ ਦੇ ਨਿਰਮਾਣ, ਬਿਜਲਈ ਯੰਤਰਾਂ, ਦੂਰਸੰਚਾਰ ਵਿਚ ਚੀਨ ਦੇ ਵਧਦੇ ਦਖਲ ਨੂੰ ਲੈ ਕੇ ਉਸਦੇ ਪ੍ਰਤੀ ਇਨਾ ਸ਼ੱਕੀ ਕਿਉਂ ਹੋਣਾ ਚਾਹੀਦਾ? ਅਸੀਂ ਇਸ ਗੱਲ ਤੇ ਚਿੰਤਤ ਹਾਂ ਕਿ ਸਾਡੇ ਬਿਜਲਈ ਉਤਪਾਦਕ ਯੰਤਰਾਂ ਦੀ ਖਰੀਦ ਚੀਨ ਤੋਂ ਕਰ ਰਹੇ ਹਨ। ਜਦਕਿ ਸਾਡੇ ਘਰੇਲੂ ਉਤਪਾਦਨ ਉਨ੍ਹਾਂ ਦੀ ਮੰਗ ਤੋਂ ਇਕ ਹਿੱਸੇ ਭਰ ਦੀ ਪੂਰਤੀ ਕਰਨ ਦੇ ਵੀ ਸਮਰੱਥ ਨਹੀਂ ਹਨ।ਉਨ੍ਹਾਂ ਤੋਂ ਅਸੀਂ ਹੋਰ ਕੀ ਉਮੀਦ ਕਰ ਸਕਦੇ ਹਾਂ? ਅਸੀਂ ਦੋ ਦਹਾਕੇ ਦੇ ਆਰਥਿਕ ਸੁਧਾਰ ਕੁਝ ਕੁ ਜਨਤਕ ਸੰਸਥਾਵਾਂ ਨੂੰ ਬਚਾਉਣ ਵਿਚ ਬਰਬਾਦ ਕਰ ਦਿੱਤੇ, ਬਨਿਸਬਤ ਇਸਦੇ ਕਿ ਅਸੀਂ ਅਸਲ ਵਿਚ ਟਰਬਾਇਨ ਨਿਰਮਾਣ ਸਮਰਥਾ ਨੂੰ ਵਧਾਉਣ ਵਾਲੇ ਨਿਜੀ ਖੇਤਰ ਦੀ ਮਦਦ ਕਰਦੇ। ਫਿਰ ਇਹੋ ਜਿਹੇ ਹਾਲਾਤ ਵਿਚ ਅਸੀਂ ਕੀ ਕਰਦੇ ਹਾਂ? ਚੀਨੀ ਕਰਮਚਾਰੀਆਂ ਅਤੇ ਇੰਜੀਨੀਅਰਾਂ ਦੀ ਵੀਜ਼ੇ ਵਿਚ ਦੇਰ ਕਰਦੇ ਹਾਂ। ਇਸਦੀ ਪ੍ਰਤੀਕ੍ਰਿਆ ਵਿਚ ਚੀਨ ਲੱਦਾਖ ਦੇ ਸੀਮਾ ਤੇ ਕੁਝ ਚੱਟਾਨਾਂ ਤੇ ਲਾਲ ਰੰਗ ਪੋਚ ਦੇਂਦਾ ਹੈ ਅਤੇ ਅਸੀਂ ਫਿਰ ਤੋਂ ਡਰ ਜਾਂਦੇ ਹਾਂ। ਇਵੇਂ ਦਾ ਕੁਝ ਨਾ ਕਹੋ ਜਾਂ ਕਰੋ ਜਿਸ ਨਾਲ ਕਿ ਚੀਨ ਉਤੇਜਤ ਹੋ ਜਾਵੇ। ਉਮੀਦ ਕਰਨੀ ਚਾਹੀਦੀ ਕਿ ਚੀਨੀ ਸਾਡੇ ਟੀ ਵੀ ਚੈਨਲ ਨਹੀਂ ਦੇਖ ਰਹੇ ਹੋਣਗੇ ਜੋ 26/11 ਦੇ ਬਾਅਦ ਪਾਕਿਸਤਾਨ ਦੇ ਨਾਲ ਜੰਗ ਕਰਵਾਉਣ ਦੀ ਕੋਸ਼ਿਸ਼ ਵਿਚ ਵਿਫਲ ਹੋਣ 'ਤੇ ਹੁਣ ਚੀਨ ਦੇ ਨਾਲ ਇਹੋ ਜਿਹੀ ਸੰਭਾਵਨਾ ਦੀ ਪੜਤਾਲ ਕਰ ਰਹੇ ਹਨ।

ਤੁਹਾਨੂੰ ਅਤਿ ਪ੍ਰਤੀਕ੍ਰਿਆਵਾਦੀ ਬਨਣ ਦੀ ਜ਼ਰੂਰਤ ਨਹੀਂ ਹੈ। ਪਰ ਹੁਣ ਵਕਤ ਆ ਗਿਆ ਹੈ ਕਿ ਅਸੀਂ ਅੱਧੀ ਸਦੀ ਤੋਂ ਚਲੇ ਆ ਰਹੇ ਚੀਨੀ ਭੈਅ ਦਾ ਨਿਵਾਰਣ ਕਰਨ ਦੇ ਲਈ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ। ਅਸੀਂ 'ਚੀਨੀ ਖਤਰਾ' ਸ਼ਬਦਾਵਲੀ ਨੂੰ ਇਸਤੇਮਾਲ ਆਪਣੇ ਪਰਮਾਣੂ ਹਥਿਆਰਾਂ ਨੂੰ ਨਿਆਏਸੰਗਤ ਠਹਿਰਾਉਣ ਦੇ ਲਈ ਕਰਦੇ ਹਾਂ, ਪਰ ਕੀ ਅਸੀਂ ਆਪਣੀ ਅਰਥਵਿਵਸਥਾ, ਰਾਜਨੀਤਿਕ ਪ੍ਰਣਾਲੀ ਜਾ ਸੈਨਾ ਦੀ ਤਾਕਤ ਨੂੰ ਚੀਨ ਦੇ ਬਰਾਬਰ ਬਨਾਉਣ ਦੀ ਕੋਈ ਪ੍ਰਤੀਬੱਧਤਾ ਦਰਸਾਈ ਹੈ? ਭਾਰਤੀ ਅਤੇ ਚੀਨੀ ਅਰਥਵਿਵਸਥਾ ਵਿਚ ਫਰਕ ਸਰਬਵਿਆਪਕ ਹੈ। ਰਾਜਨੀਤਿਕ ਤੌਰ ਤੇ ਅਸੀਂ ਅਨਿਸ਼ਚਤਤਾ ਅਤੇ ਦੁਬਿਧਾ ਵਿਚ ਰਹਿੰਦੇ ਹਾਂ। ਜਦਕਿ ਚੀਨੀ ਕਿਤੇ ਜਿਆਦਾ ਕੇਂਦ੍ਰਿਤ ਤੇ ਦ੍ਰਿੜ ਹਨ। ਸੈਨਕ ਸਮਰਥਾ ਦਾ ਤਾਂ ਕੀ ਕਹਿਣਾ! ਪਿਛਲੇ 22 ਸਾਲਾਂ ਤੋਂ ਅਸੀਂ ਇਕ ਵੀ ਨਵੀਂ ਤੋਪ ਨਹੀਂ ਖਰੀਦ ਸਕੇ। ਸਾਡੀਆਂ ਜਹਾਜ਼ ਤੋੜੂ ਤੋਪਾਂ ਛੇ ਦਹਾਕੇ ਪੁਰਾਣੀਆਂ ਹਨ। ਸਮੁੰਦਰੀ ਸੈਨਾ ਦੇ ਲਈ ਮਿਜ਼ਾਈਲਾਂ ਦੀ ਪ੍ਰਾਪਤੀ ਕਿਸੇ ਸ਼ੰਕੇ ਕਰਕੇ ਰੋਕ ਦਿੱਤੀ ਗਈ। ਸਾਡੀ ਹਵਾਈ ਸੈਨਾ ਨੂੰ ਕਿਸੇ ਨਵੇਂ ਲੜਾਕੂ ਜਹਾਜ਼ ਦੀ ਉਚਿਤ ਪਰੀਖਿਆ ਦੇ ਲਈ ਦਸ ਸਾਲ ਤਕ ਇੰਤਜ਼ਾਰ ਕਰਨਾ ਪੈਂਦਾ ਹੈ।ਤਾਂ ਅਸੀਂ ਕੀ ਕਰੀਏ? ਇਸਦੇ ਲਈ ਸਾਨੂੰ ਨਾ ਤਾਂ ਬੰਕਰ ਬਣਾਉਣ ਦੀ ਜ਼ਰੂਰਤ ਹੈ ਅਤੇ ਨਾ ਹੀ ਰਣਭੂਮੀ ਵਲ ਕੂਚ ਕਰਨ ਦੀ। ਸਾਨੂੰ ਇਸ ਵਾਧੂ ਚੀਨੀ ਡਰ ਤੋਂ ਛੁਟਕਾਰਾ ਪਾਉਣਾ ਹੋਵੇਗਾ। ਚੀਨ ਚਾਹੇ ਸੁਪਰ ਪਾਵਰ ਬਣ ਚੁੱਕਿਆ ਹੈ, ਪਰ ਉਹ ਨਾਸਮਝ ਨਹੀਂ ਹੈ। ਦਾਅ 'ਤੇ ਉਸਦਾ ਵੀ ਉਨਾ ਹੀ ਲੱਗਿਆ ਹੈ, ਜਿਨਾ ਕਿ ਸਾਡਾ। ਉਸਦੀ ਅਰਥ ਵਿਵਸਥਾ, ਉਸਦੇ ਨਿਰਯਾਤ ਸਾਡੇ ਤੋਂ ਵੀ ਕਿਤੇ ਜਿਆਦਾ ਸੰਸਾਰ ਵਿਆਪੀ ਹਨ। ਇਸ ਲਈ ਉਹ ਆਪਣੇ ਗੁਆਂਢ ਵਿਚ ਇਕ ਯੁੱਧ ਕਰਕੇ ਆਪਣੇ ਜਹਾਜ਼ ਨੂੰ ਹਿਲਾਉਣ ਦਾ ਕੰਮ ਨਹੀਂ ਕਰੇਗਾ। ਹਾਂ, ਉਹ ਸਮੇਂ-ਸਮੇਂ ਤੇ ਤੁਹਾਨੂੰ ਇਹ ਜ਼ਰੂਰ ਯਾਦ ਦਿਵਾਉਂਦਾ ਰਹੇਗਾ ਕਿ ਅਸੀਂ ਉਸ ਤੋਂ ਕਿੰਨੇ ਪਿੱਛੇ ਰਹਿ ਗਏ ਹਾਂ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਉਸ ਨਾਲ ਸੀਮਾ ਤੇ ਲੜਾਈ ਵਿਚ ਉਲਝ ਜਾਈਏ ਜਿਵੇਂ ਕਿ ਮੀਡਿਆ ਦਾ ਇਕ ਯੁਧ ਉਨਮਾਦੀ ਵਰਗ ਪ੍ਰੇਰਿਤ ਕਰਦਾ ਹੈ। ਸਾਨੂੰ ਪਰਪੱਕ ਆਦਮੀ ਦੀ ਤਰ੍ਹਾਂ ਵਰਤਾਓ ਕਰਨਾ ਹੋਵੇਗਾ। ਅਸੀਂ ਪਿਛਲੀਆਂ ਢਾਈ ਪੀੜੀਆਂ ਤੋਂ ਚੀਨੀ ਡਰ ਨਾਲ ਇਸ ਲਈ ਜਿਉਂਦੇ ਆਏ ਹਾਂ, ਕਿਉਂਕਿ 1962 ਦੀ ਜੰਗ ਦੇ ਅਸਲ ਤੱਥ ਅਧਰਤ ਰਵਿਊ ਤੋਂ ਬਚਦੇ ਰਹੇ ਹਾਂ। ਸਾਨੂੰ ਭਾਰਤੀਆਂ ਨੂੰ 1962 ਦੇ ਸੱਚ ਨੂੰ ਜਾਨਣ ਦੀ ਜ਼ਰੂਰਤ ਹੈ ਅਤੇ ਇਸਦੀ ਸ਼ੁਰੂਆਤ ਹੈਂਡਰਸਨ ਬਰੁਕਸ ਆਯੋਗ ਦੀ ਰਿਪੋਰਟ ਨੂੰ ਜਨਤਕ ਕਰਨ ਨਾਲ ਬਿਹਤਰ ਹੋ ਸਕਦੀ ਹੈ, ਜਿਸ ਨੇ ਇਸ ਜੰਗ ਵਿਚ ਸਾਡੀ ਕਰਾਰੀ ਹਾਰ ਦੇ ਕਾਰਣਾਂ ਦੀ ਜਾਂਚ ਕੀਤੀ ਸੀ।

ਤੁਸੀਂ ਕਿਸੇ ਸੱਚਾਈ ਦਾ ਸਾਮ੍ਹਣਾ ਕਰਨਾ ਉਦੋਂ ਸਿੱਖ ਸਕਦੇ ਹੋ ਜਦੋਂ ਤੁਸੀਂ ਉਸਦੇ ਰੂ-ਬ-ਰੂ ਹੁੰਦੇ ਹੋ, ਖਾਸਕਰ ਉਦੋਂ ਜਦ ਕੋਈ ਡਰ ਤੁਹਾਡੀਆਂ ਸੀਮਾਵਾਂ ਤੋਂ ਵੀ ਜਿਆਦਾ ਤੁਹਾਡੇ ਦਿਮਾਗ ਵਿਚ ਘਾਤ ਲਗਾ ਕੇ ਬੈਠਿਆ ਹੋਵੇ।ਸਾਨੂੰ ਹੁਣ ਚੀਨ ਨਾਲ ਆਪਣੀ ਹਰ ਖੇਤਰ ਵਿਚ ਤੁਲਨਾ ਦੇ ਰੂਬਰੂ ਹੋਣਾ ਹੀ ਪੈਣਾ ਹੈ।

# ਸਾਦਗੀ ਮੁਹਿੰਮ ਗਰੀਬ ਭਾਰਤ ਨਾਲ ਮਜ਼ਾਕ ਤਾਂ ਨਹੀਂ?

**-ਵੇਦਪ੍ਰਤਾਪ ਵੈਦਿਕ**

ਕਿਸਨੂੰ ਸਾਦਗੀ ਕਹੀਏ ਅਤੇ ਕਿਸਨੂੰ ਅੱਯਾਸ਼ੀ? ਹਵਾਈ ਜਹਾਜ ਦੀ 'ਇਕਾਨਮੀ ਕਲਾਸ' ਵਿਚ ਯਾਤਰਾ ਨੂੰ ਸਾਦਗੀ ਕਿਹਾ ਜਾ ਰਿਹਾ ਹੈ। ਇਨ੍ਹਾਂ ਸਾਦਗੀ ਵਾਲਿਆਂ ਨੂੰ ਕੋਈ ਪੁੱਛੇ ਕਿ ਹਵਾਈ ਜਹਾਜ਼ ਵਿਚ ਕਿੰਨੇ ਲੋਕ ਯਾਤਰਾ ਕਰਦੇ ਹਨ? ਮੁਸ਼ਕਿਲ ਨਾਲ ਦੋ-ਤਿੰਨ ਕਰੋੜ ਲੋਕ! 100 ਕਰੋੜ ਤੋਂ ਜ਼ਿਆਦਾ ਲੋਕ ਤਾਂ ਹਵਾਈ ਜਹਾਜ਼ ਨੂੰ ਸਿਰਫ ਆਸਮਾਨ ਵਿਚ ਉਡਦਾ ਹੋਇਆ ਹੀ ਦੇਖਦੇ ਹਨ ਤਾਂ ਹਵਾਈ ਯਾਤਰਾ ਸਾਦਗੀ ਹੋਈ ਜਾਂ ਅਯਾਸ਼ੀ? ਦੇਸ਼ ਵਿਚ ਕਰੋੜਾਂ ਲੋਕ ਇਹੋ ਜਿਹੇ ਹਨ ਜੋ ਸਾਲ ਵਿਚ ਇਕ ਵਾਰ ਵੀ ਰੇਲ ਯਾਤਰਾ ਤਕ ਨਹੀਂ ਕਰਦੇ। ਕਰੋੜਾਂ ਲੋਕੀ ਇਹੋ ਜਿਹੇ ਵੀ ਹਨ ਜੋ ਕਦੇ ਕਾਰ ਵਿਚ ਹੀ ਨਹੀਂ ਬੈਠੇ। ਤਾਂ ਕੀ ਮੋਟਰ ਕਾਰ, ਰੇਲ ਅਤੇ ਜਹਾਜ਼ ਵਿਚ ਯਾਤਰਾ ਕਰਨ ਨੂੰ ਅਯਾਸ਼ੀ ਮੰਨਿਆ ਜਾਏ? ਜਿਨ੍ਹਾਂ ਨੂੰ ਜ਼ਰੂਰਤ ਹੈ ਅਤੇ ਜਿਨ੍ਹਾਂ ਦੇ ਕੋਲ ਪੈਸੇ ਹਨ, ਉਹ ਯਾਤਰਾ ਕਰਨਗੇ। ਉਹ ਇਹ ਵੀ ਚਾਹੁਣਗੇ ਕਿ ਵਿਸ਼ੇਸ਼ ਸ਼੍ਰੇਣੀਆਂ ਵਿਚ ਯਾਤਰਾ ਕਰੀਏ। ਸਵਾਲ ਸਿਰਫ ਅਰਾਮ ਦਾ ਹੀ ਨਹੀਂ ਹੈ, ਰੁਤਬੇ ਦਾ ਵੀ ਹੈ। ਅਗਰ ਪੂਰੀ ਰਾਤ ਦੀ ਰੇਲ ਜਾਂ ਜਹਾਜ਼ ਦੀ ਯਾਤਰਾ ਹੈ ਤਾਂ ਰੇਲ ਦੀ ਜਾਂ ਜਹਾਜ ਦੀ ਬਿਜਨਸ ਕਲਾਸ ਨੂੰ ਅੱਯਾਸ਼ੀ ਕਿਵੇਂ ਕਿਹਾ ਜਾ ਸਕਦਾ ਹੈ? ਜਿਨ੍ਹਾਂ ਨੇ ਆਪਣੀ ਜਗ੍ਹਾ ਤੇ ਪਹੁੰਚ ਕੇ ਜਲਦੀ ਕੰਮ ਵਿਚ ਜੁਟਣਾ ਹੈ, ਉਨ੍ਹਾਂ ਦੇ ਲਈ ਇਹ ਜ਼ਰੂਰੀ ਸੁਵਿਧਾ ਹੈ।

ਪਰ ਸਾਡੇ ਨੇਤਾਵਾਂ ਨੇ ਜਰੂਰਤ ਨਾ ਹੋਣ ਵਾਲੀਆਂ ਸਹੂਲਤਾਂ ਨੂੰ ਵੀ 'ਜ਼ਰੂਰੀ ਸਹੂਲਤਾਂ' ਵਿਚ ਬਦਲ ਦਿੱਤਾ ਹੈ। ਮਾਲੇ-ਮੁਫਤ, ਦਿਲੇ-ਬੇਰਹਿਮ। ਨੇਤਾਵਾਂ ਦੇ ਅੱਗੇ ਰੋਜ਼ ਨੱਕ ਰਗੜਨ ਵਾਲੇ ਧਨੀ ਲੋਕ ਜੇਕਰ ਇਨ੍ਹਾਂ ਸਹੂਲਤਾਂ ਨੂੰ ਵਰਤ ਰਹੇ ਹਨ ਤਾਂ ਨੇਤਾ ਕਿਉਂ ਪਿਛੇ ਰਹਿਣ? ਪੰਜ ਸਿਤਾਰਾ ਹੋਟਲਾਂ ਵਿਚ ਰਹਿਣ ਵਾਲੇ ਨੇਤਾ ਕੀ ਸੱਚ ਬੋਲ ਰਹੇ ਹਨ? ਦੇਸ਼ ਦੇ ਵੱਡੇ ਤੋਂ ਵੱਡੇ ਪੂੰਜੀਪਤੀ ਦੀ ਵੀ ਹਿੰਮਤ ਨਹੀਂ ਕਿ ਉਹ ਆਪਣੇ ਰਹਿਣ 'ਤੇ ਇਕ-ਡੇਢ ਲੱਖ ਰੁਪਏ ਰੋਜ਼ ਮਹੀਨਿਆਂ ਬੱਧੀ ਖ਼ਰਚ ਕਰ ਸਕਣ। ਜਾਂ ਤਾਂ ਕੋਈ ਪੂੰਜੀਪਤੀ ਸਿਆਸਤਦਾਨ ਦਾ ਬਿੱਲ ਭਰਦਾ ਹੈ ਜਾਂ ਡਰ ਦੇ ਮਾਰੇ ਹੋਟਲ ਹੀ ਉਸਨੂੰ ਲੰਬੀ ਰਿਆਇਤ ਦੇ ਦਿੰਦਾ ਹੈ। ਮੰਤਰੀਆਂ ਨੇ ਇਹ ਕਹਿਕੇ ਆਪਣਾ ਪਿੱਛਾ ਛੁੜਾ ਲਿਆ ਕਿ ਹੋਟਲਾਂ ਦੇ ਨਾਲ 'ਉਨ੍ਹਾਂ ਦਾ ਨਿੱਜੀ ਤਾਲਮੇਲ' ਹੈ। ਪੱਤਰਕਾਰਾਂ ਨੂੰ ਖੋਜ ਕਰਨੀ ਚਾਹੀਦੀ ਸੀ ਕਿ ਇਹ ਨਿਜੀ ਤਾਲਮੇਲ ਕਿਵੇਂ ਦਾ ਹੈ? ਜੇਕਰ ਇਹ ਮੰਤਰੀ ਲੋਕ ਅਪਨਾ ਪੈਸਾ ਖਰਚ ਕਰ ਰਹੇ ਹੁੰਦੇ ਤਾਂ ਪ੍ਰਣਬ ਮੁਖਰਜੀ ਨੂੰ ਕਹਿ ਦਿੰਦੇ ਕਿ ਢੱਠੇ ਖੂਹ 'ਚ ਜਾਏ ਤੁਹਾਡੀ ਸਾਦਗੀ। ਅਸੀਂ ਏਦਾਂ ਹੀ ਰਹਿਣਾ, ਜਿਵੇਂ ਕਿ ਮੁਹੰਮਦ ਅਲੀ ਜਿਨ੍ਹਾ ਕਿਹਾ ਕਰਦੇ ਸਨ। ਉਹ ਸਾਰੇ ਇਹ ਵੀ ਪੁੱਛ ਸਕਦੇ ਸਨ ਕਿ ਮਨਮੋਹਨ ਜੀ, ਪ੍ਰਣਬ ਜੀ, ਸੋਨੀਆ ਜੀ, ਅਟਲ ਜੀ, ਅਡਵਾਨੀ ਜੀ! ਜ਼ਰਾ ਇਹ ਦੱਸੋ ਕਿ ਤੁਹਾਡੇ ਘਰ ਕਿਹੜੇ ਪੰਜ ਸਿਤਾਰਾ ਹੋਟਲ ਨਾਲੋਂ ਘੱਟ ਹਨ? ਕੀ ਉਨ੍ਹਾਂ ਦਾ ਕਿਰਾਇਆ ਦੋ-ਤਿੰਨ ਲੱਖ ਰੁਪਏ ਰੋਜ਼ ਤੋਂ ਘੱਟ ਹੋ ਸਕਦਾ ਹੈ? ਡਾ. ਲੋਹੀਆ ਕਹਿੰਦੇ ਸਨ ਕਿ ਭਾਰਤ ਦਾ ਆਮ ਆਦਮੀ ਤਿੰਨ ਆਨੇ ਰੋਜ਼ ਤੇ ਗੁਜਾਰਾ ਕਰਦਾ ਹੈ ਅਤੇ ਪ੍ਰਧਾਨ ਮੰਤਰੀ (ਨਹਿਰੂ) 'ਤੇ 25 ਹਜ਼ਾਰ ਰੁਪਏ ਖਰਚ ਹੁੰਦੇ ਹਨ! ਅੱਜ ਸਾਡੇ ਮੰਤਰੀਆਂ ਤੇ, ਉਨ੍ਹਾਂ ਦੇ ਰਖ-ਰਖਾਓ, ਸੁਰਖਿਆ ਅਤੇ ਯਾਤਰਾ ਤੇ ਲੱਖਾਂ ਰੁਪਏ ਰੋਜ਼ ਖਰਚ ਹੁੰਦੇ ਹਨ, ਜਦਕਿ 80 ਕਰੋੜ ਲੋਕ 20 ਰੁਪਏ ਰੋਜ਼ ਤੇ ਗੁਜ਼ਾਰਾ ਕਰਦੇ ਹਨ। ਸਿਰਫ ਪੰਜ ਸਿਤਾਰਾ ਹੋਟਲ ਛੱਡ ਕੇ ਕਰਨਾਟਕ ਭਵਨ ਜਾ ਕੇਰਲ ਭਵਨ ਵਿਚ ਰਹਿਣ ਨਾਲ ਸਾਦਗੀ ਦਾ ਪਾਲਣ ਨਹੀਂ ਹੋ ਜਾਂਦਾ ਅਤੇ ਨਾ ਹੀ ਸਾਧਾਰਣ ਸ਼੍ਰੇਣੀ ਵਿਚ ਯਾਤਰਾ ਕਰਨ ਨਾਲ। ਇਹ ਕੋਰਾ ਦਿਖਾਵਾ ਹੈ। ਪਰ ਇਹ ਦਿਖਾਵਾ ਚੰਗਾ ਹੈ। ਇਸ ਨਾਲ ਦੇਸ਼ ਦੇ ਪੰਜ-ਸੱਤ ਲੱਖ ਰਾਜਨੀਤਿਕ ਕਾਰਕੁਨਾਂ ਅਤੇ ਨੇਤਾਵਾਂ ਨੂੰ ਕੁਝ ਸ਼ਰਮ ਤਾਂ ਜਰੂਰ ਆਵੇਗੀ। ਜਿਵੇਂ ਕਿ ਇਕ ਸਾਂਸਦ ਨੂੰ ਸ਼ਰਮ ਆਈ ਸੀ ਸੋਨੀਆ ਜੀ ਨੂੰ ਇਕਾਨਮੀ ਕਲਾਸ ਵਿਚ ਵੇਖ ਕੇ। ਸਧਾਰਣ ਲੋਕਾਂ ਤੇ ਵੀ ਇਸਦਾ ਕੁਝ ਅਸਰ ਪਵੇਗਾ। ਪਰ ਇਸ ਨਾਲ ਦੇਸ਼ ਦੀ ਮੁਸ਼ਕਿਲ ਦਾ ਹਲ ਕਿਵੇਂ ਹੋਵੇਗਾ? ਬਾਹਰ-ਬਾਹਰ ਸਾਦਗੀ ਅਤੇ ਅੰਦਰ-ਅੰਦਰ ਅੱਯਾਸ਼ੀ ਚਲਦੀ ਰਹੇਗੀ। ਸਾਦਗੀ ਸਾਡਾ ਆਦਰਸ਼ ਨਹੀਂ ਹੈ। ਅਸੀਂ ਆਪਣੇ ਸਮਾਜ ਨੂੰ ਅੱਯਾਸ਼ੀ ਦੀ ਪਟੜੀ ਤੇ ਪਾ ਦਿੱਤਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਰੇਲ ਸਾਦਗੀ ਦੇ ਸਟੇਸ਼ਨ ਤੇ ਪਹੁੰਚ ਜਾਵੇ। ਅਸੀਂ ਰਸਤਾ ਕੇਨੇਡੀ ਅਤੇ ਕਲਿੰਟਨ ਦਾ ਫੜਿਆ ਹੈ ਅਤੇ ਚਾਹੁੰਦੇ ਹਾਂ ਕਿ ਲੋਹੀਆਂ ਅਤੇ ਗਾਂਧੀ ਤੱਕ ਪਹੁੰਚ ਜਾਈਏ। ਨੇਤਾਵਾਂ ਦੇ ਦਿਖਾਵੇ ਤੋਂ ਅਸੀਂ ਆਖਿਰ ਕਿੰਨੀ ਬਚਤ ਕਰ ਸਕਾਂਗੇ? ਬੱਚਤ ਅਤੇ ਸਾਦਗੀ ਦਾ ਸੰਦੇਸ਼ ਦੇਸ਼ ਦੇ ਦਹਾੜਦੇ ਹੋਏ ਮੱਧ-ਵਰਗ ਤਕ ਪਹੁੰਚਣਾ ਚਾਹੀਦਾ। ਅਸੀਂ ਇਹ ਨਾ ਭੁੱਲੀਏ ਕਿ ਜੋ ਰਾਸ਼ਟਰ ਅੱਯਾਸ਼ੀ ਦੇ ਚੱਕਰ ਵਿਚ ਫਸਦੇ ਹਨ, ਉਹ ਜਾਂ ਤਾਂ ਦੂਜੇ ਰਾਸ਼ਟਰਾਂ ਦਾ ਖੂਨ ਪੀਂਦੇ ਹਨ ਜਾਂ ਆਪਣੀ ਹੀ ਬੇਵਸ ਹੋਈ ਜਨਤਾ ਦਾ! ਰਕਤਪਾਨ ਤੋਂ ਬਿਨਾਂ ਸਾਮਰਾਜਵਾਦ ਅਤੇ ਪੂੰਜੀਵਾਦ ਜਿੰਦਾ ਰਹਿ ਹੀ ਨਹੀਂ ਸਕਦੇ।

ਗਾਂਧੀ ਜੀ ਠੀਕ ਹੀ ਕਿਹਾ ਕਰਦੇ ਸਨ ਕਿ ਕੁਦਰਤ ਦੇ ਕੋਲ ਇੰਨੇ ਸਾਧਨ ਹੀ ਨਹੀਂ ਹਨ ਕਿ ਸਾਰੇ ਸੰਸਾਰ ਦੇ ਲੋਕ ਅੱਯਾਸ਼ੀ ਵਿਚ ਰਹਿ ਸਕਣ। ਅਸੀਂ ਆਪਣੇ ਦੇਸ਼ ਦੇ ਦੋ ਟੁਕੜੇ ਕਰ ਦਿੱਤੇ ਹਨ। ਇਕ ਦਾ ਨਾਮ ਹੈ, 'ਇੰਡੀਆ' ਅਤੇ ਦੂਜੇ ਦਾ ਹੈ 'ਭਾਰਤ'! ਇੰਡੀਆ ਅੱਯਾਸ਼ੀ ਦਾ ਪ੍ਰਤੀਕ ਹੈ ਅਤੇ ਭਾਰਤ ਸਾਦਗੀ ਦਾ! 'ਇੰਡੀਆ' ਦੇ ਭੱਦਰ ਲੋਕਾਂ ਦੇ ਲਈ ਹੀ ਪੰਜ ਸਿਤਾਰਾ ਹੋਟਲ ਹਨ, ਚਮਚਮਾਉਂਦੀਆਂ ਬਸਤੀਆਂ ਹਨ, ਸੱਤ ਸਿਤਾਰਾ ਹਸਪਤਾਲ ਹਨ, ਖਰਚੀਲੇ ਪਬਲਿਕ ਸਕੂਲ ਹਨ, ਮਨਇੱਛਿਤ ਅਦਾਲਤਾਂ ਹਨ। ਚਿਕਨੀਆ ਸੜਕਾਂ, ਵਾਤਾਨੁਕੂਲਿਤ ਰੇਲਾਂ ਅਤੇ ਜਹਾਜ ਹਨ, 'ਜਦਕਿ 'ਭਾਰਤ' ਦੇ (ਅ) ਭੱਦਰ ਲੋਕਾਂ ਦੇ ਲਈ ਹਨੇਰੀ ਸਰਾਂਅ ਹੈ, ਗੰਦੀਆਂ ਬਸਤੀਆਂ ਹਨ, ਬਦਬੂਦਾਰ ਹਸਪਤਾਲ ਹਨ, ਟੁਟੇ ਭੱਜੇ ਸਰਕਾਰੀ ਸਕੂਲ ਹਨ, ਤਲਿੱਸਮੀ ਅਦਾਲਤਾਂ ਹਨ, ਗੱਡੇਦਾਰ ਸੜਕਾਂ ਹਨ, ਖਟਾਰਾ ਬਸਾਂ ਹਨ ਅਤੇ ਪਸ਼ੂਆਂ ਵਾਲੀ ਸ਼੍ਰੇਣੀ ਦੇ ਰੇਲ ਦੇ ਡਿੱਬੇ ਹਨ। ਜਦ ਤਕ ਇਹ ਫਰਕ ਘੱਟ ਨਹੀਂ ਹੁੰਦਾ, ਜਦ ਤਕ ਸਮਤਾਮੂਲਕ ਸਮਾਜ ਨਹੀਂ ਬਣਦਾ, ਜਦ ਤਕ ਦੇਸ਼ ਵਿਚ ਹਰੇਕ ਵਿਅਕਤੀ ਦੇ ਲਈ ਰੋਟੀ, ਕਪੜਾ, ਮਕਾਨ, ਸਿੱਖਿਆ, ਚਿਕਿਤਸਾ, ਇਨਸਾਫ, ਸੁਰਖਿਆ ਅਤੇ ਮਨੋਰੰਜਨ ਦਾ ਘੱਟੋ ਘੱਟ ਪ੍ਰਬੰਧ ਨਹੀਂ ਹੁੰਦਾ, ਸਾਦਗੀ ਸਿਰਫ ਦਿਖਾਵਾ ਬਣੀ ਰਹੇਗੀ। ਸਾਡੇ ਨੇਤਾਜਨ ਆਪਣੀ ਸ਼ਕਤੀ 'ਭਾਰਤ' ਤੋਂ ਪ੍ਰਾਪਤ ਕਰਦੇ ਹਨ ਅਤੇ ਉਸਦਾ ਉਪਯੋਗ 'ਇੰਡੀਆ' ਲਈ ਕਰਦੇ ਹਨ। 'ਭਾਰਤ' ਦੀ ਸਾਦਗੀ ਉਸਦੀ ਮਜਬੂਰੀ ਹੈ। ਉਸਦਾ ਆਦਰਸ਼ 'ਇੰਡੀਆ' ਹੀ ਹੈ। ਇਸੇ ਲਈ ਹਰ ਆਦਮੀ ਚੂਹਾ-ਦੌੜ ਵਿਚ ਫਸਿਆ ਹੋਇਆ ਹੈ। ਮਲਾਈ ਸਾਫ ਕਰਨ ਤੇ ਤੁਲਿਆ ਹੋਇਆ ਹੈ। ਉਸਨੂੰ ਕਾਨੂੰਨ-ਕਾਇਦੇ, ਲੋਕ-ਲਾਜ ਅਤੇ ਲਿਹਾਜ਼-ਆਦਿ ਨਾਲ ਕੋਈ ਮਤਲਬ ਨਹੀਂ ਹੈ। ਇਸ ਮਾਮਲੇ ਤੋਂ ਨੇਤਾ ਸਭ ਤੋਂ ਅੱਗੇ ਹਨ। ਜੋ ਜਿੰਨਾ ਵੱਡਾ ਨੇਤਾ, ਉਹ ਉਨੇ ਵੱਡੇ ਠਾਠ-ਬਾਠ



**ਡਾ. ਲੋਹੀਆ ਕਹਿੰਦੇ ਸਨ ਕਿ ਭਾਰਤ ਦਾ ਆਮ ਆਦਮੀ ਤਿੰਨ ਆਨੇ ਰੋਜ਼ ਤੇ ਗੁਜਾਰਾ ਕਰਦਾ ਹੈ ਅਤੇ ਪ੍ਰਧਾਨਮੰਤਰੀ (ਨਹਿਰੂ) 'ਤੇ 25 ਹਜ਼ਾਰ ਰੁਪਏ ਖਰਚ ਹੁੰਦੇ ਹਨ! ਅੱਜ ਸਾਡੇ ਮੰਤਰੀਆਂ 'ਤੇ, ਉਨ੍ਹਾਂ ਦੇ ਰਖ-ਰਖਾਓ, ਸੁਰਖਿਆ ਅਤੇ ਯਾਤਰਾ ਦੇ ਲਈ ਲੱਖਾਂ ਰੁਪਏ ਰੋਜ਼ ਖਰਚ ਹੁੰਦੇ ਹਨ, ਜਦਕਿ 80 ਕਰੋੜ ਲੋਕ 20 ਰੁਪਏ ਰੋਜ਼ ਤੇ ਗੁਜਾਰਾ ਕਰਦੇ ਹਨ।**

ਵਿਚ ਰਹੇਗਾ। ਇਸ ਜੀਵਨ ਸ਼ੈਲੀ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਉਲਟਾ, ਦਿਲ ਵਿਚ ਇਹ ਹਸਰਤ ਜ਼ੋਰ ਮਾਰਦੀ ਰਹਿੰਦੀ ਹੈ ਕਿ ਹਾਏ, ਅਸੀਂ ਨੇਤਾ ਕਿਉਂ ਨਾ ਬਣ ਸਕੇ? ਇਹ ਕਿਵੇਂ ਹੁੰਦਾ ਹੈ ਕਿ ਇਕੱਲੀ ਦਿੱਲੀ ਵਿਚ ਨੇਤਾਵਾਂ ਦੇ ਬੰਗਲਿਆਂ ਦੇ ਰਖ-ਰਖਾਓ 'ਤੇ 100 ਕਰੋੜ ਰੁਪਏ ਖਰਚ ਹੋ ਜਾਂਦੇ ਹਨ ਅਤੇ ਦੇਸ਼ ਦੇ ਮੱਥੇ ਤੇ ਜੂੰ ਵੀ ਨਹੀਂ ਰੀਂਗਦੀ।

ਸਾਡੇ ਨੇਤਾ ਅਤੇ ਅਫਸਰ ਹਰ ਸਾਲ ਅਰਬਾਂ ਰੁਪਏ ਦੀ ਰਿਸ਼ਵਤ ਖਾ ਜਾਂਦੇ ਹਨ ਅਤੇ ਅੱਜ ਤਕ ਕਿਸੇ ਨੇਤਾ ਨੇ ਜੇਲ੍ਹ ਦੀ ਹਵਾ ਨਹੀਂ ਖਾਧੀ। ਜਾਪਾਨ ਅਤੇ ਇਟਲੀ ਵਿਚ ਭ੍ਰਿਸ਼ਟਾਚਾਰ ਦੇ ਕਾਰਣ ਦਰਜਨਾਂ ਸਰਕਾਰਾਂ ਗਿਰ ਗਈਆਂ ਅਤੇ ਤਾਈਵਾਨ ਦੇ ਪ੍ਰਸਿੱਧ ਰਾਸ਼ਟਰਪਤੀ ਚੇਨ ਜੇਲ੍ਹ ਵਿਚ ਸੜ ਰਹੇ ਹਨ, ਪਰ ਸਾਡੇ ਸਾਰੇ ਨੇਤਾ ਰਾਜਾ ਹਰੀਸ਼ਚੰਦਰ ਬਣੇ ਹੋਏ ਹਨ। ਉਹ ਰਾਜਾ ਹਰੀਸ਼ਚੰਦਰ ਦਾ ਨਕਾਬ ਪਾ ਕੇ ਰਖਦੇ ਹਨ ਕਿਉਂਕਿ ਭਾਰਤ ਵਿਚ ਲੋਕਾਂ ਨੇ ਭ੍ਰਿਸ਼ਟਾਚਾਰ ਨੂੰ ਹੀ ਸ਼ਿਸ਼ਟਾਚਾਰ ਮੰਨ ਲਿਆ ਹੈ। ਇਹ ਰਾਸ਼ਟਰੀ ਸਵੀਕ੍ਰਿਤੀ ਹੀ ਸਾਡੇ ਲੋਕਤੰਤਰ ਦਾ ਕੈਂਸਰ ਹੈ। ਇਹ ਕੈਂਸਰ ਸ਼ਾਸਨ, ਪ੍ਰਸ਼ਾਸਨ, ਸੰਸਦ, ਅਦਾਲਤ ਅਤੇ ਸਾਰੇ ਜਨ-ਜੀਵਨ ਵਿਚ ਫੈਲ ਰਿਹਾ ਹੈ। ਇਸਨੂੰ ਦੇਖ ਕੇ ਹੁਣ ਕਿਸੇ ਨੂੰ ਗੁੱਸਾ ਵੀ ਨਹੀਂ ਆਉਂਦਾ। ਅੱਯਾਸ਼ੀ ਹੀ ਭ੍ਰਿਸ਼ਟਾਚਾਰ ਦੀ ਜੜ ਹੈ। ਠਾਠ-ਬਾਠ, ਅੱਯਾਸ਼ੀ ਅਤੇ ਦਿਖਾਵਾ ਸਾਡੇ ਰਾਸ਼ਟਰੀ ਮੁੱਲ ਬਣੇ ਹੋਏ ਹਨ। ਅੱਯਾਸ਼ੀ ਦੇ ਦਿਖਾਵੇ ਨੂੰ ਸਾਦਗੀ ਦੇ ਦਿਖਾਵੇ ਨਾਲ ਕੁਝ ਹਦ ਤਕ ਕੱਟਿਆ ਜਾ ਸਕਦਾ ਹੈ, ਪਰ ਜਿਸ ਦੇਸ਼ ਵਿਚ ਅੱਯਾਸ਼ੀ ਸੱਤਾ ਅਤੇ ਸੰਪਨਤਾ ਦਾ ਸਟੈਂਡਰਡ ਬਣਦੀ ਜਾ ਰਹੀ ਹੋਵੇ, ਉਥੇ ਸਾਦਗੀ ਦਾ ਦਿਖਾਵਾ ਕੁਝ ਹੀ ਦਿਨਾਂ ਵਿਚ ਦਮ ਤੋੜ ਦੇਵੇਗਾ। ਇਹ ਠੀਕ ਹੈ ਕਿ ਫਕੀਰਾਂ ਦੀ ਤਰ੍ਹਾਂ ਰਹਿਣ ਵਾਲੇ ਸਮਰਾਟ ਜਨਕ, ਪਲੈਟੋ ਦੇ ਦਾਰਸ਼ਨਿਕ ਰਾਜਾ, ਆਪਣੀ ਮੋਮਬੱਤੀ ਵਾਲੇ ਕੌਟਿਲਯ, ਟੋਪੀ ਸੀਣ ਵਾਲੇ ਔਰੰਗਜ਼ੇਬ ਅਤੇ ਪ੍ਰਾਰੰਭਿਕ ਇਸਲਾਮੀ ਖਲੀਫਿਆਂ ਦੀ ਤਰ੍ਹਾਂ ਨੇਤਾ ਲੱਭ ਪਾਉਣਾ ਹੁਣ ਮੁਸ਼ਕਿਲ ਹੈ ਪਰ ਸਾਦਗੀ ਜੇਕਰ ਸਿਰਫ ਦਿਖਾਵਾ ਬਣੀ ਰਹੀ ਤੇ ਅੱਯਾਸ਼ੀ ਆਦਰਸ਼ ਤਾਂ ਇਹ ਮੰਨ ਕੇ ਚਲਿਓ ਕਿ ਭਾਰਤ ਨੂੰ ਰਸਾਤਲ ਵਿਚ ਜਾਣ ਤੋਂ ਕੋਈ ਨਹੀਂ ਰੋਕ ਸਕਦਾ।

# ਲੱਖ ਪਰਦੇਸੀ ਹੋਈਏ ਆਪਣਾ ਦੇਸ਼ ਨਹੀਂ ਨਿੰਦੀਦਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਵਿਦੇਸ਼ਾਂ ਵਿਚ ਜੌਬ ਕਿਸ ਤਰੀਕੇ ਅਤੇ ਸਲੀਕੇ ਨਾਲ ਕੀਤੀ ਜਾਂਦੀ ਹੈ? ਇਸ ਸਵਾਲ ਦਾ ਜਵਾਬ, ਪਹਿਲੀ ਵਾਰ ਅਮਰੀਕਾ ਆਉਂਦਿਆਂ ਮੈਨੂੰ ਰਾਹ ਵਿਚ ਹੀ ਮਿਲ ਗਿਆ ਸੀ। ਜਾਂ ਇਉਂ ਕਹਿ ਲਵੋ ਕਿ ਵਿਦੇਸ਼ੀ ਵਰਕ-ਕਲਚਰ ਦਾ 'ਟ੍ਰੇਲਰ' ਮੈਂ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਣ ਤੋਂ ਪਹਿਲਾਂ ਹੀ ਦੇਖ ਚੁੱਕਾ ਸਾਂ।

ਨਵੀਂ ਦਿੱਲੀਓਂ ਉਡਾਣ ਭਰ ਕੇ ਸਾਡਾ ਜਹਾਜ਼ ਕੋਰੀਆ ਦੇ ਸਿਉਲ ਏਅਰ ਪੋਰਟ 'ਤੇ ਉੱਤਰਿਆ। ਪੰਜ-ਛੇ ਘੰਟੇ ਦੀ ਲੰਬੀ ਸਟੇਅ ਹੋਣ ਕਾਰਨ ਮੈਂ ਇਸ ਹਵਾਈ ਅੱਡੇ ਦੇ ਵਿਸ਼ਾਲ ਕੰਪਲੈਕਸ ਵਿਚ ਇੱਧਰ-ਉੱਧਰ ਚੱਕਰ ਮਾਰਨ ਲੱਗ ਪਿਆ। ਮਟਰ-ਗਸ਼ਤੀ ਕਰਦਾ ਕਰਦਾ ਇਕ ਸਿਰੇ 'ਤੇ ਪਹੁੰਚ ਗਿਆ। ਭੂਰੇ ਰੰਗ ਦੇ ਵੱਡੇ-ਵੱਡੇ ਸ਼ੀਸ਼ਿਆਂ ਕੋਲ ਖਲੋ ਕੇ ਬਾਹਰ ਵਲ ਝਾਕਣ ਲੱਗ ਪਿਆ। ਖੜ੍ਹੇ ਜਹਾਜ਼ਾਂ ਦੇ ਨਾਲ ਲੱਗਦੇ ਥਾਂ ਵਿਚ ਵੱਡੇ-ਵੱਡੇ ਬੁਲਡੋਜ਼ਰ, ਟਰੈਕਟਰ-ਟਰਾਲੇ, ਕਰੇਨਾਂ ਅਤੇ ਟਰੱਕ ਵਾਹੋ-ਦਾਹੀ ਢੋਆ-ਢੁਆਈ ਜਿਹੀ ਕਰਨ ਲੱਗੇ ਹੋਏ ਸਨ।

ਸੰਤਰੀ ਰੰਗੀਆਂ ਜੈਕਟਾਂ ਪਹਿਨੀ ਲੇਬਰ ਦੇ ਬੰਦੇ ਵੀ ਇਉਂ ਨੱਠੇ ਭੱਜੇ ਫਿਰਦੇ ਸਨ ਜਿਵੇਂ ਭੂਮਣਾ ਛਿੜਿਆ ਹੁੰਦਾ ਹੈ। ਸਮੁੱਚੇ ਕੰਪਲੈਕਸ ਵਿਚ ਸਿਰਫ ਇੱਥੇ ਹੀ ਕੰਸਟਰਕਸ਼ਨ ਦਾ ਕੰਮ ਚੱਲ ਰਿਹਾ ਸੀ। ਬਾਕੀ ਸਾਰੇ ਪਾਸੇ ਇਕ ਦਮ ਸਫਾਈ! ਮੈਂ ਹੈਰਾਨ ਜਿਹਾ ਹੋ ਕੇ ਲਾਗੇ ਹੀ ਸ਼ੀਸ਼ੇ ਸਾਫ ਕਰ ਰਹੇ ਇਕ ਕਰਮਚਾਰੀ ਨੂੰ ਪੁਛਿਆ ਕਿ ਇੱਧਰ ਕੀ ਹੋ ਰਿਹਾ ਹੈ?

ਅੱਖ ਝਪਕਣ ਜਿੰਨਾ ਸਮਾਂ ਮੇਰੇ ਵਲ ਦੇਖ ਕੇ, ਸ਼ੀਸ਼ੇ ਰਗੜਦਾ ਹੋਇਆ ਉਹ ਬੋਲਿਆ ਕਿ ਏਅਰਪੋਰਟ ਵਾਲੇ ਕੋਈ ਉਸਾਰੀ ਕਰਵਾ ਰਹੇ ਹਨ। ਐਵੇਂ ਗੱਲ ਵਧਾਉਣ ਦੇ ਮਾਰੇ ਮੈਂ ਫਿਰ ਪੁੱਛ ਲਿਆ ਕਿ ਕੋਈ ਨਵਾਂ ਟਰਮੀਨਲ ਬਣਾ ਰਹੇ ਹੋਣਗੇ? ਇਸ ਵਾਰ ਬਿਨਾ ਮੇਰੇ ਵਲ ਝਾਕਿਆਂ, ਉਸਨੇ ਸੱਜੇ ਹੱਥ ਦਾ ਅੰਗੂਠਾ ਉਤਾਂਹ ਚੁੱਕ ਕੇ ਕਿਹਾ ''ਮਿਸਟਰ, ਏਅਰਪੋਰਟ ਅਥਾਰਟੀ ਵਾਲਿਆਂ ਦਾ ਦਫਤਰ ਉਪਰਲੀ ਬਿਲਡਿੰਗ ਵਿਚ ਹੈ। ਡੀਟੇਲ 'ਚ ਜਾਣਕਾਰੀ ਉੱਥੋਂ ਲੈ ਲਉ...ਸੌਰੀ, ਆਇ 'ਮ ਔਨ ਮਾਈ ਜੌਬ, ਆਈ ਹੈਵ ਨੋ ਟਾਈਮ!''

ਠੁੱਠ ਜਿਹਾ ਮੂੰਹ ਲੈ ਕੇ, ਮੈਂ ਆਪਣੇ ਘਰ ਦੇ ਜੀਆਂ ਕੋਲ ਬਹਿੰਦਿਆਂ ਸੋਚਣ ਲੱਗਾ ਕਿ ਜੇ ਹੁੰਦਾ ਨਾ ਸਾਡਾ ਦੇਸ਼, ਤਾਂ ਸ਼ੀਸ਼ੇ ਸਾਫ ਕਰਨ ਵਾਲੇ ਨੇ ਪੋਚਾ-ਪਾਚੀ ਛੱਡ ਕੇ ਮੇਰੇ ਨਾਲ ਲਾਗਲੇ ਬੈਂਚ ਉੱਪਰ ਬਹਿ ਜਾਣਾ ਸੀ। ਪਹਿਲਾਂ ਮੇਰਾ ਸਾਰਾ ਕੁਰਸੀਨਾਮਾ ਪੁੱਛਣਾ ਸੀ, ਫਿਰ ਆਪਣਾ ਦੱਸਣ ਲੱਗ ਪੈਣਾ ਸੀ। ਹੋ ਰਹੀ ਉਸਾਰੀ ਬਾਰੇ ਮੈਨੂੰ 'ਲੋੜੋਂ ਵੱਧ' ਜਾਣਕਾਰੀ ਮੁਹੱਈਆ ਕਰਵਾ ਦੇਣੀ ਸੀ। ਮਸਲਨ, ਇਹ ਠੇਕਾ ਦੇਣ 'ਚ ਕਿਹੜੇ ਅਫਸਰ ਨੇ ਕਿੰਨੇ ਹੱਥ ਰੰਗੇ, ਮਟੀਰੀਅਲ ਕਿੱਥੋਂ ਆ ਰਿਹਾ ਹੈ-ਵਗੈਰਾ ਵਗੈਰਾ। ਨਾਲੇ ਦੋ ਚਾਰ ਗਾਲਾਂ ਆਪਣੇ ਉਤਲੇ ਅਫਸਰਾਂ ਨੂੰ ਕੱਢ ਦੇਣੀਆਂ ਸਨ। ਫਿਰ ਸਿਆਸਤ 'ਤੇ ਤਬਸਰਾ ਹੋਣਾ ਸੀ, ਠਾਰਾ-ਠਿੰਗੀ ਜਿਹੀ ਕਰਕੇ ਉਸਨੇ ਉਥੋਂ ਉਡੰਤਰ ਹੋਣਾ ਸੀ! ਪਰ ਇੱਥੇ ਤਾਂ ਸ਼ੀਸ਼ੇ ਸਾਫ ਕਰਨ ਵਾਲਾ, ਏਅਰ ਪੋਰਟ ਦੇ 'ਲੋਗੋ' ਵਾਲੀ ਸ਼ਰਟ ਪਹਿਨ ਕੇ, ਇੰਨੀ ਮੁਸਤੈਦੀ ਨਾਲ ਆਪਣਾ ਕੰਮ ਕਰ ਰਿਹਾ ਸੀ ਕਿ ਇੱਧਰ-ਉੱਧਰ ਝਾਕਣਾ ਤਾਂ ਕਿਤੇ ਰਿਹਾ, ਉਸ ਨੂੰ ਮੈਂ ਖੁਰਕਦਿਆਂ ਵੀ ਨਹੀਂ ਦੇਖਿਆ!

ਅਮਰੀਕਾ ਪਧਾਰਿਆਂ ਹਾਲੇ ਕੁਝ ਹਫਤੇ ਹੀ ਹੋਏ ਸਨ। ਚੜ੍ਹਦੇ-ਲਹਿੰਦੇ ਦਾ ਵੀ ਹਾਲੇ ਗਿਆਨ ਨਹੀਂ ਸੀ ਹੋਇਆ। ਵੱਡੀ ਭੈਣ ਦੇ ਘਰੋਂ, ਜਿੱਥੇ ਅਸੀਂ ਨਿਵਾਸ ਰੱਖ ਰਹੇ ਸਾਂ, ਸ਼ਾਮ ਨੂੰ ਰੋਟੀ-ਪਾਣੀ ਛਕਣ ਉਪਰੰਤ ਆਪਣੇ ਭਾਣਜਿਆਂ ਨਾਲ ਟਹਿਲਣ ਲਈ ਨਿਕਲਿਆ। ਹਨੇਰਾ ਹੋਣ ਕਰਕੇ ਸਟਰੀਟ ਲਾਈਟਾਂ ਜਗ ਪਈਆਂ ਸਨ। ਦੁਧੀਆ ਚਾਨਣ ਬਿਖੇਰਦੀਆਂ ਲਾਈਟਾਂ ਦੀਆਂ ਕਤਾਰਾਂ ਅਦਭੁੱਤ ਨਜ਼ਾਰਾ ਪੇਸ਼ ਕਰ ਰਹੀਆਂ ਸਨ ਪਰ ਵਿਚਾਲੇ ਜਿਹੇ ਇਕ ਖੰਭੇ ਦੀ ਲਾਈਟ ਅੱਖ-ਝਮੱਕੇ ਜਿਹੇ ਮਾਰ ਰਹੀ ਸੀ। ਕਦੇ ਜਗ ਪੈਂਦੀ ਕਦੇ ਬੁਝ ਜਾਂਦੀ। ਏਡੀ ਲੰਬੀ ਪਾਲ ਵਿਚ ਇਕ ਖਰਾਬ ਲਾਈਟ ਬਾਰੇ ਮੈਂ ਸੋਚਿਆ ਕਿ ਇਹ ਕਿਹੜਾ ਇੰਡੀਆ ਹੈ? ਕਲ੍ਹ ਸ਼ਾਮ ਤੱਕ ਸ਼ਾਇਦ ਇਸਨੂੰ ਠੀਕ ਕਰ ਹੀ ਦੇਣਗੇ!

ਅੱਧਾ-ਪੌਣਾ ਘੰਟਾ 'ਵਾਕ' ਕਰਨ ਤੋਂ ਬਾਅਦ ਜਦ ਅਸੀਂ ਵਾਪਸੀ ਤੇ ਉਥੋਂ ਲੰਘੇ ਤਾਂ ਉੱਥੇ ਇਕ ਪੀਲੇ ਰੰਗ ਦੀ ਗੱਡੀ ਖੜ੍ਹੀ ਸੀ। ਸਿਰਫ ਇਕ ਹੀ ਕਾਰੀਗਰ ਗੱਡੀ 'ਚੋਂ ਨਿਕਲਿਆ, ਕਰੇਨ ਵਾਂਗ ਗੱਡੀ ਵਿਚੋਂ ਇਕ ਲੰਬੀ ਲੱਠ ਜਿਹੀ ਨਿਕਲੀ ਜਿਸ ਦੇ ਸਿਰੇ 'ਤੇ ਲੱਗੀ ਹੋਈ 'ਟਰੌਲੀ' ਵਿਚ ਉਹ ਕਾਰੀਗਰ ਖੜ੍ਹਾ ਸੀ। ਲੱਕ ਦੀ ਪੇਟੀ ਨਾਲ ਉਸਨੇ ਕਈ ਤਰ੍ਹਾਂ ਦੇ ਔਜ਼ਾਰ ਟੰਗੇ ਹੋਏ ਸਨ। ਉਸੇ ਟਰੌਲੀ ਵਿਚ ਖੜ੍ਹਾ ਖੜ੍ਹਾ ਹੀ ਉਹ ਉਸ ਨੂੰ ਥਾਂ ਸਿਰ ਕਰਨ ਲਈ ਇੱਧਰ-ਉੱਧਰ ਜਾਂ ਉੱਚਾ ਨੀਵਾਂ ਕਰੀ ਜਾ ਰਿਹਾ ਸੀ। ਮੇਰੇ ਵਾਸਤੇ ਇਹ ਦ੍ਰਿਸ਼ ਕਿਸੇ 'ਅਲੌਕਿਕ ਨਜ਼ਾਰੇ' ਤੋਂ ਘੱਟ ਨਹੀਂ ਸੀ। ਸਾਡੇ ਦੇਖਦਿਆਂ ਦੇਖਦਿਆਂ ਉਹ ਲਾਈਟ ਦੀ ਮੁਰੰਮਤ ਕਰਕੇ ਥੱਲੇ ਆ ਗਿਆ। ਅਮਰੀਕਾ ਦੀ 'ਕੁਇੱਕ ਸਰਵਿਸ' ਦੀਆਂ ਗੱਲਾਂ ਕੰਨਾਂ ਨਾਲ ਤਾਂ ਸੁਣੀਆਂ ਹੋਈਆਂ ਸਨ, ਪਰ ਅੱਖੀਂ ਦੇਖਣ ਦਾ ਇਹ ਪਹਿਲਾ ਮੌਕਾ ਸੀ।

ਘਰੇ ਆ ਕੇ ਇਸ ਤੁਰਤ-ਫੁਰਤ ਰਿਕਵਰੀ ਬਾਰੇ ਆਪਣੇ ਅਹਿਸਾਸਾਂ ਦਾ ਜ਼ਿਕਰ ਕਰਦਿਆਂ, ਮੈਂ ਆਪਣੇ ਘਰ ਦੀ ਬਿਜਲੀ ਦੀ ਮੁਰੰਮਤ ਕਰਵਾਉਣ ਵਾਲੀ ਹੱਡ-ਬੀਤੀ ਤਫਸੀਲ ਨਾਲ ਕਹਿ ਸੁਣਾਈ।

ਭਾਦੋਂ ਦਾ ਹੁੰਮਸ ਭਰਿਆ ਮਹੀਨਾ। ਸਾਰੇ ਪਿੰਡ ਦੀ ਬਿਜਲੀ ਜਗੇ, ਪਰ ਸਾਡੇ ਘਰ ਦੀ ਬੱਤੀ ਗੁੱਲ! ਸਾਡੇ ਘਰ ਦੀ ਲੋਕੇਸ਼ਨ ਕੁਝ ਅਜਿਹੀ ਹੈ ਕਿ ਮੇਨ-ਲਾਈਨ ਤੋਂ ਸਿਰਫ ਸਾਡੇ ਇਕੱਲੇ ਘਰ ਨੂੰ ਹੀ ਬਿਜਲੀ ਸਪਲਾਈ ਆਉਂਦੀ ਹੈ। ਪਤਾ ਨਹੀਂ ਕਿੱਥੇ ਨੁਕਸ ਪੈ ਗਿਆ ਸੀ, ਕਿ ਅਸੀਂ ਤਾਰਾਂ 'ਤੇ ਡੰਡੇ ਮਾਰ ਮਾਰ ਦੇਖ ਲਏ, ਪਰ ਬਿਜਲੀ ਚਾਲੂ ਨਾ ਹੋਈ।

***ਭਾਦੋਂ ਦਾ ਹੁੰਮਸ ਭਰਿਆ ਮਹੀਨਾ। ਸਾਰੇ ਪਿੰਡ ਦੀ ਬਿਜਲੀ ਜਗੇ, ਪਰ ਸਾਡੇ ਘਰ ਦੀ ਬੱਤੀ ਗੁੱਲ! ਸਾਡੇ ਘਰ ਦੀ ਲੋਕੇਸ਼ਨ ਕੁਝ ਅਜਿਹੀ ਹੈ ਕਿ ਮੇਨ-ਲਾਈਨ ਤੋਂ ਸਿਰਫ ਸਾਡੇ ਇਕੱਲੇ ਘਰ ਨੂੰ ਹੀ ਬਿਜਲੀ ਸਪਲਾਈ ਆਉਂਦੀ ਹੈ। ਪਤਾ ਨਹੀਂ ਕਿੱਥੇ ਨੁਕਸ ਪੈ ਗਿਆ ਸੀ, ਕਿ ਅਸੀਂ ਤਾਰਾਂ 'ਤੇ ਡੰਡੇ ਮਾਰ ਮਾਰ ਦੇਖ ਲਏ, ਪਰ ਬਿਜਲੀ ਚਾਲੂ ਨਾ ਹੋਈ।***

ਵੱਟ ਨੇ ਕੜੱਲ ਕੱਢੇ ਪਏ! ਰਾਤ ਔਖੀ ਸੌਖੀ ਕੱਟੀ। ਦੂਜੇ ਦਿਨ ਆਪਣੇ ਪਿੰਡ ਦੇ 'ਬਿਜਲੀ ਸ਼ਿਕਾਇਤ ਘਰ' ਗਿਆ। ਪਤਾ ਲੱਗਾ ਕਿ 'ਬਿਜਲੀ ਵਾਲੇ' (ਸਰਕਾਰੀ ਕਰਮਚਾਰੀ) ਦੁਪਹਿਰ ਨੂੰ ਆਉਣਗੇ। ਸਿਖਰ ਦੁਪਹਿਰੇ ਫਿਰ ਉੱਥੇ ਪਹੁੰਚਿਆ। ਬਿਨਾ ਰੈਗੂਲੇਟਰ ਦੇ ਫੁੱਲ ਸਪੀਡ 'ਤੇ ਚੱਲ ਰਹੇ ਛੱਤ ਵਾਲੇ ਪੱਖੇ ਥੱਲੇ, ਦੋਵੇਂ ਕਰਮਚਾਰੀ ਮੰਜਿਆਂ ਉਪਰ ਲੰਮੇ ਪਏ ਮਿਲ ਗਏ। ਮੰਜਿਆਂ ਉੱਪਰ ਪਲਸੇਟੇ ਮਾਰਦਿਆਂ ਹੋਇਆਂ ਉਨ੍ਹਾਂ ਮੈਥੋਂ ਬਿਜਲੀ ਸਪਲਾਈ ਦੀ ਖਰਾਬੀ ਬਾਰੇ ਡਿਟੇਲ 'ਚ ਪੁੱਛਿਆ। ਜਿਵੇਂ ਕੋਈ ਡਾਕਟਰ ਮਰੀਜ਼ ਨੂੰ ਚੈੱਕਅਪ ਕਰਨ ਵੇਲੇ ਉਸਦੀ ਸਿਹਤ ਬਾਰੇ ਸਵਾਲ ਕਰਦਾ ਹੁੰਦਾ ਹੈ।

ਮੇਰੇ ਮੂੰਹੋਂ ਸਾਰੀ ਕਹਾਣੀ ਸੁਣ ਕੇ ਉਨ੍ਹਾਂ ਨੇ ਮੇਜ ਉੱਪਰ ਪਏ ਇਕ ਖੁੱਥੜ ਜਿਹੇ ਰਜਿਸਟਰ 'ਤੇ ਕੰਪਲੇਂਟ ਲਿਖਣ ਲਈ ਮੈਨੂੰ ਇਸ਼ਾਰਾ ਕੀਤਾ। ਕਹਿਰਾਂ ਦੀ ਗਰਮੀ ਦਾ ਵਾਸਤਾ ਪਾਉਂਦਿਆਂ ਮੈਂ ਆਖਿਆ ਕਿ ਕੰਪਲੇਂਟ ਦੀ 'ਐਫ.ਆਈ.ਆਰ' ਤਾਂ ਮੈਂ ਸਵੇਰੇ ਹੀ ਦਰਜ ਕਰ ਗਿਆ ਸਾਂ, ਕਿਉਂਕਿ ਇਹ ਕੰਪਲੇਂਟ ਰਜਿਸਟਰ, ਨਾਲ ਲੱਗਦੀ ਦੁਕਾਨ 'ਚ ਹੀ ਰੱਖਿਆ ਹੁੰਦਾ ਹੈ। ਫਿਰ ਉਹ ਦੋਵੇਂ ਜਣੇ ਲੱਤਾਂ ਜਿਹੀਆਂ ਖਣੂੰਹਦੇ ਇਕ ਦੂਜੇ ਦੇ ਮੂੰਹ ਵਲ ਦੇਖਣ ਲੱਗ ਪਏ। ਜਿਵੇਂ ਮੇਰੇ ਨਾਲ ਨਾ ਜਾਣ ਦਾ ਕੋਈ ਬਹਾਨਾ ਢੂੰਡ ਰਹੇ ਹੋਣ ਪਰ ਮੈਂ ਅੱਗਿਉਂ ਉਨ੍ਹਾਂ ਦਾ ਦਿਲ ਪਸੀਜਦਾ ਕਰਨ ਲਈ ਝੂਠ-ਮੂਠ ਮਾਰਨ ਲੱਗ ਪਿਆ- 'ਮਾਂ ਬੀਮਾਰ ਪਈ ਹੈ, ਪੱਖਾ ਜ਼ਰੂਰ ਚਾਹੀਦਾ ਐ ਉਸਨੂੰ...ਸਾਡੇ ਪਾਸੇ ਮੱਛਰ ਬਹੁਤ ਹੈ।'

ਮੇਰੇ ਤਰਲੇ ਜਿਹੇ ਸੁਣ ਕੇ, ਉਹ ਬੇ-ਲਿਹਾਜੇ ਕਹਿਣ ਲੱਗੇ- ''ਤੁਹਾਡੇ 'ਫਾਲਟ' ਕੋਈ ਤਕੜਾ ਈ ਪੈ ਗਿਆ ਲੱਗਦੈ! ਇਹ ਇੱਦਾਂ ਠੀਕ ਨੀਂ ਹੋਣਾ। ਟਰਾਂਸਫਾਰਮਰ ਤੋਂ ਕੁਛ ਟੈਮ ਬਿਜਲੀ ਕੱਟਣ ਦਾ ਪਰਮਿਟ ਦਫਤਰੋਂ ਲਿਆਵਾਂਗੇ। ਫੇਰ ਲੈਨ ਚੈੱਕ ਕਰਾਂਗੇ।' ਇਹ ਲੰਬਾ ਪ੍ਰੋਸੀਜ਼ਰ ਸੁਣ ਕੇ, ਬੇ-ਵੱਸ ਜਿਹਾ ਹੁੰਦਿਆਂ ਮੈਂ ਪੁੱਛਿਆ ਕਿ ਬਿਜਲੀ ਕੱਟਣ ਦਾ ਪਰਮਿਟ ਤੁਸੀਂ ਕੱਲ ਨੂੰ ਲਿਆਉਗੇ?

''ਨਹੀਂ, ਕੱਲ੍ਹ ਨੂੰ ਸਾਡੀ 'ਰੈਸਟ' ਹੈ!'' ਰਾਗੀਆਂ ਦੀ ਜੁਗਲ-ਬੰਦੀ ਵਾਂਗ ਦੋਵੇਂ ਇਕੱਠੇ ਹੀ ਬੋਲੇ। ਉਨ੍ਹਾਂ ਦੇ ਮੂੰਹੋਂ 'ਰੈਸਟ' ਸ਼ਬਦ ਸੁਣ ਕੇ ਮੈਂ ਮਸੀਂ ਹਾਸਾ ਰੋਕਿਆ-'ਕੱਲ੍ਹ ਨੂੰ ਇਨ੍ਹਾਂ ਦੀ 'ਰੈਸਟ' ਹੈ! ਅੱਜ ਇਨ੍ਹਾਂ ਸੂਰਮਿਆਂ ਨੇ ਪਤਾ ਨਹੀਂ ਕਿਹੜਾ ਗੱਡਾ ਪੱਟਿਆ ਹੋਇਐ!!'

ਤੀਜੇ ਦਿਨ 'ਤੇ ਗੱਲ ਪਈ ਜਾਣ ਕੇ, ਮੈਂ ਉਨ੍ਹਾਂ ਦੇ ਇਸ ਗੱਲ ਲਈ ਖਹਿੜੇ ਪੈ ਗਿਆ ਕਿ ਘੱਟ ਤੋਂ ਘੱਟ ਉਹ ਸਾਡੇ ਘਰ ਜਾ ਕੇ ਨੁਕਸ ਲੱਭਣ ਦੀ ਕੋਸ਼ਿਸ਼ ਤਾਂ ਕਰਨ? ਵਾਰ ਵਾਰ ਕਹਿਣ 'ਤੇ ਉਨ੍ਹਾਂ ਮੈਨੂੰ ਕਿਹਾ ਕਿ ਨਾਲੇ ਮੈਂ ਘਰੇ ਜਾ ਚਾਹ ਬਣਵਾਵਾਂ, ਨਾਲੇ ਇੱਕ ਢਾਂਗੀ ਦਾ ਬੰਦੋਬਸਤ ਕਰਾਂ। ਗੱਲ ਮੁੱਕਦੀ, ਉਨ੍ਹਾਂ ਨੇ ਵੱਖ-ਵੱਖ ਜੋੜਾਂ ਉੱਪਰ ਬਥੇਰੀਆਂ ਢਾਂਗੀਆਂ-ਢੁੰਗੀਆਂ ਮਾਰੀਆਂ, ਪਰ ਬਿਜਲੀ ਠੀਕ ਨਾ ਹੋਈ। ਚਾਹ ਪੀ ਕੇ ਮੁੱਛਾਂ ਸਵਾਰਦੇ ਹੋਏ ਉਹ ਦੋਵੇਂ ਦੂਜੇ ਦਿਨ ਦੀ 'ਰੈਸਟ ਮਾਰਨ' ਲਈ ਆਪਣੇ ਘਰਾਂ ਨੂੰ ਚਲੇ ਗਏ।

ਤੀਸਰੇ ਦਿਨ ਉਹ ਆਪਣੇ ਨਾਲ ਦੋ ਹੋਰ ਸਾਥੀ ਕਰਮਚਾਰੀਆਂ ਨੂੰ ਲੈ ਕੇ ਆਏ। ਦੂਜੇ ਦੋਹਾਂ 'ਚੋਂ ਇਕ ਜਣਾ ਤਾਂ ਟਰਾਂਸਫਾਰਮਰ ਦਾ ਡੱਡਾ ਚੁੱਕ ਕੇ, ਲਾਗਲੀ ਟਾਹਲੀ ਦੀ ਛਾਂ ਥੱਲੇ ਸਿਗਰਟ ਲਾ ਕੇ ਬਹਿ ਗਿਆ। ਸਾਡੇ ਘਰ ਨੂੰ ਲੱਗੀ ਹੋਈ ਬਾਂਸ ਦੀ ਪੌੜੀ ਵਲ ਦੇਖ ਕੇ, ਤਿੰਨਾਂ 'ਚੋਂ ਇਕ ਜਣੇ ਨੇ ਫੁਰਮਾਇਆ- ''ਬਾਈ ਖੰਭਿਆਂ 'ਤੇ ਚੜ੍ਹਨ ਵਾਲਾ ਸਾਡਾ ਮੁੰਡਾ ਅੱਜ ਛੁੱਟੀ 'ਤੇ ਐ, ਤੁਸੀਂ ਐਹੋ ਜਿਹੀ ਇਕ ਹੋਰ ਪੌੜੀ ਦਾ ਇੰਤਜ਼ਾਮ ਕਰੋ!'' ਨਾਲ ਹੀ ਉਨ੍ਹਾਂ 'ਮੇਰੇ ਭਲੇ' ਲਈ ਸਲਾਹ ਦਿੱਤੀ, ਅਖੇ ਪੌੜੀ ਚੁੱਕ ਕੇ ਇੱਧਰ-ਉੱਧਰ ਲਿਜਾਣ ਲਈ ਦੋ-ਤਿੰਨ ਭਈਏ ਵੀ 'ਹਾਇਰ' ਕਰ ਲਵਾਂ! ਲਗਦੇ ਹੱਥ ਉਨ੍ਹਾਂ ਨੇ ਦੁਪਹਿਰ ਦੇ ਪ੍ਰਸ਼ਾਦੇ ਤਿਆਰ ਕਰਨ ਦਾ ਵੀ ਹੁਕਮ ਸਾਦਰ ਕਰ ਦਿੱਤਾ।

ਦੋ ਪੌੜੀਆਂ ਬੰਨ੍ਹ ਕੇ, 'ਕੱਲੇ 'ਕੱਲੇ ਖੰਭੇ ਨਾਲ ਲਾ ਲਾ ਕੇ, ਭਾਦੋਂ ਦੇ ਤਿੱਖੜ ਦੁਪਹਿਰੇ ਕਿਵੇਂ ਅਸੀਂ ਲੂਹ ਹੋਏ, ਕਿਵੇਂ ਅਸੀਂ ਮੱਕੀਆਂ, ਚਰ੍ਹੀਆਂ ਤੇ ਕਮਾਦਾਂ ਵਿਚ ਘੁੰਮਦੇ ਪੱਛੇ ਗਏ, ਉਸ ਦਿਨ ਕਿੰਨੀਆਂ ਬਾਲਟੀਆਂ ਅਸੀਂ ਸ਼ਰਬਤ ਦੀਆਂ ਪੀਤੀਆਂ ਅਤੇ ਕਿੰਜ ਸਭ ਤੋਂ ਅਖੀਰਲੇ ਖੰਭੇ ਦਾ 'ਜੰਪਰ' ਟੁੱਟਿਆ ਹੋਇਆ ਲੱਭਿਆ, ਇਹ ਸਾਰੀ 'ਮੁਸੀਬਤ ਭਰੀ' ਕਹਾਣੀ ਸੁਣ ਕੇ ਮੇਰੇ ਅਮਰੀਕਨ ਭਾਣਜੇ ਹੱਸ-ਹੱਸ ਲੋਟ-ਪੋਟ ਹੁੰਦੇ ਜਾਣ!

ਪੜ੍ਹਨ-ਸੁਣਨ ਵਾਲੇ ਸੱਜਣ ਸ਼ਾਇਦ ਸੋਚਣਗੇ ਕਿ ਮੈਂ ਆਪਣੇ ਦੇਸ਼ ਦੀ ਭੰਡੀ ਕਰ ਰਿਹਾ ਹਾਂ। ਹਰਗਿਜ਼ ਨਹੀਂ! ਸੱਚ ਜਾਣਿਉ, ਸੜਕ ਕੰਢੇ ਵਾਲੀ ਲਾਈਟ ਨੂੰ ਠੀਕ ਕਰ ਰਹੇ ਬਿਜਲੀ ਵਾਲੇ ਵਲ ਦੇਖ ਕੇ ਮੈਂ ਪ੍ਰਭਾਵਿਤ ਜ਼ਰੂਰ ਹੋਇਆ ਸਾਂ, ਪਰ ਫਿਰ ਇਸ ਦੇ ਮੁਕਾਬਲੇ ਮੇਰੀਆਂ ਅੱਖਾਂ ਅੱਗੇ ਉਹ ਦ੍ਰਿਸ਼ ਆਉਂਦਾ ਹੈ...'ਵਿਹੜੇ ਵਿਚ ਖੜ੍ਹੀ ਨਿੰਮ ਦੀ ਗੂੜ੍ਹੀ ਛਾਂ ਹੇਠ ਸਾਰਾ ਕੰਮ ਨਿਬੇੜ ਕੇ ਬਿਜਲੀ ਮੁਲਾਜ਼ਮ ਤੇ ਭਈਏ ਹੱਥ-ਮੂੰਹ ਧੋ ਕੇ ਬਹਿ ਜਾਂਦੇ ਹਨ...ਮੇਰੀ ਮਾਂ ਅੰਦਰ ਜਾ ਕੇ ਮੇਰੀ ਪਤਨੀ ਦੇ ਕੰਨ 'ਚ ਹੌਲੀ ਦੇਣੀ ਕਹਿੰਦੀ ਹੈ- ''ਧੀਏ, ਪਤਾ ਨਹੀਂ ਵਿਚਾਰੇ ਕਿੱਥੇ-ਕਿੱਥੇ ਦੇ ਹੈਗੇ ਆ, ਇਨ੍ਹੀਂ ਕਿਹੜਾ ਸਾਡੇ ਰੋਜ਼ ਰੋਜ਼ ਰੋਟੀ ਖਾਣ ਆਉਣੈ...ਦੋ ਸਬਜ਼ੀਆਂ ਬਣਾ ਲੈ, ਨਾਲੇ ਕੋਈ ਮਿੱਠੀ ਚੀਜ਼ ਬਣਾ ਲੈ!''...ਕਿਵੇਂ ਥੱਕੇ ਹਾਰੇ ਬਿਜਲੀ ਮੁਲਾਜ਼ਮ ਅਤੇ ਭਈਏ ਰੱਜ ਕੇ ਘਰੋਂ ਬੜੀ ਨਿਸ਼ਾ ਨਾਲ ਪ੍ਰਸ਼ਾਦਾ ਛਕ ਕੇ ਗਏ...ਬਿਜਲੀ ਮੁਲਾਜ਼ਮਾਂ ਵਿਚ ਇਕ ਸਿੰਘ ਨੇ ਰੋਟੀ ਖਾਣ ਮਗਰੋਂ ਹੱਥ ਧੋ ਕੇ ਕਾਮਨਾ ਕੀਤੀ ਸੀ- 'ਲੋਹ-ਲੰਗਰ ਤਪਦੇ ਰਹਿਣ, ਸਿੱਖ ਗੁਰੂ ਕੇ ਛਕਦੇ ਰਹਿਣ...।' ਤਾਂ ਉਸ ਜੰਮਣ-ਭੋਇੰ ਲਈ ਮੋਹ ਦੇ ਦਰਿਆ ਉਮੜ੍ਹ ਪੈਂਦੇ ਹਨ!

ਯੇ ਸੁਕੂਨੋ-ਆਸਾਇਸ਼, ਅਜਨਬੀ ਦਿਯਾਰੋਂ ਮੇਂ ਅਪਨੇ ਮੁਲਕ ਮੇਂ ਪਾਤੇ, ਕਾਸ਼! ਹਮ ਵਹੀਂ ਰਹਤੇ!!

# ਕਲਮ ਦੀ ਰਵਾਨੀ ਲਈ ਸਿਹਤ ਵੀ ਕਾਇਮ ਹੋਣੀ ਚਾਹੀਦੀ

ਹਮਦਰਦਵੀਰ ਨੌਸ਼ਹਿਰਵੀ

ਕਰਨੈਲ ਸਿੰਘ ਧਾਲੀਵਾਲ ਦੇ ਫੋਨ ਨੇ ਮੈਨੂੰ ਅਚੰਭੇ ਵਿਚ ਪਾ ਦਿੱਤਾ ਕਿ ਦੰਗਲ ਪਹਿਲਵਾਨ ਕਮੇਟੀ ਨੇ ਇਸ ਵਾਰ ਮੈਨੂੰ ਆਪਣੇ ਸਨਮਾਨ ਲਈ ਚੁਣਿਆ ਹੈ। ਮੈਨੂੰ ਪਤਾ ਸੀ ਕਿ ਸ਼ਹਿਰ ਵਿਚ ਵਿਸ਼ਾਲ ਦੰਗਲ ਕਮੇਟੀ ਹਰ ਸਾਲ ਪੰਜਾਬ ਪੱਧਰ ਦੀਆਂ ਕੁਸ਼ਤੀਆਂ ਦਾ ਪ੍ਰਬੰਧ ਕਰਦੀ ਸੀ। ਪਿਛਲੇ ਕਈ ਸਾਲਾਂ ਤੋਂ ਹਰ ਸਾਲ ਪੱਕੀ ਮਿੱਥੀ ਤਰੀਕ ਉੱਤੇ ਦੁਰਗਾ ਅਸ਼ਟਮੀ ਦੇ ਮੇਲੇ ਸਮੇਂ ਵਿਸ਼ਾਲ ਕੁਸ਼ਤੀ ਮੁਕਾਬਲਾ ਕਰਵਾਇਆ ਜਾਂਦਾ ਸੀ।

ਸਾਵਣ ਦੀ ਅੱਠੇ ਸਮੇਂ ਮੇਲਾ ਭਰਦਾ ਸੀ। ਲਾਉਡ ਸਪੀਕਰ ਉੱਤੇ ਗੀਤ ਵੱਜਦੇ ਸਨ। ਬਾਹਰ ਖੁੱਲ੍ਹੇ ਖੇਤ ਵਿਚ, ਗੋਡੀ ਹੋਈ ਜ਼ਮੀਨ ਉੱਤੇ ਮੰਚ ਸਜਦਾ ਸੀ। ਕੁਰਸੀਆਂ ਭਰਦੀਆਂ ਸਨ। ਵਿਸਲਾਂ ਵੱਜਦੀਆਂ ਸਨ। ਪਹਿਲਵਾਨ ਮੈਦਾਨ ਵਿਚ ਨਿਕਲਦੇ ਸਨ। ਪੰਜਾਬ ਭਰ ਤੋਂ ਨਾਮੀ ਪਹਿਲਵਾਨ ਆ ਕੇ, ਆਪਣੇ ਕੁਸ਼ਤੀ ਦੇ ਜੌਹਰ ਵਿਖਾਉਂਦੇ ਸਨ। ਯਸ਼ਪਾਲ ਸ਼ਰਮਾ ਇਸ ਕੁਸ਼ਤੀ ਮੇਲੇ ਦਾ ਮੁੱਖ ਪ੍ਰਬੰਧਕ ਹੁੰਦਾ ਸੀ। ਉਸ ਦੀ ਨਿਗ੍ਹਾ ਮੈਦਾਨ ਦੇ ਹਰ ਕੋਨੇ ਦਾ ਚੱਕਰ ਲਾਉਂਦੀ ਸੀ। ਯਸ਼ਪਾਲ ਦੇ ਹੱਥ ਮਾਈਕ ਹੁੰਦਾ ਸੀ। ਉਹ ਕੁਸ਼ਤੀਆਂ ਲਈ ਜੋੜੀਆਂ ਦਾ ਐਲਾਨ ਕਰਦਾ ਸੀ। ਪਹਿਲਵਾਨ ਦਾ ਨਾਂ ਅਖਾੜੇ ਅਤੇ ਪਿੰਡ ਦਾ ਨਾਂ ਦੱਸਦਾ ਸੀ। ਦੰਗਲ ਕਮੇਟੀ ਦੇ ਪ੍ਰਧਾਨ ਤਰਲੋਚਨ ਸਿੰਘ ਕੰਗ ਨੇ ਦੱਸਿਆ ਕਿ ਅਸੀਂ ਪਹਿਲੀ ਵਾਰ ਇਤਿਹਾਸਕ ਮੇਲੇ ਵਿਚ ਸਨਮਾਨ ਕਰਨ ਲਈ, ਇਕ ਲੋਕ ਪੱਖੀ ਸਮਾਜ ਸੇਵੀ ਪੰਜਾਬੀ ਲੇਖਕ ਅਤੇ ਸੀਨੀਅਰ ਕਾਲਜ ਅਧਿਆਪਕ ਨੂੰ ਚੁਣਿਆ ਸੀ।

ਇਸ ਦੰਗਲ ਮੇਲੇ ਦੀ ਵਿਸ਼ੇਸ਼ਤਾ ਸੀ ਕਿ ਕਦੀ ਵੀ ਕਿਸੇ ਸਿਆਸਤਦਾਨ ਜਾਂ ਧਰਮ, ਡੇਰੇ ਦੇ ਸਾਧ ਨੂੰ ਨਹੀਂ ਸੀ ਬੁਲਾਇਆ ਜਾਂਦਾ। ਨਾ ਕਿਸੇ ਭ੍ਰਿਸ਼ਟ ਮਾਲਦਾਰ, ਦਲਾਲ ਪਾਸੋਂ ਪੈਸੇ ਲੈ ਕੇ ਉਸਨੂੰ ਚੌਧਰ ਦਿੱਤੀ ਜਾਂਦੀ ਸੀ। ਨੌਕਰਸ਼ਾਹ, ਪੁਲਿਸਸ਼ਾਹ, ਸ਼ਰਾਬਸ਼ਾਹ ਅਖਾੜੇ ਦੇ ਨੇੜੇ ਵੀ ਨਹੀਂ ਸਨ ਫਟਕਣ ਦਿੱਤੇ ਜਾਂਦੇ।

ਮੇਲੇ ਦੀ ਪਰੰਪਰਾ ਸੀ ਕਿ ਸਨਮਾਨਤ ਕੀਤੀ ਜਾ ਰਹੀ ਸ਼ਖਸੀਅਤ ਦਾ ਸ਼ਹਿਰ ਵਿਚ ਸਵਾਗਤੀ ਜਲੂਸ ਕੱਢਿਆ ਜਾਂਦਾ ਸੀ। ਮੁੱਖ ਮਾਰਗ ਦੇ ਕਿਨਾਰੇ ਮੈਨੂੰ ਹਾਰਾਂ ਨਾਲ ਲੱਦ ਦਿੱਤਾ ਗਿਆ। 20-25 ਵਰਤਮਾਨ ਅਤੇ ਸਾਬਕਾ ਅਹੁਦੇਦਾਰਾਂ ਤੇ ਪਹਿਲਵਾਨਾਂ ਨੇ ਮੇਰੇ ਗਲੇ ਵਿਚ ਹਾਰ ਪਾਏ। ਖੁੱਲ੍ਹੀ ਜੀਪ ਵਿਚ ਬਠਾਇਆ ਗਿਆ। ਜੀਪ ਤੁਰੀ ਤਾਂ ਅੱਗੇ ਅੱਗੇ ਬੈਂਡ ਵੱਜਣਾ ਸ਼ੁਰੂ ਹੋ ਗਿਆ। ਗਤਕੇ ਖੇਡੇ ਜਾ ਰਹੇ ਸਨ। ਜੀਪ ਵਿਚ ਹਾਰਾਂ ਨਾਲ ਲੱਦਿਆ ਮੈਂ ਖੜਾ ਸਾਂ।

ਮੇਰੇ ਦੋਵੇਂ ਪਾਸੇ ਦੋ ਪਹਿਲਵਾਨ ਖੜ੍ਹੇ ਸਨ। ਦੋਵੇਂ ਰੁਸਤਮੇ ਹਿੰਦ। ਮੁੱਖ ਚੌਕ ਤੋਂ ਜੀਪ ਮਾਛੀਵਾੜਾ ਰੋਡ ਉੱਤੇ ਤੁਰਨ ਲੱਗੀ। ਸੜਕ ਟੁੱਟੀ ਹੋਈ ਸੀ। ਜੀਪ ਡੱਕੇ ਡੋਲੇ ਖਾ ਰਹੀ ਸੀ। ਸੀਵਰੇਜ ਦਾ ਕੰਮ ਚੱਲ ਰਿਹਾ ਸੀ। ਜਾਂ ਕਹੋ ਕਿ ਰੀਂਗ ਰਿਹਾ ਸੀ। ਦੋ ਸਾਲਾਂ ਤੋਂ ਇਹ ਸੜਕ ਟੁੱਟੀ ਪਈ ਸੀ। ਥਾਂ-ਥਾਂ ਡੂੰਘੇ ਟੋਏ ਸਨ। ਹੁਣ ਤਾਂ ਬਾਰਸ਼ ਦਾ ਮੌਸਮ ਵੀ ਸੀ। ਟੋਇਆਂ ਵਿਚ ਪਾਣੀ ਖੜ੍ਹਾ ਸੀ। ਸਾਡੀ ਜੀਪ ਇਕ ਟੋਏ ਵਿਚੋਂ ਨਿਕਲਦੀ ਦੂਜੇ ਟੋਏ ਵਿਚ ਡਿੱਗ ਪੈਂਦੀ। ਜੀਪ ਸਿਰੇ ਰੋੜੀ ਸੀ। ਹੱਥ ਪਾਉਣ ਨੂੰ ਕੁਝ ਵੀ ਨਹੀਂ ਸੀ। ਜਦੋਂ ਜੀਪ ਸੱਜੇ ਪਾਸੇ ਵਲ ਝੁਕਦੀ ਤਾਂ ਮੇਰੇ ਨਾਲ ਖੜ੍ਹਾ, ਪਹਿਲਵਾਨ, ਮੇਰੇ ਵੱਖੀ ਸੇਕ ਦਿੰਦਾ। ਜਦੋਂ ਜੀਪ ਖੱਬੇ ਪਾਸੇ ਵਾਲੇ ਟੋਏ ਵਿਚ ਡਿਗਦੀ ਤਾਂ ਖੱਬੇ ਪਾਸੇ ਵਾਲਾ ਛੇ ਫੁੱਟਾ ਪਹਿਲਵਾਨ ਮੇਰੇ ਵਿਚ ਵੱਜਦਾ। ਮੇਰੀ ਗਰਦਨ ਤੋੜਦਾ। ਜੇਕਰ ਜੀਪ ਰਤਾ ਤੇਜ਼ ਤੁਰਨ ਦਾ ਯਤਨ ਕਰਦੀ ਤਾਂ ਦੋਵੇਂ ਪਾਸਿਓਂ ਹਜੋਕੇ ਵੱਜਦੇ। ਮੈਂ ਵਿਚਾਲੇ ਪਿੱਸ ਜਾਂਦਾ, ਮੇਰੀਆਂ ਹੱਡੀਆਂ ਵਿਚੋਂ ਕੜਕ-ਕੜਕ ਦੀ ਆਵਾਜ਼ ਆਉਂਦੀ, ਪਰ ਬੈਂਡ ਵਾਜੇ ਦੀ ਆਵਾਜ਼ ਵਿਚ ਕੁਝ ਵੀ ਸੁਣਾਈ ਨਾ ਦਿੰਦਾ। ਹੋਰ ਕੋਈ ਚਾਰਾ ਨਾ ਵੇਖ ਕੇ ਮੈਂ ਆਪਣਾ ਹਥਿਆਰ, ਆਪਣੀ ਤਿੱਖੀ ਚੁੰਝ ਵਾਲੀ ਕਲਮ ਕੱਢੀ। ਕਵਰ ਉਤਾਰ ਕੇ ਕਲਮ ਮੈਂ ਆਪਣੇ ਹੱਥ ਵਿਚ ਫੜ ਲਈ। ਸੱਜੇ ਪਾਸੇ ਦਾ ਪਹਿਲਵਾਨ ਮੇਰੇ ਵਿਚ ਵੱਜਾ, ਕਲਮ ਦੀ ਚੁੰਝ ਚੁੱਭੀ ਤਾਂ ਉਸ ਨੇ ਆਪਣੇ ਸਰੀਰ ਨੂੰ ਥਾਂ ਸਿਰ ਕੀਤਾ। ਫੇਰ ਮੈਂ ਕਲਮ ਆਪਣੇ ਖੱਬੇ ਪਾਸੇ ਹੱਥ ਵਿਚ ਫੜੀ, ਅਗਲੇ ਟੋਏ ਵਿਚ ਜੀਪ ਡਿੱਗੀ, ਝੁਕੀ, ਖੱਬੇ ਪਾਸੇ ਵਾਲਾ ਪਹਿਲਵਾਨ ਮੇਰੇ ਵਿਚ ਵੱਜਾ। ਕਲਮ ਦੀ ਨਿਭ ਚੁੱਭੀ। ਪਹਿਲਵਾਨ ਨੇ ਆਪਣੇ ਆਪ ਨੂੰ ਸੰਭਾਲਿਆ।

ਸੂਏ ਦਾ ਪੁਲ ਲੰਘ ਕੇ ਜੀਪ ਭਰਥਲਾ ਰੋਡ ਉੱਤੇ ਚੱਲਣ ਲੱਗੀ। ਜੀਪ ਹੁਣ ਸਾਂਵੀ ਪੱਧਰੀ ਤੁਰ ਰਹੀ ਸੀ। ਦੌੜ ਰਹੀ ਸੀ। ਮੈਂ ਕਲਪਨਾ ਦੇ ਘੋੜੇ ਉੱਤੇ ਸਵਾਰ ਹੋ ਕੇ ਆਕਾਸ਼ੀਂ ਉੱਡ ਰਿਹਾ ਸੀ। ਮੈਨੂੰ ਲਗਦਾ ਸੀ, ਜਿਵੇਂ ਮੈਂ ਮੈਦਾਨੇ ਜੰਗ ਵਿਚ ਲੜ ਰਿਹਾ ਸਾਂ। ਵੈਰੀਆਂ ਦੇ ਆਹੂ ਲਾਹ ਰਿਹਾ ਸਾਂ। ਖਿਦਰਾਣੇ ਦੀ ਢਾਬ ਸੀ, ਵਾਟਰਲੂ ਦਾ ਮੈਦਾਨ ਸੀ। ਸਾਰਾਗੜ੍ਹੀ ਦਾ ਕਿਲਾ ਸੀ। ਮੈਨੂੰ ਲਗਦਾ ਇੱਥੇ ਨੇੜੇ ਹੀ ਕਿਤੇ ਨਾਜ਼ਮ ਹਿਕਮਤ ਸੀ, ਪਾਬਲੋ ਨਾਰੂਦਾ ਸੀ। ਨੇੜੇ ਹੀ ਕਿਤੇ ਗਦਰ ਸੀ। ਪਾਸ਼ ਸੀ। ਨਾਲ ਹੀ ਗੁਰਸ਼ਰਨ ਸਿੰਘ ਦੀ ਗਰਜ ਸੀ।

ਨਵੇਂ ਵਾਹੇ ਗਏ ਖੇਤ ਦੀ ਖੁਸ਼ਬੋ ਪੀਲੂ ਦੇ ਗੀਤ ਦੀ ਹੇਕ ਨਾਲ ਇਕ-ਮਿੱਕ ਸੀ।

ਕੋਈ ਨਾ ਦੀਹਦਾ ਸੂਰਮਾ,
ਜਿਹੜਾ ਮੈਨੂੰ ਹੱਥ ਕਰੇ,
ਕਟਕ ਭਿੜਾ ਦਿਆਂ ਟੱਬਰੀਂ,
ਮੈਥੋਂ ਰਾਠ ਡਰੇ,
ਵੱਲ ਵੱਲ ਵੱਧਦਿਆਂ ਸੂਰਮੇ,
ਜਿਉਂ ਖੇਤੀ ਨੂੰ ਪੈਣ ਗੜੇ,
ਕੰਨ ਲੰਮੇ, ਖੁਰ ਪਤਲੇ,
ਦੁੰਮ ਬੱਕੀ ਦੀ ਸਿਆਹ,
ਬੱਕੀ ਤੋਂ ਡਰਨ ਫਰਿਸ਼ਤੇ
ਅਤੇ ਮੈਥੋਂ ਡਰੇ ਖ਼ੁਦਾ।

ਪਹਿਲਵਾਨ ਤਾਂ ਦੰਗਲ ਸਾਲ ਵਿਚ ਇਕ ਦੋ ਵਾਰ ਹੀ ਲੜਦੇ ਹਨ। ਕਦੀ ਕਦੀ ਮੈਦਾਨ ਵਿਚ ਘੁਲਦੇ ਹਨ। ਮੈਂ ਤਾਂ ਰੋਜ਼ ਦੰਗਲ ਲੜਦਾ ਹਾਂ। ਕਲਮ ਦਾ ਦੰਗਲ। ਚਿੱਟਾ ਕਾਗਜ਼ ਮੇਰਾ ਮੈਦਾਨ। ਮੇਰੇ ਪਾਤਰ ਦੰਗਲ ਦੇ ਦਰਸ਼ਕ ਨਹੀਂ ਹੁੰਦੇ। ਦੰਗਲ ਦੇ ਭਾਗੀਦਾਰ ਹੁੰਦੇ ਹਨ। ਸ਼ਾਇਦ ਇਸੇ ਕਰਕੇ ਹੀ ਵਿਸ਼ਾਲ ਦੰਗਲ ਕਮੇਟੀ ਨੇ ਮੈਨੂੰ ਸਨਮਾਨ ਲਈ ਚੁਣਿਆ ਸੀ।

ਦੰਗਲ ਮੇਲੇ ਦੇ ਅੰਤ ਵਿਚ ਝੰਡੀ ਵਾਲੀ ਕੁਸ਼ਤੀ ਜਿੱਤਣ ਵਾਲੇ ਪਹਿਲਵਾਨ ਦਾ ਸਨਮਾਨ, ਸਨਮਾਨਤ ਮਹਿਮਾਨ ਵਲੋਂ ਕੀਤਾ ਜਾਂਦਾ ਸੀ। ਮੈਂ ਆਪਣੀ ਲਿਖੀ ਪੁਸਤਕ 'ਮੇਰੇ ਹਿੱਸੇ ਦਾ ਆਸਮਾਨ' ਜੇਤੂ ਪਹਿਲਵਾਨ ਨੂੰ ਭੇਟ ਕੀਤੀ ਅਤੇ ਕਿਹਾ-ਪੈਰ ਧਰਤੀ ਉੱਤੇ ਅਤੇ ਮਸਤਕ ਅਸਮਾਨ ਵਲ ਸੇਧਤ ਹੋਵੇ। ਮੱਥੇ ਵਿਚ ਚਾਨਣ ਦਾ ਦੀਵਾ ਜਗਦਾ ਹੋਵੇ।

ਜੇਤੂ ਪਹਿਲਵਾਨ ਗੁਰਦੇਵ ਮਲਕਪੁਰ ਨੇ ਹੁਣ ਮੇਰਾ ਸਨਮਾਨ ਕਰਨਾ ਸੀ। ਮੈਂ ਪਹਿਲਾਂ ਹੀ ਕਿਹਾ ਹੋਇਆ ਸੀ ਕਿ ਮੈਨੂੰ ਪੈਸਿਆਂ ਦੀ ਥੈਲੀ ਭੇਟ ਨਾ ਕੀਤੀ ਜਾਵੇ। ਪ੍ਰਬੰਧਕਾਂ ਵਲੋਂ ਵਿਉਂਤ ਅਨੁਸਾਰ ਮੈਨੂੰ ਪੰਜ ਰਿਮ ਕਾਗਜ਼ਾਂ ਦਾ ਭਾਰਾ ਬੰਡਲ ਭੇਟ ਕੀਤਾ ਗਿਆ। ਜੇਤੂ ਪਹਿਲਵਾਨ ਦੇ ਹੱਥੋਂ ਮੈਂ ਬਾਜ਼ਾਰੀ ਮਹਿਕਹੀਣੇ ਫੁੱਲਾਂ ਦਾ ਹਾਰ ਗਲੇ ਵਿਚ ਪੁਆਉਣ ਦੀ ਥਾਂ ਆਪਣੇ ਹੱਥ ਵਿਚ ਫੜ ਲਿਆ। ਦੱਸੇ ਹੋਏ ਸੰਕੇਤ ਅਨੁਸਾਰ ਜੇਤੂ ਪਹਿਲਵਾਨ ਗੁਰਦੇਵ ਮਲਕਪੁਰ ਨੇ ਆਪਣੇ ਡੌਲੇ ਦੀ ਭਿੱਜੀ ਹੋਈ ਮਿੱਟੀ ਦਾ ਧੱਟਾ ਮੇਰੇ ਮੱਥੇ ਉੱਤੇ ਲਾਇਆ। ਕਲਮ ਦੀ ਰਵਾਨੀ ਲਈ, ਸਿਹਤ ਵੀ ਚਾਹੀਦੀ ਹੈ। ਮੁੜ੍ਹਕਾ ਵੀ ਤੇ ਮਿੱਟੀ ਵੀ।

# ਸੰਨੀਵੇਲ ਮੰਦਰ 'ਚ ਲੱਗਾ ਮੁਫਤ ਮੈਡੀਕਲ ਕੈਂਪ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਹਿੰਦੂ ਟੈਂਪਲ, ਸੰਨੀਵੇਲ ਵਿਚ ਮੰਦਰ ਦੀ ਪ੍ਰਬੰਧਕੀ ਕਮੇਟੀ ਦੇ ਉਦਮ ਨਾਲ ਲੰਘੀ 20 ਸਤੰਬਰ ਨੂੰ ਲੋੜਵੰਦ ਮਰੀਜ਼ਾਂ ਦੀ ਭਲਾਈ ਲਈ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।

ਇਸ ਕੈਂਪ ਵਿਚ ਕੋਈ 250 ਦੇ ਕਰੀਬ ਵਿਅਕਤੀਆਂ ਨੇ ਖੂਨ ਟੈਸਟ, ਸੂਗਰ, ਕੌਲੈਸਟਰੌਲ, ਬੀ.ਪੀ. ਆਦਿ ਦੀ ਜਾਂਚ ਕਰਵਾ ਕੇ ਮਾਹਿਰ ਡਾਕਟਰਾਂ ਕੋਲੋਂ ਚੰਗੀ ਸਿਹਤ ਲਈ ਸਲਾਹ-ਮਸ਼ਵਰਾ ਲਿਆ। ਸਹਾਇਤਾ ਸੰਸਥਾ ਦੇ ਡਾ. ਹਰਮੇਸ਼ ਸੰਧੂ ਦੀ ਮੈਡੀਕਲ ਟੀਮ ਡਾ. ਰੁਪਿੰਦਰ ਕੌਰ ਰੰਧਾਵਾ, ਸੁਰਿੰਦਰ ਕੌਰ, ਅਵਤਾਰ ਸਿੰਘ ਤਾਰੀ ਆਦਿ ਨੇ ਮੈਡੀਕਲ ਜਾਂਚ ਵਿਚ ਯੋਗਦਾਨ ਪਾਇਆ। ਜ਼ਿਕਰਯੋਗ ਹੈ ਕਿ ਡਾ. ਸੰਧੂ ਆਪਣੀ ਟੀਮ ਸਮੇਤ ਪੰਜਾਬ ਵਿਚ ਮੁਫਤ ਮੈਡੀਕਲ ਕੈਂਪ ਲਗਾਉਣ ਜਾ ਰਹੇ ਹਨ। ਕੈਂਪ ਦੌਰਾਨ ਦੰਦਾਂ ਦੇ ਮਸ਼ਹੂਰ ਡਾਕਟਰ ਦਲਵੀਰ ਸਿੰਘ ਪੰਨੂੰ ਡੀ.ਡੀ.ਐਸ., ਡਾ. ਕੁਲਵੀਰ ਗੋਰਾਇਆ ਅਤੇ ਡਾ. ਦਵਿੰਦਰ ਸ਼ੋਕਰ ਨੇ ਮਰੀਜ਼ਾਂ ਦੇ ਦੰਦਾਂ ਦਾ ਨਿਰੀਖਣ ਕਰ ਕੇ ਲੋੜੀਂਦਾ ਸਲਾਹ ਮਸ਼ਵਰਾ ਦਿੱਤਾ।

ਇਹ ਕੈਂਪ ਮੰਦਰ ਕਮੇਟੀ ਦੇ ਸ੍ਰੀ ਰਾਜ ਭਨੋਟ, ਸੰਜੇ ਅਗਰਵਾਲ, ਰਾਮ ਅਗਰਵਾਲ, ਮੋਹਿੰਦਰ ਸੇਠੀ, ਰਮੇਸ਼ ਸ਼ਰਮਾ, ਅਮਰਜੀਤ ਸਿੰਘ, ਲਸ਼ਕਾਰੀ ਸੈਣੀ ਦੀ ਅਗਵਾਈ ਹੇਠ ਲਾਇਆ ਗਿਆ ਸੀ। ਸਾਰੇ ਸੇਵਾਦਾਰ ਵਲੰਟੀਅਰਾਂ ਨੂੰ ਮੰਦਰ ਵਲੋਂ ਸਿਰੋਪੇ ਭੇਟ ਕੀਤੇ ਗਏ। ਭਾਰਤ ਤੋਂ ਆਏ ਪਹਿਲਵਾਨ ਹਿੰਦ ਕੇਸਰੀ ਜਗਦੀਸ਼ ਕਾਲੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸੇ ਦੌਰਾਨ ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਮੰਦਰ ਵਿਚ ਭਾਰੀ ਮਾਤਰਾ ਵਿਚ ਅਰਹਰ ਦੀ ਦਾਲ ਪਈ ਹੈ ਜੋ ਕਿ ਸੰਗਤ ਨੂੰ ਮੁਫਤ ਦਿੱਤੀ ਜਾ ਰਹੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਨ੍ਹੀਂ ਦਿਨੀਂ ਦੁਸ਼ਹਿਰੇ-ਦੀਵਾਲੀ ਨੂੰ ਸਮਰਪਿਤ ਤਿਉਹਾਰਾਂ ਕਰਕੇ ਮੰਦਰ ਵਿਚ ਸ਼ਰਧਾਲੂਆਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ।







# ਕੁੰਦਨ ਸਿੰਘ ਅੰਤਰ ਰਾਸ਼ਟਰੀ ਗਦਰ ਯਾਦਗਾਰੀ ਗਰੁਪ ਦੇ ਪ੍ਰਧਾਨ ਬਣੇ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਕੁੰਦਨ ਸਿੰਘ ਨਵੀਂ ਬਣੀ ਜਥੇਬੰਦੀ ਅੰਤਰਰਾਸ਼ਟਰੀ ਗਦਰ ਯਾਦਗਾਰੀ ਗਰੁਪ ਯੂ.ਐਸ.ਏ. ਦੇ ਪ੍ਰਧਾਨ ਬਣਾਏ ਗਏ ਹਨ। ਸੰਸਥਾ ਦੀ ਇਥੇ ਹੋਈ ਇਕ ਇਕੱਤਰਤਾ ਵਿਚ ਇਹ ਫੈਸਲਾ ਕੀਤਾ ਗਿਆ ਕਿ ਬਾਕੀ ਅਹੁਦੇਦਾਰਾਂ ਵਿਚ ਸੀਨੀਅਰ ਮੀਤ ਪ੍ਰਧਾਨ ਸੁਦੇਸ਼ ਅਟਵਾਲ, ਨਿਰਮਲ ਸਿੰਘ ਚੀਮਾ, ਤਾਰਾ ਸਿੰਘ ਗਿੱਲ, ਕਸ਼ਮੀਰ ਸਿੰਘ ਧੁੱਗਾ, ਸਕੱਤਰ ਕਮਲਜੀਤ ਸਿੰਘ ਅਤੇ ਖਜ਼ਾਨਚੀ ਭੁਪਿੰਦਰ ਸਿੰਘ ਪਰਮਾਰ ਬਣਾਏ ਗਏ। ਇਸ ਤੋਂ ਇਲਾਵਾ ਇਕ ਸਲਾਹਕਾਰ ਕਮੇਟੀ ਵੀ ਕਾਇਮ ਕੀਤੀ ਗਈ ਅਤੇ ਇਸ ਇਕੱਤਰਤਾ ਵਿਚ ਸੰਵਿਧਾਨ ਦੀ ਮਨਜ਼ੂਰੀ ਵੀ ਲਈ ਗਈ।



ਇਸ ਇਕੱਤਰਤਾ ਵਿਚ ਹੋਰਨਾਂ ਤੋਂ ਇਲਾਵਾ ਕੁੰਦਨ ਸਿੰਘ, ਤਾਰਾ ਸਿੰਘ ਗਿੱਲ, ਜੋਗਿੰਦਰ ਸਿੰਘ ਨਾਮਧਾਰੀ, ਹਰਭਜਨ ਸਿੰਘ ਜੱਜ, ਕਮਲਜੀਤ ਸਿੰਘ, ਸੇਵਕ ਸਿੰਘ, ਸੁਖਦੇਵ ਸਿੰਘ, ਨਿਰਮਲ ਸਿੰਘ ਚੀਮਾ, ਪਰਮਿੰਦਰ ਪਰਵਾਨਾ, ਸੁਦੇਸ਼ ਅਟਵਾਲ, ਕਸ਼ਮੀਰ ਸਿੰਘ ਧੁੱਗਾ ਅਤੇ ਜਸਦੀਪ ਸਿੰਘ ਤੱਖਰ ਸ਼ਾਮਲ ਹੋਏ। ਸੰਸਥਾ ਦੀ ਅਗਲੀ ਇਕੱਤਰਤਾ 18 ਅਕਤੂਬਰ ਨੂੰ ਯੂਨੀਅਨ ਸਿਟੀ ਦੀ ਲਾਇਬਰੇਰੀ 'ਚ ਹੋਏਗੀ।

# ਅਸ਼ੋਕ ਭੌਰਾ ਦੀਆਂ ਪੰਜ ਪੁਸਤਕਾਂ ਜਨਵਰੀ 'ਚ ਰਿਲੀਜ਼ ਹੋਣਗੀਆਂ

**ਯੂਨੀਅਨ ਸਿਟੀ:** ਜੇ ਕਿਸੇ ਮੀਟਿੰਗ ਵਿਚ ਚਾਰ ਜਣੇ ਬੈਠੇ ਹੋਣ ਤੇ ਤਿੰਨ ਬੋਲੀ ਜਾਣ, ਇਕ ਚੁੱਪ ਰਹੇ ਤਾਂ ਗੱਲ ਚੁੱਪ ਰਹਿਣ ਵਾਲੇ ਦੀ ਮੰਨੀ ਜਾਂਦੀ ਹੈ। ਇਵੇਂ ਲਿਖਣ ਵਾਲੇ ਲਿਖੀ ਜਾਂਦੇ ਨੇ, ਜੀਹਨੂੰ ਕੋਈ ਪੜ੍ਹਦਾ ਹੈ, ਪ੍ਰਸ਼ੰਸਾ ਜਾਂ ਵਿਰੋਧ ਉਸੇ ਦਾ ਹੁੰਦਾ ਹੈ। ਇਹ ਸ਼ਬਦ ਪਿਛਲੇ ਦਿਨੀਂ ਐਸ.ਅਸ਼ੋਕ ਭੌਰਾ ਦੀਆਂ ਜਨਵਰੀ ਮਹੀਨੇ ਵਿਚ ਰਿਲੀਜ਼ ਹੋਣ ਵਾਲੀਆਂ ਪੰਜ ਪੁਸਤਕਾਂ ਅਮਰੀਕੀ ਰਾਸ਼ਟਰਪਤੀ, ਸੰਗੀਤ ਦਾ ਇਕ ਯੁੱਗ ਮਾਈਕਲ ਜੈਕਸਨ, ਪੰਜਾਬ ਦੇ ਲੋਕ ਸਾਜ਼, ਗੱਲੀਂ-ਬਾਤੀਂ ਤੇ ਦੁਨੀਆਂ ਪਰ੍ਹੇ-ਪਰ੍ਹੇ ਬਾਰੇ ਸਥਾਨਕ ਰਾਜਾ ਸਵੀਟਸ ਵਿਖੇ ਬੋਲਦਿਆਂ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਸੁਰਿੰਦਰ ਧਨੋਆ ਨੇ ਕਹੇ।

ਸ੍ਰੀ ਧਨੋਆ ਨੇ ਕਿਹਾ ਕਿ ਪੰਜਾਬ ਟਾਈਮਜ਼ ਜ਼ਰੀਏ ਇਸ ਵੇਲੇ ਭੌਰਾ ਪੰਜਾਬੀ ਭਾਈਚਾਰੇ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ। ਭੌਰਾ ਨੇ ਅਜੀਤ, ਪੰਜਾਬੀ ਟ੍ਰਿਬਿਊਨ ਤੋਂ ਬਾਅਦ ਪੰਜਾਬ ਟਾਈਮਜ਼ ਰਾਹੀਂ ਆਪਣੇ ਪਾਠਕਾਂ ਦਾ ਘੇਰਾ ਬਹੁਤ ਵੱਡਾ ਕਰ ਲਿਆ ਹੈ। ਪੰਜਾਬੀ ਸਾਹਿਤ ਸਭਾ ਬੇ-ਏਰੀਆ ਤੇ ਹੋਰ ਸਾਹਿਤਕ ਹਸਤੀਆਂ ਵਲੋਂ ਕਰਵਾਏ ਇਕ ਸਮਾਰੋਹ ਵਿਚ ਸੁਹਿਰਦ ਤੇ ਚਿੰਤਨਸ਼ੀਲ ਲੋਕਾਂ ਨੇ ਹਿੱਸਾ ਲਿਆ। ਨੀਲਮ ਸੈਣੀ, ਤਾਰਾ ਸਿੰਘ ਸਾਗਰ, ਗੁਰਵਿੰਦਰ ਤੂਰ, ਜਸਵਿੰਦਰ ਧਨੋਆ, ਹਰਭਜਨ ਢਿੱਲੋਂ, ਜਗਤਾਰ ਸਿੰਘ, ਮਨਜੀਤ ਗੋਲੀਆ, ਚਰਨਜੀਤ ਖਹਿਰਾ, ਕਰਮਜੀਤ ਸ਼ਾਹੀ, ਵਿਨੋਦ ਚੁੰਬਰ, ਗੁਰਮੀਤ, ਅਮ੍ਰਿਤ, ਕੁਲਵੰਤ ਸੇਖੋਂ ਆਦਿ ਨੇ ਭੌਰਾ ਦੇ ਲੇਖਾਂ, ਲਿਖਣ-ਸ਼ੈਲੀ ਤੇ ਸ਼ਬਦਾਂ ਦੀ ਜਾਦੂਗਰੀ ਦੀ ਵਡਿਆਈ ਕਰਦਿਆਂ ਇਨ੍ਹਾਂ ਪੁਸਤਕਾਂ ਲਈ ਹਰ ਤਰ੍ਹਾਂ ਦੇ ਸਹਿਯੋਗ ਦੀ ਗੱਲ ਆਖੀ।

ਇਸ ਮੌਕੇ ਸ੍ਰੀ ਭੌਰਾ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਇਹ ਵੀ ਪਹਿਲੀ ਵਾਰ ਹੋਵੇਗਾ ਕਿ ਕਿਸੇ ਲੇਖਕ ਦੀਆਂ ਪੰਜ ਪੁਸਤਕਾਂ ਇਕੋ ਵੇਲੇ ਰਿਲੀਜ਼ ਹੋਣਗੀਆਂ। ਇਸ ਮੌਕੇ ਮੇਜਰ ਭੁਪਿੰਦਰ ਸਿੰਘ ਦਲੇਰ ਨੇ ਸ਼ਾਇਰਾਨਾ ਅੰਦਾਜ਼ ਵਿਚ ਮੰਚ ਸੰਚਾਲਨ ਕਰਦਿਆਂ ਸਾਰਿਆਂ ਨੂੰ ਸਹਿਤਕ ਸਾਂਝ ਪਾਉਣ ਲਈ ਸਹਿਯੋਗ ਦੀ ਅਪੀਲ ਵੀ ਕੀਤੀ।

ਸਭਾ ਦੇ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਕਿਹਾ ਕਿ ਅਸੀਂ ਵੀ ਮਾਣ ਮਹਿਸੂਸ ਕਰਾਂਗੇ ਕਿ ਇਕ ਸਾਹਿਤ ਸਭਾ ਨੇ ਪੜ੍ਹੇ ਜਾਣ ਵਾਲੇ ਲੇਖਕ ਦੀਆਂ ਪੰਜ ਪੁਸਤਕਾਂ ਰਿਲੀਜ਼ ਕਰਨ ਦਾ ਮਾਣ ਖੱਟਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸ੍ਰੀ ਭੌਰਾ ਆਪਣੀ ਕਲਮ ਇਸੇ ਤਰ੍ਹਾਂ ਚਲਾਉਂਦੇ ਰਹਿਣਗੇ।

Bob Lynn Edwards, Jr.
Free Initial Consultation
Attorney at Law
Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
Ph:510-770-0500
www.BobEdwards.com
3869 Peralta Boulevard, Fremont CA 94536-3712



No.1 Money Exchange
We Provide Highest Exchange Rate in market. Fast and 100% Reliable Service to send money to India, Pakistan and many other countries.
Contact:Jaswinder Singh
916-538-1567

Attention Business Owners!!
Are You Worried About Your Business When You`re Not There?
Are Worries Keeping You Awake?
Watch Your Business AnyTime Any Place.
NO PAYMENTS For 3 Months
Financing & Lease Options For 12, 24, 36 Months Available.
Promotion For July Free Cash Register Interface With Purchase Of Our DVR System
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
ਵਾਜਬ ਕੀਮਤ, ਸਹੀ ਕੰਮ
DVR UNLIMITED
Call:1-800-780-0032 www.dvrunlimited.com



# ਹੇਵਰਡ ਕਬੱਡੀ ਕੱਪ ਜਿਤਿਆ ਫਰਿਜ਼ਨੋ ਦੀ ਸ਼ਹੀਦ ਭਗਤ ਸਿੰਘ ਕਲੱਬ ਨੇ

**ਹੇਵਰਡ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** 103 ਡਿਗਰੀ ਟੈਂਪਰੇਚਰ, ਜਦੋਂ ਕਾਂ ਦੀ ਅੱਖ ਨਿਕਲਦੀ ਸੀ, ਦੇ ਹੁੰਦਿਆਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਜੇ ਲੋਕ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਇਥੇ ਕੈਲਸਟੇਟ



ਸਟੇਡੀਅਮ ਵਿਚ ਕਰਵਾਏ ਗਏ ਕਬੱਡੀ ਮੇਲੇ ਨੂੰ ਵੇਖਣ ਆਏ ਤਾਂ ਇਸ ਨੂੰ ਲੋਕਾਂ ਦਾ ਕਬੱਡੀ ਪ੍ਰੇਮ ਹੀ ਕਿਹਾ ਜਾ ਸਕਦਾ ਹੈ। ਜੇ ਕਬੱਡੀ ਮੈਚ ਇਕ ਤੋਂ ਬਾਅਦ ਇਕ, ਪੂਰੇ ਫਸਵੇਂ ਸਨ ਤਾਂ ਲੋਕ ਵੀ ਕਚੂਮਰ ਕੱਢਣ ਵਾਲੀ ਗਰਮੀ ਵਿਚ ਨਿਠ ਕੇ ਬੈਠੇ ਮੈਚ ਦੇਖਦੇ ਰਹੇ। ਇਹ ਮੇਲਾ ਫਰਿਜ਼ਨੋ ਦੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੇ ਯੂਨਾਈਟਿਡ ਸਪੋਰਟਸ ਕਲੱਬ ਨੂੰ 35 ਦੇ ਮੁਕਾਬਲੇ 40 ਅੰਕ ਨਾਲ ਹਰਾ ਕੇ ਆਪਣੇ ਨਾਂ ਕੀਤਾ ਅਤੇ ਇੰਜ ਓਪਨ ਕਬੱਡੀ ਦਾ 5100 ਡਾਲਰ ਦਾ ਪਹਿਲਾ ਇਨਾਮ ਫਰਿਜ਼ਨੋ ਕਲੱਬ ਨੂੰ ਅਤੇ ਦੂਜਾ 3100 ਡਾਲਰ



ਦਾ ਇਨਾਮ ਯੂਨਾਈਟਿਡ ਕਲੱਬ ਨੂੰ ਮਿਲਿਆ।

ਖੇਡ ਮੇਲਾ ਸਵੇਰੇ 9 ਵਜੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਨਾਲ ਅਰੰਭ ਹੋਇਆ ਅਤੇ ਇਸ ਕਬੱਡੀ ਮੇਲੇ ਦਾ ਪਹਿਲਾ ਮੈਚ 18 ਸਾਲ ਤੋਂ ਘੱਟ ਉਮਰ ਦੇ ਗਭਰੇਟਾਂ ਦਾ ਯੂਨਾਈਟਿਡ ਸਪੋਰਟਸ ਕਲੱਬ ਅਤੇ ਬੇ-ਏਰੀਆ ਸਪੋਰਟਸ ਕਲੱਬ ਵਿਚਾਲੇ ਹੋਇਆ। ਦੂਜਾ ਮੈਚ ਅੰਡਰ-21 ਦਾ ਸੀ ਜੋ ਮਾਡੈਸਟੋ-ਸੈਨ ਹੋਜ਼ੇ ਕਲੱਬ ਨੇ ਯੂਬਾ ਸਿਟੀ ਨੂੰ ਹਰਾ ਕੇ ਜਿਤਿਆ। ਤੀਜੇ ਮੈਚ ਵਿਚ ਫਤਿਹ ਕਲੱਬ, ਟਰਲਕ ਅਤੇ ਸ਼ਹੀਦ ਭਗਤ ਸਿੰਘ ਕਲੱਬ, ਫਰਿਜ਼ਨੋ ਭਿੜੇ ਅਤੇ ਫਤਿਹ ਕਲੱਬ ਦੀ ਫਤਿਹ ਰਹੀ।

ਕਬੱਡੀ ਮੇਲੇ ਵਿਚ ਕਲੱਬਾਂ ਦਾ ਪਹਿਲਾ ਭੇੜ ਯੂਨਾਈਟਿਡ ਸਪੋਰਟਸ ਕਲੱਬ ਅਤੇ ਮਾਡੈਸਟੋ-ਸੈਨ ਹੋਜ਼ੇ ਵਿਚਕਾਰ ਹੋਇਆ ਜੋ ਯੂਨਾਈਟਿਡ ਸਪੋਰਟਸ ਕਲੱਬ ਨੇ ਜਿੱਤ ਕੇ ਆਪਣੇ ਲਈ ਸੈਮੀਫਾਈਨਲ ਵਾਸਤੇ ਰਾਹ ਪੱਧਰਾ ਕਰ ਲਿਆ। ਇਸ ਵੇਲੇ ਤੱਕ ਸਖਤ ਗਰਮੀ ਦੇ ਬਾਵਜੂਦ ਸਟੇਡੀਅਮ ਵਿਚ ਚਹਿਲ-ਪਹਿਲ ਵਧਣ ਲੱਗ ਪਈ ਸੀ। ਦਿਨ ਦਾ ਪੰਜਵਾਂ ਮੈਚ ਟੋਰਾਂਟੋ ਦੀ ਪੀਲ ਪੁਲਿਸ ਅਤੇ ਬੇ-ਏਰੀਆ ਸਪੋਰਟਸ ਕਲੱਬ ਵਿਚਾਲੇ ਸੀ। ਬੇ-ਏਰੀਆ ਕਲੱਬ ਦੇ ਹੰਢੇ ਹੋਏ ਰੇਡਰਾਂ ਕਿੰਦੂ ਬਿਹਾਰੀਪੁਰੀਏ, ਜੋਨੀ ਅਤੇ ਜਗਰੂਪ ਨੇ ਗੋਰਿਆਂ ਸਟਾਪਰਾਂ ਦੀਆਂ ਲਾਈਆਂ ਸਾਰੀਆਂ ਲਾਲ ਬੱਤੀਆਂ ਬਿਨਾ ਕਿਸੇ ਡਰ ਭੈਅ ਦੇ ਮੁੜ ਮੁੜ ਪਾਰ ਕੀਤੀਆਂ। ਜਦੋਂਕਿ ਤੀਰਥ ਗਾਖਲ ਤੇ ਮੀਕ ਸਿਆਟਲੀਏ ਵਰਗੇ ਜਾਫੀ ਗੋਰੇ ਪੁਲਸੀਆਂ ਨੂੰ ਆਪਣੇ ਲਾਏ ਸਟਾਪ ਲੰਘਣ ਨਹੀਂ ਸੀ ਦੇ ਰਹੇ। ਕੈਵਿਨ ਵਰਗੇ ਗੋਰੇ ਰੇਡਰਾਂ ਨੇ ਜ਼ੋਰ ਤਾਂ ਬਥੇਰਾ ਲਾਇਆ ਪਰ ਉਹ ਤੀਰਥ ਹੋਰਾਂ ਦੀ ਲਾਈ ਇਕ ਵੀ ਸਟਾਪ ਲੰਘ ਨਾ ਸਕੇ।

ਮਾਡੈਸਟੋ-ਸੈਨ ਹੋਜ਼ੇ ਅਤੇ ਬਾਅਦ ਵਿਚ ਮੇਲੇ ਦੀ ਜੇਤੂ ਰਹੀ ਟੀਮ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਫਰਿਜ਼ਨੋ ਵਿਚਾਲੇ ਕਬੱਡੀ ਮੈਚ ਵੀ ਬਹੁਤ ਦਿਲਚਸਪ ਸੀ। ਕਈ ਵਾਰ ਤਾਂ ਰੇਡਰ ਜਾਂ ਸਟਾਪਰ ਦਾ ਜ਼ੋਰ ਤਾਂ ਲੱਗ ਹੀ ਰਿਹਾ ਹੁੰਦਾ, ਬਾਹਰ ਖੜ੍ਹੇ ਦਰਸ਼ਕ ਵੀ ਉਤਨਾ ਹੀ ਜਾਂ ਉਸ ਤੋਂ ਵੀ ਵੱਧ ਕਿੱਲ ਰਹੇ ਹੁੰਦੇ। ਇਸ ਮੈਚ ਵਿਚ ਸਵਰਨੇ ਵੈਲੀ, ਬਲਜੀਤ ਅਤੇ ਨਿਊ ਯਾਰਕ ਕੱਪ ਦੇ ਬੈਸਟ ਰੇਡਰ ਅਮਰਦੀਪ, ਬੱਲੀ ਮਹੇੜੂ, ਮੌਲੇ ਅਤੇ ਦੂੱਲੇ ਭਲਵਾਨ ਨੇ ਵੀ ਕਬੱਡੀ ਦੀ ਬਹਿ ਜਾ ਬਹਿ ਜਾ ਕਰਵਾ ਦਿੱਤੀ। ਸੋਨੀ ਸੁਨੇਤ ਜਿਹੇ ਜਾਫੀ ਕੋਲੋਂ ਪੁਆਇੰਟ ਲੈਣਾ ਕੋਈ ਖਾਲਾਜੀ ਦਾ ਵਾੜਾ ਨਹੀਂ



*ਸਰੀਰ ਮੱਖਣਾਂ ਨਾਲ ਪਾਲਿਐ, ਜੰਕ ਫੂਡ ਖਾ ਕੇ ਨਹੀਂ*

ਸੀ ਜਾਪ ਰਿਹਾ। ਇਹ ਮੈਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਹੱਕ ਵਿਚ ਗਿਆ ਅਤੇ ਉਹ ਇਸ ਦੇ ਨਾਲ ਹੀ ਸੈਮੀਫਾਈਨਲ ਵਿਚ ਵੀ ਪ੍ਰਵੇਸ਼ ਕਰ ਗਈ।

ਟੋਰਾਂਟੋ ਪੁਲਿਸ ਦਾ ਇਕ ਹੋਰ ਸ਼ੋਅ ਮੈਚ ਲੱਛਰਾਂ ਦੀ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਨਾਲ ਹੋਇਆ ਜਿਸ ਵਿਚ ਲੱਛਰਾਂ ਦੇ ਰੇਡਰਾਂ ਬਲਜਿੰਦਰ ਨੀਲੋਂ, ਜਤਿੰਦਰ ਤੋਕੀ, ਕੀਪੇ ਸੁੱਖਪੁਰੀਏ ਨੇ ਆਪਣੀ ਖੂਬਸੂਰਤ ਕਬੱਡੀ ਨਾਲ ਦਰਸ਼ਕਾਂ ਦੀ ਬੱਲੇ ਬੱਲੇ ਲੁੱਟੀ। ਦੂਜੇ ਪਾਸੇ ਪੀਲ ਪੁਲਿਸ ਦੇ ਖਿਡਾਰੀ ਕੈਵਿਨ, ਜੌਹਨ ਅਤੇ ਐਡਵਰਡ ਨੇ ਵੀ ਇਹ ਦੱਸ ਦਿੱਤਾ ਕਿ ਜੇ ਪੰਜਾਬੀਓ ਤੁਸੀਂ ਸਾਡੇ ਮੁਲਕ ਆ ਕੇ ਸਾਡਾ ਇੰਨਾ



ਕੁਝ ਸਿੱਖ ਗਏ ਓਂ, ਅਸੀਂ ਵੀ ਤੁਹਾਡੀ ਕਬੱਡੀ ਹੌਲੀ ਹੌਲੀ ਸਿੱਖ ਹੀ ਜਾਵਾਂਗੇ।

ਇਸ ਵੇਲੇ ਤੱਕ ਅੱਗ ਵਾਂਗ ਦਗਦੇ ਸੂਰਜ ਨੇ ਹਾਸ਼ਮ ਸ਼ਾਹ ਦੇ ਕਿੱਸਾ ਸੱਸੀ-ਪੁੰਨੂ ਦੇ ਬਿਆਨ 'ਬਾਲੂ ਰੇਤ ਤਪੇ ਵਿਚ ਥਲ ਦੇ ਜਿਉਂ ਜੌਂ ਭੁੰਨਣ



ਭਠਿਆਰੇ' ਵਾਲੀ ਹਾਲਤ ਪੈਦਾ ਕਰ ਦਿੱਤੀ ਹੋਈ ਸੀ। ਗੋਰੇ ਖਿਡਾਰੀ ਵਿਚਾਰੇ ਹਉਕੇ ਪਏ ਸਨ। ਸੋਚਦੇ ਹੋਣਗੇ ਕਿ ਇਹ ਕਿਹੋ ਜਿਹੇ ਪੰਜਾਬੀ ਹਨ ਕਿ ਇਹੋ ਜਿਹੀ ਜੋਰਮਾਰ ਖੇਡ ਅਜਿਹੀ ਗਰਮੀ ਵਿਚ ਖੇਡ ਰਹੇ ਹਨ। ਭਗਵੰਤ ਸਿੰਘ ਨਾਂ ਦਾ ਇਕ ਬਜ਼ੁਰਗ ਗਰਮੀ ਨਾਲ ਬੇਹੋਸ਼ੀ ਦੀ ਹਾਲਤ ਵਿਚ ਪਹੁੰਚ ਗਿਆ ਜਦੋਂ ਉਸ ਦੇ ਵਾਰਸ ਚੁੱਕ ਕੇ ਘਰ ਨੂੰ ਲਿਜਾ ਰਹੇ ਸਨ ਤਾਂ ਉਦੋਂ ਵੀ ਉਹ ਸ਼ਾਇਦ ਕਹਿ ਰਿਹਾ ਸੀ, 'ਵੇਖ ਲੈਣ ਦਿਓ ਕਬੱਡੀ ਓ ਮੁੰਡਿਓ...'।

ਸੈਮੀਫਾਈਨਲ ਮੁਕਾਬਲੇ ਬਹੁਤ ਫਸਵੇਂ ਸਨ। ਪਹਿਲੇ ਸੈਮੀਫਾਈਨਲ ਵਿਚ ਬੇ-ਏਰੀਆ ਸਪੋਰਟਸ ਕਲੱਬ ਦਾ ਪੰਜਾ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨਾਲ ਪਿਆ। ਚੇਤੇ ਰਹੇ ਇਨ੍ਹਾਂ ਦੋਹਾਂ ਟੀਮਾਂ ਵਿਚ ਦੁਨੀਆਂ ਦੇ ਸਭ ਤੋਂ ਮਹਿੰਗੇ ਕਬੱਡੀ ਖਿਡਾਰੀ ਖੇਡ ਰਹੇ ਸਨ। ਮੈਚ ਇੰਨਾ ਫਸਵਾਂ ਸੀ ਕਿ ਕਦੇ ਇਕ ਟੀਮ ਅੱਧੇ ਅੰਕ ਨਾਲ ਅੱਗੇ ਹੁੰਦੀ ਕਦੇ ਦੂਜੀ। ਅਖੀਰ ਸ਼ਹੀਦ ਸਪੋਰਟਸ ਕਲੱਬ ਦੀ ਟੀਮ ਨੇ ਡੇਢ ਅੰਕ ਨਾਲ ਜਿੱਤ ਪ੍ਰਾਪਤ ਕਰਕੇ ਫਾਈਨਲ ਵਿਚ ਪਹੁੰਚਣਾ ਯਕੀਨੀ ਬਣਾ ਲਿਆ।

ਦੂਜਾ ਸੈਮੀਫਾਈਨਲ ਮੁਕਾਬਲਾ ਯੂਨਾਈਟਿਡ ਸਪੋਰਟਸ ਕਲੱਬ ਅਤੇ ਸ਼ੇਰੇ ਪੰਜਾਬ



**ਤਸਵੀਰਾਂ: ਲੌਂਗਮੈਨ ਸਟੂਡੀਓ**











ਸਪੋਰਟਸ ਕਲੱਬ ਵਿਚਾਲੇ ਸੀ। ਯੂਨਾਈਟਿਡ ਸਪੋਰਟਸ ਕਲੱਬ ਦੀ ਤਰਫੋਂ ਸੰਦੀਪ ਨੰਗਲ ਅੰਬੀਆਂ ਵਾਲਾ, ਰਣਜੀਤ ਮਹੇੜੂ, ਜੱਗਾ ਆਹਲੂਵਾਲੀਆ ਅਤੇ ਸ਼ਿੰਦਾ ਲੋਪੋਕੇ ਖੇਡ ਰਹੇ ਸਨ ਜਦੋਂਕਿ ਕਬੱਡੀ ਨਾਲ ਅਥਾਹ ਪਿਆਰ ਰੱਖਣ ਵਾਲੇ ਲੱਛਰ ਭਰਾਵਾਂ ਦੀ ਟੀਮ ਵਿਚ ਨੀਲੋਂ ਭਰਾਵਾਂ ਤੋਂ ਬਿਨਾ ਤੋਚੀ, ਕੀਪਾ, ਕਾਲੇ ਰੰਗ ਦੇ ਡੌਂਟੇ, ਸ਼ੁਮਾਰ ਅਤੇ ਲੈਰੀ ਵਰਗੇ ਤਜ਼ਰਬੇਕਾਰ ਖਿਡਾਰੀ ਡਟੇ ਹੋਏ ਸਨ ਪਰ ਨਿਊ ਯਾਰਕ ਕੱਪ ਦੇ ਬੈਸਟ ਜਾਫੀ ਸੰਦੀਪ ਨੰਗਲ ਅੰਬੀਆਂ ਵਾਲੇ ਦੇ ਕਾਮਯਾਬ ਜੱਫਿਆਂ ਨੇ ਯੂਨਾਈਟਿਡ ਸਪੋਰਟਸ ਕਲੱਬ ਲਈ ਫਾਈਨਲ ਵਿਚ ਜਾਣ ਲਈ ਦਰਵਾਜ਼ੇ ਖੋਲ੍ਹ ਦਿੱਤੇ। ਇਹ ਮੈਚ ਵੀ ਇੰਨਾ ਫਸਵਾਂ ਸੀ ਕਿ ਜਿੱਤ-ਹਾਰ ਦਾ ਫੈਸਲਾ ਸਿਰਫ ਢਾਈ ਅੰਕਾਂ ਦੇ ਫਰਕ ਨਾਲ ਹੋਇਆ। ਇਹ ਮੈਚ ਤੱਕ ਕੇ ਯੂਬਾ ਸਿਟੀ ਤੋਂ ਉਚੇਚਾ ਆਏ ਸਿੱਖ ਆਗੂ ਦੀਦਾਰ ਸਿੰਘ ਬੈਂਸ ਅਤੇ ਮਹਿਮਾਨਾਂ ਵਿਚ ਤਸ਼ਰੀਫਫਰਮਾ ਯੂਨੀਅਨ ਸਿਟੀ ਦੇ ਮੇਅਰ ਮਾਰਕ ਗਰੀਨ ਅਸ਼ ਅਸ਼ ਕਰ ਉਠੇ। ਹੁਣ ਸਭ ਦੀਆਂ ਨਜ਼ਰਾਂ ਫਾਈਨਲ ਮੈਚ ਦੀ ਬੇਸਬਰੀ ਨਾਲ ਉਡੀਕ ਕਰ ਰਹੀਆਂ ਸਨ। ਫਾਈਨਲ ਵਿਚ ਚੋਟੀ ਦੇ ਕਬੱਡੀ ਖਿਡਾਰੀਆਂ ਨਾਲ ਲੈਸ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਫਰਿਜ਼ਨੋ ਦੀ ਟੀਮ ਨੇ ਇਕ ਜ਼ਬਰਦਸਤ ਟੱਕਰ ਵਿਚ ਯੂਨਾਈਟਿਡ ਸਪੋਰਟਸ ਕਲੱਬ ਨੂੰ 35 ਦੇ ਮੁਕਾਬਲੇ 40 ਅੰਕਾਂ ਨਾਲ ਹਰਾ ਕੇ ਆਪਣੀ ਜਿੱਤ ਦੇ ਝੰਡੇ ਗੱਡ ਦਿੱਤੇ।



ਜੱਗੇ ਆਸੋਵਾਲੀਆ ਨੂੰ ਬੈਸਟ ਰੇਡਰ ਅਤੇ ਦੀਪੇ ਘੋਲੀ ਨੂੰ ਬੈਸਟ ਜਾਫੀ ਦਾ ਖਿਤਾਬ ਦਿੱਤਾ ਗਿਆ ਜੋ ਨਿਊ ਯਾਰਕ ਤੋਂ ਆਏ ਜਗੀਰ ਸਿੰਘ ਸਬਜ਼ੀਮੰਡੀ ਨੇ ਦੇ ਕੇ ਜੱਗੇ ਤੇ ਦੀਪੇ ਨੂੰ ਥਾਪੀ ਦਿੱਤੀ।

ਖੇਡ ਮੇਲੇ ਦੀ ਕੁਮੈਂਟਰੀ ਪ੍ਰਿੰ. ਸਰਵਣ ਸਿੰਘ, ਪ੍ਰੋ. ਮੱਖਣ ਸਿੰਘ ਹਕੀਮਪੁਰ ਤੇ ਰਾਜਵਿੰਦਰ ਸਿੰਘ ਰੰਡਿਆਲਾ ਨੇ ਕੀਤੀ। ਨਵੀਂ ਉਮਰ ਦੇ ਰੰਡਿਆਲੇ ਨੇ ਆਪਣੇ ਕਾਵਕ ਟੋਟਿਆਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਪਰ ਕਬੱਡੀ ਖਿਡਾਰੀਆਂ ਦੇ ਨਾਂ ਅਤੇ ਉਨ੍ਹਾਂ ਦਾ ਅੱਗਾ-ਪਿੱਛਾ ਚੇਤੇ ਰੱਖਣ ਲਈ ਉਸ ਨੂੰ ਅਜੇ ਸਖ਼ਤ ਮਿਹਨਤ ਕਰਨੀ ਪਵੇਗੀ। ਇਨ੍ਹਾਂ ਤਿੰਨਾਂ ਨੂੰ ਵਾਰੀ ਵਾਰੀ ਪੇਸ਼ ਕਰ ਰਹੇ ਸਨ ਯੂਨਾਈਟਿਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ। ਵਿਚ ਵਿਚ ਬੀਬੀ ਆਸ਼ਾ ਸ਼ਰਮਾ ਨੇ ਵੀ ਆਏ ਮਹਿਮਾਨਾਂ ਨੂੰ ਜੀ ਆਇਆਂ ਆਖ ਅਤੇ ਸ਼ੇਅਰ ਸੁਣਾ ਕੇ ਆਪਣੀ ਹਾਜ਼ਰੀ ਲਵਾਈ।

ਇਸ ਮੇਲੇ ਦੌਰਾਨ ਜਿਹੜੀਆਂ ਵਿਸ਼ੇਸ਼ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ ਉਨ੍ਹਾਂ ਵਿਚ ਇੰਗਲੈਂਡ ਤੋਂ ਆਏ ਸ. ਗੁਰਮੀਤ ਸਿੰਘ ਸ਼ਾਮਲ ਸਨ। ਉਨ੍ਹਾਂ ਦਾ ਸਨਮਾਨ ਬੇ-ਏਰੀਆ ਸਪੋਰਟਸ ਕਲੱਬ ਵਲੋਂ ਇਕ ਸੋਨੇ ਦਾ ਮੈਡਲ ਦੇ ਕੇ ਕੀਤਾ ਗਿਆ। ਸ. ਗੁਰਮੀਤ ਸਿੰਘ ਨਾਮੀ ਜਾਫੀ ਤੀਰਥ ਗਾਖਲ ਦੇ ਪਿਤਾ ਹਨ। ਤੀਰਥ ਗਾਖਲ ਦਾ ਸਨਮਾਨ ਗਾਖਲ ਭਰਾਵਾਂ ਵਲੋਂ 5100 ਡਾਲਰ ਨਾਲ ਕੀਤਾ ਗਿਆ ਜਦੋਂਕਿ ਮਾਨ ਭਰਾਵਾਂ ਗੁਰਦਾਵਰ ਸਿੰਘ ਮਾਨ ਅਤੇ ਗੁਰਚਰਨ ਸਿੰਘ ਮਾਨ ਨੇ ਪਹਿਲਵਾਨ ਜਗਦੀਸ਼ ਕਾਲੀਰਮਨ ਦਾ 1500 ਡਾਲਰ ਨਾਲ ਸਨਮਾਨ ਕੀਤਾ।

ਦਰਸ਼ਕਾਂ ਵਿਚ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ, ਰੀਐਲਟਰ ਜੱਸੀ ਗਿੱਲ, ਕੁਲਵੰਤ ਸਿੰਘ ਖਹਿਰਾ, ਟੁੱਟ ਭਰਾ, ਸਾਧੂ ਸਿੰਘ ਖਲੌਰ, ਭਾਈ ਰਾਮ ਸਿੰਘ, ਗੁਰਚਰਨ ਸਿੰਘ ਮਾਨ, ਦਲਜੀਤ ਸਿੰਘ ਪੋਰਟਲੈਂਡ, ਬਿੱਕਰ ਸਿੰਘ ਪਰਹਾਰ, ਸਰਦੂਲ ਸਿੰਘ ਰੰਧਾਵਾ, ਟਹਿਲ ਸਿੰਘ ਥਾਂਦੀ, ਕੁਲਵੰਤ ਸਿੰਘ ਲੱਛਰ, ਜਸਵਿੰਦਰ ਸਿੰਘ ਲੱਛਰ, ਤਰਲੋਚਨ ਸਿੰਘ ਲੱਛਰ, ਜਸਵਿੰਦਰ ਸਿੰਘ ਸੋਹਲ, ਸੰਤ ਸਿੰਘ ਹੋਠੀ, ਸੁੱਚਾ ਰਾਮ ਭਾਰਟਾ, ਭਿੰਦਾ ਗਾਖਲ, ਸੁਖਵਿੰਦਰ ਤੇ ਰੁਪਿੰਦਰ ਟੋਰਾਂਟੋ, ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸਕੱਤਰ ਦਵਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਵੀ ਸ਼ਾਮਲ ਸਨ।

ਇਸ ਮੇਲੇ ਨੂੰ ਕਾਮਯਾਬ ਕਰਨ ਵਿਚ ਸ੍ਰੀ ਅਮੋਲਕ ਸਿੰਘ ਗਾਖਲ ਦੀ ਅਗਵਾਈ ਹੇਠ ਪ੍ਰਧਾਨ ਬਲਬੀਰ ਸਿੰਘ ਭਾਟੀਆ, ਜੁਗਰਾਜ ਸਹੋਤਾ, ਮੱਖਣ ਸਿੰਘ ਬੈਂਸ, ਦਲਵਿੰਦਰ ਸਿੰਘ ਪੱਡਾ, ਕੋਚ ਪਰਮਜੀਤ ਸਿੰਘ ਸੰਧੂ, ਗੁਰਦਾਵਰ ਸਿੰਘ ਮਹੇੜੂ ਅਤੇ ਸਾਥੀਆਂ ਨੇ ਦਿਨ ਰਾਤ ਇਕ ਕਰਕੇ ਕੰਮ ਕੀਤਾ।



*ਇਹ ਤੇ ਪੈ ਗਿਆ ਭੀਚਕੜਾ ਬਈ...*

## ਮੇਲੇ ਦੇ ਰੰਗ

ਇਸ ਕਬੱਡੀ ਮੇਲੇ ਵਿਚ ਕਬੱਡੀ ਦੇਖਣ ਦੇ ਸ਼ੌਕੀਨ ਦੂਰੋਂ ਦੂਰੋਂ ਯਾਨਿ ਬੇਕਰਜ਼ਫੀਲਡ, ਫਰਿਜ਼ਨੋ ਅਤੇ ਕੈਲੀਫੋਰਨੀਆ ਦੇ ਹੋਰਨਾਂ ਸ਼ਹਿਰਾਂ ਤੋਂ ਹੁਮਹੁਮਾ ਕੇ ਪਹੁੰਚੇ। ਇਨ੍ਹਾਂ ਵਿਚ ਟਰੱਕਾਂ ਵਾਲਿਆਂ ਦੀ ਵੱਡੀ ਗਿਣਤੀ ਹਾਜ਼ਰ ਸੀ। ਕਈ ਟਰੱਕ ਡਰਾਈਵਰਾਂ ਨੇ ਤਾਂ ਮਹੀਨਾ ਮਹੀਨਾ ਪਹਿਲਾਂ ਹੀ ਆਪਣੀਆਂ ਕੰਪਨੀਆਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਹੋਇਆ ਸੀ ਕਿ ਸਾਨੂੰ 26 ਸਤੰਬਰ ਵਾਲੇ ਦਿਨ ਛੁੱਟੀ ਚਾਹੀਦੀ ਹੈ। ਜਦੋਂ ਟਰੱਕ ਕੰਪਨੀਆਂ ਵਾਲੇ ਆਪ ਉਥੇ ਹਾਜ਼ਰ ਸਨ ਤਾਂ ਫਿਰ ਡਰਾਈਵਰ ਭਲਾ ਕਿਉਂ ਨਾ ਹੋਣ?

***

ਪੰਜਾਬੀਆਂ ਦਾ ਮੇਲਾ ਹੋਵੇ ਅਤੇ ਉਥੇ ਦਾਰੂ ਸਿੱਕਾ ਨਾ ਚੱਲੇ, ਇਹ ਤਾਂ ਹੋ ਹੀ ਨਹੀਂ ਸਕਦਾ ਪਰ ਇਸ ਮੇਲੇ ਵਿਚ ਇਸ ਗੱਲੋਂ ਹੱਦ ਹੋਈ ਪਈ ਸੀ ਕਿ ਪੁਲਿਸ ਨੂੰ ਵਾਰ ਵਾਰ ਪ੍ਰਬੰਧਕਾਂ ਦੇ ਕੰਨਾਂ ਵਿਚੋਂ ਇਹ ਗੱਲ ਕੱਢਣੀ ਪਈ ਕਿ ਆਪਣੇ ਬੰਦੇ ਸੰਭਾਲੋ ਨਹੀਂ ਤੇ...। ਸੂਰਜ ਆਪਣੀ ਪੂਰੀ ਕ੍ਰੋਧਿਤ ਮੁਦਰਾ ਵਿਚ ਸੀ ਸ਼ਾਇਦ ਦਾਰੂ ਦੇ ਸ਼ੌਕੀਨ ਸੂਰਜ ਉਤੇ ਆਪਣਾ ਸਾਰਾ ਗੁੱਸਾ ਦਾਰੂ ਪੀ ਕੇ ਕੱਢ ਰਹੇ ਸਨ। ਉਂਜ ਇਹ ਵੀ ਦਿਲਚਸਪ ਗੱਲ ਸੀ ਕਿ ਏਡੀ ਗਰਮੀ ਵਿਚ ਰਾਜਾ ਸਵੀਟਸ ਵਾਲਿਆਂ ਕੋਲੋਂ ਗਰਮੀ ਕਰਨ ਵਾਲੀ ਮੱਛੀ ਵੀ ਲਿਆ ਲਿਆ ਖਾਈ ਜਾ ਰਹੇ ਸਨ ਤੇ ਦਾਰੂ ਵੀ ਪੀਵੀ ਜਾ ਰਹੇ ਸਨ। ਸ਼ਾਇਦ ਸੋਚਦੇ ਹੋਣ ਗਰਮੀ ਨੂੰ ਗਰਮੀ ਕੱਟੇਗੀ। ਪਰ ਇਸ ਸਭ ਕਾਸੇ ਦੇ ਬਾਵਜੂਦ ਪ੍ਰਬੰਧਕ ਇਸ ਗੱਲੋਂ ਸ਼ੁਕਰ ਮਨਾ ਰਹੇ ਸਨ ਕਿ ਕੋਈ ਲੜਾਈ ਝਗੜਾ ਨਹੀਂ ਹੋਇਆ।

***

ਸ਼ਾਮ ਵੇਲੇ ਪਾਰਕਿੰਗ ਲਾਟ ਵਿਚ ਸ਼ਰਾਬੀਆਂ ਨੇ ਇੰਨਾ ਕੁ ਖਲਾਰਾ ਪਾਇਆ ਹੋਇਆ ਸੀ ਕਿ ਪੁਲਿਸ ਅਫਸਰਾਂ ਨੇ ਇਕ ਵਾਰ ਤਾਂ ਇਹ ਵੀ ਕਹਿ ਦਿੱਤਾ ਕਿ ਜਾਂ ਆਪਣੇ ਬੰਦੇ ਸਾਂਭ ਲਓ ਨਹੀਂ ਤਾਂ ਮੇਲਾ ਖਤਮ। ਉਸ ਵੇਲੇ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੂੰ ਸਖ਼ਤ ਚਿਤਾਵਨੀਆਂ ਦੇਣੀਆਂ ਪਈਆਂ। ਇਕ ਪੁਲਿਸ ਵਾਲੇ ਨੇ ਚੇਅਰਮੈਨ ਗਾਖਲ ਦੇ ਕੰਨ ਵਿਚ ਗੁੱਸੇ ਦੇ ਰਉਂ ਵਿਚ ਕਿਹਾ ਕਿ ਜੇ ਚਾਹੀਏ ਤਾਂ ਇਸ ਵੇਲੇ ਘੱਟੋ ਘੱਟ ਸੌ ਬੰਦਾ ਅੰਦਰ ਕਰ ਸਕਦੇ ਹਾਂ। ਪਰ ਗਾਖਲ ਨੇ ਪੁਲਿਸ ਵਾਲੇ ਦੇ ਕੰਨ ਵਿਚ ਪਤਾ ਨਹੀਂ ਕੀ ਕਿਹਾ ਕਿ ਉਹ ਓਕੇ ਓਕੇ ਕਰਦਾ ਮੁੜ ਗਿਆ। ਪਾਰਕਿੰਗ ਲਾਟ ਵਿਚ ਸ਼ਰਾਬੀਆਂ ਨੇ ਖਾਲੀ ਬੋਤਲਾਂ ਅਤੇ ਕੱਪਾਂ ਦਾ ਇੱਡਾ ਖਲਾਰਾ ਪਾਇਆ ਕਿ ਸਫਾਈ ਲਈ ਕਲੱਬ ਨੂੰ ਅਗਲੇ ਦਿਨ ਉਚੇਚੇ ਅੱਠ ਮਜ਼ਦੂਰ ਸੱਦਣੇ ਪਏ।

***

ਗਰਮੀ ਨੇ ਪੰਜਾਬ ਟਾਈਮਜ਼ ਦੀ ਤਰਫੋਂ ਫੋਟੋ ਖਿੱਚ ਰਹੇ ਲੌਂਗਮੈਨ ਸਟੂਡੀਓ ਦੇ ਸੋਹਲ ਜਿਹੇ ਹੈਰੀ ਨੂੰ ਇੰਨਾ ਪ੍ਰੇਸ਼ਾਨ ਕਰ ਦਿਤਾ ਕਿ ਉਸ ਵਿਚਾਰੇ ਨੂੰ ਇਕ ਵਾਰ ਤਾਂ ਆਪਣੀ ਕਾਰ ਵਿਚ ਜਾ ਕੇ ਏਅਰਕੰਡੀਸ਼ਨਰ ਦੀ ਹਵਾ ਖਾਣੀ ਪਈ। ਆਪਣੇ ਭਾਰੀ ਸਰੀਰ ਕਰਕੇ ਪ੍ਰੇਸ਼ਾਨ ਤਾਂ ਹਰਭਜਨ ਸਿੰਘ ਵੀ ਸਨ ਪਰ ਉਨ੍ਹਾਂ ਪੰਜਾਬ ਦੀ ਗਰਮੀ ਹੰਢਾਈ ਹੋਈ ਸੀ, ਸੋ ਝੱਲ ਗਏ।






## ਡਾਲਰ ਦੇ ਮੁਕਾਬਲੇ ਹੋਰ ਕਰੰਸੀਆਂ ਜ਼ੋਰ ਫੜਨਗੀਆਂ

**ਵਾਸ਼ਿੰਗਟਨ:**ਵਿਸ਼ਵ ਬੈਂਕ ਦੇ ਪ੍ਰਧਾਨ ਰੋਬਰਟ ਜ਼ੀਲਕ ਨੇ ਵਾਸ਼ਿੰਗਟਨ 'ਚ ਦਿੱਤੀ ਇੱਕ ਤਕਰੀਰ 'ਚ ਕਿਹਾ ਹੈ ਕਿ ਵਿਸ਼ਵ ਦੀ ਰਿਜ਼ਰਵ ਕਰੰਸੀ ਵਜੋਂ ਅਮਰੀਕੀ ਡਾਲਰ ਦੀ ਭੂਮਿਕਾ ਭਵਿੱਖ 'ਚ ਘੱਟ ਸਕਦੀ ਹੈ ਤੇ ਅਮਰੀਕਾ ਨੂੰ ਇਹ ਤੱਥ ਪਹਿਚਾਣ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ 'ਭਵਿੱਖ 'ਚ ਡਾਲਰ ਦੇ ਮੁਕਾਬਲੇ ਦੂਜੇ ਬਦਲ ਜ਼ੋਰ ਫੜਦੇ ਜਾਣਗੇ।'

ਅਮਰੀਕਾ ਦੀ ਸਰਕਾਰ ਦੇ ਇੱਕ ਉਚ ਕੋਟੀ ਦੇ ਅਧਿਕਾਰੀ ਰਹੇ ਅਤੇ ਨਿਵੇਸ਼ ਬੈਂਕਰ ਰੋਬਰਟ ਜ਼ੀਲਕ ਨੇ ਕਿਹਾ ਕਿ ਵਿੱਤੀ ਸੰਕਟ ਨਾਲ ਨਜਿੱਠਣ ਲਈ ਫੈਡਰਲ ਬੈਂਕ ਨੂੰ ਵਧੇਰੇ ਅਖਤਿਆਰ ਦੇਣ ਦੇ ਉਹ ਖ਼ਿਲਾਫ਼ ਸਨ ਤੇ ਇਸ ਦੀ ਥਾਂ ਵਿੱਤੀ ਸੰਕਟ ਨਾਲ ਨਜਿੱਠਣ 'ਚ ਵਿੱਤ ਮੰਤਰਾਲਾ ਬੇਹਤਰ ਸਥਿਤੀ 'ਚ ਹੈ।

ਪਿਟਸਬਰਗ 'ਚ ਹੋਏ ਜੀ-20 ਸਿਖਰ ਸੰਮੇਲਨ ਤੋਂ ਬਾਅਦ ਜ਼ੀਲਕ ਨੇ "ਮੁੱਢਲੇ ਆਰਥਿਕ ਮੰਚ" ਵਜੋਂ ਇਸ ਦਾ ਸਵਾਗਤ ਕੀਤਾ, ਪਰ ਨਾਲ ਹੀ ਵਿਕਸਤ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਤੋਂ ਬਾਹਰ ਰਹਿ ਗਏ ਮੁਲਕਾਂ ਨੂੰ ਨਜ਼ਰ ਅੰਦਾਜ਼ ਨਾ ਕਰਨ। ਉਨ੍ਹਾਂ ਕਿਹਾ ਕਿ "ਚੀਨ, ਰੂਸ ਅਤੇ ਭਾਰਤ ਨੇ ਇਸ਼ਾਰਾ ਕੀਤਾ ਹੈ ਕਿ ਵਿਸ਼ਵ ਵਿੱਤੀ ਸੰਕਟ, ਜਿਸ ਨੇ ਵਿਸ਼ਵ ਅਰਥ ਵਿਵਸਥਾ ਨੂੰ ਉਸ ਨਿਘਾਰ 'ਚ ਧੱਕਿਆ, ਜੋ ਦੂਜੀ ਵੱਡੀ ਜੰਗ ਬਾਅਦ ਪਹਿਲੀ ਵਾਰ ਦੇਖਿਆ ਗਿਆ ਹੈ, ਕਾਰਨ ਉਹ ਕੌਮਾਂਤਰੀ ਵਿੱਤੀ ਪ੍ਰਣਾਲੀ 'ਚ ਦੂਰ ਦੇ ਨਤੀਜੇ ਕੱਢਣ ਵਾਲੀਆਂ ਤਬਦੀਲੀਆਂ ਚਾਹੁੰਦੇ ਹਨ, ਪਰ ਡਾਲਰ ਦੇ ਸਬੰਧ 'ਚ ਉਨ੍ਹਾਂ ਦੀ ਇਹ ਇੱਛਾ ਹਾਲੇ ਦੂਰ ਤੱਕ ਨਹੀਂ ਜਾਂਦੀ।" ਵਿਸ਼ਵ ਆਰਥਿਕ ਸੰਕਟ ਤੋਂ ਬਾਅਦ ਦੇ ਕੌਮਾਂਤਰੀ ਦ੍ਰਿਸ਼ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਰੋਬਰਟ ਜ਼ੀਲਕ ਨੇ ਕਿਹਾ 'ਇਹ ਸਮਝਿਆ ਜਾ ਰਿਹਾ ਹੈ ਕਿ ਵਿੱਤੀ ਸੰਕਟ ਤੋਂ ਬਾਅਦ ਚੀਨ ਸੰਭਵ ਤੌਰ 'ਤੇ ਭਾਰਤ ਅਤੇ ਦੂਜੀਆਂ ਉਭਰ ਰਹੀਆਂ ਵੱਡੀਆਂ ਅਰਥ ਵਿਵਸਥਾਵਾਂ ਦਾ ਪ੍ਰਭਾਵ ਵਧੇਗਾ।

## ਗੁਰਦੁਆਰਾ ਸਟਾਕਟਨ 'ਚ ਗੁਰਬਾਣੀ ਕੰਠ ਮੁਕਾਬਲੇ 17 ਨੂੰ

**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):**ਬੱਚਿਆਂ ਵਿਚ ਸਿੱਖ ਧਰਮ ਅਤੇ ਗੁਰਬਾਣੀ ਪ੍ਰਤੀ ਗਿਆਨ ਵਧਾਉਣ ਲਈ ਗੁਰਦੁਆਰਾ ਸਟਾਕਟਨ ਵਿਖੇ ਸਨਿਚਰਵਾਰ 17 ਅਕਤੂਬਰ ਨੂੰ ਸਵੇਰੇ ਸਾਢੇ ਅੱਠ ਵਜੇ ਤੋਂ ਸ਼ਾਮ ਅੱਠ ਵਜੇ ਤੱਕ ਬੱਚਿਆਂ ਦੇ ਵੱਖ ਵੱਖ ਗਰੁਪਾਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾ ਰਹੇ ਹਨ। ਬਣਾਏ ਗਏ ਵੱਖ ਵੱਖ ਉਮਰ ਗਰੁਪਾਂ ਵਿਚ ਚਾਰ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਲੈ ਕੇ 16 ਤੋਂ 18 ਸਾਲ ਉਮਰ ਦੇ ਬੱਚਿਆਂ ਦੇ ਗਰੁਪ ਬਣਾਏ ਗਏ ਹਨ।

ਇਨ੍ਹਾਂ ਗੁਰਬਾਣੀ ਕੰਠ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ। ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਸਰਟੀਫਿਕੇਟ, ਟਰਾਫੀ ਅਤੇ ਗੁਰੂ ਘਰ ਵਲੋਂ ਸਿਰੋਪਾਓ ਦਿੱਤਾ ਜਾਵੇਗਾ। ਛੇ ਸਾਲ ਤੋਂ 14 ਸਾਲ ਤੱਕ ਦੇ ਬੱਚਿਆਂ ਨੂੰ ਜਾਪ ਸਾਹਿਬ ਕੰਠ ਕਰਨ ਲਈ ਉਚੇਚਾ ਇਨਾਮ ਦਿੱਤਾ ਜਾਏਗਾ। ਇਸ ਮੁਕਾਬਲੇ ਵਿਚ ਹਿੱਸਾ ਲੈਣ ਲਈ ਸਿੱਖੀ ਪਹਿਰਾਵਾ ਜ਼ਰੂਰੀ ਹੋਵੇਗਾ। ਰਜਿਸਟਰੇਸ਼ਨ ਫਾਰਮ ਪ੍ਰਾਪਤ ਕਰਨ ਅਤੇ ਹੋਰ ਜਾਣਕਾਰੀ ਲਈ ਜੋਗਿੰਦਰ ਸਿੰਘ (209-598-6581) ਜਾਂ ਜੀ. ਸਿੰਘ (209-329-7089) ਤੋਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਹੇਵਰਡ ਕਬੱਡੀ ਕੱਪ-ਘੁੰਡ ਕੱਢ ਕੇ ਖੈਰ ਨਾ ਪਾਈਏ...

**ਐਸ.ਅਸ਼ੋਕ ਭੌਰਾ**

ਲੈ ਬਈ ਪੈ ਗਿਆ ਧੂਤਕੜਾ ਅੱਜ ਹੇਵਰਡ ਦੀ ਗਰਾਊਂਡ 'ਚ...ਗਾਖਲ ਭਰਾਵੋ ਬਣਾਤਾ ਕਬੱਡੀ ਦਾ ਮਹਾਂ ਭਾਰਤ।...ਹੈਂ! ਤੇਰੀ ਲਿੱਦ ਕਰਤੀ....ਭੂਆ ਵਾਂਗੂ ਪੈਰੀਂ ਹੱਥ ਨਾ ਲਾ ਕੁੜੰਗੀ ਪਾ ਕੇ ਰੋਪੜੀ ਜਿੰਦਾ ਲਾ...। ਹਾਅ ਗੋਰਾ ਚਾਲੀ ਸੇਰ ਢਿੱਡ ਵਾਲਾ ਕੈਨੇਡਾ ਦਾ ਪੁਲਿਸ ਅਫਸਰ ਦੋ ਸੌ ਚਾਲੀ ਡਾਲਰਾਂ ਦੀ ਟਿਕਟ ਦੇਣ ਲੱਗਾ ਬਿੰਦ ਨੀ ਲਾਉਂਦਾ...ਕਰਲੋ ਕੋਡਾ ਕਰਾ ਦੋ ਹੜੈਂਅ... ਹੜੈਂਅ...ਮਸੀਂ ਤਿਲ ਦਾੜ੍ਹ 'ਚ ਫਸਿਆ...ਬਚ ਕੇ ਰਿਹੋ ਬਈ ਕਾਲੇ ਤੋਂ...ਕਿਆ ਕਮਾਲ ਕਰਤਾ ਅਮੋਲਕ ਗਾਖਲ ਨੇ। ...ਜਿਹੜਾ ਇਹਦੇ ਥੱਲੇ ਆ ਗਿਆ....ਐਂ ਲੱਗੂ ਜਿਵੇਂ ਟੈਂਕਰ ਹੇਠ ਬਿਸਕੁਟਾਂ ਦਾ ਪੈਕਟ ਆ ਗਿਆ ਹੋਵੇ।....ਬਚ ਕੇ ਜਵਾਨੋ ਏਨਾ ਇਨਾਮ ਨ੍ਹੀ ਮਿਲਣਾ ਜਿੰਨੇ ਡਾਕਟਰਾਂ ਨੇ ਲੈ ਲੈਣੇ ਆ।...ਵੇਖ ਲੋ ਮੀਡੀਆ ਸਾਰਾ ਜਰਗ ਦੇ ਮੇਲੇ ਵਾਂਗ ਸਿਰ ਨੂੰ ਚੜ੍ਹਿਆ ਪਿਐ....ਅਠਾਰਾਂ ਕੈਮਰੇ ਇਕੋ ਵੇਲੇ ਕਲਿੱਕ ਕਲਿੱਕ ਕਰੀ ਜਾਂਦੇ ਆਂ।...ਅਹੁ ਸਾਹਮਣੇ ਵੇਖੋ ਜੱਸੀ ਗਿੱਲ ਨਾਲ ਬੈਠੈ ਅਮਰੀਕਾ ਦੇ ਪੰਜਾਬੀ ਭਾਈਚਾਰੇ 'ਚ ਧੜਕਦੇ ਦਿਲ ਵਾਲੀ ਖਬਾਰ ਵਾਲਾ ਮਨਦੀਪ ਸਿੰਘ ਜੰਮੂ।...ਗਾਖਲ ਭਰਾਵੋ ਕਬੱਡੀ ਦੀ ਧਮਕ ਕੈਲੀਫੋਰਨੀਆ 'ਚ ਪੈਂਦੀ ਐ ਤੇ ਵੇਖਦੈ ਸ਼ਿਕਾਗੋ 'ਚ ਅਮੋਲਕ ਸਿੰਘ ਜੰਮੂ...ਐਂ ਗੈਰ ਹਾਜਰ ਹੋ ਕੇ ਵੀ ਹਾਜਰ ਐ।...ਪਰਮਜੀਤ ਸਿਹਾਂ ਡੂਢ ਪੁਆਇੰਟ ਲੈ ਗਏ ਪੈਂਦੀ ਸੱਟੇ ਬੇ-ਏਰੀਏ ਵਾਲੇ...ਲਾ ਪੁਲਿਸ ਵਾਂਗ ਨਾਕਾ।...ਸਾਡੀ ਦੋ ਟਕਿਆਂ ਦੀ ਨੌਕਰੀ ਤੇਰਾ ਲੱਖਾਂ ਦਾ ਸਾਵਨ ਚਲੇ ਜਾਣਾ...ਵੇਖ ਲੋ ਕਿਵੇਂ ਰੁੜਕੇ ਵਾਲਾ ਬਲਜੀਤ ਤੇ ਬਲਜੋਗ ਸਣੇ ਦਿਲਬਾਗ ਸੰਧੂ ਪੱਬਾਂ ਭਾਰ ਹੋਏ ਪਏ ਆ...ਇਹਨੂੰ ਆਂਹਦੇ ਨੇ ਕਬੱਡੀ ਨਾਲ ਇਸ਼ਕ। ਇਉਂ ਯੂਨਾਈਟਿਡ ਸਪੋਰਟਸ ਕਲੱਬ ਦੇ ਕਬੱਡੀ ਕੱਪ 2009 'ਤੇ ਸਾਰਾ ਦਿਨ ਕਦੇ ਪ੍ਰਿੰ. ਸਰਵਣ ਸਿੰਘ, ਕਦੇ ਮੱਖਣ ਹਕੀਮਪੁਰੀ ਤੇ ਕਦੇ ਰਾਜਵਿੰਦਰ ਸਿੰਘ ਰੰਡਿਆਲੇ ਦੀ ਲੱਛੇਦਾਰ



*ਆਹ ਤੇ ਚੁੱਕ ਲਈ ਮਧਰੋ ਗਲਾਸ ਵਰਗੀ...*

ਕੁਮੈਂਟਰੀ ਕੋਡੀ ਦੇ ਸ਼ੌਕੀਆਂ ਦਾ ਮਨ ਬਹਿਲਾਵਾ ਹੀ ਨਹੀਂ ਕਰਦੀ ਸੀ ਸਗੋਂ ਕਬੱਡੀ ਵੇਖਣ ਆਏ ਹਜ਼ਾਰਾਂ ਪੰਜਾਬੀਆਂ ਦੇ ਚਿੱਤ ਨੂੰ ਰਾਜੀ ਵੀ ਕਰੀ ਜਾਂਦੀ ਸੀ।

...ਬਈ ਜੇ ਮੁੱਲ ਦੇ ਪੈਸੇ ਲਾ ਕੇ ਤਾਜੀ ਮੱਛੀ ਨਾਲ ਢਿੱਡ ਭਰਨੈ ਤਾਂ ਮੱਖਣ ਬੈਂਸ ਦੇ ਰਾਜਾ ਸਵੀਟਸ ਵਾਲੇ ਕਾਊਂਟਰ ਤੇ ਜਾਓ ਤੇ ਜੇ ਊਂ ਮੂੰਹ ਸਲੂਣਾ ਕਰਨੈ ਤਾਂ ਪਾਰਕਿੰਗ ਲਾਟ 'ਚ ਜੀਤੀ ਸਰਹਾਲ ਕਾਜੀਆਂ ਵਾਲੇ ਨੇ ਮਿੰਨੀ ਢਾਬਾ ਪਾਰਕਿੰਗ ਲਾਟ 'ਚ ਖੋਲ੍ਹਿਆ ਹੋਇਐ।...ਪ੍ਰਸ਼ਾਦਾ ਲੰਗਰ ਵਾਂਗ ਮੁਫਤ 'ਚ ਤੇ ਨਾਲ ਕੌਫੀ ਦੇ ਕੱਪ ਵਾਂਗ ਪੈੱਗ ਮੁਫ਼ਤ 'ਚ।...ਬਲਵੀਰ ਭਾਟੀਆ ਵੇਖ ਲੈ ਜਿਵੇਂ ਸੋਨੀਆ ਮਨਮੋਹਨ ਸਿੰਘ ਦੀ ਜੈ ਜੈ ਕਰੀ ਜਾਂਦੀ ਐ...ਐਂ ਅਮੋਲਕ ਗਾਖਲ ਨੇ ਨੌਂ ਲੱਖਾ ਹਾਰ ਪਾਇਆ ਪਿਐ ਤੇਰੇ ਗਲ 'ਚ...ਵੇਖ ਲੋ ਦਸ ਹਜ਼ਾਰ ਦਰਸ਼ਕਾਂ 'ਚੋਂ ਕੋਈ ਚੂੰ ਨੀ ਕਰਦੈ...ਜਦੋਂ ਨੀਲੋਂ ਤੇ ਦਾਰਾ ਕੌਡੀ ਕੌਡੀ ਕਰਦੇ ਐ। ਐਂ ਸਾਰਾ ਦਿਨ ਕਾਟੋ ਫੁੱਲਾਂ 'ਤੇ ਖੇਡਦੀ ਰਹੀ।

ਕਬੱਡੀ ਕੱਪ 2009 ਵਿਚ ਬੜੀਆਂ ਕਮਾਲਾਂ ਹੋਈਆਂ...ਅਸਲ ਸਰੀਰ ਵਾਲੇ ਸਿਕੰਦਰ ਦੇ ਅਖਾੜੇ ਦੇ ਦੁੱਲੇ ਨੇ ਅਹੁ ਜਾਂਦੇ...ਅਹੁ ਜਾਂਦੇ ਕਰਵਾਈ ਰੱਖੀ...ਜਗਦੀਸ਼ ਨੀਲੋਂ ਇਕ ਵਾਰ ਨੀ ਫੜ੍ਹਿਆ ਗਿਆ...ਟਰੱਕਾਂ ਵਾਲਿਆਂ ਨੇ ਪੌਂ ਪੌਂ ਬਹੁਤ ਕਰਵਾਈ...ਰਣਜੀਤ ਪੱਤੜ ਖਾਲਸਾ ਰੁਕਿਆ ਨ੍ਹੀਂ...ਕਈ ਗੋਰਿਆਂ ਨੇ ਪੰਜਾਬੀਆਂ ਨੂੰ ਲਾਲ ਬੱਤੀਆਂ ਵਿਚ ਦੀ ਲੰਘਣ ਦਿੱਤਾ...ਤੇ ਚਿੱਟੀਆਂ ਕਪਾਹ ਦੀਆਂ ਫੁੱਟੀਆਂ ਵਾਂਗ ਨਗਾਰੇ 'ਤੇ ਨਗਾਰਾ ਠੋਕੀ ਰੱਖਿਆ...ਤਾੜੀਆਂ ਪ੍ਰਿੰ. ਸਰਵਣ ਸਿੰਘ ਦੀ ਕੁਮੈਂਟਰੀ 'ਤੇ ਵੀ ਵੱਜੀਆਂ...ਆਸ਼ਾ ਸ਼ਰਮਾ ਦੇ ਸਦਾ ਬਹਾਰ ਸ਼ੇਅਰਾਂ 'ਤੇ ਵੀ ਅਤੇ ਪ੍ਰੋ. ਮੱਖਣ ਹਕੀਮਪੁਰੀ ਦੇ ਬੋਲਾਂ ਤੇ ਵੀ ਪਰ ਰਾਜਵਿੰਦਰ ਰੰਡਿਆਲੇ ਦੀ ਖਾਸ ਗੱਲਾਂ 'ਤੇ ਵੀ ਜਦੋਂ-

ਜਿਹੜ੍ਹਾ ਬੰਦਾ ਸਿਰਫ ਜਿਸਮ ਦਾ ਭੁੱਖਾ ਹੁੰਦਾ।  
ਉਹਨੂੰ ਕੀ ਪਤੈ ਕਿ ਕੀ ਪਿਆਰ ਹੁੰਦਾ।  
ਜਿਉਂਦੇ ਮਾਪਿਆਂ ਤੋਂ ਗੱਭਰੂ ਪੁੱਤ ਦਾ  
ਸਦੀਵੀ ਵਿਛੋੜਾ ਨ੍ਹੀ ਕਦੇ ਸਹਾਰ ਹੁੰਦਾ।  
ਜਿਹੜੇ ਜਿੱਤਣ ਲਈ ਪੌਣ ਕਬੱਡੀਆਂ ਨੂੰ  
ਉਨ੍ਹਾਂ ਤੋਂ ਪੈਸੇ ਲੈ ਕੇ ਨੀ ਹਾਰ ਹੁੰਦਾ।  
ਉੱਤੋਂ ਪਾ ਕੇ ਗਾਤਰਾ ਰਾਤ ਨੂੰ ਪੀਣ ਦਾਰੂ  
ਉਹ ਤਾਂ ਫੋਕਾ ਹੀ ਜਥੇਦਾਰ ਹੁੰਦਾ।

ਇਉਂ ਰੰਡਿਆਲੇ ਨੇ ਸ਼ਬਦਾਂ ਤੇ ਸ਼ਾਇਰੀ ਨਾਲ ਖੂਬ ਰੌਣਕਾਂ ਲਾਈ ਰੱਖੀਆਂ।

ਕਬੱਡੀ ਕੱਪ 'ਚ ਕਈ ਗੱਲਾਂ ਖਾਸ ਵਾਪਰੀਆਂ...ਬਲਜਿੰਦਰ ਨੀਲੋਂ ਨੇ ਮਿਸ ਪੂਜਾ ਦੇ ਹਰ ਗੀਤ ਵਾਂਗ ਹਿੱਟ ਰਹਿਣ ਦੀ ਗੱਲ ਦਾ ਇਤਿਹਾਸ ਦੁਹਰਾਇਆ। ਯੂਬਾ ਸਿਟੀ ਵਾਲਾ ਦੀਦਾਰ ਸਿੰਘ ਬੈਂਸ ਤਾਂ ਆਇਆ ਮੁੰਡਿਆਂ ਨੂੰ ਸ਼ਾਬਾਸ਼ੀ ਦੇਣ ਪਰ ਜੋਹਨ ਗਿੱਲ ਨ੍ਹੀਂ ਪਹੁੰਚਿਆ...ਰਾਜ ਭਨੋਟ ਨੇ ਕੁਰਸੀ 'ਤੇ ਬਹਿਣ ਨਾਲੋਂ ਦਰਸ਼ਕਾਂ 'ਚ ਖੜ੍ਹ ਕੇ ਭਰਵੀਂ ਹਾਜ਼ਰੀ ਲੁਆਈ...ਪੰਜਾਬ ਦੇ ਮੇਲਿਆਂ ਵਾਂਗ ਲੋਕਾਂ ਦੇ ਨਿਆਣੇ ਵੀ ਗੁਆਚੇ... ਚਾਬੀਆਂ ਵੀ।

ਜਿਨ੍ਹਾਂ ਨੇ ਪਹਿਲੀ ਵਾਰ ਕੌਡੀ ਦੀ ਸਿਖਰ ਵੇਖੀ ਉਹ ਕਹਿੰਦੇ ਰਹੇ...ਛੜ੍ਹਾ ਕੀਹਦੇ ਘਰ ਆ ਵੜਿਆ...ਲਾਹਾ ਲੈਣ ਵਾਲਿਆਂ 'ਚ ਦਿੱਲੀ ਦੇ ਚਾਂਦਗੀ ਰਾਮ ਅਖਾੜੇ ਦਾ ਚਾਂਦਗੀ ਰਾਮ ਦਾ ਪੁੱਤ ਜਗਦੀਸ਼ ਕਾਲੀਰਾਮ ਡਾਲਰ ਚੰਗੇ ਬਣਾ ਗਿਆ ਪਿਓ ਦੇ ਨਾਂ ਤੇ ਗੇੜੀ ਦੇ ਕੇ।

ਜੇ ਇਸਤਰੀਆਂ ਸੋਹਣੀਆਂ ਨਾ ਹੁੰਦੀਆਂ ਤਾਂ ਕਿਸੇ ਵੀ ਪੁਰਸ਼ ਨੇ ਕਮਾਈ ਨ੍ਹੀਂ ਕਰਨੀ ਸੀ...ਇਵੇਂ ਜੇ ਦੁਨੀਆਂ ਵਿਚ ਕਬੱਡੀ ਦਾ ਮੁੱਲ ਸਾਇਕਲਾਂ ਤੋਂ ਮੋਟਰ ਸਾਇਕਲਾਂ ਤੇ ਕਾਰਾਂ ਤੱਕ ਨਾ ਪਿਆ ਹੁੰਦਾ ਤਾਂ ਅਮੋਲਕ ਗਾਖਲ ਦੀ ਏਡੀ ਸਿਰਦਰਦੀ ਦਾ ਕਦੋਂ ਟਕਾ ਰੁਪਿਆ ਵੱਟਿਆ ਜਾਣਾ ਸੀ।

ਭਰਾਵੋ ਜੇ ਸਾਰਿਆਂ ਚੋਂ ਵੱਖਰੈ ਪਛਾਨਣਾ ਤਾਂ ਉਹ ਹੈ ਗੁਰਦਾਵਰ ਸਿੰਘ ਮਹੇੜੂ। ਵੇਖ ਲੋ ਏਡੇ ਲੰਬੇ ਦਾੜ੍ਹੇ ਦੇ ਪ੍ਰਕਾਸ਼ ਵਾਲਾ ਸਟੇਡੀਅਮ 'ਚ ਇਕ ਨ੍ਹੀਂ ਹੋਣਾ ਤੇ ਕਬੱਡੀ ਕੱਪ ਲਈ ਟਕਾ ਰੁਪਿਆ ਦੇਣ ਵਾਲਿਆਂ ਲਈ 'ਮੈਂ ਜੋਗਨ ਹੋ ਗਈ ਵੇ..' ਦੀ ਮਹੇੜੂ ਹੀ ਬੀਨ ਵਜਾ ਸਕਦੈ।

ਦੁਨੀਆਂ ਦੀ ਆਦਤ ਐ ਸੜ੍ਹੀ ਜਾਂਦੇ ਨੇ ਪਰ ਸਣੇ ਇਕਬਾਲ ਗਾਖਲ, ਸਣੇ ਬਲਵੀਰ ਭਾਟੀਆ, ਮੱਖਣ ਬੈਂਸ ਤੇ ਸਣੇ ਪਰਮਜੀਤ ਸੰਧੂ ਦੇ ਇਕ ਟੱਬਰ ਨੇ ਇਹ ਦਰਸਾ ਦਿੱਤੈ ਕਿ ਜਿਨ੍ਹਾਂ ਦਾ ਕਮਾਂਡਰ ਅਮੋਲਕ ਗਾਖਲ ਵਰਗਾ ਬੰਦਾ ਹੋਵੇ ਉਥੇ ਉਹ ਹਾਲਤ ਬਣਦੇ ਨੇ ਜਿਵੇਂ ਧੁੰਦ ਆਲੇ ਦਿਨ ਸੂਰਜ ਤਰਸਾ ਤਰਸਾ ਕੇ ਚੜ੍ਹਿਆ ਹੋਵੇ। ਰੱਬ ਹੀ ਜਾਣੇ ਅਮੋਲਕ ਦੀ ਜੇਬ 'ਚ ਕਬੱਡੀ ਲਈ ਡਾਲਰਾਂ ਦੀਆਂ ਬਰਕਤਾਂ ਕਿਵੇਂ ਹਨ?



## ਸੱਤ ਜ਼ਿਲ੍ਹਿਆਂ ਦੇ ਪੁਲੀਸ ਮੁਖੀ ਤਬਦੀਲ

**ਚੰਡੀਗੜ੍ਹ:**ਪੰਜਾਬ ਸਰਕਾਰ ਨੇ 18 ਪੁਲਿਸ ਅਫਸਰਾਂ ਦੇ ਤਬਾਦਲੇ ਕਰਦਿਆਂ 7 ਜ਼ਿਲਿਆਂ ਦੇ ਪੁਲੀਸ ਮੁਖੀ ਤਬਦੀਲ ਕਰ ਦਿੱਤੇ ਹਨ। ਜਾਰੀ ਹੁਕਮਾਂ ਮੁਤਾਬਕ ਮੁਹਾਲੀ, ਪਟਿਆਲਾ, ਬਰਨਾਲਾ, ਬਟਾਲਾ, ਲੁਧਿਆਣਾ (ਦਿਹਾਤੀ), ਮਾਨਸਾ ਅਤੇ ਫਰੀਦਕੋਟ ਜ਼ਿਲ੍ਹਿਆਂ ਲਈ ਕ੍ਰਮਵਾਰ ਗੁਰਪ੍ਰੀਤ ਸਿੰਘ ਭੁੱਲਰ, ਰਣਬੀਰ ਸਿੰਘ ਖੱਟੜਾ, ਹਰਚਰਨ ਸਿੰਘ ਭੁੱਲਰ, ਦਿਨੇਸ਼ ਪ੍ਰਤਾਪ ਸਿੰਘ, ਹਰਿੰਦਰ ਸਿੰਘ ਚਾਹਲ ਅਤੇ ਹਰਦਿਆਲ ਸਿੰਘ ਮਾਨ, ਅਰੁਨ ਕੁਮਾਰ ਮਿੱਤਲ ਨੂੰ ਨਵੇਂ ਐਸ.ਐਸ.ਪੀ. ਲਾਇਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੀ ਪਸੰਦ ਦੇ ਅਫਸਰਾਂ ਨੂੰ ਜ਼ਿਲ੍ਹਾ ਪੁਲੀਸ ਮੁਖੀ ਲਾਉਣ 'ਚ ਕਾਮਯਾਬ ਹੋ ਗਏ ਹਨ।

ਸੂਤਰਾਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਤਿੰਨ ਕੁ ਅਧਿਕਾਰੀਆਂ ਦੀ ਨਿਯੁਕਤੀ ਅਤੇ ਤਬਾਦਲੇ 'ਤੇ ਨਾਖੁਸ਼ੀ ਪ੍ਰਗਟ ਕੀਤੀ ਜਾ ਰਹੀ ਸੀ। ਇਹੀ ਕਾਰਨ ਹੈ ਕਿ ਮੁੱਖ ਮੰਤਰੀ ਵਲੋਂ ਤਬਾਦਲਿਆਂ ਦੀ ਸੂਚੀ ਨੂੰ ਪ੍ਰਵਾਨਗੀ ਦੇਣ 'ਚ ਦੇਰੀ ਕੀਤੀ ਜਾ ਰਹੀ ਸੀ। ਆਈ.ਪੀ.ਐਸ. ਅਧਿਕਾਰੀ ਪਰਮਜੀਤ ਸਿੰਘ ਗਿੱਲ ਪਟਿਆਲਾ ਜ਼ੋਨ ਦੇ ਨਵੇਂ ਆਈ.ਜੀ.ਹੋਣਗੇ ਤੇ ਗੁਰਦੇਵ ਸਿੰਘ ਸਹੋਤਾ ਨੂੰ ਪੀ.ਏ.ਪੀ. ਜਲੰਧਰ ਦਾ ਆਈ.ਜੀ. ਲਾਇਆ ਹੈ। ਮੁਹਾਲੀ ਤੋਂ ਤਬਦੀਲ ਹੋਏ ਜਤਿੰਦਰ ਸਿੰਘ ਔਲਖ ਨੂੰ ਏ.ਆਈ.ਜੀ. ਪ੍ਰੋਵਿਜ਼ਨਿੰਗ ਚੰਡੀਗੜ੍ਹ, ਰਕੇਸ਼ ਕੌਸਲ ਨੂੰ ਚੌਥੀ ਕਮਾਂਡੋ ਬਟਾਲੀਅਨ ਮੁਹਾਲੀ, ਸੁਰਿੰਦਰ ਸਿੰਘ ਸੋਢੀ ਨੂੰ ਕਮਾਂਡੈਂਟ 75 ਬਟਾਲੀਅਨ ਪੀ.ਏ.ਪੀ. ਜਲੰਧਰ, ਆਰ.ਪੀ.ਐਸ. ਬਾਜਵਾ ਨੂੰ ਕਮਾਂਡੈਂਟ ਦੂਜੀ ਆਈ.ਆਰ.ਬੀ. ਬਟਾਲੀਅਨ ਲੱਡਾ ਕੋਠੀ, ਨਰੇਸ਼ ਕੁਮਾਰ ਨੂੰ ਏ.ਆਈ.ਜੀ. ਸੀ.ਆਈ.ਡੀ. ਚੰਡੀਗੜ੍ਹ ਲਾਇਆ ਹੈ। ਅਰਪਿਤ ਸ਼ੁਕਲਾ ਨੂੰ ਚੰਡੀਗੜ੍ਹ, ਸ਼ਿਵ ਕੁਮਾਰ ਵਰਮਾ ਨੂੰ ਐਸ.ਪੀ. ਔਰਤਾਂ 'ਤੇ ਜ਼ੁਲਮ ਵਿਰੋਧੀ ਸ਼ਾਖਾ ਚੰਡੀਗੜ੍ਹ, ਮਨਮਿੰਦਰ ਸਿੰਘ ਨੂੰ ਏ.ਆਈ.ਜੀ. ਟ੍ਰੈਫਿਕ, ਸਤਿੰਦਰ ਸਿੰਘ ਨੂੰ ਐਸ.ਪੀ. ਹੈਡਕੁਆਟਰ ਜਲੰਧਰ ਲਾਇਆ ਹੈ।



## ਹਿੰਦੂ ਮੰਦਰ ਸੰਨੀਵੇਲ ਵਲੋਂ ਸੈਨ ਹੋਜ਼ੇ ਗੁਰੂਘਰ ਨੂੰ 51 ਹਜ਼ਾਰ ਡਾਲਰ ਭੇਟ

**ਸੈਨ ਹੋਜ਼ੇ:**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਦੇ ਗੁਰਪੁਰਬ ਦੇ ਸਬੰਧ 'ਚ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਮੱਥਾ ਟੇਕਣ ਆਏ ਹਿੰਦੂ ਮੰਦਰ, ਸੰਨੀਵੇਲ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ੍ਰੀ ਰਾਜ ਭਨੋਟ, ਰਮੇਸ਼ ਸ਼ਰਮਾ, ਸੰਜੇ ਅਗਰਵਾਲ, ਨਰੈਣ ਜੀ ਪਟੇਲ ਅਤੇ ਮਹਿੰਦਰ ਸੇਠੀ ਨੇ ਲੰਘੇ ਐਤਵਾਰ ਨੂੰ ਸਮੁੱਚੇ ਹਿੰਦੂ ਭਾਈਚਾਰੇ ਵਲੋਂ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ ਦੀ ਉਸਾਰੀ ਲਈ 51 ਹਜ਼ਾਰ ਡਾਲਰ ਭੇਟ ਕੀਤੇ। ਗੁਰੂ ਘਰ ਵਲੋਂ ਉਨ੍ਹਾਂ ਦਾ ਸਿਰੋਪਾਓ ਦੀ ਬਖ਼ਸ਼ਿਸ਼ ਨਾਲ ਸਨਮਾਨ ਕੀਤਾ ਗਿਆ।

ਗੁਰੂ ਘਰ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਨਵੀਂ ਬਣ ਰਹੀ ਬਿਲਡਿੰਗ ਦੇ ਦਰਸ਼ਨ ਕਰਵਾਏ ਜਿਸਤੋਂ ਪ੍ਰਸੰਨ ਹੋ ਕੇ ਉਨ੍ਹਾਂ ਅੱਗੇ ਤੋਂ ਹੋਰ ਵੀ ਸੇਵਾ ਕਰਨ ਦਾ ਵਾਅਦਾ ਕੀਤਾ। ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਲਈ ਇਹ ਇੱਕ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਗੁਰੂ ਘਰ ਦੇ ਕਾਰਜ 'ਚ ਵੱਖੋ ਵੱਖਰੇ ਭਾਈਚਾਰੇ ਦੀਆਂ ਸੰਗਤਾਂ ਆਪਣਾ ਯੋਗਦਾਨ ਪਾ ਰਹੀਆਂ ਹਨ।

# ਕਣਕ ਦੀ ਦਰਾਮਦਗੀ ਦਾ ਫੈਸਲਾ ਝੋਨੇ ਦੀ ਆਮਦ 'ਤੇ ਨਿਰਭਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਣਕ ਦਰਾਮਦ ਕਰਨ ਸਬੰਧੀ ਬੰਦਸ਼ਾਂ ਕੁਝ ਘਟਾਉਣ ਦਾ ਫੈਸਲਾ ਸਿਧਾਂਤਕ ਰੂਪ ਵਿਚ ਲੈ ਲਿਆ ਹੈ ਪਰ ਇਸ ਸਬੰਧੀ ਰਸਮੀ ਐਲਾਨ ਤੇ ਅਮਲ ਅਗਲੇ ਮਹੀਨੇ ਮੰਡੀਆਂ ਵਿਚ ਆਉਣ ਵਾਲੇ ਝੋਨੇ ਦੀ ਮਿਕਦਾਰ ਉਪਰ ਨਿਰਭਰ ਕਰੇਗਾ।

ਖੇਤੀ ਮੰਤਰਾਲੇ ਦੇ ਹੈਡਕੁਆਰਟਰ ਕ੍ਰਿਸ਼ੀ ਭਵਨ ਵਿਚਲੇ ਇਕ ਸੀਨੀਅਰ ਅਧਿਕਾਰੀ ਨੇ ਲੰਘੀ 24 ਸਤੰਬਰ ਨੂੰ ਦੱਸਿਆ, ''ਰਾਜਾਂ ਨੇ ਝੋਨੇ ਦੀ ਖੜ੍ਹੀ ਫਸਲ ਬਾਰੇ ਆਪਣੇ ਤਾਜ਼ਾਤਰੀਨ ਅਨੁਮਾਨ ਅਜੇ ਤਕ ਸਾਡੇ ਕੋਲ ਨਹੀਂ ਪਹੁੰਚਾਏ। ਇਹ ਅਨੁਮਾਨ



ਮਿਲਣ ਅਤੇ ਦੇਸ਼ ਵਿਚ ਮੌਜੂਦ ਕਣਕ ਤੇ ਚੌਲਾਂ ਦੇ ਜ਼ਖੀਰਿਆਂ ਦੇ ਆਕਾਰ ਬਾਰੇ ਅੰਕੜੇ ਪ੍ਰਾਪਤ ਹੋਣ ਮਗਰੋਂ ਸਰਕਾਰ ਨੂੰ ਇਹ ਅੰਦਾਜ਼ਾ ਲਾਉਣਾ ਸੌਖਾ ਹੋ ਜਾਵੇਗਾ ਕਿ ਦੇਸ਼ ਵਿਚ ਕਿੰਨਾ ਕੁ ਅਨਾਜ ਅਗਲੇ ਖੁਰਾਕੀ ਸਾਲ ਦੌਰਾਨ ਉਪਲਬਧ ਹੋਵੇਗਾ। ਜੇਕਰ ਇਹ ਉਪਲਬਧਤਾ ਕੌਮੀ ਲੋੜਾਂ ਨਾਲੋਂ ਕਾਫੀ ਵੱਧ ਹੈ ਤਾਂ ਕਣਕ ਦਰਾਮਦ ਕਰਨ ਦੇ ਨਿਯਮ ਕੁਝ ਨਰਮ ਬਣਾ ਦਿੱਤੇ ਜਾਣਗੇ।'' ਕਣਕ ਦਰਾਮਦ ਕਰਨ ਸਮੇਂ ਖੇਤੀ ਮੰਤਰਾਲੇ ਦੇ ਪੌਦ ਸੁਰੱਖਿਆ ਅਨੁਭਾਗ ਵਲੋਂ 2003 ਵਿਚ ਜਾਰੀ ਆਦੇਸ਼ਾਂ ਦੀਆਂ ਮੱਦਾਂ ਦੀ ਪਾਲਣਾ ਕਰਨੀ ਪੈਂਦੀ ਹੈ। ਇਹ ਮੱਦਾਂ ਜਾਂ ਨਿਯਮ ਦੇਸ਼ ਵਿਚ ਖਰਾਬ, ਉੱਲੀ ਲੱਗੇ ਜਾਂ ਰੋਗ ਪੀੜਤ ਅਨਾਜ, ਖਾਸ ਕਰਕੇ ਬੀਜਾਂ ਦੀ ਆਮਦ ਨੂੰ ਰੋਕਣ ਨਾਲ ਸਬੰਧਤ ਹਨ।

ਇਸ ਸਮੇਂ ਦੇਸ਼ ਵਿਚ ਖੁਰਾਕੀ ਅਨਾਜਾਂ ਦੀ ਕਮੀ ਨਹੀਂ। ਕੇਂਦਰ ਦੇ ਅਨਾਜ ਭੰਡਾਰਾਂ ਵਿਚ 31 ਜੁਲਾਈ ਨੂੰ 316.23 ਲੱਖ ਟਨ ਕਣਕ ਅਤੇ 185.04 ਲੱਖ ਟਨ ਚੌਲ ਮੌਜੂਦ ਸਨ। ਝੋਨੇ ਦਾ ਨਵਾਂ ਮਾਰਕੀਟਿੰਗ ਸੀਜ਼ਨ ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਰਿਹਾ ਹੈ। ਸਮਝਿਆ ਜਾਂਦਾ ਹੈ ਉਦੋਂ ਕੇਂਦਰੀ ਖੁਰਾਕ ਭੰਡਾਰਾਂ ਵਿਚ 285 ਲੱਖ ਟਨ ਕਣਕ ਅਤੇ 160 ਲੱਖ ਟਨ ਚੌਲ ਮੌਜੂਦ ਹੋਣਗੇ। ਇਹ ਮਾਤਰਾ ਘੱਟੋ-ਘੱਟ ਰਾਖਵੀਂ ਭੰਡਾਰ ਸੀਮਾ 110 ਲੱਖ ਟਨ ਕਣਕ ਤੇ 52 ਲੱਖ ਟਨ ਚੌਲਾਂ ਤੋਂ ਕਿਤੇ ਵੱਧ ਹੈ। ਪਰ ਇਸ ਸੁਖਾਵੀਂ ਸਥਿਤੀ ਦੇ ਬਾਵਜੂਦ ਕੇਂਦਰ ਸਰਕਾਰ ਕੋਈ ਜ਼ੋਖਮ ਨਹੀਂ ਉਠਾਉਣਾ ਚਾਹੁੰਦੀ। ਉਹ ਸੋਕੇ ਕਾਰਨ ਝੋਨੇ ਦੀ ਪੈਦਾਵਾਰ ਵਿਚ ਹੋਣ ਵਾਲੀ ਸੰਭਾਵੀ ਕਮੀ ਦੇ ਬਹਾਨੇ ਵਪਾਰੀਆਂ ਨੂੰ ਕਣਕ ਤੇ ਚੌਲਾਂ ਦੀਆਂ ਕੀਮਤਾਂ ਵਿਚ ਉਛਾਲਾ ਲਿਆਉਣ ਤੋਂ ਰੋਕਣਾ ਚਾਹੁੰਦੀ ਹੈ। ਸਰਕਾਰ ਇਹ ਮੰਨ ਰਹੀ ਹੈ ਕਿ ਸੋਕੇ ਕਾਰਨ ਚੌਲਾਂ ਦੀ ਪੈਦਾਵਾਰ ਵਿਚ ਘੱਟੋ-ਘੱਟ ਇਕ ਕਰੋੜ ਟਨ ਦੀ ਕਮੀ ਆਵੇਗੀ ਅਤੇ ਇਸ ਕਮੀ ਦਾ ਬੋਝ ਕਣਕ ਦੇ ਜ਼ਖੀਰਿਆਂ ਉਤੇ ਪਵੇਗਾ। ਲਿਹਾਜ਼ਾ, ਉਹ ਇਹਤਿਆਤੀ ਪ੍ਰਬੰਧਾਂ ਅਧੀਨ ਕਣਕ ਦਰਾਮਦ ਦੀ ਖੁੱਲ੍ਹ ਦੇਣ ਦੇ ਖਿਲਾਫ ਨਹੀਂ।

ਖੇਤੀ ਮੰਤਰਾਲੇ ਵਿਚ ਇਹ ਸੋਚ ਭਾਰੂ ਹੈ ਕਿ ਦੱਖਣ ਭਾਰਤ ਦੀਆਂ ਆਟਾ ਮਿੱਲਾਂ ਨੂੰ ਪੰਜਾਬ, ਹਰਿਆਣਾ ਜਾਂ ਉੱਤਰ ਪ੍ਰਦੇਸ਼ ਤੋਂ ਕਣਕ ਮੰਗਵਾਉਣ ਲਈ ਕਹਿਣ ਦੀ ਥਾਂ ਕਣਕ ਦਰਾਮਦ ਕਰਨ ਦੀ ਖੁੱਲ੍ਹ ਦੇ ਦਿੱਤੀ ਜਾਵੇ। ਅਜਿਹਾ ਕਰਨ ਨਾਲ ਉੱਤਰੀ ਰਾਜਾਂ ਵਿਚ ਕਣਕ ਦੀ ਉਪਲਬਧਤਾ ਵਧ ਜਾਵੇਗੀ ਅਤੇ ਇਸ ਨਾਲ ਕਣਕ ਤੇ ਆਟੇ ਦੀਆਂ ਕੀਮਤਾਂ ਵਿਚ ਉਛਾਲੇ ਦੀ ਸੰਭਾਵਨਾ ਖਤਮ ਹੋ ਜਾਵੇਗੀ। ਨਾਲ ਹੀ ਆਟਾ ਆਸਾਨੀ ਨਾਲ ਮਿਲਣ ਕਾਰਨ ਦੱਖਣੀ ਭਾਰਤ ਵਿਚ ਚੌਲਾਂ ਦੀ ਮੰਗ ਵੀ ਘਟ ਜਾਵੇਗੀ।

ਇਸ ਸਮੇਂ ਦੱਖਣ ਭਾਰਤੀ ਆਟਾ ਮਿੱਲਾਂ ਨੂੰ ਕਣਕ ਦਲਾ 13,700 ਰੁਪਏ ਪ੍ਰਤੀ ਟਨ ਦੇ ਭਾਅ ਸਪਲਾਈ ਹੋ ਰਹੀ ਹੈ ਜਦੋਂਕਿ ਮੱਧ ਪ੍ਰਦੇਸ਼ ਤੇ ਗੁਜਰਾਤ ਵਿਚ ਪੈਦਾ ਹੋਣ ਵਾਲੀ ਲੋਕਵਾਨ ਜਾਂ ਵਡਿੱਤਣ ਕਣਕ 800 ਤੋਂ 1000 ਰੁਪਏ ਤਕ ਹੋਰ ਮਹਿੰਗੀ ਪੈਂਦੀ ਹੈ। ਦੂਜੇ ਪਾਸੇ ਕਾਲੇ ਸਾਗਰੀ ਦੇਸ਼ਾਂ (ਯੂਕਰੇਨ ਤੇ ਰੂਸ ਦੀ ਕਣਕ ਚੇਨਈ ਬੰਦਰਗਾਹ 'ਤੇ 200 ਡਾਲਰ, ਭਾਵ 9592 ਰੁਪਏ ਫੀ ਟਨ ਦੇ ਭਾਅ ਪਹੁੰਚ ਸਕਦੀ ਹੈ। ਇਸ ਕਣਕ ਦੀ ਕੁਆਲਟੀ ਭਾਵੇਂ ਬਹੁਤ ਆਕਰਸ਼ਕ ਲੱਗਦੀ ਹੈ। ਇਸੇ ਤਰ੍ਹਾਂ ਆਸਟਰੇਲੀਅਨ ਪ੍ਰਾਈਮ ਕਣਕ, ਜਿਸ ਦਾ ਦਾਣਾ ਕੁਆਲਟੀ ਪੱਖੋਂ 'ਲੋਕਵਾਨ' ਦੇ ਮੁਕਾਬਲੇ ਦਾ ਹੈ, ਚੇਨਈ ਬੰਦਰਗਾਹ 'ਤੇ 260 ਡਾਲਰ (12470 ਰੁਪਏ) ਫੀ ਟਨ ਦੇ ਭਾਅ ਸਪਲਾਈ ਹੋ ਸਕਦੀ ਹੈ। ਕੌਮੀ ਭਾਅਾਂ ਦੇ ਮੁਕਾਬਲੇ ਕੌਮਾਂਤਰੀ ਭਾਅ ਏਨੇ ਘੱਟ ਹੋਣ ਕਾਰਨ ਦੱਖਣ ਭਾਰਤੀ ਵਪਾਰੀ ਦਰਾਮਦੀ ਬੰਦਸ਼ਾਂ ਨਰਮ ਬਣਾਉਣ 'ਤੇ ਜ਼ੋਰ ਦੇ ਰਹੇ ਹਨ।

### ਕਣਕ ਦੀਆਂ ਦਰਾਮਦਾਂ ਦਾ ਬਦਲ ਰਿਹਾ ਅੰਤਰਰਾਸ਼ਟਰੀ ਅਰਥ ਸ਼ਾਸਤਰ

ਸਰਕਾਰ ਨੇ 2006 ਵਿਚ ਕਣਕ ਦਰਾਮਦ ਕਰਨ ਦੀ ਖੁੱਲ੍ਹ ਦਿੱਤੀ ਸੀ। ਉਦੋਂ ਕੇਂਦਰੀ ਭੰਡਾਰਾਂ ਵਿਚ ਪਹਿਲੀ ਜੁਲਾਈ ਨੂੰ 82.07 ਲੱਖ ਟਨ ਕਣਕ ਸੀ ਜੋ ਕਿ 171 ਲੱਖ ਟਨ ਦੀ ਘੱਟੋ ਘੱਟ ਰਾਖਵੀਂ ਭੰਡਾਰ ਸੀਮਾ ਤੋਂ ਅੱਧੀ ਨਾਲੋਂ ਵੀ ਘੱਟ ਸੀ। ਉਦੋਂ ਕਣਕ ਦੇ ਕੌਮਾਂਤਰੀ ਭਾਅ ਵੀ ਬਹੁਤ ਤੇਜ਼ (400 ਡਾਲਰ ਫੀ ਟਨ) ਸਨ।

ਮਾੜੀ ਗੱਲ ਇਹ ਸੀ ਕਿ ਜਦੋਂ ਭਾਰਤ ਨੇ ਪਹਿਲੀ ਖੇਪ ਦਾ ਸੌਦਾ ਕੀਤਾ, ਉਦੋਂ ਭਾਅ 178.75 ਡਾਲਰ ਫੀ ਟਨ ਸੀ। ਪਰ ਜਿਵੇਂ ਹੀ ਕੌਮਾਂਤਰੀ ਮੰਡੀ ਵਿਚ ਇਹ ਪ੍ਰਭਾਵ ਭਾਰੂ ਹੋਇਆ ਕਿ ਭਾਰਤ ਨੂੰ ਕਣਕ ਦੀ ਭਰਵੀਂ ਲੋੜ ਹੈ ਤਾਂ ਭਾਅ ਛਾਲਾਂ ਮਾਰਦੇ ਹੋਏ 400.19 ਡਾਲਰ ਫੀ ਟਨ 'ਤੇ ਜਾ ਪਹੁੰਚੇ। ਅੱਜ ਕੱਲ੍ਹ ਕਣਕ 165 ਡਾਲਰ ਫੀ ਟਨ ਦੇ ਭਾਅ ਵਿਕ ਰਹੀ ਹੈ। ਇਸ ਉਪਰ ਢੋਆ-ਢੁਆਈ ਤੇ ਭਾਰਤੀ ਬੰਦਰਗਾਹਾਂ ਤਕ ਪਹੁੰਚਾਉਣ ਦਾ ਖਰਚਾ ਪਾਉਣ 'ਤੇ ਵੀ ਇਸ ਦੀ ਕੀਮਤ 195 ਡਾਲਰ ਪ੍ਰਤੀ ਟਨ ਤੋਂ ਵੱਧ ਨਹੀਂ ਬਣਦੀ। ਇਸੇ ਕਾਰਨ ਸਮੁੰਦਰੀ ਸਾਹਿਲ ਵਾਲੇ ਰਾਜਾਂ ਦੇ ਵਪਾਰੀ ਕਣਕ ਦਰਾਮਦ ਕਰਨ ਦੀ ਮੰਗ ਦੇ ਹੱਕ ਵਿਚ ਜਥੇਬੰਦ ਹੋ ਗਏ ਹਨ।

# ਸ਼ਸ਼ੀ ਥਰੂਰ ਵਲੋਂ ਸੋਨੀਆ ਤੇ ਪ੍ਰਣਬ ਕੋਲ ਪੱਖ ਪੇਸ਼





**ਨਵੀਂ ਦਿੱਲੀ:** 'ਡੰਗਰਾਂ ਵਾਲੇ ਦਰਜੇ' ਦੀ ਟਿੱਪਣੀ ਕਰਕੇ ਵਿਵਾਦ ਸ਼ੁਰੂ ਕਰਨ ਵਾਲੇ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਨੇ ਲੰਘੀ 22 ਸਤੰਬਰ ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਵਲੋਂ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਭਵਿੱਖ ਵਿਚ ਜਾਣੇ-ਅਣਜਾਣੇ ਅਜਿਹੀ ਕੋਈ ਵੀ ਟਿੱਪਣੀ ਕਰਨ ਤੋਂ ਗੁਰੇਜ਼ ਕਰਨ ਜਿਸ ਨਾਲ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ।

ਲਾਇਬੇਰੀਆ ਅਤੇ ਘਾਨਾ ਦੇ ਸਰਕਾਰੀ ਦੌਰੇ 'ਤੋਂ ਮੁੜਨ ਸਾਰ ਸ੍ਰੀ ਥਰੂਰ ਸ੍ਰੀਮਤੀ ਗਾਂਧੀ ਨੂੰ ਮਿਲੇ। ਉਨ੍ਹਾਂ ਦੇ ਪਿੱਛੋਂ ਵਿਦੇਸ਼ ਰਾਜ ਮੰਤਰੀ ਦੇ ਅਹੁਦੇ ਤੋਂ ਅਸਤੀਫੇ ਦੀ ਮੰਗ ਜ਼ੋਰ ਫੜ ਗਈ ਸੀ। ਬਾਅਦ ਵਿਚ ਸ੍ਰੀ ਥਰੂਰ ਸੀਨੀਅਰ ਕਾਂਗਰਸ ਨੇਤਾ ਅਤੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੂੰ ਵੀ ਮਿਲੇ। ਸ੍ਰੀਮਤੀ ਗਾਂਧੀ ਅਤੇ ਸ੍ਰੀ ਮੁਖਰਜੀ ਨਾਲ ਮੁਲਾਕਾਤ ਤੋਂ ਬਾਅਦ ਥਰੂਰ ਦਾ ਚਿਹਰਾ ਕਾਫੀ ਉਤਰਿਆ ਲੱਗਦਾ ਸੀ ਅਤੇ ਉਨ੍ਹਾਂ ਪੱਤਰਕਾਰਾਂ ਨਾਲ ਕੋਈ ਗੱਲ ਨਾ ਕੀਤੀ। ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੇ ਦੋਵਾਂ ਨੇਤਾਵਾਂ ਕੋਲ ਆਪਣਾ ਪੱਖ ਪੇਸ਼ ਕੀਤਾ।

ਹਾਲਾਂਕਿ ਮੁਲਾਕਾਤ ਵਿਚ ਹੋਈ ਗੱਲਬਾਤ ਦੇ ਵੇਰਵੇ ਤਾਂ ਨਹੀਂ ਮਿਲੇ ਪਰ ਪਾਰਟੀ ਤਰਜਮਾਨ ਸ਼ਕੀਲ ਅਹਿਮਦ ਨੇ ਕਿਹਾ ਕਿ ਪਾਰਟੀ, ਸਰਕਾਰ ਤੇ ਥਰੂਰ ਦਾ ਕੋਈ ਵੀ ਸਨੇਹੀ ਉਨ੍ਹਾਂ ਨੂੰ ਇਹੀ ਸਲਾਹ ਦੇਵੇਗਾ ਕਿ ਕਦੇ ਮਜ਼ਾਕ ਵਿਚ ਵੀ ਅਜਿਹੀ ਟਿੱਪਣੀ ਨਾ ਕੀਤੀ ਜਾਵੇ। ਜਿਸ ਨਾਲ ਆਮ ਆਦਮੀ ਦੀਆਂ ਭਾਵਨਾਵਾਂ ਨੂੰ ਠੇਸ ਵੱਜਦੀ ਹੋਵੇ। ਪਿਛਲੇ ਹਫਤੇ ਟਵਿੱਟਰ 'ਤੇ ਆਪਣੀ ਟਿੱਪਣੀ ਵਿਚ ਥਰੂਰ ਨੇ ਕਿਫਾਇਤੀ ਸ਼੍ਰੇਣੀ ਦੇ ਸਫਰ ਨੂੰ 'ਡੰਗਰਾਂ ਵਾਲੇ ਦਰਜੇ' ਨਾਲ ਤੁਲਨਾਇਆ ਸੀ ਜਿਸ ਦਾ ਪਾਰਟੀ ਨੇ ਬੁਰਾ ਮਨਾਇਆ ਸੀ।

# ਟਾਈਟਲਰ ਕੇਸ:ਸੀ.ਬੀ.ਆਈ. ਛੁਟਕਾਰੇ ਦੇ ਪੱਖ 'ਚ

**ਨਵੀਂ ਦਿੱਲੀ:** ਨਵੰਬਰ 1984 'ਚ ਹੋਏ ਸਿੱਖ ਵਿਰੋਧੀ ਦੰਗਿਆਂ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਭੂਮਿਕਾ ਤੇ ਯਮੁਨਾਨਗਰ ਦੇ ਪੁੱਲਬੰਗਸ਼ ਦੇ ਇਕ ਗੁਰਦੁਆਰੇ ਨੂੰ ਅੱਗ ਲਾਉਣ ਅਤੇ ਹੋਏ ਕਤਲਾਂ ਨਾਲ ਸਬੰਧਤ ਇਕ ਮੁਕੱਦਮੇ ਦੀ ਕੜਕੜਡੂਮਾ ਅਦਾਲਤ 'ਚ ਹੋਈ ਸੁਣਵਾਈ ਵੇਲੇ ਸੀ.ਬੀ.ਆਈ. ਵਲੋਂ ਦੋ ਸੀਡੀਜ਼ ਅਦਾਲਤ ਨੂੰ ਮੁਹੱਈਆ ਕਰਵਾਈਆਂ ਗਈਆਂ, ਜੋ ਹੁਣ ਜੱਜ ਵਲੋਂ ਘੋਖੀਆਂ ਜਾਣਗੀਆਂ। ਇਸ ਮਾਮਲੇ ਦੀ ਅਗਲੀ ਸੁਣਵਾਈ 31 ਅਕਤੂਬਰ ਨੂੰ ਹੋਵੇਗੀ। ਮਾਮਲੇ ਦੀ ਜਾਂਚ ਕਰਨ ਵਾਲਾ ਅਧਿਕਾਰੀ ਵੀ ਅਦਾਲਤ 'ਚ ਹਾਜ਼ਰ ਹੋ ਕੇ ਜਾਣਕਾਰੀ ਦੇਵੇਗਾ।



ਇਸ ਮਾਮਲੇ 'ਚ ਲਖਵਿੰਦਰ ਕੌਰ ਤੇ ਪੀੜਤਾਂ ਵਲੋਂ ਲੜ ਰਹੇ ਵਕੀਲ ਐਚ.ਐਸ.ਫੂਲਕਾ ਨੇ ਦੱਸਿਆ ਕਿ ਕੜਕੜਡੂਮਾ ਅਦਾਲਤ ਦੇ ਜੱਜ ਰਾਕੇਸ਼ ਪੰਡਿਤ ਦੇ ਚੈਂਬਰ 'ਚ ਵਕੀਲਾਂ ਦੀ ਹਾਜ਼ਰੀ 'ਚ ਕਰੀਬ ਇਕ ਘੰਟਾ ਸੀ.ਬੀ.ਆਈ. ਵਲੋਂ ਪੇਸ਼ ਕੀਤੀਆਂ ਸੀਡੀਆਂ ਘੋਖੀਆਂ ਗਈਆਂ ਪਰ ਉਨ੍ਹਾਂ ਵਿਚ ਜਗਦੀਸ਼ ਟਾਈਟਲਰ ਦਿਖਾਈ ਨਹੀਂ ਦਿੱਤਾ।

ਸ੍ਰੀ ਫੂਲਕਾ ਨੇ ਦੱਸਿਆ ਕਿ ਸੀ.ਬੀ.ਆਈ. ਨੇ ਆਪਣੀ ਕਲੋਜ਼ਰ ਰਿਪੋਰਟ 'ਚ ਅਪ੍ਰੈਲ ਮਹੀਨੇ ਵਿਚ ਹੋਈ ਸੁਣਵਾਈ ਦੌਰਾਨ ਕਿਹਾ ਸੀ ਕਿ ਜਦੋਂ ਪੁੱਲਬੰਗਸ਼ ਦੇ ਉਪਰੋਕਤ ਗੁਰਦੁਆਰੇ 'ਚ ਕਤਲ ਹੋਏ ਸਨ, ਉਦੋਂ ਜਗਦੀਸ਼ ਟਾਈਟਲਰ ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਕੋਲ ਸਨ ਤੇ ਇਸ ਦੇ ਸਬੂਤ ਵਜੋਂ ਉਨ੍ਹਾਂ ਦੂਰਦਰਸ਼ਨ ਵਲੋਂ ਤੀਨਮੂਰਤੀ ਭਵਨ ਵਿਖੇ ਉਦੋਂ ਕੀਤੀ ਗਈ ਰਿਕਾਰਡਿੰਗ ਦਿਖਾਉਣ ਦੀ ਦਲੀਲ ਪੇਸ਼ ਕੀਤੀ ਸੀ।

ਅਦਾਲਤੀ ਹੁਕਮਾਂ ਦੇ ਮੱਦੇਨਜ਼ਰ ਇਹ ਸੀਡੀਆਂ ਸੀ.ਬੀ.ਆਈ. ਨੇ ਪੇਸ਼ ਕੀਤੀਆਂ ਪਰ ਹੁਣ ਮਾਮਲੇ ਦੀ ਜਾਂਚ ਕਰਨ ਵਾਲੇ ਅਧਿਕਾਰੀ (ਆਈ.ਓ.) ਦੀ ਹਾਜ਼ਰੀ 'ਚ ਇਹ ਸੀਡੀਆਂ ਮੁੜ ਦੇਖੀਆਂ ਜਾਣਗੀਆਂ।

ਸੀ.ਬੀ.ਆਈ. ਦੇ ਵਕੀਲ ਸੰਜੇ ਕੁਮਾਰ ਨੇ ਵਧੀਕ ਮੈਟਰੋਪਾਲੀਟਨ ਮੈਜਿਸਟਰੇਟ ਰਾਕੇਸ਼ ਪੰਡਿਤ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਸਿਰਫ ਦੋ ਗਵਾਹ ਸਾਹਮਣੇ ਆਏ ਪਰ ਇਨ੍ਹਾਂ ਗਵਾਹਾਂ ਸੁਰਿੰਦਰ ਸਿੰਘ ਤੇ ਜਸਬੀਰ ਦੀ ਗਵਾਹੀ ਉਪਰ ਭਰੋਸਾ ਨਹੀਂ ਕੀਤਾ ਜਾ ਸਕਦਾ।

ਅਦਾਲਤ ਵਲੋਂ 31 ਅਕਤੂਬਰ ਨੂੰ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਬਾਰੇ ਵਿਚਾਰ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਉਪ੍ਰੋਕਤ ਗੁਰਦੁਆਰੇ 'ਚ ਬਾਦਲ ਸਿੰਘ, ਠਾਕੁਰ ਸਿੰਘ ਤੇ ਗੁਰਚਰਨ ਸਿੰਘ ਦਾ ਕਥਿਤ ਕਤਲ ਕੀਤਾ ਗਿਆ ਸੀ ਤੇ ਦੋਸ਼ ਲਾਇਆ ਗਿਆ ਸੀ ਕਿ ਗੁਰਦੁਆਰੇ ਨੂੰ ਅੱਗ ਲਾਉਣ ਵਾਲੀ ਭੀੜ ਦੀ ਅਗਵਾਈ ਟਾਈਟਲਰ ਨੇ ਕੀਤੀ ਸੀ।ਸੀ ਬੀ ਆਈ ਟਾਈਟਲਰ ਖਿਲਾਫ ਕੇਸ ਬੰਦ ਕਰਨ ਦੀ ਇਛੁੱਕ ਹੈ।

# ਚੰਦਰਯਾਨ ਨੇ ਚੰਦ 'ਤੇ ਖੋਜੀ ਪਾਣੀ ਦੀ ਮੌਜੂਦਗੀ-ਭਾਰਤ

**ਨਵੀਂ ਦਿੱਲੀ:** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਲੰਘੀ 24 ਸਤੰਬਰ ਨੂੰ ਐਲਾਨ ਕੀਤਾ ਹੈ ਕਿ ਭਾਰਤ ਦੇ ਪਹਿਲੇ ਚੰਦਰਮਾ ਮਿਸ਼ਨ 'ਚੰਦਰਯਾਨ-1' ਨੇ ਚੰਦ ਦੀ ਸਤਹਿ 'ਤੇ ਪਾਣੀ ਦੀ ਮੌਜੂਦਗੀ ਦੇ ਸਬੂਤ ਲੱਭੇ ਹਨ। ਇਹ ਖੋਜ ਕਾਫੀ ਅਹਿਮ ਹੈ ਤੇ ਇਸ ਮਗਰੋਂ ਚੰਦ ਉਪਰ ਜੀਵਨ ਦਾ ਪਤਾ ਲਾਉਣ ਲਈ ਖੋਜ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।



ਚੰਦਰਯਾਨ ਦੇ ਨਾਲ ਭੇਜੇ ਗਏ ਨਾਸਾ ਦੇ ਯੰਤਰ ਮੂਨ ਮਿਨਰੋਲਜੀ ਮੈਪਰ (ਐਮ-3) ਨੇ ਵੇਵਲੈਂਥ ਦਾ ਪਤਾ ਲਗਾਇਆ, ਜੋ ਉਪਰਲੀ ਮਿੱਟੀ ਦੀ ਪਤਲੀ ਪਰਤ ਉਪਰ ਮੌਜੂਦ ਚਾਰਜਡ ਹਾਈਡਰੋਜਨ ਤੇ ਆਕਸੀਜਨ ਵਿਚਾਲੇ ਰਸਾਇਣਕ ਸਬੰਧ ਦਾ ਸੰਕੇਤ ਦਿੰਦਾ ਹੈ। ਚੰਦਰਯਾਨ-1 ਵਲੋਂ ਇਕੱਤਰ ਕੀਤੀ ਗਈ ਜਾਣਕਾਰੀ ਦਾ ਵਿਸ਼ਲੇਸ਼ਣ ਕਰਕੇ ਐਮ-3 ਨੇ ਚੰਦ ਉਪਰ ਪਾਣੀ ਹੋਣ ਦੀ ਪੁਸ਼ਟੀ ਕਰ ਦਿੱਤੀ। ਇਸ ਖੋਜ ਨੇ ਚਾਰ ਦਹਾਕਿਆਂ ਤੋਂ ਚੱਲੀ ਆ ਰਹੀ ਇਸ ਬਹਿਸ 'ਤੇ ਫੁੱਲ ਸਟਾਪ ਲਗਾ ਦਿੱਤਾ ਕਿ ਚੰਦ ਉਪਰ ਪਾਣੀ ਨਹੀਂ।

ਵਿਗਿਆਨੀਆਂ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਚੰਦ ਉਪਰ 40 ਸਾਲ ਪਹਿਲਾਂ ਪਾਣੀ ਸੀ।

ਉਨ੍ਹਾਂ ਨੇ ਇਹ ਦਾਅਵਾ ਅਪੋਲੋ ਪੁਲਾੜ ਯਾਤਰੀਆਂ ਵਲੋਂ ਯਾਦ ਵਜੋਂ ਧਰਤੀ 'ਤੇ ਲਿਆਂਦੀਆਂ ਗਈਆਂ ਚੰਦ ਦੀਆਂ ਚਟਾਨਾਂ ਦੇ ਨਮੂਨਿਆਂ ਦੇ ਅਧਿਐਨ ਮਗਰੋਂ ਕੀਤਾ ਸੀ, ਪਰ ਉਨ੍ਹਾਂ ਨੂੰ ਆਪਣੀ ਖੋਜ 'ਤੇ ਸ਼ੱਕ ਸੀ, ਕਿਉਂਕਿ ਜਿਨ੍ਹਾਂ ਬਕਸਿਆਂ ਵਿਚ ਚੰਦ ਦੀਆਂ ਚਟਾਨਾਂ ਲਿਆਂਦੀਆਂ ਗਈਆਂ ਸਨ, ਉਨ੍ਹਾਂ ਵਿਚ ਲੀਕੇਜ ਹੋ ਗਈ ਸੀ, ਇਸ ਕਾਰਨ ਇਹ ਨਮੂਨੇ ਵਾਤਾਵਰਣ ਦੀ ਹਵਾ ਵਿਚ ਆ ਕੇ ਪ੍ਰਦੂਸ਼ਤ ਹੋ ਗਏ ਸਨ।

ਇਸਰੋ ਦੇ ਵਿਗਿਆਨੀ ਜੇ.ਐਨ.ਗੋਸਵਾਮੀ ਤੇ ਐਮ.ਅੰਨਾਦੁਰਾਈ, ਜਿਨ੍ਹਾਂ ਨੇ ਇਸ ਅਧਿਐਨ ਵਿਚ ਅਹਿਮ ਭੂਮਿਕਾ ਨਿਭਾਈ ਨੇ ਕਿਹਾ, ''ਚਾਹੇ ਚੰਦਰਯਾਨ ਅੱਧ-ਵਿਚਾਲੇ ਸਾਥ ਛੱਡ ਗਿਆ, ਪਰ ਉਹ ਜੋ ਕੰਮ ਕਰਕੇ ਗਿਆ ਹੈ, ਉਸ ਦੀ ਜਿੰਨੀ ਤਾਰੀਫ ਕੀਤੀ ਜਾਵੇ, ਉਹ ਘੱਟ ਹੈ।


## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜ਼ਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਆਪਣੀ ਭਰੋਸੇਯੋਗਤਾ ਗਵਾ ਰਹੀ ਹੈ ਭਾਰਤ ਦੀ ਨਿਆਂ-ਪ੍ਰਣਾਲੀ

**-ਜਤਿੰਦਰ ਪੰਨੂ**

ਹਰ ਸਮਾਜ ਵਿਚ ਮੱਤਭੇਦ ਹੋ ਸਕਦੇ ਹਨ, ਹੁੰਦੇ ਵੀ ਹਨ ਤੇ ਇਹ ਕੋਈ ਅਣਹੋਣੀ ਗੱਲ ਨਹੀਂ ਹੁੰਦੀ। ਕੁਝ ਮੱਤਭੇਦ ਸਥਾਨਕ ਪੱਧਰ ਦੇ ਰਹਿ ਜਾਂਦੇ ਹਨ ਤੇ ਕੁਝ ਇਹੋ ਜਿਹੇ ਹੁੰਦੇ ਹਨ, ਜਿਹੜੇ ਮੁਲਕ ਦੇ ਪੱਧਰ ਨੂੰ ਪਹੁੰਚ ਜਾਂਦੇ ਹਨ। ਇਹਨਾਂ ਦੇ ਨਿਪਟਾਰੇ ਦੇ ਰਾਹ ਵੀ ਹੁੰਦੇ ਹਨ। ਸਥਾਨਕ ਪੱਧਰ ਦੇ ਮਾਮਲੇ ਸਥਾਨਕ ਭਾਈਚਾਰਕ ਪ੍ਰਬੰਧ ਵਿਚ ਨਿਬੇੜੇ ਜਾ ਸਕਦੇ ਹਨ। ਵੱਡੇ ਮੁੱਦੇ ਦੇਸ਼ ਦੀ ਪਾਰਲੀਮੈਂਟ ਤੱਕ ਵੀ ਜਾ ਸਕਦੇ ਹਨ ਤੇ ਸਭ ਤੋਂ ਵੱਡੀ ਅਦਾਲਤ ਤੱਕ ਵੀ। ਮੁਕੱਦਮਾ ਸਧਾਰਨ ਹੱਕ-ਹਕੂਕ ਦਾ ਹੋਵੇ ਜਾਂ ਕਿਸੇ ਨਾਗਰਿਕ ਨਾਲ ਦੂਜੇ ਨਾਗਰਿਕ ਜਾਂ ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਵਲੋਂ ਕੀਤੀ ਜ਼ਿਆਦਤੀ ਦਾ, ਨਿਬੇੜ ਦੀ ਆਸ ਅਦਾਲਤ ਤੋਂ ਰੱਖੀ ਜਾਂਦੀ ਹੈ। ਵੱਡੇ ਤੋਂ ਵੱਡੇ ਲੋਕ ਵੀ ਮੁਕੱਦਮੇ ਵਿਚ ਉਲਝਣ ਉਤੇ ਇਹੋ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਦਾਲਤ ਉਤੇ ਪੂਰਾ ਵਿਸ਼ਵਾਸ ਹੈ, ਪਰ ਕੀ ਇਸ ਵਿਸ਼ਵਾਸ ਦੀ ਧਾਰਨਾ ਏਨੀ ਪੱਕੀ ਹੈ, ਜਿੰਨੀ ਕਹੀ ਜਾਂਦੀ ਹੈ? ਭਾਰਤ ਦੇਸ਼ ਦੀ ਅਦਾਲਤ ਦੇ ਇਤਿਹਾਸ ਵਿਚ ਇਹੋ ਜਿਹੇ ਕੇਸ ਵੀ ਜੁੜ ਗਏ ਹਨ, ਜਿੱਥੇ ਵੱਡੀ ਪਹੁੰਚ ਵਾਲਿਆਂ ਨੇ ਅਦਾਲਤ ਨੂੰ ਨਿਆਂ ਕਰਨ ਤੋਂ ਰੋਕਣ ਵਿਚ ਵੀ ਕੋਈ ਕਸਰ ਨਹੀਂ ਛੱਡੀ।

ਇਹ ਲਿਖਤ ਲਿਖਣ ਸਮੇਂ ਸਾਡੇ ਸਾਹਮਣੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਇਕ ਕੇਸ ਦੀ ਖ਼ਬਰ ਪਈ ਹੈ। ਮਾਮਲਾ ਇਹ ਹਰਿਆਣੇ ਦੇ ਰਿਵਾੜੀ ਜ਼ਿਲੇ ਦਾ ਹੈ। ਓਥੇ ਇੱਕ ਛੱਜੂ ਰਾਮ ਨਾਂਅ ਦੇ ਬੰਦੇ ਨੂੰ ਪੁਲਸ ਨੇ ਫੜਿਆ ਸੀ ਤੇ ਫਿਰ ਪੁਲਸ ਦੀ ਹਿਰਾਸਤ ਵਿਚ ਹੀ ਉਹਦੀ ਮੌਤ ਹੋ ਗਈ ਸੀ। ਪੁਲਸ ਨੇ ਇਹ ਕਿਹਾ ਕਿ ਉਸ ਦੇ ਸਾਥੀ ਮੁਲਜ਼ਮ ਨਾਲ ਸਾਹਮਣਾ ਕਰਨ ਵੇਲੇ ਗਸ਼ ਖਾ ਕੇ ਡਿੱਗ ਪਿਆ ਸੀ ਤੇ ਦਿਲ ਦੇ ਦੌਰੇ ਨਾਲ ਮਰ ਗਿਆ ਸੀ। ਪੋਸਟ ਮਾਰਟਮ ਕਰਵਾਇਆ ਗਿਆ ਤਾਂ ਡਾਕਟਰਾਂ ਦੀ ਟੀਮ ਨੇ ਇਹ ਲਿਖ ਦਿੱਤਾ ਕਿ ਉਹਦੇ ਸਰੀਰ ਉੱਤੇ ਸੱਟਾ ਦੇ ਨਿਸ਼ਾਨ ਵੀ ਮੌਜੂਦ ਸਨ, ਪਰ ਮੌਤ ਉਹਦੀ ਦਿਲ ਦਾ ਦੌਰਾ ਪੈਣ ਕਰਕੇ ਹੀ ਹੋਈ ਹੈ। ਇਹ ਪੁਲਸ ਨੂੰ ਬਚਾਉਣ ਦਾ ਯਤਨ ਸੀ। ਮ੍ਰਿਤਕ ਦੀ ਪਤਨੀ ਨੇ ਇਹ ਰਿਪੋਰਟ ਨਾ ਮੰਨੀ ਤੇ ਰੋਹਤਕ ਦੇ ਪੋਸਟ ਗਰੈਜੂਏਟ ਮੈਡੀਕਲ ਇੰਸਟੀਚਿਊਟ ਦੀ ਡਾਕਟਰਾਂ ਦੀ ਟੀਮ ਤੋਂ ਦੋਬਾਰਾ ਪੋਸਟ ਮਾਰਟਮ ਕਰਵਾਇਆ ਗਿਆ।

ਮਜ਼ੇਦਾਰ ਗੱਲ ਇਹ ਕਿ ਪੁਲਸ ਨੇ ਫ਼ਾਰਿੰਸਕ ਮਾਹਰਾਂ ਤੱਕ ਵੀ ਪਹੁੰਚ ਕਰ ਲਈ ਤੇ ਉਥੋਂ ਰਿਪੋਰਟ ਇਹ ਆ ਗਈ ਕਿ ਮ੍ਰਿਤਕ ਦੇ ਸਰੀਰ ਉੱਤੇ ਸੱਟਾਂ ਮਰਨ ਤੋਂ ਚੌਵੀ ਘੰਟੇ ਪਿੱਛੋਂ ਦੀਆਂ ਹਨ। ਜੇ ਉਹ ਚੌਵੀ ਘੰਟੇ ਪਿੱਛੋਂ ਦੀਆਂ ਸਨ ਤਾਂ 'ਦਿਲ ਦੇ ਦੌਰੇ ਨਾਲ ਮੌਤ' ਲਿਖਣ ਵਾਲੇ ਪਹਿਲੇ ਡਾਕਟਰਾਂ ਨੇ ਜਿਹੜੀਆਂ ਸੱਟਾਂ ਦਾ ਜ਼ਿਕਰ ਕੀਤਾ ਸੀ, ਉਹ ਕਿੱਥੇ ਗਈਆਂ? ਇਸ ਮੌਤ ਦੀ ਜਾਂਚ ਜ਼ਿਲੇ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਤੋਂ ਕਰਵਾਈ ਗਈ ਤਾਂ ਉਸਨੇ ਪੂਰੇ ਸਤਾਰਾਂ ਮਹੀਨੇ ਰਿਪੋਰਟ ਹੀ ਦਬਾਈ ਰੱਖੀ। ਸਾਰੇ ਮਾਮਲੇ ਨੂੰ ਸ਼ੱਕੀ ਅਤੇ ਪੁਲਸ ਨੂੰ ਬਚਾਉਣ ਵਾਲਾ ਮੰਨਦੇ ਹੋਏ ਹੁਣ ਹਾਈ ਕੋਰਟ ਨੇ ਇਹਨਾਂ ਸਾਰੇ ਅਫਸਰਾਂ ਤੇ ਡਾਕਟਰਾਂ ਨੂੰ ਨੋਟਿਸ ਕੱਢ ਕੇ ਸੀ ਬੀ ਆਈ ਜਾਂਚ ਕਰਵਾਉਣ ਦਾ ਹੁਕਮ ਦੇ ਦਿੱਤਾ ਹੈ।

ਜੰਮੂ-ਕਸ਼ਮੀਰ ਵਿਚ ਇਕ ਮੁੰਡੇ ਅਮਨਦੀਪ ਸਿੰਘ ਦਾ ਬੀਤੀ 29 ਅਗਸਤ ਨੂੰ ਕਤਲ ਹੋ ਗਿਆ ਸੀ। ਕਤਲ ਕਰਨ ਵਾਲਾ ਜਤਿੰਦਰ ਸਿੰਘ ਇੱਕ ਪ੍ਰਮੁੱਖ ਕਾਰੋਬਾਰੀਏ ਨਾਗਰ ਸਿੰਘ ਦਾ ਪੁੱਤਰ ਸੀ। ਪੁਲਸ ਨੇ ਓਥੇ ਵੀ ਕਾਤਲ ਦਾ ਪੂਰਾ ਬਚਾਅ ਕੀਤਾ ਤੇ ਫ਼ਾਰਿੰਸਕ ਮਾਹਰਾਂ ਨੇ ਵੀ। ਮਸਲਾ ਮੀਡੀਏ ਵਿਚ ਉੱਛਲਣ ਮੌਕੇ ਮ੍ਰਿਤਕ ਅਮਨਦੀਪ ਦੀ ਮਾਂ ਦੀਪਇੰਦਰ ਕੌਰ ਨੇ ਦੋਸ਼ ਲਾਇਆ ਕਿ ਕਾਤਲਾਂ ਨੂੰ ਬਚਾਉਣ ਲਈ ਦੋ ਕਰੋੜ ਰੁਪਏ ਦੀ ਰਿਸ਼ਵਤ ਦਿੱਤੀ ਗਈ ਹੈ। ਨਵੇਂ ਸਿਰਿਓਂ ਜਾਂਚ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾਈ ਗਈ। ਇਸ ਟੀਮ ਦੀ ਜਾਂਚ ਦੇ ਅਧਾਰ ਉੱਤੇ ਹੁਣ ਇਕ ਜ਼ਿਲਾ ਪੁਲਿਸ ਦਾ ਮੁਖੀ, ਇੱਕ ਐਸ ਪੀ, ਇਕ ਡੀ ਐੱਸ ਪੀ, ਐਸ ਐਚ ਓ ਤੇ ਕਈ ਹੋਰ ਪੁਲਸੀਏ ਸਸਪੈਂਡ ਕੀਤੇ ਗਏ ਹਨ। ਪੜਤਾਲ ਵਿਚ ਪਤਾ ਲੱਗਾ ਕਿ ਕਾਤਲ ਦੀ ਮਦਦ ਕਰਨ ਲਈ ਉਸ ਕੋਲੋਂ ਮਿਲਿਆ ਹਥਿਆਰ ਫ਼ਾਰਿੰਸਕ ਜਾਂਚ ਕਰਨ ਵਾਲੇ ਮਾਹਿਰਾਂ ਨੇ ਕਿਸੇ ਹੋਰ ਹਥਿਆਰ ਨਾਲ ਬਦਲ ਦਿੱਤਾ ਤੇ ਇਹ ਕੰਮ ਸਾਢੇ ਤਿੰਨ ਲੱਖ ਰੁਪਏ ਦੀ ਰਿਸ਼ਵਤ ਨੇ ਕਰਵਾਇਆ। ਫ਼ਾਰਿੰਸਕ ਜਾਂਚ ਟੀਮ ਦੇ ਮਾਹਰ ਸਰਵਰ ਹੁਸੈਨ ਬੁਖਾਰੀ ਨੂੰ ਜਦੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਰਿਸ਼ਵਤ ਦੇ ਸਾਢੇ ਤਿੰਨ ਲੱਖ ਰੁਪਏ ਵਿਚੋਂ ਤਿੰਨ ਲੱਖ ਦਸ ਹਜ਼ਾਰ ਰੁਪਏ ਉਸ ਦੇ ਘਰ 'ਚੋਂ ਹੀ ਮਿਲ ਗਏ।



ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਦਿੱਲੀ ਨਾਲ ਲੱਗਦੇ ਸ਼ਹਿਰੀ ਖੇਤਰ ਨੋਇਡਾ 'ਚੋਂ ਇੱਕ ਡਾਕਟਰ ਪਤੀ-ਪਤਨੀ ਦੀ ਧੀ ਆਰੂਸ਼ੀ ਦਾ ਕਤਲ ਹੋ ਗਿਆ ਸੀ। ਆਰੂਸ਼ੀ ਦੇ ਨਾਲ ਹੀ ਘਰ ਦਾ ਨੌਕਰ ਵੀ ਮਾਰਿਆ ਗਿਆ ਸੀ। ਸ਼ੱਕ ਇਹ ਕੀਤਾ ਗਿਆ ਕਿ ਕੁੜੀ ਤੇ ਨੌਕਰ ਦੇ ਨਜਾਇਜ਼ ਸੰਬੰਧ ਹੋਣਗੇ, ਜਿਸ ਕਾਰਨ ਸ਼ਾਇਦ ਮਾਂ-ਬਾਪ ਨੇ ਹੀ ਬਦਨਾਮੀ ਤੋਂ ਬਚਣ ਲਈ ਇਹ ਕੰਮ ਕੀਤਾ ਜਾਂ ਕਰਵਾਇਆ ਹੋਵੇਗਾ। ਉਸ ਦੇ ਮਾਂ-ਬਾਪ ਗ੍ਰਿਫ਼ਤਾਰ ਵੀ ਕੀਤੇ ਗਏ ਸਨ। ਕੇਸ ਵਿਚ ਮੋੜ ਓਦੋਂ ਆਇਆ, ਜਦੋਂ ਇਹ ਪਤਾ ਲੱਗਾ ਕਿ ਪੋਸਟ ਮਾਰਟਮ ਕਰਨ ਵੇਲੇ ਡਾਕਟਰਾਂ ਨੇ ਮ੍ਰਿਤਕ ਕੁੜੀ ਆਰੂਸ਼ੀ ਦੇ ਸਰੀਰ 'ਚੋਂ ਜਿਹੜੇ ਤਰਲ ਦੇ ਨਮੂਨੇ ਲਏ ਸਨ, ਫ਼ਾਰਿੰਸਕ ਮਾਹਰਾਂ ਕੋਲ ਉਹ ਨਹੀਂ ਭੇਜੇ ਗਏ, ਉਨ੍ਹਾਂ ਦੀ ਥਾਂ ਬਦਲ ਕੇ ਹੋਰ ਭੇਜ ਦਿੱਤੇ ਗਏ ਹਨ। ਪੋਸਟ ਮਾਰਟਮ ਕਰਨ ਵਾਲੇ ਡਾਕਟਰ ਇਹ ਤਾਂ ਮੰਨਣ ਲੱਗ ਪਏ ਕਿ ਇੰਜ ਹੋਇਆ ਹੈ, ਪਰ ਕੀਤਾ ਕਿਸ ਨੇ, ਇਹ ਜ਼ਿੰਮੇਵਾਰੀ ਲੈਣ ਨੂੰ ਕੋਈ ਵੀ ਤਿਆਰ ਨਹੀਂ ਸੀ। ਜਵਾਬ ਇਹ ਦਿੱਤਾ ਗਿਆ ਕਿ ਇੱਕ ਥਾਂ ਤੋਂ ਦੂਜੀ ਥਾਂ ਚਪੜਾਸੀ ਦੇ ਹੱਥ ਇਹ ਨਮੂਨੇ ਭੇਜੇ ਗਏ ਸਨ, ਹੋ ਸਕਦਾ ਹੈ ਕਿ ਉਸਨੇ ਗੜਬੜ ਕਰ ਦਿੱਤੀ ਹੋਵੇ। ਸਵਾਲ ਤਾਂ ਇਹ ਹੈ ਕਿ ਏਨੇ ਅਹਿਮ ਮੁਕੱਦਮੇ ਦੇ ਏਨੇ ਅਹਿਮ ਸਬੂਤ ਇਕ ਚਪੜਾਸੀ ਦੇ ਹੱਥ ਭੇਜਣ ਦਾ ਫ਼ੈਸਲਾ, ਜੋ ਬਦ-ਨੀਤੀ ਵਾਲਾ ਸੀ, ਕਿਸ ਨੇ ਤੇ ਕਿਉਂ ਕੀਤਾ? ਉਸ ਮੁਕੱਦਮੇ ਵਿਚ ਵੀ ਕੁੜੀ ਦੇ ਮਾਪਿਆਂ, ਹਸਪਤਾਲ ਦੇ ਡਾਕਟਰਾਂ ਤੇ ਪੁਲਸ ਦੇ ਅਫ਼ਸਰਾਂ ਸਭ ਦੀ ਮੁਜਰਮਾਨਾ ਮਿਲੀਭੁਗਤ ਸਾਫ਼ ਨਜ਼ਰ ਆ ਰਹੀ ਹੈ। ਮੁਕੱਦਮਾ ਹੁਣ ਇੰਜ ਘੱਟੇ ਕੌਡੀਆਂ ਰੁਲ ਗਿਆ ਹੈ ਤੇ ਅਦਾਲਤ ਸਾਹਮਣੇ ਲੋੜੀਂਦੇ ਸਬੂਤ ਪੇਸ਼ ਹੀ ਨਹੀਂ ਹੋ ਸਕਣੇ ਤੇ ਗੁਨਾਹਗਾਰ ਬਚ ਜਾਣ ਦਾ ਰਾਹ ਖੁੱਲ੍ਹ ਗਿਆ ਹੈ।

ਇੱਕ ਹੋਰ ਬੜਾ ਪ੍ਰਸਿੱਧ ਮੁਕੱਦਮਾ ਪਾਠਕਾਂ ਨੂੰ ਯਾਦ ਹੋਣਾ ਚਾਹੀਦਾ ਹੈ। ਦਿੱਲੀ ਦੇ ਇੱਕ ਰੈਸਟੋਰੈਂਟ ਵਿਚ ਅੱਧੀ ਰਾਤ ਨੂੰ ਸ਼ਰਾਬ ਦਾ ਪੈੱਗ ਮੰਗਿਆ ਸੀ ਦੋ ਸ਼ਰੀਫ਼ਜ਼ਾਦਿਆਂ ਨੇ। ਦੋਵਾਂ ਵਿਚੋਂ ਇੱਕ ਜਣਾ ਉਸ ਮੌਕੇ ਦੇ ਰਾਸ਼ਟਰਪਤੀ ਦਾ ਦੋਹਤਾ ਲੱਗਦਾ ਸੀ। ਕਾਊਂਟਰ ਸੰਭਾਲ ਰਹੀ ਕੁੜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸ਼ਰਾਬ ਦੇਣ ਦਾ ਸਮਾਂ ਖ਼ਤਮ ਹੋਣ ਕਰ ਕੇ ਬਾਰ ਬੰਦ ਕਰ ਦਿੱਤਾ ਗਿਆ ਹੈ। ਏਨੀ ਗੱਲ ਤੋਂ ਖਿਝ ਕੇ ਇਕ ਮੁਲਜ਼ਮ ਮਨੂੰ ਸ਼ਰਮਾ ਨੇ ਜੈਸਿਕਾ ਲਾਲ ਨਾਂਅ ਦੀ ਉਸ ਕੁੜੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਆਪ ਫਰਾਰ ਹੋ ਗਿਆ ਸੀ। ਵੱਡੀ ਰਾਜਸੀ ਪਹੁੰਚ ਵਾਲੇ ਪਰਵਾਰ ਦਾ ਪੁੱਤਰ ਹੋਣ ਕਰਕੇ ਪਹਿਲਾਂ ਉਸ ਨੂੰ ਫੜਨਾ ਔਖਾ ਸੀ ਤੇ ਫੜਨ ਪਿੱਛੋਂ ਉਸ ਤੋਂ ਉਸਦਾ ਹਥਿਆਰ ਬਰਾਮਦ ਕਰਨਾ ਵੀ। ਪਹੁੰਚ ਉਸ ਦੀ ਇਸ ਤੋਂ ਵੀ ਅੱਗੇ ਤੱਕ ਸੀ। ਉਸਨੇ ਇਹ ਪ੍ਰਬੰਧ ਵੀ ਕਰ ਲਿਆ ਕਿ ਮ੍ਰਿਤਕ ਕੁੜੀ ਦੇ ਪੋਸਟ ਮਾਰਟਮ ਮੌਕੇ ਬਰਾਮਦ ਹੋਈਆ ਗੋਲੀਆਂ ਦੀ ਥਾਂ ਉਹ ਗੋਲੀਆਂ ਰੱਖਵਾਂ ਦਿੱਤੀਆਂ, ਜਿਹੜੀਆਂ ਉਸਦੇ ਰਿਵਾਲਵਰ ਵਿਚੋਂ ਚੱਲ ਹੀ ਨਹੀਂ ਸਨ ਸਕਦੀਆਂ। ਏਨਾ ਕੰਮ ਚੰਦ ਟਕਿਆਂ ਖਾਤਰ ਇੱਕ ਥਾਣੇਦਾਰ ਨੇ ਕਰ ਦਿੱਤਾ, ਪਿੱਛੋਂ ਭਾਵੇਂ ਉਹ ਆਪ ਵੀ ਫਸ ਗਿਆ ਸੀ।

ਹੁਣ ਆਈਏ ਪੰਜਾਬ ਵਲ। ਏਥੇ ਪਿਛਲੇ ਮਹੀਨੇ ਇਕ ਅਨੋਖਾ ਕੇਸ ਵਾਪਰਿਆ ਮੋਗੇ ਜ਼ਿਲੇ ਵਿਚ। ਇੱਕ ਪਰਵਾਰ ਵਿਚ ਪਤੀ-ਪਤਨੀ ਝਗੜੇ ਸਨ। ਬੀਬੀ ਰੁੱਸ ਕੇ ਦਰਬਾਰ ਸਾਹਿਬ ਚਲੀ ਗਈ ਤੇ ਉਸਦੇ ਪੇਕਿਆਂ ਨੇ ਉਸ ਦੇ ਪਤੀ ਉੱਤੇ ਪਤਨੀ ਨੂੰ ਕਤਲ ਕਰਨ ਦਾ ਕੇਸ ਬਣਾ ਦਿੱਤਾ। ਪੁਲਸ ਦੀ ਤਫ਼ਤੀਸ਼ੀ ਥਾਣੇਦਾਰਨੀ ਮਾਇਆ ਦਾ ਮੋਟਾ ਗੱਫ਼ਾ ਮੰਗਦੀ ਰਹੀ, ਜਿਹੜਾ ਨਾ ਦੇ ਸਕਣ ਕਰ ਕੇ ਦਰਬਾਰ ਸਾਹਿਬ ਜਾ ਬੈਠੀ ਬੀਬੀ ਦੇ ਪਤੀ ਉੱਪਰ ਤਸ਼ੱਦਦ ਵੀ ਕੀਤਾ ਗਿਆ। ਜਦੋਂ ਰੁੱਸ ਕੇ ਗਈ ਬੀਬੀ ਨੂੰ ਪਤਾ ਲੱਗਾ, ਉਹ ਵਕੀਲਾਂ ਰਾਹੀਂ ਹਾਈ ਕੋਰਟ ਜਾਂ ਪਹੁੰਚੀ ਕਿ ਲੜਾਈ-ਝਗੜਾ ਜ਼ਰੂਰ ਹੋਇਆ ਸੀ, ਕਤਲ ਤਾਂ ਉਸ ਨੂੰ ਉਸਦੇ ਪਤੀ ਨੇ ਕੀਤਾ ਹੀ ਨਹੀਂ। ਪੁਲਸ ਵਾਲੇ ਉਸ ਦੇ ਪਤੀ ਉਤੇ ਲਾਸ਼ ਨੂੰ ਖੁਰਦ-ਬੁਰਦ ਕਰਨ ਦਾ ਕੇਸ ਵੀ ਬਣਾਈ ਬੈਠੇ ਸਨ। ਹਾਈ ਕੋਰਟ ਵਿਚ ਮਾਮਲਾ ਪਹੁੰਚਣ ਪਿੱਛੋਂ ਪੁਲਸ ਨੇ ਇਹ ਸਾਬਤ ਕਰਨ ਦਾ ਯਤਨ ਵੀ ਕੀਤਾ ਕਿ ਇਹ ਤਾਂ ਕਥਿਤ 'ਕਾਤਲ' ਦੀ ਪਤਨੀ ਹੀ ਨਹੀਂ, ਕੋਈ ਹੋਰ ਹੈ। ਚਾਲ ਕਾਮਯਾਬ ਨਾ ਹੋ ਸਕੀ ਤੇ ਹੁਣ ਪੁਲਸ ਵਾਲਿਆਂ ਨੂੰ ਕਾਨੂੰਨੀ ਸ਼ਿਕੰਜੇ 'ਚੋਂ ਨਿਕਲਣ ਦਾ ਰਾਹ ਨਹੀਂ ਲੱਭ ਰਿਹਾ।

ਜਿਹੜੇ ਪੰਜਾਬ ਵਿਚ ਇਹ ਮੁਕੱਦਮਾ ਸਾਹਮਣੇ ਆਇਆ ਹੈ, ਉਸੇ ਵਿਚ 'ਜਗਸੀਰ ਸਿੰਘ ਕਤਲ ਕੇਸ' ਵੀ ਅੱਜ ਕੱਲ੍ਹ ਅਖ਼ਬਾਰਾਂ ਵਿਚ ਛਾਇਆ ਪਿਆ ਹੈ। ਪੁਰਾਣੇ ਸੰਗਰੂਰ ਜ਼ਿਲ੍ਹੇ ਤੇ ਹੁਣ ਬਰਨਾਲੇ ਜ਼ਿਲ੍ਹੇ ਵਿਚ ਪੈਂਦੇ ਪਿੰਡ ਟੱਲੇਵਾਲ ਦਾ ਜਗਸੀਰ ਸਿੰਘ ਕਈ ਸਾਲ ਪਹਿਲਾਂ 'ਕਤਲ ਕਰ ਦਿੱਤਾ ਗਿਆ' ਸੀ। ਸ਼ਰੀਕੇ ਵਿਚੋਂ ਇਕ ਪਰਵਾਰ ਦੇ ਪੰਜ ਜਣਿਆਂ ਉਤੇ 'ਕਤਲ' ਦਾ ਪਰਚਾ ਦਰਜ ਕਰਵਾ ਦਿੱਤਾ ਗਿਆ।

ਜਗਸੀਰ ਸਿੰਘ ਦੀ 'ਲਾਸ਼' ਵੀ ਮਿਲ ਗਈ ਤੇ ਉਸ ਦੇ ਪਰਿਵਾਰ ਨੇ ਆਪਣੇ ਮੁੰਡੇ ਦੇ 'ਮ੍ਰਿਤਕ ਸਰੀਰ' ਦੀ ਪਛਾਣ ਵੀ ਉਸ ਦੇ 'ਸਰੀਰ' ਉੱਤੇ ਜ਼ਖਮਾਂ ਦੇ ਪੁਰਾਣੇ ਨਿਸ਼ਾਨ' ਵੇਖ ਕੇ ਕੀਤੀ ਸੀ। ਪੁਲਸ ਦੀ ਕਾਰਗੁਜ਼ਾਰੀ ਵੀ ਏਨੀ ਜਬਰਦਸਤ ਸੀ ਕਿ ਨਾ ਸਿਰਫ਼ 'ਸਬੂਤ' ਪੂਰੇ ਇਕੱਠੇ ਕੀਤੇ ਗਏ, ਸਗੋਂ ਕਥਿਤ 'ਦੋਸ਼ੀਆਂ' ਤੋਂ ਜੁਰਮ ਦਾ 'ਇਕਬਾਲ' ਵੀ ਕਰਵਾ ਲਿਆ ਕਿ 'ਕਤਲ' ਉਨ੍ਹਾਂ ਨੇ ਹੀ ਕੀਤਾ ਹੈ। ਉਨ੍ਹਾਂ ਵਿਚਾਰਿਆਂ ਨੂੰ ਉਮਰ ਕੈਦ ਹੋ ਗਈ। ਪਿੱਛੋਂ ਪਰਵਾਰ ਨੂੰ ਨਮੋਸ਼ੀ ਵੀ ਝੱਲਣੀ ਪਈ, ਮੁਸ਼ਕਲਾਂ ਵੀ ਤੇ ਜਦੋਂ ਉਹ ਉਮਰ ਕੈਦ ਕੱਟ ਕੇ ਬਾਹਰ ਆ ਗਏ, ਓਦੋਂ ਜਗਸੀਰ ਸਿੰਘ ਜਿਊਂਦਾ ਨਿਕਲ ਆਇਆ ਹੈ। 'ਕਾਤਲ' ਵਜੋਂ ਕੈਦ ਕੱਟ ਚੁੱਕੇ ਵਿਅਕਤੀਆਂ ਨੇ ਇਕ ਦਿਨ ਜਗਸੀਰ ਨੂੰ ਚੰਡੀਗੜ੍ਹ ਨੇੜੇ ਇਕ ਥਾਂ ਜਾ ਲੱਭਿਆ, ਪਰ ਪੁਲਸ ਦੇ ਆਉਣ ਤੱਕ ਉਹ ਦੌੜ ਗਿਆ। ਪੀੜਤ ਧਿਰ ਨੇ ਕੋਸ਼ਿਸ਼ ਜਾਰੀ ਰੱਖੀ ਤੇ ਅੰਤ ਨੂੰ ਪੁਲਸ ਦੇ ਹਵਾਲੇ ਕਰਵਾਉਣ ਵਿਚ ਕਾਮਯਾਬ ਹੋ ਗਏ।

ਮਾਮਲਾ ਜਦੋਂ ਹਾਈ ਕੋਰਟ ਵਿਚ ਚਲਾ ਗਿਆ, ਤਾਂ ਜਗਸੀਰ ਨੇ ਮੰਨ ਲਿਆ ਕਿ ਉਹ ਹੀ ਜਗਸੀਰ ਹੈ, ਪਰ ਆਪਣੇ ਕਤਲ ਹੋਣ ਦਾ ਕੋਈ ਮੁਕੱਦਮਾ ਉਸਨੇ ਆਪਣੀ ਜਾਣਕਾਰੀ ਵਿਚ ਹੋਣ ਤੋਂ ਨਾਂਹ ਕਰ ਦਿੱਤੀ। ਕਮਾਲ ਦੀ ਗੱਲ ਇਹ ਕਿ ਪੁਰਾਣੇ ਜ਼ਖ਼ਮਾਂ ਦੇ ਜਿਹੜੇ ਨਿਸ਼ਾਨ ਵੇਖ ਕੇ ਉਸ ਦੀ 'ਲਾਸ਼' ਦੀ ਸ਼ਨਾਖ਼ਤ ਕੀਤੀ ਗਈ ਸੀ, ਉਹੋ ਜਿਹਾ ਕੋਈ ਜ਼ਖ਼ਮ ਉਸ ਦੇ ਸਰੀਰ ਉਤੇ ਹੈ ਹੀ ਨਹੀਂ। ਸਾਫ਼ ਹੈ ਕਿ ਕਿਸੇ ਹੋਰ ਦੀ ਲਾਸ਼ ਨੂੰ ਜਗਸੀਰ ਦੀ ਲਾਸ਼ ਸਾਬਤ ਕਰਨ ਲਈ ਪੁਲਸ ਅਤੇ ਜਗਸੀਰ ਦੇ ਮਾਪਿਆਂ ਨੇ ਮਿਲ ਕੇ ਹਰ ਗੁਨਾਹ ਕੀਤਾ ਸੀ।

'ਸਬੂਤ' ਸੱਚੇ ਸਮਝ ਕੇ ਅਦਾਲਤ ਨੇ ਬੇਗੁਨਾਹਾਂ ਨੂੰ ਮੁਜਰਮ ਮੰਨਿਆ ਤੇ ਉਮਰ ਕੈਦ ਦੀ ਸਜ਼ਾ ਦੇ ਦਿੱਤੀ। ਹੁਣ ਹਾਈ ਕੋਰਟ ਨੇ ਪੰਜਾਂ ਪੀੜਤ ਉਮਰ ਕੈਦੀਆਂ ਨੂੰ ਵੀਹ-ਵੀਹ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਜਾਰੀ ਕੀਤਾ ਹੈ। ਸਵਾਲ ਵੀਹ-ਵੀਹ ਲੱਖ ਰੁਪਏ ਦੇ ਮੁਆਵਜ਼ੇ ਦਾ ਨਹੀਂ, ਸਗੋਂ ਇਹ ਹੈ ਕਿ ਜਿਹੋ ਜਿਹੇ 'ਪੱਕੇ ਸਬੂਤ' ਸਨ, ਜੇ ਇਹਨਾਂ ਦੇ ਆਧਾਰ ਉੱਤੇ ਅਦਾਲਤ ਨੇ ਉਨ੍ਹਾਂ ਪੰਜਾਂ ਨੂੰ ਜਾਂ ਪੰਜਾਂ ਵਿਚੋਂ ਇਕ ਨੂੰ ਵੀ ਫਾਂਸੀ ਚਾੜ੍ਹ ਦਿੱਤਾ ਹੁੰਦਾ, ਉਸ ਨੁਕਸਾਨ ਦੀ ਭਰਪਾਈ ਕੌਣ ਕਰਦਾ? ਸਾਡੇ ਕਾਨੂੰਨ ਬਾਰੇ ਕਿਹਾ ਜਾਂਦਾ ਹੈ ਕਿ ਸੌ ਗੁਨਾਹਗਾਰ ਭਾਵੇਂ ਛੁੱਟ ਜਾਣ, ਇੱਕ ਬੇਗੁਨਾਹ ਨੂੰ ਸਜ਼ਾ ਨਹੀਂ ਹੋਣੀ ਚਾਹੀਦੀ।

ਅਦਾਲਤਾਂ ਵੀ ਸ਼ੱਕ ਦਾ ਲਾਭ ਉਸਨੂੰ ਦੇਂਦੀਆਂ ਹਨ, ਜਿਸ ਉਤੇ ਦੋਸ਼ ਲੱਗਾ ਹੋਵੇ। ਇਸ ਮੁਕੱਦਮੇ ਨੂੰ ਪੁਲਸ ਨੇ ਏਨਾ ਸਿੱਕੇ-ਬੰਦ ਬਣਾ ਕੇ ਪੇਸ਼ ਕੀਤਾ ਕਿ ਸ਼ੱਕ ਦਾ ਲਾਭ ਵੀ ਨਹੀਂ ਸੀ ਮਿਲ ਸਕਦਾ। ਨਤੀਜੇ ਵਜੋਂ ਬੇਗੁਨਾਹਾਂ ਨੂੰ ਉਮਰ ਕੈਦ ਭੁਗਤਣੀ ਪੈ ਗਈ। ਜਵਾਨੀਆਂ ਜੇਲ੍ਹ ਦੀਆਂ ਸੀਖਾਂ ਪਿੱਛੇ ਗਾਲਕੇ ਹੁਣ ਜਦੋਂ ਉਹ ਬਾਹਰ ਆਏ ਹਨ ਤਾਂ ਇਸ ਕੇਸ ਦਾ ਨਕਸ਼ਾ ਹੀ ਨਹੀਂ ਪਲਟਿਆ, ਸਾਰੀ ਨਿਆਂ ਪ੍ਰਣਾਲੀ ਦਾ ਪੋਲਾਪਣ ਵੀ ਜਾਹਰ ਹੋ ਗਿਆ ਹੈ। ਜਿਸ ਦੇਸ਼ ਵਿਚ ਇਸ ਕਿਸਮ ਦੇ ਹੈਰਾਨੀਜਨਕ, ਅਦਾਲਤੀ ਮੁਕੱਦਮੇ ਵਾਪਰ ਰਹੇ ਹਨ, ਉਸ ਵਿਚ ਯਕੀਨ ਕਿਸ ਉਤੇ ਕੀਤਾ ਜਾ ਸਕਦਾ ਹੈ?ਭਾਰਤੀ ਸਿਆਸਤ ਅਤੇ ਅਫਸਰਸ਼ਾਹੀ ਦੇ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਜਾਣ ਤੋਂ ਪਿੱਛੋਂ ਅਦਾਲਤਾਂ ਤੋਂ ਹੀ ਇਸ ਦੇਸ਼ ਦੇ ਲੋਕਾਂ ਨੂੰ ਥੋੜੀ ਜਿਹੀ ਆਸ ਹੈ ਇਹ ਵੀ ਮੁੱਕਦੀ ਦਿਸ ਰਹੀ ਹੈ।

## ਮਹਾਰਾਸ਼ਟਰ ਦੀ ਸਿੱਖ ਐਸੋਸੀਏਸ਼ਨ ਵਲੋਂ ਸਿੱਖ ਉਮੀਦਵਾਰਾਂ ਦੀ ਹਮਾਇਤ

**ਚੰਡੀਗੜ੍ਹ:** ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਇਸ ਵਾਰ ਇਸ ਗੱਲ ਲਈ ਦ੍ਰਿੜ੍ਹ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਘਟੋ-ਘੱਟ ਪੰਜ ਸਿੱਖ ਉਮੀਦਵਾਰ ਜ਼ਰੂਰ ਜਿੱਤ ਪ੍ਰਾਪਤ ਕਰ ਕੇ ਮਹਾਰਾਸ਼ਟਰ ਵਿਧਾਨ ਸਭਾ ਵਿਚ ਪੁੱਜਣ। ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਬਲ ਨੇ ਬੀਤੀ 23 ਸਤੰਬਰ ਨੂੰ ਦਸਿਆ ਕਿ ਮੁੰਬਈ ਵਿਚ ਰਹਿਣ ਵਾਲੇ ਪੰਜ ਲੱਖ ਸਿੱਖ ਕਈ ਥਾਵਾਂ 'ਤੇ ਜਿੱਤ ਦਾ ਝੁਕਾਅ ਬਦਲਣ ਦੀ ਸਮਰੱਥਾ ਰਖਦੇ ਹਨ। ਪਿਛਲੀ ਵਿਧਾਨ ਸਭਾ ਵਿਚ ਇਕ ਸਿੱਖ ਵਿਧਾਇਕ, ਮੁਲੰਡ ਤੋਂ ਭਾਜਪਾ ਦੇ ਤਾਰਾ ਸਿੰਘ ਸਨ ਜਦਕਿ ਮੁੰਬਈ ਮਿਊਂਸਪਲ ਕਾਰਪੋਰੇਸ਼ਨ ਵਿਚ ਜੀ.ਟੀ.ਬੀ. ਨਗਰ ਤੋਂ ਹਰਵਿੰਦਰ ਕੌਰ ਸਿੰਘ ਬੀਰਾ ਪ੍ਰਤੀਨਿਧ ਸਨ। ਪਿਛਲੇ ਹਫ਼ਤੇ ਦਾਦਰ 'ਚ ਹੋਈ ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੀ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਸਿੱਖ ਉਮੀਦਵਾਰਾਂ ਦੀ ਹਮਾਇਤ ਕੀਤੀ ਜਾਵੇਗੀ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ। ਦਲਜੀਤ ਸਿੰਘ ਬਲ ਨੇ ਦਸਿਆ, ''ਅਸੀਂ ਚਾਹੁੰਦੇ ਹਾਂ ਕਿ ਘੱਟੋ-ਘੱਟ ਪੰਜ ਸਿੱਖ ਉਮੀਦਵਾਰ ਜ਼ਰੂਰ ਜਿੱਤਣ। ਅਸੀਂ ਵੱਖ-ਵੱਖ ਪਾਰਟੀਆਂ ਨਾਲ ਸੰਪਰਕ ਕਰ ਰਹੇ ਹਾਂ ਕਿ ਉਹ ਸਰਦਾਰਾਂ ਨੂੰ ਟਿਕਟ ਦੇਣ। ਅਸੀਂ ਸਿਆਸੀ ਪਾਰਟੀਆਂ ਨੂੰ ਕਿਹਾ ਕਿ ਉਹ ਸਿੱਖਾਂ ਦੇ ਵਿਰੋਧ ਵਿਚ ਸਿੱਖ ਉਮੀਦਵਾਰ ਨਾ ਖੜਾ ਕਰਨ।'' ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਨੇ ਪਹਿਲਾਂ ਹੀ ਸਿਉਨ ਤੋਂ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਮਨਦੀਪ ਸਿੰਘ ਸਹਿਗਲ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਸ. ਸਹਿਗਲ ਨੇ ਦਸਿਆ, ''ਸਿਖ ਐਸੋਸੀਏਸ਼ਨ ਦੀ ਹਮਾਇਤ ਨਾਲ ਮੇਰੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਮੈਂ ਜ਼ਰੂਰ ਹੀ ਜਿੱਤਾਂਗਾ। ਕਾਂਗਰਸ ਨੇ ਮੇਰੇ ਮੁਕਾਬਲੇ ਇਕ ਗ਼ੈਰ ਸਿੱਖ ਨੂੰ ਖੜਾ ਕੀਤਾ ਹੈ, ਜਿਸਨੂੰ ਸਥਾਨਕ ਲੋਕਾਂ ਦੀ ਹਮਾਇਤ ਮਿਲਣ ਦੀ ਬਹੁਤ ਘੱਟ ਸੰਭਾਵਨਾ ਹੈ।'' ਇਕੋ ਇਕ ਸਿੱਖ ਵਿਧਾਇਕ ਤਾਰਾ ਸਿੰਘ ਨੇ ਕਿਹਾ, ''ਜਦੋਂ ਸਿਆਸੀ ਪਾਰਟੀਆਂ ਟਿਕਟ ਦਿੰਦੀਆਂ ਹਨ ਤਾਂ ਉਨ੍ਹਾਂ ਨੂੰ ਕਿਸੇ ਬੰਦੇ ਦੀ ਮੁਕਾਬਲਾ ਲੜਨ ਦੀ ਸਮਰੱਥਾ ਵੇਖਣੀ ਚਾਹੀਦੀ ਹੈ ਨਾ ਕਿ ਕਿਸੇ ਕੌਮ ਨੂੰ ਪ੍ਰਤੀਨਿਧਤਾ ਬਾਰੇ ਸੋਚਣਾ ਚਾਹੀਦਾ ਹੈ।''

## ਹਰਿਆਣਾ ਚੋਣਾਂ:ਕਾਂਗਰਸ ਵਲੋਂ ਸੂਚੀ ਜਾਰੀ

**ਚੰਡੀਗੜ੍ਹ** :ਕਾਂਗਰਸ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਲਈ 68 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸ 'ਚ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਉਨ੍ਹਾਂ ਦੇ ਕਈ ਮੰਤਰੀ ਅਤੇ ਸੂਬਾਈ ਕਾਂਗਰਸ ਦੇ ਮੁਖੀ ਸ਼ਾਮਲ ਸਨ। ਸ੍ਰੀ ਹੁੱਡਾ ਗੜ੍ਹੀ ਸਾਂਪਲਾ ਕਿਲੋਈ ਸੀਟ ਤੋਂ ਉਮੀਦਵਾਰ ਬਣਾਏ ਗਏ ਹਨ, ਜਦਕਿ ਸੂਬਾ ਕਾਂਗਰਸ ਦੇ ਪ੍ਰਧਾਨ ਫੂਲ ਚੰਦ ਮੁਲਾਨਾ, ਮੁਲਾਨਾ ਰਾਖਵੀਂ ਸੀਟ ਤੋਂ ਚੋਣ ਲੜਨਗੇ।

ਹੁੱਡਾ ਕੈਬਨਿਟ ਦੇ ਮੰਤਰੀ ਰਣਦੀਪ ਸਿੰਘ ਸੂਰਜੇਵਾਲਾ ਨੂੰ ਕੈਥਲ ਦੀ ਬਜਾਏ ਨਰਵਾਣਾ ਤੋਂ ਚੋਣ ਲੜਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਜੋ ਹੁਣ ਰਾਖਵੀਂ ਸੀਟ ਬਣ ਗਈ ਹੈ। ਉਹ ਆਪਣੇ ਪਿਤਾ ਅਤੇ ਸੀਨੀਅਰ ਆਗੂ ਐਸਐਸ ਸੂਰਜੇਵਾਲਾ ਦੀ ਥਾਂ ਲੈਣਗੇ। ਜਿਨ੍ਹਾਂ ਮੰਤਰੀਆਂ ਨੂੰ ਮੁੜ ਤੋਂ ਟਿਕਟ ਦਿੱਤੀ ਗਈ ਹੈ, ਉਨ੍ਹਾਂ ਵਿਚ ਐਚ ਐਸ ਛਾਪਾ ਪਿਹੋਵਾ ਤੋਂ, ਮਾਂਗੇ ਰਾਮ ਗੁਪਤਾ ਜੀਂਦ ਤੋਂ, ਵਿਰੇਂਦਰ ਸਿੰਘ ਉਚਾਨਾ ਕਲਾਂ ਤੋਂ, ਕਿਰਨ ਚੌਧਰੀ ਤੋਸ਼ਾਮ ਤੋਂ ਅਤੇ ਸਵਿੱਤਰੀ ਜਿੰਦਲ ਹਿਸਾਰ ਤੋਂ ਮੁੱਖ ਹਨ। ਰਘੁਵੀਰ ਸਿੰਘ ਕਾਦੀਆਂ ਬੇਰੀ ਤੋਂ ਪਾਰਟੀ ਦੇ ਉਮੀਦਵਾਰ ਹੋਣਗੇ।

## ਅਲਟੀਮੇਟਮ ਦੇ ਬਾਵਜੂਦ ਈਰਾਨ ਨੇ ਕੀਤਾ ਤਿੰਨ ਮਿਜ਼ਾਈਲਾਂ ਦਾ ਪਰੀਖਣ

**ਤਹਿਰਾਨ:** ਆਪਣੇ ਦੂਜੇ ਪਰਮਾਣੂ ਪਲਾਂਟ ਦਾ ਸਾਰੀ ਦੁਨੀਆਂ ਨੂੰ ਪਤਾ ਲੱਗਣ ਤੋਂ ਸਿਰਫ਼ ਦੋ ਦਿਨ ਬਾਅਦ ਈਰਾਨ ਨੇ ਇਕ ਫ਼ੌਜੀ ਅਭਿਆਸ ਦੌਰਾਨ ਛੋਟੀ ਦੂਰੀ ਦੀਆਂ ਤਿੰਨ ਮਿਜ਼ਾਈਲਾਂ ਦਾ ਪਰੀਖਣ ਕੀਤਾ ਹੈ। ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਦੇ ਹਵਾਈ ਫ਼ੌਜ ਕਮਾਂਡਰ ਹੁਸੈਨ ਸਲਾਮੀ ਨੇ ਦਸਿਆ ਕਿ ਸੋਮਵਾਰ ਨੂੰ ਲੰਬੀ ਦੂਰੀ ਤਕ ਮਾਰ ਕਰਨ ਵਾਲੀ ਸ਼ਹਾਬ-3 ਮਿਜ਼ਾਈਲ ਦਾ ਵੀ ਪਰੀਖਣ ਕੀਤਾ ਜਾਵੇਗਾ। ਇਹ ਮਿਜ਼ਾਈਲ ਦੋ ਹਜ਼ਾਰ ਕਿਲੋਮੀਟਰ ਤਕ ਮਾਰ ਕਰਨ ਦੀ ਸਮਰੱਥਾ ਰਖਦੀ ਹੈ ਅਤੇ ਇਜ਼ਰਾਈਲ ਇਸ ਦੇ ਘੇਰੇ ਵਿਚ ਆਉਂਦਾ ਹੈ।

ਪਰੀਖਣ ਕੀਤੀਆਂ ਗਈਆਂ ਮਿਜ਼ਾਈਲਾਂ ਦੇ ਨਾਮ ਤੋਂ ਦਰ ਅਤੇ ਫ਼ਤੇਹ 110 ਦੱਸੇ ਜਾਂਦੇ ਹਨ। ਇਕ ਬਹੁ-ਉਪਯੋਗੀ ਮਿਜ਼ਾਈਲ ਲਾਂਚ ਦੀ ਵੀ ਪਰੀਖਣ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਹਫ਼ਤੇ ਦੇ ਆਰੰਭ 'ਚ ਈਰਾਨ ਨੇ ਆਪਣੇ ਦੂਜੇ ਯੂਰੇਨੀਅਮ ਸੋਧ ਕੇਂਦਰ ਦੇ ਨਿਰਮਾਣ ਦੇ ਪੂਰਾ ਹੋਣ ਦਾ ਐਲਾਨ ਕੀਤਾ ਹੈ। ਈਰਾਨ ਰਾਸ਼ਟਰਪਤੀ ਮਹਿਮੂਦ ਅਹਿਮਦੀਨੇਜਾਦ ਨੇ ਜ਼ੋਰ ਦਿਤਾ ਕਿ ਇਹ ਕੇਂਦਰ ਸੰਯੁਕਤ ਰਾਸ਼ਟਰ ਦੇ ਨਿਯਮਾਂ ਤਹਿਤ ਬਣਾਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਕੇਂਦਰ ਸੰਯੁਕਤ ਰਾਸ਼ਟਰ ਅਧਿਕਾਰੀਆਂ ਦੀ ਜਾਂਚ ਲਈ ਖੁਲ੍ਹਾ ਹੈ।

## ਫ਼ਿਲਪੀਨਜ਼ ਵਿਚ ਤੂਫ਼ਾਨ ਨਾਲ 106 ਮੌਤਾਂ

**ਮਨੀਲਾ** :ਫ਼ਿਲਪੀਨਜ਼ ਦੀ ਰਾਜਧਾਨੀ ਮਨੀਲਾ ਅਤੇ ਇਸ ਦੇ ਨੇੜੇ ਦੇ ਇਲਾਕਿਆਂ 'ਚ ਆਏ ਕੇਟਸਾਨਾ ਨਾਮ ਦੇ ਤੂਫ਼ਾਨ ਕਾਰਨ ਹੋਈ ਭਾਰੀ ਬਾਰਸ਼ ਨੇ ਲਗਭਗ 106 ਲੋਕਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਅਤੇ ਇਸ ਨਾਲ ਢਾਈ ਲੱਖ ਤੋਂ ਜ਼ਿਆਦਾ ਲੋਕ ਬੇਘਰ ਹੋ ਗਏ। ਅਧਿਕਾਰੀਆਂ ਮੁਤਾਬਕ ਭਾਰੀ ਬਾਰਸ਼ ਨੇ ਪਿਛਲੇ ਚਾਰ ਦਹਾਕਿਆਂ ਦਾ ਰਿਕਾਰਡ ਤੋੜ ਦਿਤਾ ਹੈ। ਅਧਿਕਾਰੀਆਂ ਨੇ ਦਸਿਆ ਕਿ ਕੇਟਸਾਨਾ ਦੇ ਆਉਣ ਤੋਂ ਬਾਅਦ ਮਨੀਲਾ ਅਤੇ ਇਸ ਦੇ ਨੇੜੇ ਦੇ ਇਲਾਕਿਆਂ 'ਚ ਲੰਘੇ ਸਨਿਚੱਰਵਾਰ ਨੂੰ ਤਕਰੀਬਨ 9 ਘੰਟੇ ਤਕ ਬਾਰਸ਼ ਹੋਈ।

# ਰਮੇਸ਼ ਕੁਮਾਰ ਨੇ ਜਿੱਤਿਆ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ 'ਚ ਕਾਂਸੀ ਦਾ ਤਮਗਾ

**ਨਵੀਂ ਦਿੱਲੀ:** ਭਾਰਤ ਦੇ ਰਮੇਸ਼ ਕੁਮਾਰ ਨੇ ਹੇਰਨਿੰਗ (ਡੈਨਮਾਰਕ) ਵਿਖੇ ਚੱਲ ਰਹੀ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦੇ 74 ਕਿਲੋ ਫਰੀ ਸਟਾਈਲ ਵਰਗ 'ਚ ਕਾਂਸੀ ਦਾ ਤਮਗਾ ਜਿੱਤ ਕੇ ਇਤਿਹਾਸ ਰਚਿਆ। ਭਾਰਤ ਨੇ ਕੁਸ਼ਤੀ ਖੇਡ ਦੇ ਸਭ ਤੋਂ ਵੱਡੇ ਮੁਕਾਬਲੇ 'ਚ 42 ਸਾਲਾਂ ਬਾਅਦ ਕੋਈ ਤਮਗਾ ਜਿੱਤਿਆ ਹੈ ਅਤੇ ਇਹ ਵੀ ਉਸ ਵੇਲੇ ਜਿੱਤਿਆ ਜਦੋਂ ਓਲੰਪਿਕ ਖੇਡਾਂ 'ਚ ਕਾਂਸੀ ਦਾ ਤਮਗਾ ਜਿੱਤਣ ਵਾਲਾ ਸੁਸ਼ੀਲ ਕੁਮਾਰ ਚੈਂਪੀਅਨਸ਼ਿਪ ਦੇ ਪਹਿਲੇ ਹੀ ਦਿਨ ਅਸਫਲ ਹੋ ਗਿਆ ਸੀ।

ਓਲੰਪਿਕ ਖੇਡਾਂ 'ਚ ਸੁਸ਼ੀਲ ਤੋਂ ਬਾਅਦ ਰਮੇਸ਼ ਨੇ ਭਾਰਤ ਨੂੰ ਕੁਸ਼ਤੀ ਖੇਡ ਵਿਚ ਮਾਣ ਦਿਵਾਇਆ ਹੈ। ਹਰਿਆਣਵੀ ਛੋਹਰੇ ਰਮੇਸ਼ ਨੇ ਕਾਂਸੀ ਦੇ ਤਮਗੇ ਵਾਲੇ ਰੈਪੇਚੇਜ ਮੈਚ ਵਿਚ ਸ਼ੁਰੂਆਤ 'ਚ 0-3 ਨਾਲ ਪਿਛੜਨ ਦੇ ਬਾਵਜੂਦ ਵਾਪਸੀ ਕਰਦਿਆਂ ਮਾਲਦੋਵਾ ਦੇ ਅਲੈਗਜੈਂਡਰ ਧਰਕਾ ਨਾਲ 7-7 ਦੀ ਬਰਾਬਰੀ ਕੀਤੀ। ਤਕਨੀਕੀ ਅੰਕਾਂ ਦੇ ਆਧਾਰ 'ਤੇ ਰਮੇਸ਼ ਨੂੰ ਜੇਤੂ ਐਲਾਨਦਿਆਂ ਹੀ ਭਾਰਤ ਦੀ ਝੋਲੀ ਕਾਂਸੀ ਦਾ ਤਮਗਾ ਪਿਆ। ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ ਵਿਜੇਂਦਰ ਦੇ ਕਾਂਸੀ ਦਾ ਤਮਗਾ ਜਿੱਤਣ ਤੋਂ ਬਾਅਦ ਰਮੇਸ਼ ਦੀ ਪ੍ਰਾਪਤੀ ਨੇ ਸਾਬਤ ਕਰ ਦਿੱਤਾ ਹੈ ਕਿ ਓਲੰਪਿਕ ਖੇਡਾਂ ਵਿਚ ਮੁੱਕੇਬਾਜ਼ੀ ਤੇ ਕੁਸ਼ਤੀ ਵਿਚ ਕੋਈ ਤੁੱਕੇ ਨਾਲ ਤਮਗਾ ਨਹੀਂ ਆਇਆ ਸੀ ਬਲਕਿ ਦੋਵੇਂ ਖਿਡਾਰੀਆਂ ਦੇ ਹਿੱਕ ਦੇ ਜ਼ੋਰ ਨਾਲ ਆਇਆ ਸੀ। ਸੋਨੀਪਤ (ਹਰਿਆਣਾ) ਦੇ ਕੋਲ ਛੋਟੇ ਜਿਹੇ ਪਿੰਡ ਪੁਰਖਾਸ ਦੇ ਰਮੇਸ਼ ਨੇ ਪਹਿਲੇ ਮੁਕਾਬਲੇ ਵਿਚ ਅਮਰੀਕਾ ਦੇ ਡਸਟਿਨ ਸ਼ਲਾਟੇਰ ਨੂੰ 3-2 ਨਾਲ ਹਰਾਇਆ। ਇਸ ਤੋਂ ਬਾਅਦ ਉਸਨੇ ਬਰਤਾਨੀਆ ਦੇ ਮਾਈਕਲ ਨੂੰ 4-2 ਤੇ ਬੁਲਗਾਰੀਆ ਦੇ ਕਿਰਿਲ ਤੇਜਿਰਵ ਨੂੰ 7-4 ਨਾਲ ਹਰਾ ਕੇ ਸੈਮੀਫਾਈਨਲ ਵਿਚ ਦਾਖਲਾ ਪਾਇਆ। ਫਾਈਨਲ 'ਚ ਦਾਖਲੇ ਤੋਂ ਖੁੰਝਦਿਆਂ ਉਹ ਅਜਰਬੈਜਾਨ ਦੇ ਚਾਮਸੁਲਵਾਗ ਹੱਥੋਂ 0-5 ਨਾਲ ਹਾਰ ਗਿਆ। ਰੈਪੇਚੇਜ ਰਾਊਂਡ (ਕਾਂਸੀ ਦੇ ਤਮਗੇ ਵਾਲਾ ਮੈਚ) ਵਿਚ ਉਹ ਵਿਰੋਧੀ ਪਹਿਲਵਾਨ ਤੋਂ ਪਹਿਲੇ ਦੌਰ 'ਚ 6-3 ਨਾਲ ਪਿਛੜ ਗਿਆ। ਇਸ ਤੋਂ ਬਾਅਦ ਰਮੇਸ਼ ਨੇ ਦੂਜੇ ਦੌਰ 'ਚ ਦੋ ਅਤੇ ਤੀਜੇ ਦੌਰ 'ਚ ਪੰਜ ਅੰਕ ਬਟੋਰ ਕੇ ਸਕੋਰ-7-7 ਨਾਲ ਬਰਾਬਰ ਕੀਤਾ ਜਿਥੇ ਉਸਨੂੰ ਤਕਨੀਕੀ ਅੰਕਾਂ ਦੇ ਆਧਾਰ 'ਤੇ ਜੇਤੂ ਐਲਾਨਿਆ ਗਿਆ। 74 ਕਿਲੋਗ੍ਰਾਮ ਵਰਗ 'ਚ ਰੂਸ ਦੇ ਡੈਨਿਸ ਟੀ ਨੇ ਸੋਨ ਤਮਗਾ ਜਿੱਤਿਆ। ਇਹ ਹੁਣ ਤਕ ਦਾ ਭਾਰਤ ਵਲੋਂ ਵਿਸ਼ਵ ਚੈਂਪੀਅਨਸ਼ਿਪ 'ਚ ਜਿੱਤਿਆ ਚੌਥਾ ਤਮਗਾ ਹੈ ਜਿਨ੍ਹਾਂ ਵਿਚ ਇਕ ਮਹਿਲਾ ਪਹਿਲਵਾਨ ਵੀ ਸ਼ਾਮਲ ਹੈ।

ਪਹਿਲੀ ਵਾਰ 1961 ਵਿਚ ਜਪਾਨ ਵਿਖੇ ਉਦੈ ਚੰਦ ਨੇ ਕਾਂਸੀ ਦਾ ਤਮਗਾ ਅਤੇ ਫੇਰ 1967 ਵਿਚ ਨਵੀਂ ਦਿੱਲੀ ਦੇ ਕਿਵੇ ਵਿਸ਼ੰਭਰ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ। 42 ਸਾਲਾਂ ਤੋਂ ਭਾਰਤ ਨੇ ਵਿਸ਼ਵ ਚੈਂਪੀਅਨਸ਼ਿਪ ਵਿਚ ਕਦੇ ਵੀ ਤਮਗਾ ਨਹੀਂ ਜਿੱਤਿਆ ਸੀ। 2006 ਵਿਚ ਮਹਿਲਾ ਵਰਗ 'ਚ ਅਲਕਾ ਤੋਮਰ ਨੇ ਕਾਂਸੀ ਦਾ ਤਮਗਾ ਜਿੱਤਿਆ ਸੀ। ਰਮੇਸ਼ ਦੇ ਕੋਚ ਨਰੇਸ਼ ਕੁਮਾਰ ਨੇ ਕਿਹਾ ਕਿ ਜੇਕਰ ਇਕੋ ਹੀ ਦਿਨ ਫਾਈਨਲ ਤਕ ਮੁਕਾਬਲੇ ਨਾ ਹੁੰਦੇ ਤਾਂ ਸੰਭਵ ਸੀ ਰਮੇਸ਼ ਸੋਨੇ ਜਾਂ ਚਾਂਦੀ ਦਾ ਤਮਗਾ ਜਿੱਤਦਾ।

## ਅਡਵਾਨੀ ਨੇ ਸਿਆਸਤ ਤੋਂ ਦੂਰ ਹੋਣ ਦੀ ਇੱਛਾ ਪ੍ਰਗਟਾਈ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਸਿਆਸੀ ਇਨਿੰਗ ਪੂਰੀ ਹੋ ਜਾਣ ਸੰਬੰਧੀ ਪਾਰਟੀ ਦੇ ਸੀਨੀਅਰ ਨੇਤਾ ਦੀ ਟਿੱਪਣੀ ਤੋਂ ਬਾਅਦ ਹੁਣ ਇਕ ਵੱਡੇ ਹਿੰਦੂ ਧਾਰਮਿਕ ਆਗੂ ਨੇ ਦਾਅਵਾ ਕੀਤਾ ਹੈ ਕਿ ਅਡਵਾਨੀ ਨੇ ਸਿਆਸਤ ਤੋਂ ਦੂਰ ਹੋਣ ਦੀ ਇੱਛਾ ਪ੍ਰਗਟਾਈ।

ਪੇਜਾਵਾਰ ਮੱਠ ਦੇ ਸਵਾਮੀ ਵਿਸ਼ਵੇਸ਼ਵਰਾ ਤੀਰਥ ਨੇ ਅਡਵਾਨੀ ਨਾਲ ਮੁਲਾਕਾਤ ਤੋਂ ਬਾਅਦ ਦਸਿਆ ਕਿ ਉਨ੍ਹਾਂ ਨੇ ਸਿਆਸਤ ਤੋਂ ਦੂਰ ਹੋਣ ਦੀ ਇੱਛਾ ਪ੍ਰਗਟਾਈ ਹੈ ਪਰ ਉਹ ਇਸ ਦੇ ਸਮੇਂ ਬਾਰੇ ਸਪੱਸ਼ਟ ਨਹੀਂ ਹਨ। ਸਵਾਮੀ ਨੇ ਕਿਹਾ ਕਿ ਅਡਵਾਨੀ ਨੇ ਹਾਲਾਂਕਿ ਇਹ ਨਹੀਂ ਕਿਹਾ ਕਿ ਉਹ ਸਿਆਸਤ ਤੋਂ ਸਨਿਆਸ ਲੈਣਾ ਚਾਹੁੰਦੇ ਹਨ।


**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸ਼ੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant/Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮਿਓਪੈਥੀ ਅਜਮਾਓ



**G.M. Lawrence Insurance Brokerage** License# 0D79587
ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ
LIABILITY
GENERAL LIABILITY
PHYSICAL DAMAGE
CARGO
BONDS
ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?
*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ
New Ventures Are Welcome
ਦਲਜੀਤ ਸਿੰਘ ਖਹਿਰਾ
**SPECIALIZES IN BOTH LOCAL & LONG HAUL**
-Flexible down payments
-Excellent customer service
-Committed to each individual client's needs
-Experienced, knowledgeable & professional staff
**Ph: 209-474-2771**
**Fax: 209-474-0215**
7746 Lorraine Ave.#214
**Stockton CA-95210**

ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ


# ਪੰਥਕ ਕਨਵੈਨਸ਼ਨ ਅਤੇ ਸੈਮੀਨਾਰ

## ਕਵੀਜਨਾਂ, ਲਿਖਾਰੀਆਂ, ਬੁਲਾਰਿਆਂ ਅਤੇ ਸਮੂਹ ਪੰਥਕ ਦਰਦੀਆਂ ਨੂੰ ਖੁੱਲ੍ਹਾ ਸੱਦਾ

ਸਾਰੀਆਂ ਮੁਸੀਬਤਾਂ ਦੀ ਜੜ੍ਹ ਗੁਲਾਮੀ

ਕੌਂਸਲ ਆਫ ਖਾਲਿਸਤਾਨ ਦੀ 22ਵੀਂ ਸਾਲਾਨਾ ਕਨਵੈਨਸ਼ਨ ਅਤੇ ਜੂਨ 84, ਨਵੰਬਰ 84 ਦੀ ਯਾਦ ਅਤੇ ਖਾਲਸਾ ਰਾਜ ਦੀ 300 ਸਾਲਾ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਵਿਚ ਹੁਮ-ਹੁਮਾ ਕੇ ਪਹੁੰਚੋ

ਸਾਰੀਆਂ ਮੁਸੀਬਤਾਂ ਦਾ ਹੱਲ ਆਜ਼ਾਦੀ

**10 ਅਤੇ 11, ਅਕਤੂਬਰ, 2009**
(ਸਨਿਚਰਵਾਰ ਤੇ ਐਤਵਾਰ)

**ਸਥਾਨ:ਗੁਰਦੁਆਰਾ ਸੈਨ ਹੋਜ਼ੇ (ਲੰਗਰ ਹਾਲ)**
**3636 Murillo Ave, San Jose, CA 95148**

ਆਜ਼ਾਦ ਭਾਰਤ ਵਿਚ ਹਿੰਦੂ ਅਤਿਵਾਦ ਵਲੋਂ ਜੂਨ 1984 'ਚ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕੀਤੇ ਗਏ ਤਬਾਹ-ਕੁਨ ਹਮਲੇ ਦੀ ਇਸ ਸਾਲ 25ਵੀਂ ਦੁਖਦਾਈ ਯਾਦ ਸਿੱਖ ਕੌਮ ਮਨਾ ਰਹੀ ਹੈ। ਹਿੰਦੂ ਅਤਿਵਾਦ ਵਲੋਂ ਨਵੰਬਰ 1984 'ਚ ਕੀਤੇ ਸਿੱਖ ਕੌਮ ਦੇ ਹਿਟਲਰਸ਼ਾਹੀ ਕਤਲੇਆਮ ਦੀ ਨਵੰਬਰ 2009 'ਚ ਦੁਖਦਾਈ ਯਾਦ ਦੀ 25ਵੀਂ ਵਰੇਗੰਢ ਆ ਰਹੀ ਹੈ। ਇਨ੍ਹਾਂ ਦੁਖਦਾਈ ਯਾਦਾਂ 'ਚੋਂ ਸਿੱਖ ਰਾਜ ਦੀ ਪ੍ਰਾਪਤੀ ਕਿਵੇਂ? 'ਤੇ ਵਿਚਾਰਾਂ ਸਾਂਝੀਆਂ ਕਰਨ ਲਈ ਸਮੂਹ ਪੰਥਕ ਦਰਦੀਆਂ ਨੂੰ ਇਸ ਪੰਥਕ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਭਾਰੀ ਗਿਣਤੀ ਵਿਚ ਹੁਮ-ਹੁਮਾ ਕੇ ਪਹੁੰਚਣ ਲਈ ਸਭ ਨੂੰ ਖੁੱਲ੍ਹਾ ਸੱਦਾ ਹੈ ਜੀ।

ਸਿੱਖ ਕੌਮ ਨੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਦੋ ਵਾਰ ਸਿੱਖ ਰਾਜ ਸਥਾਪਿਤ ਕੀਤਾ ਅਤੇ ਹੁਣ ਸਿੱਖ ਕੌਮ ਤੀਸਰੀ ਵਾਰ ਸਿੱਖ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲੀ ਵਾਰ 1710 ਵਿਚ ਸਿੱਖ ਰਾਜ ਸਥਾਪਿਤ ਕੀਤਾ ਸੀ, ਜਿਸ ਦੀ 2010 ਵਿਚ (ਅਗਲੇ ਸਾਲ) 300 ਸਾਲਾ ਸ਼ਤਾਬਦੀ ਆ ਰਹੀ ਹੈ। ਇਸ ਸ਼ਤਾਬਦੀ ਨੂੰ ਮਨਾਉਣ ਲਈ ਸਮੁੱਚੀ ਸਿੱਖ ਕੌਮ ਨੂੰ ਹੁਣੇ ਤੋਂ ਹੀ ਵੱਡੀ ਪੱਧਰ ਤੇ ਉਪਰਾਲੇ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਖਾਲਸਾ ਰਾਜ ਦੀ 300 ਸਾਲਾ ਸ਼ਤਾਬਦੀ ਸਬੰਧੀ ਵੀ ਵਿਚਾਰਾਂ ਸਾਂਝੀਆਂ ਕਰਨ ਲਈ ਗੁਰੂ ਪਿਆਰਿਓ ਹੁਮ-ਹੁਮਾ ਕੇ ਪਹੁੰਚੋ।

*10 ਅਕਤੂਬਰ, 2009 (ਦਿਨ ਸਨਿਚਰਵਾਰ) ਨੂੰ ਸਵੇਰੇ 10 ਵਜੇ ਤੋਂ ਸ਼ਾਮੀ 5 ਵਜੇ ਤੱਕ ਗੁਰੂ ਘਰ ਦੇ ਲੰਗਰ ਹਾਲ ਵਿਚ ਕਨਵੈਨਸ਼ਨ ਤੇ ਸੈਮੀਨਾਰ ਹੋਵੇਗਾ। ਲੰਗਰ ਹਾਲ ਵਿਚ ਇਸ ਲਈ, ਕਿਉਂਕਿ ਉਸੇ ਦਿਨ ਗੁਰੂ ਘਰ ਦੇ ਦੀਵਾਨ ਹਾਲ ਵਿਚ ਇੱਕ ਵਿਆਹ ਦੀ ਰਸਮ ਅਦਾ ਹੋ ਰਹੀ ਹੈ।

*11 ਅਕਤੂਬਰ, 2009 (ਦਿਨ ਐਤਵਾਰ) ਨੂੰ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਮੁੱਖ ਦੀਵਾਨ ਹਾਲ ਵਿਚ ਬਾਹਰੋਂ ਆਏ ਹੋਏ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ। ਇਹ ਦੋ ਦਿਨਾਂ ਦਾ ਪੰਥਕ ਪ੍ਰੋਗਰਾਮ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।

### ਪ੍ਰੋਗਰਾਮ

ਕੌਂਸਲ ਆਫ ਖਾਲਿਸਤਾਨ ਦੇ ਪਿਛਲੇ ਸਾਲਾਂ ਦੇ ਕੰਮਾਂ ਦਾ ਲੇਖਾ-ਜੋਖਾ ਅਤੇ ਅਗਲੇ ਸਾਲ ਦੇ ਪ੍ਰੋਗਰਾਮਾਂ ਦੀ ਰੂਪ ਰੇਖਾ 'ਤੇ ਵਿਚਾਰ ਕੀਤੀ ਜਾਵੇਗੀ, ਉਪਰੰਤ ਸੈਮੀਨਾਰ ਸ਼ੁਰੂ ਹੋਵੇਗਾ। ਸੈਮੀਨਾਰ ਵਿਚ ਜੂਨ 84 ਅਤੇ ਨਵੰਬਰ 84 ਨੂੰ ਸਮਰਪਿਤ ਇੰਗਲਿਸ਼ ਤੇ ਪੰਜਾਬੀ ਦੀਆਂ 7 ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ ਅਤੇ ਬੁਲਾਰਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

### ਸੈਮੀਨਾਰ ਦੇ ਵਿਸ਼ੇ

*ਜੂਨ 84 ਅਤੇ ਨਵੰਬਰ 84 ਵਿਚ ਹਿੰਦੂ ਅਤਿਵਾਦ ਦੇ ਹੱਥੋਂ ਹੋਏ ਸਿੱਖ ਕਤਲੇਆਮ ਦੇ ਦੁਖਾਂਤ 'ਚੋਂ ਸਿੱਖ ਰਾਜ ਦੀ ਪ੍ਰਾਪਤੀ ਕਿਵੇਂ?

*ਅੱਜ ਸਿੱਖ ਕੌਮ ਗੁਲਾਮੀ ਦੀ ਦਹਿਲੀਜ਼ 'ਤੇ ਬੈਠੀ ਹੋਈ ਸਿੱਖ ਰਾਜ (ਖਾਲਿਸਤਾਨ) ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀ ਹੈ। ਹੁਣ ਸਿੱਖ ਕੌਮ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾ ਰਾਜ ਦੀ ਰੌਸ਼ਨੀ 'ਚ ਮੁੜ ਆਪਣਾ ਸਿੱਖ ਰਾਜ (ਖਾਲਿਸਤਾਨ) ਕਿਵੇਂ ਪ੍ਰਾਪਤ ਕਰੇ?

### ਬੁਲਾਰਿਆਂ ਦੇ ਵਿਸ਼ੇ

*ਜੂਨ 84 'ਚ ਦਰਬਾਰ ਸਾਹਿਬ ਉਪਰ ਹਿੰਦੋਸਤਾਨੀ ਹਮਲੇ, *ਜੂਨ 84 ਦੇ ਸਿੱਖ ਸ਼ਹੀਦ, *ਨਵੰਬਰ 84 'ਚ ਹੋਏ ਸਿੱਖ ਕਤਲੇਆਮ ਬਾਰੇ, *ਜਗਦੀਸ਼ ਟਾਈਟਲਰ ਵਰਗੇ ਹਿੰਦੂ ਅਤਿਵਾਦੀ ਬਾਰੇ, *ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਪੁੱਤਰ ਦੀ ਕੁਰਬਾਨੀ ਦੀ ਰੌਸ਼ਨੀ ਵਿਚ ਮੌਜੂਦਾ ਕੁਰਬਾਨੀਆਂ ਬਾਰੇ, *1710 ਵਿਚ ਸਥਾਪਿਤ ਹੋਏ ਪਹਿਲੇ ਖਾਲਸਾ ਰਾਜ ਦੀ ਰੌਸ਼ਨੀ 'ਚ 'ਸਿੱਖ ਕੌਮ ਖਾਲਸਾ ਰਾਜ (ਖਾਲਿਸਤਾਨ) ਕਿਵੇਂ ਪ੍ਰਾਪਤ ਕਰੇ?' ਵਿਸ਼ੇ 'ਤੇ ਬੁਲਾਰੇ ਆਪਣੇ ਵਿਚਾਰ ਰੱਖ ਸਕਦੇ ਹਨ।

**ਨੋਟ:** ਇਨ੍ਹਾਂ ਵਿਸ਼ਿਆਂ ਤੋਂ ਹਟ ਕੇ ਸੈਮੀਨਾਰ ਵਿਚ ਹੋਰ ਕੋਈ ਵੀ ਵਿਸ਼ਾ ਵਿਚਾਰ ਅਧੀਨ ਨਹੀਂ ਲਿਆਂਦਾ ਜਾ ਸਕਦਾ। ਬੁਲਾਰੇ ਕਵਿਤਾ (ਗੀਤ), ਗਜ਼ਲ, ਰੁਬਾਈ, ਸ਼ੇਅਰੋ-ਸ਼ਾਇਰੀ, ਕਵੀਸ਼ਰੀ ਅਤੇ ਲੈਕਚਰ, ਸਬੰਧਤ ਵਿਸ਼ਿਆਂ 'ਤੇ ਬੋਲ ਸਕਦੇ ਹਨ। ਤਕਰੀਬਨ 6 ਘੰਟੇ ਦੇ ਸੈਮੀਨਾਰ ਵਿਚ ਹਰ ਬੁਲਾਰੇ ਨੂੰ 10 ਮਿੰਟ ਦਾ ਟਾਈਮ ਦਿੱਤਾ ਜਾਵੇਗਾ। ਸੈਮੀਨਾਰ ਵਿਚ ਬੋਲਣ ਵਾਲੇ ਬੁਲਾਰੇ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਬਿਨਾ ਸੰਪਰਕ ਕਰਨ ਤੋਂ ਸੈਮੀਨਾਰ ਵਿਚ ਪਹੁੰਚਣ ਵਾਲੇ ਬੁਲਾਰੇ ਨੂੰ ਟਾਈਮ ਦੇਣ ਲਈ ਅਸੀਂ ਵਚਨਬੱਧ ਨਹੀਂ ਹਾਂ।

**ਜਾਰੀ ਕਰਤਾ:ਪਰਮਜੀਤ ਸਿੰਘ ਦਾਖਾ (ਸਲਾਹਕਾਰ, ਕੌਂਸਲ ਆਫ ਖਾਲਿਸਤਾਨ) ਫੋਨ:510-774-5909**

www.khalistannews.com www.dalkhalsausa.org www.dalkhalsaalliance.org

# ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੂੱਤੇਵੱਢ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਜਦੋਂ ਪਾਕਿਸਤਾਨ ਨਾਲ 1965 ਦੀ ਲੜਾਈ ਲੱਗੀ ਤਾਂ ਉਦੋਂ ਸਿਰਸੇ ਦਾ ਫੌਜੀ ਹਵਾਈ ਅੱਡਾ ਅਜੇ ਨਵਾਂ ਨਵਾਂ ਹੀ ਬਣਿਆ ਸੀ। ਇਸ ਲੜਾਈ ਦੌਰਾਨ ਸਾਰੇ ਇਲਾਕੇ ਵਿਚ ਇਹ ਆਰਡਰ ਹੋ ਗਏ ਸਨ ਕਿ ਹਰ ਘਰ ਵਿਚ ਪੰਜ ਫੁੱਟ ਡੂੰਘੇ ਮੋਰਚੇ ਕੱਢੇ ਜਾਣ। ਅੱਧੇ ਕੁ ਲੋਕਾਂ ਨੇ ਮੋਰਚੇ ਕੱਢ ਲਏ ਸਨ ਅਤੇ ਕਈ ਅਜੇ ਸਲਾਹੀਂ ਪਏ ਹੋਏ ਸਨ। ਅਸੀਂ ਵੀ ਆਪਣੇ ਵਿਹੜੇ ਵਿਚ ਮੋਰਚਾ ਕੱਢ ਲਿਆ ਹੋਇਆ ਸੀ ਜੋ ਅੰਗਰੇਜ਼ੀ ਦੇ ਅੱਖਰ ਜ਼ੈਡ ਵਾਂਗ ਬਣਾਇਆ ਗਿਆ ਸੀ। ਇਕ ਦਿਨ ਪਿੰਡ 'ਚ ਪੁਲਿਸ ਆਈ ਅਤੇ ਜਿਨ੍ਹਾਂ ਘਰਾਂ ਵਿਚ

**ਅਮੋਲਕ ਸਿੰਘ ਜੰਮੂ**

ਮੋਰਚੇ ਨਹੀਂ ਸਨ, ਉਨ੍ਹਾਂ ਵਿਚ ਜ਼ਬਰਦਸਤੀ ਮੋਰਚੇ ਪੁਟਵਾਏ। ਇਸ ਦੌਰਾਨ ਕਈਆਂ ਨਾਲ ਪੁਲਿਸ ਨੇ ਧੌਲ-ਧੱਫਾ ਵੀ ਕੀਤਾ। ਐਨ ਉਸੇ ਰਾਤ ਪਤਾ ਉਦੋਂ ਹੀ ਲੱਗਾ ਜਦੋਂ ਧੜੱਮ ਧੜੱਮ ਦੀਆਂ ਆਵਾਜ਼ਾਂ ਆਈਆਂ। ਸਾਡੇ ਸਾਂਝੇ ਪਰਿਵਾਰ ਦੇ ਆਗੂ ਚਾਚਾ ਗੁਰਜੀਤ ਸਿੰਘ ਨੇ ਨਿਆਣੇ ਚੁੱਕ ਚੁੱਕ ਮੋਰਚੇ ਵਿਚ ਸੁੱਟਣੇ ਸ਼ੁਰੂ ਕਰ ਦਿੱਤੇ। ਕੁਝ ਮਿੰਟਾਂ ਬਾਅਦ ਹੀ ਅਮਨ ਅਮਾਨ ਹੋ ਗਿਆ ਤੇ ਡਰ ਵਿਚ ਸਹਿਮੇ ਅਸੀਂ ਸਾਰੇ ਮੋਰਚਿਆਂ 'ਚੋਂ ਬਾਹਰ ਆਏ। ਅਗਲੇ ਦਿਨ ਪਾਣੀ ਲਾਉਂਦੇ ਦੋ ਕਿਸਾਨ ਦੱਸ ਰਹੇ ਸਨ ਕਿ ਕਿਵੇਂ ਉਨ੍ਹਾਂ ਬੰਬ ਡਿੱਗਦੇ ਤੇ ਫਟਦੇ ਵੇਖੇ, ਜਿਵੇਂ ਅਨਾਰ ਚੱਲ ਰਹੇ ਹੋਣ। ਭਾਪਾ ਜੀ ਉਦੋਂ ਫਿਰੋਜ਼ਪੁਰ ਮੋਰਚੇ 'ਤੇ ਤਾਇਨਾਤ ਸਨ। ਸਾਰਾ ਘਰ ਉਨ੍ਹਾਂ ਦੇ ਫਿਕਰ ਵਿਚ ਸੀ। ਮੇਰੀ ਦਾਦੀ ਘੜੀ ਘੜੀ ਵਾਹਿਗੁਰੂ ਦਾ ਨਾਂ ਲੈਂਦਿਆਂ ਅਰਦਾਸਾਂ ਕਰਦੀ ਵਾਹਿਗੁਰੂ ਮਿਹਰ ਰੱਖੀਂ। ਇਨ੍ਹਾਂ ਬੰਬਾਂ 'ਚੋਂ ਦੋ ਬੰਬ ਸਾਡੇ ਆਪਣੇ ਹੀ ਖੇਤਾਂ 'ਚ ਡਿੱਗੇ ਸਨ ਅਤੇ ਇਨ੍ਹਾਂ ਬੰਬਾਂ ਦੇ ਅੱਠ ਅੱਠ ਫੁੱਟ ਡੂੰਘੇ ਟੋਏ ਅਗਲੀ ਫਸਲ ਵੇਲੇ ਹੀ ਪੂਰ ਹੋਏ।

ਛੇਵੀਂ ਤੋਂ ਬਾਅਦ ਸਕੂਲ ਪੜ੍ਹਨ ਲਈ ਪਿੰਡ ਕੂੱਤੇਵੱਢ ਤੋਂ ਕੋਈ ਛੇ ਕਿਲੋਮੀਟਰ ਦੂਰ ਪਿੰਡ ਮੌਜਦੀਨ ਜਾਣਾ ਪੈਣਾ ਸੀ। ਸਾਈਕਲ ਅਜੇ ਮੈਨੂੰ ਚਲਾਉਣਾ ਨਹੀਂ ਸੀ ਆਉਂਦਾ। ਮੇਰੀ ਭੂਆ ਦਾ ਪੁੱਤ ਸ਼ਾਹੀਆ ਸੱਤਵੀਂ ਵਿਚ ਪੜ੍ਹਦਾ ਸੀ ਪਰ ਉਸ ਪਾਸ ਸਾਈਕਲ ਨਹੀਂ ਸੀ। ਭਾਪਾ ਜੀ ਨੇ ਘਰ ਵਿਚ ਪਏ ਇਕ ਪੁਰਾਣੇ ਸਾਈਕਲ ਦੀ ਮੁਰੰਮਤ ਕਰਵਾ ਕੇ ਸਾਨੂੰ ਦੇ ਦਿੱਤਾ ਅਤੇ ਸਕੀਮ ਇਹ ਬਣੀ ਕਿ ਸ਼ਾਹੀਆ ਸਾਈਕਲ ਚਲਾਇਆ ਕਰੇਗਾ ਅਤੇ ਮੈਂ ਉਸ ਦੇ ਪਿਛੇ ਬੈਠ ਕੇ ਜਾਇਆ ਕਰਾਂਗਾ।

ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਜਦੋਂ ਦੁਬਾਰਾ ਸਕੂਲ ਲੱਗੇ ਤਾਂ ਇਕ ਦਿਨ ਸ਼ਾਹੀਆ ਮੇਰੇ ਨਾਲ ਕਿਸੇ ਗੱਲੋਂ ਲੜ ਕੇ ਆਪ ਕਿਸੇ ਹੋਰ ਮੁੰਡੇ ਨਾਲ ਸਾਈਕਲ 'ਤੇ ਬੈਠ ਪਿੰਡ ਆ ਗਿਆ ਤੇ ਮੈਨੂੰ ਉਥੇ ਹੀ ਛੱਡ ਆਇਆ। ਉਦੋਂ ਤੱਕ ਮੈਂ ਸਾਈਕਲ ਕੈਂਚੀ ਬੈਠ ਕੇ ਚਲਾਉਣਾ ਸਿੱਖ ਗਿਆ ਸੀ। ਸਕੂਲ ਜਾਣ ਲਈ ਸਾਨੂੰ ਓਟੂ ਹੈਡ ਤੋਂ ਨਿਕਲਦੀ ਨਹਿਰ ਦੇ ਕੰਢੇ ਕੰਢੇ ਜਾਣਾ ਪੈਂਦਾ ਸੀ। ਮੈਂ ਇਸੇ ਨਹਿਰ ਦੇ ਕੰਢੇ ਹੌਲੀ ਹੌਲੀ ਕੈਂਚੀ ਸਾਈਕਲ ਚਲਾਉਂਦਾ ਆ ਰਿਹਾ ਸਾਂ ਕਿ ਰਾਹ ਵਿਚ ਹੀ ਮੀਂਹ ਆ ਗਿਆ। ਬਾਕੀ ਮੁੰਡੇ ਕਦੋਂ ਦੇ ਅੱਗੇ ਨਿਕਲ ਗਏ ਸਨ। ਰਸਤੇ ਵਿਚ ਕੁਝ ਇਲਾਕਾ ਅਜਿਹਾ ਸੀ ਜਿਥੇ ਕੱਲਰ ਪੈਂਦਾ ਸੀ। ਜਦੋਂ ਮੈਂ ਨਹਿਰ ਕੰਢੇ ਉਸ ਇਲਾਕੇ ਵਿਚ ਪਹੁੰਚਿਆ ਤਾਂ ਕੈਂਚੀ ਚਲਾਉਂਦਾ ਦੋ ਵਾਰ ਤਿਲਕ ਕੇ ਡਿੱਗਾ। ਮੀਂਹ ਵਿਚ ਭਿਜਿਆ ਬਸਤਾ ਕੈਰੀਅਰ ਨਾਲ ਟੰਗ ਮੈਂ ਸਾਈਕਲ ਨੂੰ ਅੱਗੇ ਤੋਰਾਂ ਪਰ ਸਾਈਕਲ ਦੇ ਮੱਡਗਾਰਡਾਂ ਵਿਚ ਕੱਲਰ ਵਾਲੀ ਮਿਟੀ ਫਸ ਕੇ ਸਾਈਕਲ ਨੂੰ ਅੱਗੇ ਨਾ ਤੁਰਨ ਦੇਵੇ। ਕੋਈ ਘੰਟਾ ਕੁ ਮੈਂ ਘੁਲਦਾ ਰਿਹਾ। ਮਸਾਂ ਡੇਢ ਕੁ ਫਰਲਾਂਗ ਹੀ ਅੱਗੇ ਜਾ ਸਕਿਆ। ਰੋਣ ਮੇਰਾ ਨਿਕਲਦਾ ਜਾਵੇ। ਆਸੇ ਪਾਸੇ ਉਜਾੜ ਦੇਖ ਕੇ ਡਰ ਵੀ ਆਵੇ। ਮੀਂਹ ਹਟ ਚੁੱਕਾ ਸੀ। ਇੰਨੇ ਵਿਚ ਕੋਈ ਰਾਹੀ ਪੈਦਲ



ਆਉਂਦਾ ਦਿਸਿਆ। ਉਸ ਨੇ ਸਮਝਾਇਆ ਕਾਕਾ ਅੱਧਾ ਪੌਣਾ ਘੰਟਾ ਰੁਕ ਜਾ ਇਹ ਧਰਤੀ ਆਠਰ ਜਾਏਗੀ ਤੇ ਤੇਰਾ ਸਾਈਕਲ ਚੱਲ ਪਊ।

ਮੌਜਦੀਨ ਸਕੂਲ ਪਹੁੰਚਣ ਲਈ ਨਹਿਰ ਦੀ ਪਟੜੀ ਤੋਂ ਉਤਰ ਰਾਹ ਵਿਚ ਪੈਂਦੇ ਇਕ ਪਿੰਡ ਗਿੱਦੜਾਂਵਾਲੀ ਤੋਂ ਕੋਈ ਤਿੰਨ ਕਿਲੋਮੀਟਰ ਕੱਚੀ ਸੜਕੇ ਜਾਣਾ ਪੈਂਦਾ ਸੀ। ਬਰਸਾਤਾਂ ਰੁਤੇ ਸਾਰਾ ਇਲਾਕਾ ਪਾਣੀ 'ਚ ਤਰ ਹੁੰਦਾ ਅਤੇ ਸੜਕ ਉਤੇ ਚਿੱਕੜ ਹੀ ਚਿੱਕੜ। ਬਰਸਾਤਾਂ ਤੋਂ ਬਾਅਦ ਜੋੜੀ ਵਾਲੇ ਗੱਡੇ ਚੱਲ ਕੇ ਸੜਕ ਉਤੇ ਡੂੰਘੀਆਂ ਲੀਹਾਂ ਪਈਆਂ ਹੁੰਦੀਆਂ। ਸਾਈਕਲ ਜਾਂ ਤਾਂ ਇਨ੍ਹਾਂ ਲੀਹਾਂ ਵਿਚ ਦੀ ਚਲਾਉਣਾ ਪੈਂਦਾ ਜਾਂ ਫਿਰ ਵੱਟਾਂ ਉਤੇ। ਕਈ ਵਾਰ ਚੇਤੇ ਆਉਂਦਾ ਹੈ ਕਿ ਉਦੋਂ ਸਾਈਕਲ ਚਲਾਉਣਾ, ਤਣੀ ਹੋਈ ਰੱਸੀ ਉਤੇ ਤੁਰਨ ਤੋਂ ਘੱਟ ਨਹੀਂ ਹੁੰਦਾ ਸੀ। ਬਥੇਰੀ ਵਾਰੀ ਡਿੱਗ ਕੇ ਗਿੱਟੇ-ਗੋਡੇ ਵੀ ਰਗੜਾਏ। ਬਰਸਾਤਾਂ ਵਿਚ ਇਕ ਹੋਰ ਮੁਸੀਬਤ ਪੈਂਦੀ ਕਿ ਓਟੂ ਹੈਡ ਤੋਂ ਨਵੀਂ ਨਿਕਲੀ ਇਕ ਨਹਿਰ ਅਕਸਰ ਥਾਂ ਥਾਂ ਟੁੱਟੀ ਰਹਿੰਦੀ ਅਤੇ ਮੌਜਦੀਨ ਤੋਂ ਗਿੱਦੜਾਂਵਾਲੀ ਤੱਕ ਦਾ ਸਾਰਾ ਤਿੰਨ ਕਿਲੋਮੀਟਰ ਦਾ ਰਸਤਾ ਜਲ-ਥਲ ਹੋਇਆ ਰਹਿੰਦਾ। ਕੂੱਤੇਵੱਢ ਅਤੇ ਉਸ ਤੋਂ ਵੀ ਪਰੇ ਪਿੰਡ ਰੱਤੇਖੇੜੇ ਤੋਂ ਕੋਈ ਤੀਹ-ਪੈਂਤੀ ਮੁੰਡੇ ਮੌਜਦੀਨ ਪੜ੍ਹਨ ਆਉਂਦੇ ਸਨ। ਬਰਸਾਤਾਂ ਰੁੱਤੇ ਅਸਾਂ ਸਭਨਾਂ ਨੇ ਆਪਣੇ ਸਾਈਕਲ ਆਪਣੇ ਇਕ ਜਮਾਤੀ ਨਰੇਸ਼ ਦੇ ਘਰ ਰੱਖਿਆ ਕਰਨੇ ਅਤੇ ਉਥੋਂ ਪੈਦਲ ਮੌਜਦੀਨ ਜਾਇਆ ਕਰਨਾ। ਕਿਉਂਕਿ ਰਸਤੇ ਵਿਚ ਪਾਣੀ ਵਿਚੋਂ ਲੰਘਣਾ ਪੈਂਦਾ ਸੀ, ਬਹੁਤਿਆਂ ਨੇ ਆਪਣੇ ਫਾਂਟਾਂ ਵਾਲੇ ਪਜਾਮੇ ਪਿੰਡੋਂ ਆਪਣੇ ਸਾਈਕਲ ਦੇ ਕੈਰੀਅਰ ਤੇ ਬੰਨ ਕੇ ਤੁਰਨਾ। ਕੋਈ ਦਿਨ ਐਸਾ ਨਹੀਂ ਸੀ ਜਾਂਦਾ ਜਦੋਂ ਇਕ ਜਾਂ ਦੋ ਜਣਿਆਂ ਦਾ ਫਾਂਟਾਂ ਵਾਲਾ ਪਜਾਮਾ ਕੈਰੀਅਰ ਨਾਲ ਬੱਧਾ ਹੀ ਰਹਿ ਜਾਂਦਾ ਅਤੇ ਸਕੂਲ ਕੱਛੇ ਵਿਚ ਹੀ ਪਹੁੰਚ ਜਾਂਦੇ। ਮਾਸਟਰਾਂ ਨੂੰ ਵੀ ਬੱਚਿਆਂ ਦੀ ਮਜਬੂਰੀ ਦਾ ਪਤਾ ਸੀ ਉਹ ਹਲਕੀ ਜਿਹੀ ਪਿਆਰ ਭਰੀ ਝਿੜਕੀ ਦੇ ਕੇ ਅੱਗੋਂ ਤੋਂ ਖਿਆਲ ਰੱਖਣ ਦੀ ਨਸੀਹਤ ਕਰ ਦਿੰਦੇ।

ਸਕੂਲੋਂ ਮੁੜਦਿਆਂ ਅਸੀਂ ਕਦੀ ਨਹਿਰ ਕੰਢੇ ਉਗੇ ਮਲ੍ਹਿਆਂ ਦੇ ਬੇਰ ਖਾਣੇ, ਕਦੀ ਨਿੱਕੇ ਨਿੱਕੇ ਖਤਾਨਾਂ ਵਿਚ ਉਗੇ ਨਾਪੇ ਕੱਢ ਕੱਢ ਖਾਣੇ ਅਤੇ ਜਿੱਦਣ ਬਹੁਤੇ ਸ਼ਰਾਰਤੀ ਹੋਏ ਹੋਣਾ ਰਾਹ 'ਚ ਪੈਂਦੇ ਕਿਸੇ ਦੇ ਖੇਤ ਵਿਚੋਂ ਖਰਬੂਜ਼ੇ ਵੀ ਤੋੜ ਕੇ ਖਾ ਲੈਣੇ। ਸਰਦੀਆਂ ਵਿਚ ਸਵੇਰੇ ਬਿਨਾ ਕਿਸੇ ਭਾਰੀ ਕੱਪੜੇ ਤੋਂ, ਸਵੈਟਰਾਂ ਜਾਂ ਕੋਟਾਂ ਦੀ ਤਾਂ ਗੱਲ ਹੀ ਛੱਡੋ, ਠਰੂੰ ਠਰੂੰ ਕਰਦੇ ਸਕੂਲ ਜਾਣਾ ਪਰ ਰਾਹ ਵਿਚ ਜਿੱਦਣ ਕਿਤੇ ਬਹੁਤਾ ਕੋਰਾ ਜੰਮਿਆ ਹੋਣਾ ਤਾਂ ਇਹ ਇਲਤ ਜ਼ਰੂਰ ਕਰਨੀ ਕਿ ਪਾਣੀ ਦੀ ਤਹਿ ਉਤੇ ਜੰਮੀ ਕੋਰੇ ਦੀ ਵੱਡੀ ਪਰਤ ਕੌਣ ਉਠਾਉਂਦਾ ਹੈ, ਮੁੰਡਿਆਂ ਵਾਰੋ ਵਾਰੀ ਪਾਣੀ 'ਤੇ ਜੰਮੀ ਹਲਕੀ ਬਰਫ ਦੀ ਤਹਿ ਥੱਲਿਓਂ ਹੱਥ ਪਾ ਕੇ ਬਰਫ ਦੀ ਪਤਲੀ ਜਿਹੀ ਸਲੇਟ ਚੁੱਕਣ ਦੀ ਕੋਸ਼ਿਸ਼ ਕਰਨੀ। ਜਦੋਂ ਹੱਥ ਬਹੁਤੇ ਠਰ ਜਾਣੇ ਤੇ ਸਕੂਲ ਦਾ ਟਾਈਮ ਹੋ ਜਾਣਾ ਤਾਂ ਫਿਰ ਵਾਹੋ-ਦਾਹੀ ਸਕੂਲ ਨੂੰ ਤੁਰ ਪੈਣਾ। ਗਰਮੀਆਂ ਵਿਚ ਰਾਹ ਵਿਚ ਪੈਂਦੀ 27 ਨੰਬਰ ਬੁਰਜੀ 'ਤੇ ਰੁਕਣਾ ਤੇ ਪੀਲ ਪਲਾਂਘਾ ਖੇਡਣਾ ਪੱਕਾ ਨੇਮ ਸੀ। ਇਥੇ ਹੀ ਭਰੀ ਨਹਿਰ ਵਿਚ ਛਾਲਾਂ ਮਾਰ ਕੇ ਕਿੰਨਾ ਕਿੰਨਾ ਚਿਰ ਨਹਾਉਣਾ। ਫਿਰ ਨਹਿਰ ਵਿਚੋਂ ਨਿਕਲ ਕੇ ਤਪਦੀ ਰੇਤ ਉਤੇ ਲੇਟਣਾ, ਇਹ ਰੋਜ਼ ਦਾ ਵਰਤਾਰਾ ਸੀ।

ਪਿੰਡ ਰਹਿੰਦਿਆਂ ਮੈਂ ਛੱਪੜ 'ਚ ਵੀ ਬਥੇਰਾ ਨਹਾਤਾ, ਡੰਗਰ ਚਾਰਦਿਆਂ ਨਹਿਰ ਦਾ ਪਾਣੀ ਵੀ ਪੀਤਾ ਅਤੇ ਖਾਲੇ ਦਾ ਖੜ੍ਹਾ ਪਾਣੀ ਵੀ। ਕਦੇ ਕੁਝ ਨਹੀਂ ਸੀ ਹੋਇਆ। ਅੱਜ ਜਦੋਂ ਚੇਤੇ ਕਰੀਦਾ ਹੈ ਕਿ ਇੰਨਾ ਗੰਦਾ ਪਾਣੀ ਪੀ ਲਈਦਾ ਸੀ ਅਤੇ ਇੰਨੇ ਗੰਦੇ ਪਾਣੀ 'ਚ ਨਹਾ ਲਈਦਾ ਸੀ ਤਾਂ ਕੰਬਣੀ ਛਿੜਦੀ ਹੈ। ਮੈਂ ਭਾਵੇਂ ਹਲ ਨਹੀਂ ਵਾਹਿਆ ਪਰ ਡੰਗਰ ਵੀ ਬਥੇਰੇ ਚਾਰੇ ਅਤੇ ਫਲੇ ਵੀ ਹੱਕੇ। ਹੁਣ ਤਾਂ ਸ਼ਾਇਦ ਕਿਸੇ ਨੂੰ ਇਹ ਵੀ ਨਾ ਪਤਾ ਲੱਗੇ ਕਿ ਫਲੇ ਬਲਾ ਕੀ ਹੁੰਦੇ ਸਨ।

ਚੰਡੀਗੜ੍ਹ ਐਮ.ਏ. ਕਰਨ ਪਿਛੋਂ ਨੌਕਰੀ ਲੱਗ ਕੇ ਜਦੋਂ ਮੈਂ ਪਿੰਡ ਗਿਆ ਤਾਂ ਇਕ ਵਾਰ ਮੇਰੇ ਪਿੰਡ ਦੇ ਦੋ ਜਮਾਤੀ ਮੰਗਤ ਸਿੰਘ ਤੇ ਸੰਗਤ ਸਿੰਘ ਮਿਲ ਪਏ। ਉਹ ਦੋਵੇਂ ਚਾਚੇ-ਤਾਏ ਦੇ ਪੁੱਤ-ਭਰਾ ਸਨ। ਸੰਗਤ ਕਹਿਣ ਲੱਗਾ ਤੂੰ ਚੰਗਾ ਰਿਹਾ ਜੋ ਪੜ੍ਹ ਗਿਆ, ਅਸੀਂ ਤਾਂ ਅੱਠਵੀਂ ਵੀ ਨਾ ਕਰ ਸਕੇ। ਫਿਰ ਅਸੀਂ ਚੇਤੇ ਕੀਤਾ ਕਿਵੇਂ ਉਹ ਜਿਸ ਦਿਨ ਹਿਸਾਬ ਦਾ ਕੰਮ ਨਾ ਕੀਤਾ ਹੁੰਦਾ ਮਾਸਟਰ ਪ੍ਰਭੂ ਦਿਆਲ ਦੀ ਕੁੱਟ ਤੋਂ ਡਰਦਿਆਂ ਸਕੂਲ ਨਾ ਜਾਂਦੇ ਅਤੇ ਰਾਹ ਵਿਚ ਹੀ ਸਾਈਕਲ ਵਿਚ ਪਰਕਾਰ ਮਾਰ ਕੇ ਸਾਈਕਲ ਪੈਂਚਰ ਕਰ ਲੈਂਦੇ। ਘਰ ਆ ਕੇ ਬਹਾਨਾ ਇਹ ਲਾਉਂਦੇ ਕਿ ਸਾਈਕਲ ਪੈਂਚਰ ਹੋ ਗਿਆ ਸੀ। ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਇੰਨੇ ਨੂੰ ਸਾਡਾ ਇਕ ਹੋਰ ਜਮਾਤੀ ਗੁਰਦੁਆਰੇ ਦੇ ਭਾਈ ਦਾ ਮੁੰਡਾ ਇੰਦਰ ਸਿੰਘ ਵੀ ਪਹੁੰਚ ਗਿਆ। ਮੈਨੂੰ ਪੰਜਾਬੀ ਦੇ ਪਰਚੇ ਵਿਚ ਉਸ ਵਲੋਂ ਬਾਬਾ ਫਰੀਦ ਦੇ ਇਕ ਸ਼ਲੋਕ ਦੇ ਕੀਤੇ ਅਰਥ ਚੇਤੇ ਆ ਗਏ। ਸ਼ਲੋਕ ਸੀ:

ਫਰੀਦਾ ਜੋ ਤੈਂ ਮਾਰਨ ਮੁੱਕੀਆ
ਤਿਨਾਂ ਨਾ ਮਾਰੇ ਘੁੰਮ
ਆਪਨੜੇ ਘਰ ਜਾਈਏ ਪੈਰ ਤਿਨਾਂ ਦੇ ਚੁੰਮ

ਇੰਦਰ ਸਿੰਘ ਨੇ ਅਰਥ ਇਹ ਕੀਤੇ ਸਨ ਕਿ ਬਾਬਾ ਫਰੀਦ ਜੀ ਕਹਿੰਦੇ ਹਨ ਕਿ ਜੋ ਤੈਨੂੰ ਮੁੱਕੀਆਂ ਮਾਰਨ, ਉਨ੍ਹਾਂ ਦੇ ਘਸੁੰਨ ਮਾਰ ਤੇ ਜੇ ਤੇਰੇ ਘਰ ਆਉਣ ਤਾਂ ਪੈਰ ਚਾ ਮੁੰਨੀ। ਇੰਦਰ ਸਿੰਘ ਦੇ ਮਾਪੇ ਰਾਵਲ ਪਿੰਡੀ ਤੋਂ ਆਏ ਸਨ ਤੇ ਉਹ ਉਸੇ ਲਹਿਜ਼ੇ 'ਚ ਲਿਖ ਰਿਹਾ ਸੀ। ਜਦੋਂ ਮਾਸਟਰ ਸੁਖਦੇਵ ਸਿੰਘ ਨੇ ਪਰਚੇ ਵੰਡੇ ਤਾਂ ਇੰਦਰ ਸਿੰਘ ਦੇ ਇਹ ਅਰਥ ਸਾਰਿਆਂ ਨੂੰ ਪੜ੍ਹ ਕੇ ਸੁਣਾਏ ਅਤੇ ਉਸ ਪਿਛੋਂ ਲੱਤਾਂ ਥੱਲਿਓਂ ਕੰਨ ਫੜ੍ਹਾ ਕੇ ਚੰਗਾ ਡੰਡਾ ਵਰ੍ਹਾਇਆ। ਰਾਏ ਸਿੱਖਾਂ ਦੇ ਮੁੰਡੇ ਬਚਨ ਬਾਰੇ ਗੱਲ ਤੁਰ ਪਈ। ਪਤਾ ਲੱਗਾ ਕਿ ਜਦੋਂ ਦਸਵੀਂ ਦੇ ਇਮਤਿਹਾਨ ਵਿਚ ਦੋ ਵਾਰ ਫੇਲ੍ਹ ਹੋਣ ਪਿਛੋਂ ਅੰਗਰੇਜ਼ੀ ਦੀ ਕੰਪਾਰਟਮੈਂਟ ਦਾ ਪਰਚਾ ਉਹ ਦੇ ਰਿਹਾ ਸੀ ਤਾਂ ਮਾਸਟਰ ਨੇ ਕਿਹਾ, 'ਪੁੱਤਰਾ, ਅੱਜ ਜਿੰਨੀ ਨਕਲ ਮਾਰਨੀ ਮਾਰ ਲੈ ਜਿਹੜੀ ਪਾਕਟ ਖੋਲ੍ਹਣੀ ਖੋਲ੍ਹ ਲੈ ਪਰ ਅਗਲੀ ਵਾਰ ਮੈਂ ਤੈਨੂੰ ਇਸ ਇਮਤਿਹਾਨ ਵਿਚ ਬੈਠਿਆਂ ਨਹੀਂ ਵੇਖਣਾ ਚਾਹੁੰਦਾ।' ਵਿਚਾਰੇ ਬਚਨ ਤੋਂ ਖੁਲ੍ਹ ਕੇ ਨਕਲ ਮਾਰਨ ਪਿਛੋਂ ਵੀ ਕੰਪਾਰਟਮੈਂਟ ਕਲੀਅਰ ਨਾ ਹੋਈ ਅਤੇ ਉਸ ਨੇ ਪੜ੍ਹਾਈ ਦਾ ਖਹਿੜਾ ਹੀ ਛੱਡ ਖੇਤ ਮਜ਼ਦੂਰੀ ਸ਼ੁਰੂ ਕਰ ਦਿੱਤੀ।

ਹੁਣ ਤੱਕ ਪਿੰਡ ਨੂੰ ਸੜਕ ਬਣ ਚੁੱਕੀ ਹੈ। ਪਿੰਡ ਵਿਚ ਸਕੂਲ ਵੀ +2 ਤੱਕ ਦਾ ਹੈ। ਪਿੰਡ ਦੇ ਕਿੰਨੇ ਹੀ ਬੱਚੇ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਆਪੋ ਆਪਣੇ ਥਾਂਈਂ ਲੱਗੇ ਹੋਏ ਹਨ ਪਰ 1966 ਵੇਲੇ ਦਾ ਉਹ ਸਮਾਂ ਜਦੋਂ ਮੈਂ ਚੇਤੇ ਕਰਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਵਾਕਿਆ ਹੀ ਪਿੰਡ ਕੂੱਤੇਵੱਢ ਦਾ ਸਫਰ ਚੰਡੀਗੜ੍ਹ ਤੋਂ ਦੂਰ ਸੀ। ਪਿੰਡ ਨੂੰ ਸੜਕ ਨਾ ਹੋਣ ਕਰਕੇ ਕੋਈ ਬੱਸ, ਤਾਂਗਾ ਜਾਂ ਰਿਕਸ਼ਾ ਨਹੀਂ ਸੀ ਜਾਂਦਾ। ਸਿਰਸੇ ਸ਼ਹਿਰ ਆਉਣ ਲਈ ਓਟੂ ਹੈਡ ਤੱਕ 8 ਕਿਲੋਮੀਟਰ ਦਾ ਸਫਰ ਨਹਿਰ ਕੰਢੇ ਚੱਲਦੇ ਸਾਈਕਲਾਂ ਉਤੇ ਤੈਅ ਕਰਨਾ ਪੈਂਦਾ ਸੀ। ਨਹਿਰ ਕੰਢੇ ਉਂਜ ਵੀ ਕੋਈ ਹੋਰ ਮੋਟਰ ਗੱਡੀ ਚਲਾਉਣ ਦੀ ਇਜਾਜ਼ਤ ਨਹੀਂ ਸੀ। ਥਾਂ-ਥਾਂ ਫਾਟਕ ਲੱਗੇ ਹੋਏ ਸਨ। ਇਹ ਕੰਢਾ ਸੀ ਵੀ ਕੱਚਾ ਹੀ। ਇਸ ਸਫਰ ਲਈ ਇਕ ਬੜੀ ਅਨੋਖੀ ਸਵਾਰੀ ਮਿਲਦੀ ਸੀ-ਸਾਈਕਲ। ਸਾਈਕਲ ਦੇ ਅੱਗੇ ਡੰਡੇ ਉਤੇ ਗੱਦੀ ਲੱਗੀ ਹੁੰਦੀ ਅਤੇ ਸਾਈਕਲ ਦੇ ਪਿਛੇ ਵੀ ਕੈਰੀਅਰ ਉਤੇ ਲੰਮੀ ਗੱਦੀ ਲੱਗੀ ਹੁੰਦੀ। ਇਸ ਨੂੰ ਸਵਾਰੀਆਂ ਵਾਲਾ ਸਾਈਕਲ ਕਿਹਾ ਜਾਂਦਾ ਸੀ ਅਤੇ ਇਸ ਉਤੇ ਇਕ ਸਵਾਰੀ ਅੱਗੇ ਬੈਠਦੀ, ਇਕ ਪਿਛੇ। ਸਾਈਕਲ-ਵਾਹਕ ਪ੍ਰਤੀ ਸਵਾਰੀ ਕਿਰਾਇਆ ਲੈ ਕੇ ਨਾਲੇ ਸਵਾਰੀ ਨੂੰ ਥਾਂ ਸਿਰ ਪਹੁੰਚਾਉਂਦਾ ਤੇ ਨਾਲੇ ਆਪਣਾ ਰੁਜ਼ਗਾਰ ਤੋਰਦਾ। ਸ਼ਾਇਦ ਹੀ ਅਜਿਹੀ ਸਵਾਰੀ ਕਿਤੇ ਹੋਰ ਚੱਲਦੀ ਹੋਵੇ। ਇਹ ਸਵਾਰੀ ਸੰਨ 1982 ਤੱਕ ਵੀ ਚੱਲਦੀ ਰਹੀ।

ਪਿਛਲੇ ਅੰਕ ਵਿਚ ਜਦੋਂ ਇਸ ਲੇਖ ਦਾ ਪਹਿਲਾ ਹਿੱਸਾ ਛਪਿਆ ਤਾਂ ਫਰਿਜ਼ਨੋ ਰਹਿੰਦੇ ਪ੍ਰੋਫੈਸਰ ਕੁਲਵੰਤ ਸਿੰਘ ਰੋਮਾਣਾ ਦਾ ਫੋਨ ਆਇਆ, 'ਇਹ ਉਹੋ ਪਿੰਡ ਹੈ ਨਾ ਜਿਥੇ ਓਟੂ ਤੋਂ ਸਾਈਕਲ ਦੀ ਸਵਾਰੀ ਚੱਲਦੀ ਸੀ।' ਮੇਰੇ ਹਾਂ ਕਹਿਣ 'ਤੇ ਬੋਲੇ, ਮੈਂ ਸ਼ਾਇਦ 1964 ਵਿਚ ਆਪਣੇ ਕਿਸੇ ਰਿਸ਼ਤੇਦਾਰ ਨਾਲ ਤੁਹਾਡੇ ਪਿੰਡ ਦੇ ਨਾਲ ਲੱਗਦੇ ਪਿੰਡ ਕੋਟਲੀ ਗਿਆ ਸੀ।

*(ਚਲਦਾ)*

## ਰੰਗ-ਬੇਰੰਗ


# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੂਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

## Global Multi Services

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਕਲਾ ਤੇ ਯਥਾਰਥ ਦਾ ਉਤਮ ਸੁਮੇਲ ਤਾਮਿਲ ਫਿਲਮ 'ਕਾਂਚੀਵਰਮ'

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਪਿਛਲੇ ਦਿਨੀਂ ਭਾਰਤ ਸਰਕਾਰ ਵਲੋਂ 55ਵੇਂ ਰਾਸ਼ਟਰੀ ਫ਼ਿਲਮੀ ਪੁਰਸਕਾਰਾਂ ਦਾ ਐਲਾਨ ਹੋਇਆ ਤਾਂ ਭਾਰਤੀ ਸਿਨੇਮਾ ਦੇ ਗੰਭੀਰ ਵਿਸ਼ਲੇਸ਼ਕਾਂ ਅਤੇ ਦਰਸ਼ਕਾਂ ਨੂੰ ਖੁਸ਼ੀ ਵੀ ਹੋਈ ਤੇ ਹੈਰਾਨੀ ਵੀ। ਖੁਸ਼ੀ ਇਸ ਗੱਲ ਦੀ ਕਿ ਇਸ ਵਾਰ ਉਤਮ ਰਾਸ਼ਟਰੀ ਫਿਲਮ ਦਾ ਪੁਰਸਕਾਰ ਹਾਸਲ ਕਰਨ ਵਾਲੀ ਤਾਮਿਲ ਫ਼ਿਲਮ 'ਕਾਂਚੀਵਰਮ' ਅਤੇ ਇਸੇ ਫਿਲਮ ਲਈ ਸਰਬੋਤਮ ਐਕਟਰ ਦਾ ਪੁਰਸਕਾਰ ਪ੍ਰਾਪਤ ਕਰਨ ਵਾਲਾ ਤਾਮਿਲ ਐਕਟਰ ਪ੍ਰਕਾਸ਼ ਰਾਜ ਵਾਕਿਆ ਹੀ ਮੈਰਿਟ 'ਤੇ ਚੁਣੇ ਗਏ ਹਨ। ਹੈਰਾਨੀ ਇਸ ਗੱਲ ਦੀ ਕਿ ਇਸ ਦੌੜ 'ਚ ਸ਼ਾਮਲ ਵੱਡੇ ਬਜਟ ਅਤੇ ਧੂੰਆਂਧਾਰ ਪਬਲੀਸਿਟੀ ਵਾਲੀਆਂ ਹਿੰਦੀ ਫ਼ਿਲਮਾਂ 'ਚੱਕ ਦੇ ਇੰਡੀਆ' ਅਤੇ 'ਤਾਰੇ ਜ਼ਮੀਂ ਪਰ' ਨੂੰ ਸਧਾਰਣ ਬਜਟ ਵਾਲੀ ਇਸ ਖੇਤਰੀ ਫਿਲਮ ਨੇ ਮਾਤ ਪਾਈ ਹੈ। ਇਸੇ ਤਰ੍ਹਾਂ ਤਾਮਿਲ ਦਰਸ਼ਕਾਂ 'ਚ ਇਕ ਖਲਨਾਇਕ ਦੇ ਤੌਰ ਤੇ ਜਾਣੇ ਜਾਂਦੇ ਅਤੇ ਅਧਖੜ ਉਮਰ ਦੇ ਪ੍ਰਕਾਸ਼ ਰਾਜ ਨੇ ਆਪਣੀ ਕਮਾਲ ਦੀ ਐਕਟਿੰਗ ਨਾਲ ਮੁਕਾਬਲੇ 'ਚ ਖੜੇ ਹਿੰਦੀ ਸਿਨੇਮਾ ਦੇ ਗਲੈਮਰ ਹੀਰੋ- ਸ਼ਾਹਰੁਖ ਖਾਨ ਅਤੇ ਅਮੀਰ ਖਾਨ ਨੂੰ ਪਛਾੜ ਕੇ ਇਹ ਪੁਰਸਕਾਰ ਜਿੱਤਿਆ ਹੈ। ਨਿਰਦੇਸ਼ਕ ਪ੍ਰਿਆਦਰਸ਼ਨ ਨੇ ਆਪਣੀ ਇਸ ਫਿਲਮ ਨਾਲ ਇਕ ਵਾਰ ਫਿਰ 'ਕਲਾ ਸਮਾਜ ਲਈ' ਦਾ ਨਾਅਰਾ ਬੁਲੰਦ ਕੀਤਾ ਹੈ। ਇਹ ਤਾਮਿਲ ਫਿਲਮ ਜਿਸਦੇ ਕੈਪਸ਼ਨ ਅੰਗਰੇਜ਼ੀ 'ਚ ਹਨ, ਕਦੇ ਕਿਸੇ ਉਦਾਸ ਅਤੇ ਗੰਭੀਰ ਕਵਿਤਾ ਵਰਗੀ ਲਗਦੀ ਹੈ ਅਤੇ ਕਦੇ ਕਿਸੇ ਚੁੱਪ-ਬੋਲਦੀ ਕਲਾਕ੍ਰਿਤ ਵਰਗੀ।

ਇਸ ਫ਼ਿਲਮ ਦੀ ਕਹਾਣੀ, ਜੋ ਭਾਰਤ ਦੀ ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ ਤੇ ਕੁਝ ਸਮਾਂ ਬਾਅਦ 'ਚ ਵਾਪਰਦੀ ਹੈ, ਕਈ ਮਨੁੱਖੀ ਅਤੇ ਸਮਾਜਕ ਸੱਚਾਈਆਂ ਵਲ ਇਸ਼ਾਰਾ ਕਰਦੀ ਹੈ। ਫਿਲਮ ਦੱਸਦੀ ਹੈ ਕਿ ਕਿਵੇਂ ਭਾਰਤੀ ਸਮਾਜ ਜਾਤੀਵਾਦ ਅਤੇ ਝੂਠੇ ਵਹਿਮਾਂ-ਭਰਮਾਂ ਦਾ ਸ਼ਿਕਾਰ ਹੈ। ਕਿਵੇਂ ਕਾਮੇ, ਮਜ਼ਦੂਰ ਸਭ ਚੀਜ਼ਾਂ ਅਤੇ ਸੁਖ ਆਰਾਮ ਪੈਦਾ ਕਰਦੇ ਹਨ ਪਰ ਇਨ੍ਹਾਂ ਚੀਜ਼ਾਂ ਨੂੰ ਭੋਗਦੇ ਵਿਹਲੜ ਲੋਕ ਹਨ। ਮਕਾਨ ਉਸਾਰਨ ਵਾਲਾ ਝੋਂਪੜੀ 'ਚ ਰਹਿ ਰਿਹਾ ਹੈ, ਰੇਸ਼ਮੀ ਕੱਪੜੇ ਬੁਣਨ ਵਾਲੇ ਦੇ ਤਨ 'ਤੇ ਲੀਰਾਂ ਹਨ...। ਫ਼ਿਲਮ ਵੱਡਾ ਖੁਲਾਸਾ ਇਹ ਕਰਦੀ ਹੈ ਕਿ ਕਮਿਊਨਿਜ਼ਮ ਦੀ ਭਾਰਤ ਦੇ ਮਜ਼ਦੂਰਾਂ ਨੂੰ ਵੱਡੀ ਲੋੜ ਹੈ ਪਰ ਅੱਜ ਤੱਕ ਇਹ ਇਥੇ ਇਸ ਲਈ ਕਾਮਯਾਬ ਨਹੀਂ ਹੋਇਆ ਕਿਉਂਕਿ ਇਥੇ ਲੀਡਰਾਂ ਦਾ ਪ੍ਰਚਾਰ ਹੋਰ ਹੈ ਅਤੇ ਅਮਲ ਹੋਰ। ਇਸੇ ਕਰਕੇ ਇਸ ਫ਼ਿਲਮ ਨੂੰ 'ਕਾਂਚੀਵਰਮ : ਕਮਿਊਨਿਸਟ ਦਾ ਕਬੂਲਨਾਮਾ' ਦਾ ਨਾਂ ਵੀ ਦਿੱਤਾ ਗਿਆ ਹੈ। ਫ਼ਿਲਮ 'ਚ ਲਏ ਗਏ ਮਸਲੇ ਤਾਂ ਭਾਵੇਂ ਆਮ ਬਹਿਸ ਅਤੇ ਵਿਚਾਰੇ ਜਾਂਦੇ ਮਸਲੇ ਹਨ ਪਰ ਫ਼ਿਲਮ 'ਚ ਜਿਸ ਢੰਗ ਅਤੇ ਕਲਾ ਨਾਲ ਇਨ੍ਹਾਂ ਨੂੰ ਇਕ ਦਰਦਨਾਕ ਕਹਾਣੀ 'ਚ ਗੁੰਦ ਕੇ ਪੇਸ਼ ਕੀਤਾ ਗਿਆ ਹੈ ਉਹੀ ਨਿਰਦੇਸ਼ਕ ਦੀ ਕਲਾ ਹੈ ਅਤੇ ਉਹੀ ਇਸ ਫਿਲਮ ਦੀ ਖੂਬਸੂਰਤੀ ਵੀ।



*ਫਿਲਮ ਦੇ ਇਕ ਦ੍ਰਿਸ਼ 'ਚ ਤਾਮਿਲ ਐਕਟਰ ਪ੍ਰਕਾਸ਼ ਰਾਜ (ਵੈਂਕਟਮ)*

ਫ਼ਿਲਮ ਤਾਮਿਲਨਾਡੂ ਦੇ ਇਕ ਕਸਬੇ ਕਾਂਚੀਵਰਮ, ਜਿਸਨੂੰ ਅੱਜ ਕਲ੍ਹ ਕਾਂਚੀ ਜਾਂ ਕਾਂਚੀਪੁਰਮ ਕਿਹਾ ਜਾਂਦਾ ਹੈ, ਦੀ ਰੇਸ਼ਮ ਮਿੱਲ ਦੇ ਇਕ ਕਾਮੇ ਵੈਂਕਟਾਮ ਦੀ ਕਹਾਣੀ ਹੈ। ਕਾਂਚੀਵਰਮ ਕਿਸੇ ਵੇਲੇ ਰੇਸ਼ਮ ਦੀਆਂ ਸਾੜ੍ਹੀਆਂ ਲਈ ਸੰਸਾਰ ਭਰ 'ਚ ਮਸ਼ਹੂਰ ਸੀ ਤੇ ਇਥੋਂ ਦੇ ਬੁਣਕਰਾਂ ਰਾਹੀਂ ਹੱਥ ਨਾਲ ਬੁਣੀਆਂ ਸਾੜੀਆਂ ਬਹੁਤ ਕੀਮਤੀ ਹੋਇਆਂ ਕਰਦੀਆਂ ਸਨ। ਉਸ ਵੇਲੇ ਰੇਸ਼ਮ ਦੇ ਬੁਣਕਰਾਂ ਲਈ, ਤੇ ਸ਼ਾਇਦ ਹੁਣ ਵੀ, ਰੇਸ਼ਮ ਪਾਕੀਜ਼ਗੀ ਅਤੇ ਪਵਿਤਰਤਾ ਦਾ ਪ੍ਰਤੀਕ ਹੈ। ਇਸੇ ਲਈ ਉਹ ਮੰਨਦੇ ਹਨ ਕਿ ਜੇ ਇਕ ਔਰਤ ਨੂੰ ਮਰਨ ਉਪਰੰਤ ਰੇਸ਼ਮੀ ਸਾੜੀ 'ਚ ਦਫਨਾਇਆ ਜਾਵੇ ਤਾਂ ਉਹ ਜਨਮ ਮੌਤ ਦੇ ਚੱਕਰ ਤੋਂ ਮੁਕਤ ਹੋ ਜਾਂਦੀ ਹੈ। ਉਹ ਇਹ ਵੀ ਮੰਨਦੇ ਸਨ ਕਿ ਜੇ ਕੋਈ ਲੜਕੀ ਆਪਣੀ ਸ਼ਾਦੀ ਦੇ ਵਕਤ ਰੇਸ਼ਮੀ ਸਾੜ੍ਹੀ ਪਹਿਨ ਲਵੇ ਤਾਂ ਉਹ ਪਵਿਤਰਤਾ ਦੀ ਮੂਰਤ ਹੁੰਦੀ ਹੈ ਪਰ ਦੁਖਾਂਤ ਇਹ ਹੈ ਕਿ ਇਨ੍ਹਾਂ ਰੇਸ਼ਮ ਬੁਣਕਰਾਂ ਦੀਆਂ ਔਰਤਾਂ ਦੇ ਨਸੀਬ 'ਚ ਇਹ ਸਾੜੀਆਂ ਪਹਿਨਣਾ ਨਹੀਂ ਲਿਖਿਆ ਕਿਉਂਕਿ ਉਹ ਆਪਣੀ ਤੁੱਛ ਕਮਾਈ ਨਾਲ ਇਹ ਕੀਮਤੀ ਸਾੜ੍ਹੀ ਖਰੀਦ ਸਕਣ ਬਾਰੇ ਸੋਚ ਵੀ ਨਹੀਂ ਸਕਦੇ।

ਵੈਂਕਟਮ ਦੇ ਘਰ ਇਕ ਨੰਨ੍ਹੀ ਬੱਚੀ ਜਨਮ ਲੈਂਦੀ ਹੈ ਅਤੇ ਉਹ ਇਸ ਬੱਚੀ ਦੀ ਗੁੜ੍ਹਤੀ ਰਸਮ ਮੌਕੇ ਕਸਮ ਖਾਂਦਾ ਹੈ ਕਿ ਉਹ ਆਪਣੀ ਇਸ ਧੀ ਨੂੰ ਵਿਆਹ ਮੌਕੇ ਇਕ ਰੇਸ਼ਮੀ ਸਾੜ੍ਹੀ ਪਹਿਨਾ ਕੇ ਵਿਦਾ ਕਰੇਗਾ। ਉਸਦੀ ਕਸਮ ਸੁਣ ਕੇ ਘਰ ਵਾਲੇ, ਮਹਿਮਾਨ ਤੇ ਮਿੱਤਰ ਹੱਕੇ-ਬੱਕੇ ਰਹਿ ਜਾਂਦੇ ਹਨ ਕਿਉਂਕਿ ਬੁਣਕਰਾਂ 'ਚ ਇਹ ਵਹਿਮ ਹੈ ਕਿ ਜੇ ਕੋਈ ਗੁੜ੍ਹਤੀ ਰਸਮ ਵੇਲੇ ਲਈ ਕਸਮ ਪੂਰੀ ਨਾ ਕਰ ਸਕੇ ਤਾਂ ਉਸਦਾ ਪਰਿਵਾਰ ਕਿਸੇ ਰੱਬੀ ਕਰੋਪੀ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਇਹ ਵੀ ਜਾਣਦੇ ਹਨ ਕਿ ਵੈਂਕਟਮ ਲਈ ਇਹ ਕਸਮ ਪੂਰੀ ਕਰਨੀ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਵੀ ਹੈ। ਸੋ, ਵੈਂਕਟਮ ਆਪਣੀ ਗੁਜਾਰੇ ਜੋਗੀ ਕਮਾਈ 'ਚ ਵੀ ਕੁਝ ਨਾ ਕੁਝ ਜਮਾਂ ਕਰਨ ਲੱਗਦਾ ਹੈ ਪਰ ਕੁਝ ਸਾਲਾਂ ਬਾਅਦ ਉਸਦੀ ਇਹ ਸਾਰੀ ਬੱਚਤ ਕਿਸੇ ਖਾਸ ਰਿਸ਼ਤੇਦਾਰ ਨੂੰ ਉਧਾਰ ਦੇਣੀ ਪੈ ਜਾਂਦੀ ਹੈ ਜੋ ਖਤਮ ਹੋ ਜਾਂਦੀ ਹੈ ਤੇ ਵੈਂਕਟਮ 'ਤੇ ਮੁਸੀਬਤ ਦਾ ਪਹਾੜ ਟੁੱਟ ਪੈਂਦਾ ਹੈ।

ਫਿਰ ਕਸਮ ਪੂਰੀ ਕਰਨ ਲਈ ਉਹ ਮਿੱਲ 'ਚੋਂ ਹਰ ਰੋਜ਼ ਰੇਸ਼ਮ ਦਾ ਇਕ ਧਾਗਾ ਚੋਰੀ ਕਰਕੇ ਲੈ ਆਉਂਦਾ ਹੈ ਅਤੇ ਆਪਣੇ ਪਸ਼ੂਆਂ ਵਾਲੇ ਢਾਰੇ 'ਚ ਚੋਰੀ ਨਾਲ ਸਾੜੀ ਬੁਨਣ ਦਾ ਕੰਮ ਸ਼ੁਰੂ ਕਰ ਦਿੰਦਾ ਹੈ। ਮਿੱਲ 'ਚੋਂ ਨਿਕਲਦੇ ਸਮੇਂ ਹਰ ਮਜ਼ਦੂਰ ਦੀ ਗੇਟ 'ਤੇ ਜਾਮਾ ਤਲਾਸ਼ੀ ਹੁੰਦੀ ਹੈ। ਸੋ, ਵੈਂਕਟਮ ਇਹ ਰੇਸ਼ਮ ਦਾ ਧਾਗਾ ਮੂੰਹ 'ਚ ਰੱਖਕੇ ਘਰ ਲਿਆਉਂਦਾ ਹੈ। ਜਿਉਂ ਜਿਉਂ ਉਸਦੀ ਧੀ ਦੀ ਉਮਰ ਅਤੇ ਕੱਦ ਵਧਦਾ ਜਾਂਦਾ ਹੈ ਤਿਉਂ ਤਿਉਂ ਸਾੜ੍ਹੀ ਦੀ ਬੁਣਤੀ ਵੀ ਵਧਦੀ ਜਾਂਦੀ ਹੈ। ਫਿਰ ਅਚਾਨਕ ਪਿੰਡ 'ਚ ਇਕ ਲੇਖਕ ਕਿਸਮ ਦਾ ਬੰਦਾ ਪਹੁੰਚਦਾ ਹੈ ਜੋ ਕਮਿਊਨਿਸਟ ਵਿਚਾਰਧਾਰਾ ਦਾ ਪ੍ਰਚਾਰਕ ਹੈ। ਉਹ ਮਿੱਲ-ਮਜਦੂਰਾਂ ਨੂੰ ਉਨ੍ਹਾਂ ਦੀ ਹੁੰਦੀ ਲੁੱਟ ਬਾਰੇ ਦੱਸਦਾ ਹੈ, ਮਿਲ ਮਾਲਕਾਂ ਦੇ ਜ਼ੁਲਮਾਂ ਬਾਰੇ ਅਤੇ ਮਜ਼ਦੂਰਾਂ ਦੇ ਹੱਕਾਂ ਬਾਰੇ ਗੱਲ ਕਰਦਾ ਹੈ। ਵੈਂਕਟਮ ਤੇ ਉਸ ਦੇ ਸਾਥੀ ਮਜ਼ਦੂਰਾਂ ਨੂੰ ਉਸ ਦੀਆਂ ਗੱਲਾਂ ਜਚ ਜਾਂਦੀਆਂ ਹਨ ਤੇ ਉਹ ਯੂਨੀਅਨ ਬਣਾ ਲੈਂਦੇ ਹਨ ਤੇ ਵੈਂਕਟਮ ਮਜ਼ਦੂਰਾਂ ਦੀ ਅਗਵਾਈ ਸੰਭਾਲ ਲੈਂਦਾ ਹੈ। ਲੇਖਕ ਪਿੰਡ 'ਚੋਂ ਅੱਗੇ ਚਲਾ ਜਾਂਦਾ ਹੈ। ਮਿਲ 'ਚ ਹੜਤਾਲ ਹੁੰਦੀ ਹੈ ਜੋ ਲੰਬੀ ਚਲੀ ਜਾਂਦੀ ਹੈ। ਮਿੱਲਾਂ ਬੰਦ ਹਨ, ਵੈਂਕਟਮ ਦੀ ਲੜਕੀ ਦੀ ਸ਼ਾਦੀ ਨੇੜੇ ਆ ਰਹੀ ਹੈ। ਸਾੜ੍ਹੀ ਅਧੂਰੀ ਪਈ ਹੈ। ਵੈਂਕਟਮ ਸਿਧਾਂਤ ਅਤੇ ਕਸਮ ਦੇ ਸੰਕਟ 'ਚ ਘਿਰਿਆ ਮਹਿਸੂਸ ਕਰਦਾ ਹੈ। ਉਹ ਸਿਧਾਂਤ ਨੂੰ ਸਵਾਲ ਕਰਦਾ ਹੈ। ਫਿਰ ਖੁਦ ਜਵਾਬ ਦਿੰਦਾ ਹੈ ਕਿ ਅਸੂਲਾਂ ਦਾ ਪ੍ਰਚਾਰ ਕਰਨਾ ਸੌਖਾ ਹੈ ਪਰ ਉਨ੍ਹਾਂ ਤੇ ਪਹਿਰਾ ਦੇਣਾ ਬੜਾ ਔਖਾ ਹੈ। ਸਾੜ੍ਹੀ ਪੂਰੀ ਕਰਨ ਲਈ ਹੜਤਾਲ ਖਤਮ ਕਰਨ ਦੀ ਉਸਨੂੰ ਅੰਦਰੋਂ ਮਿੱਲ ਮਾਲਕਾਂ ਨਾਲੋਂ ਵੀ ਜ਼ਿਆਦਾ ਕਾਹਲ ਸੀ।

ਉਸਦੀ ਧੀ ਦਾ ਮੰਗੇਤਰ ਫੌਜ 'ਚੋਂ ਛੁੱਟੀ ਆਉਂਦਾ ਹੈ ਤਾਂ ਵੈਂਕਟਮ ਦੇ ਸੰਬੰਧੀ ਜਲਦੀ ਵਿਆਹ ਲਈ ਜ਼ੋਰ ਪਾਉਂਦੇ ਹਨ। ਸਾੜ੍ਹੀ ਪੂਰੀ ਨਾ ਹੋਣ ਕਰਕੇ ਉਹ ਵਿਆਹ ਅੱਗੇ ਪਾਉਣ ਲਈ ਬੇਨਤੀ ਕਰਦਾ ਹੈ ਪਰ ਉਹ ਨਹੀਂ ਮੰਨਦੇ। ਜਲਦੀ ਸਾੜ੍ਹੀ ਪੂਰੀ ਕਰਨ ਲਈ ਉਹ ਇਕ ਧਾਗੇ ਦੀ ਬਜਾਏ ਜ਼ਿਆਦਾ ਰੇਸ਼ਮ ਚੋਰੀ ਕਰਦਾ ਫੜਿਆ ਜਾਂਦਾ ਹੈ। ਹਾਲਤ ਖਰਾਬ ਹੋ ਜਾਂਦੇ ਹਨ। ਉਸਦੀ ਧੀ ਖੁਦਕੁਸ਼ੀ ਕਰਨ ਲਈ ਖੂਹ 'ਚ ਛਾਲ ਮਾਰਦੀ ਹੈ। ਮਰਨੋ ਤਾਂ ਬਚ ਜਾਂਦੀ ਹੈ ਪਰ ਉਹ ਹੱਥਾਂ ਪੈਰਾਂ ਤੋਂ ਅਪਾਹਜ ਹੋ ਜਾਂਦੀ ਹੈ। ਵੈਂਕਟਮ ਉਸਦਾ ਦੁੱਖ ਦੇਖ ਨਹੀਂ ਸਕਦਾ ਤੇ ਇਕ ਦਿਨ ਉਸਨੂੰ ਖਾਣੇ 'ਚ ਜ਼ਹਿਰ ਦੇ ਦਿੰਦਾ ਹੈ। ਉਸਦੇ ਸਸਕਾਰ ਵਕਤ ਵੈਂਕਟਮ ਆਪਣੀ ਧੀ ਨੂੰ ਅਧ-ਬੁਣੀ ਰੇਸ਼ਮ ਦੀ ਸਾੜੀ 'ਚ ਲਪੇਟਣ ਦੀ ਕੋਸ਼ਿਸ਼ ਕਰਦਾ ਹੈ ਪਰ ਇਹ ਰੇਸ਼ਮੀ ਸਾੜ੍ਹੀ ਉਸਦੀ ਲਾਸ਼ ਨੂੰ ਵੀ ਪੂਰੀ ਨਹੀਂ ਆਉਂਦੀ।

ਪ੍ਰਿਆਦਰਸ਼ਨ ਨੇ ਬੜੇ ਵੱਡੇ ਬਜਟਾਂ ਵਾਲੀਆਂ ਹਿੱਟ ਹਿੰਦੀ ਫ਼ਿਲਮਾਂ ਬਣਾਈਆਂ ਹਨ ਤੇ ਉਸਨੂੰ ਇਨਾਮ-ਕੁਨਾਮ ਵੀ ਬੜੇ ਮਿਲੇ ਹਨ ਪਰ ਉਹ ਕਹਿੰਦਾ ਹੈ ਕਿ 'ਕਾਂਚੀਵਰਮ' ਉਸਦੀਆਂ ਹੁਣ ਤੱਕ ਬਣਾਈਆਂ ਫ਼ਿਲਮਾਂ 'ਚੋਂ ਸਭ ਤੋਂ ਉੱਤਮ ਤੇ ਖੂਬਸੂਰਤ ਫਿਲਮ ਹੈ। ਗੁਲਜ਼ਾਰ ਕਹਿੰਦਾ ਹੈ ਕਿ ਫ਼ਿਲਮ ਦੇਖਦਿਆਂ ਮੂੰਗਫਲੀ ਜਾਂ ਪਾਪ ਕੋਰਨ ਖਾਣੇ ਮੁਸ਼ਕਲ ਨੇ। ਤੁਸੀਂ ਆਪਣੇ ਆਪ ਨੂੰ ਸੰਭਾਲੋਗੇ ਕਿ ਕੁਝ ਖਾਓਗੇ। ਸ਼ਿਆਮ ਬੇਨੇਗਲ ਕਹਿੰਦਾ ਹੈ ਕਿ ਫਿਲਮ ਲੂੰ-ਕੰਡੇ ਖੜੇ ਕਰ ਦਿੰਦੀ ਹੈ। ਬਹੁਤ ਗੁੱਸਾ ਆਉਂਦਾ ਹੈ ਹਰ ਬੰਦੇ ਦੇ ਪੁੱਤ ਨੂੰ। ਕਮਿਊਨਿਸਟਾਂ ਨੂੰ ਇਹ ਫ਼ਿਲਮ ਜ਼ਰੂਰ ਦੇਖਣੀ ਚਾਹੀਦੀ ਹੈ। ਉਹ ਇਸਨੂੰ ਸਰਮਾਏਦਾਰੀ ਦੀ ਸਾਜ਼ਿਸ਼ ਨਾ ਸਮਝ ਲੈਣ। ਫਿਲਮ ਦਾ ਹੀਰੋ ਪ੍ਰਕਾਸ਼ ਰਾਜ ਦੱਸਦਾ ਹੈ ਕਿ ਜਦੋਂ ਪ੍ਰਿਆਦਰਸ਼ਨ ਨੇ ਉਸਨੂੰ ਬੁਲਾ ਕੇ ਫਿਲਮ ਦੀ ਕਹਾਣੀ ਸੁਣਾਈ ਤਾਂ ਕਹਾਣੀ ਸੁਣ ਕੇ ਉਸ 'ਚ ਕੁਝ ਵੀ ਬੋਲਣ ਦੀ ਹਿੰਮਤ ਨਹੀਂ ਸੀ, ਉਸਦੇ ਹੱਥ ਕੰਬ ਰਹੇ ਸਨ। ਉਹ ਬਿਨਾ ਕੁਝ ਕਹੇ ਉਥੋਂ ਉਠ ਆਇਆ ਤੇ ਇਕ ਰੈਸਟੋਰਾਂ ਤੋਂ ਕੌਫੀ ਪੀ ਕੇ ਪ੍ਰਿਆਦਰਸ਼ਨ ਨੂੰ ਫੋਨ ਕੀਤਾ ਤੇ ਇਸ ਗੱਲ ਲਈ ਬੁਰਾ ਭਲਾ ਕਿਹਾ ਕਿ ਉਸਨੇ ਨੌਂ ਸਾਲ ਇੰਨੀ ਖੂਬਸੂਰਤ ਤੇ ਕਲਾਤਾਮਕ ਕਥਾ ਨੂੰ ਆਪਣੀਆਂ ਫਾਈਲਾਂ 'ਚ ਦੱਬੀ ਰੱਖਿਆ। ਪ੍ਰਿਆਦਰਸ਼ਨ ਨੇ ਇਸ ਫਿਲਮ ਦੀ ਕਹਾਣੀ ਨੌਂ ਸਾਲ ਪਹਿਲਾਂ ਲਿਖੀ ਸੀ। ਟੋਰਾਂਟੋ ਫਿਲਮੀ ਮੇਲੇ 'ਚ ਇਹ ਫ਼ਿਲਮ ਹਿੱਟ ਸਾਬਤ ਹੋਈ। ਇਹ ਪਹਿਲੀ ਤਾਮਿਲ ਫਿਲਮ ਹੈ ਜੋ ਕੌਮਾਂਤਰੀ ਫਿਲਮ ਮੇਲੇ ਲਈ ਚੁਣੀ ਗਈ ਹੈ। ਕੌਮਾਂਤਰੀ ਪੱਧਰ 'ਤੇ ਇਸ ਫਿਲਮ ਤੋਂ ਬਹੁਤ ਆਸਾਂ ਹਨ।

# ਸੰਪਾਦਕ ਦੀ ਡਾਕ

## ਦੁਪਾਲਪੁਰ ਦਾ ਕਾਲਮ 'ਲਿਖਤੁਮ'

ਮੈਂ ਸ. ਤਰਲੋਚਨ ਸਿੰਘ ਦੁਪਾਲਪੁਰ ਹੋਰਾਂ ਦਾ ਕਾਲਮ 'ਲਿਖਤੁਮ' ਲੰਮੇ ਅਰਸੇ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਪੰਜਾਬੀ ਸਭਿਆਚਾਰ ਅਤੇ ਸਿੱਖ ਕਦਰਾਂ-ਕੀਮਤਾਂ ਪ੍ਰਤੀ ਉਨ੍ਹਾਂ ਵਲੋਂ ਪ੍ਰਗਟਾਏ ਜਾਂਦੇ ਦਰਦ ਵਿਚ ਮੈਂ ਵੀ ਭਾਈਵਾਲ ਹਾਂ ਪਰ 12 ਸਤੰਬਰ ਦੇ ਪੰਜਾਬ ਟਾਈਮਜ਼ ਵਿਚ 'ਕਿਰਪਾਨ, ਕਾਨੂੰਨ ਅਤੇ ਕੈਲੀਫੋਰਨੀਆ' ਸਿਰਲੇਖ ਹੇਠ ਉਨ੍ਹਾਂ ਨੇ ਇਤਿਹਾਸ ਅਤੇ ਮਿਥਿਹਾਸ ਦੀ ਜਿਹੜੀ ਖਿਚੜੀ ਬਣਾ ਕੇ ਪੇਸ਼ ਕੀਤੀ ਹੈ ਉਹ ਪੜ੍ਹ ਕੇ ਮਨ ਨੂੰ ਦੁੱਖ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨਾਲ ਮਿਥਿਹਾਸਕ ਗੱਲਾਂ ਜੋੜ ਕੇ ਅਸੀਂ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੀ ਦੱਸਣਾ ਚਾਹੁੰਦੇ ਹਨ, ਸਮਝ ਤੋਂ ਬਾਹਰ ਹੈ। ਦਸਮ ਪਾਤਸ਼ਾਹ ਰੂਹਾਨੀ ਸ਼ਕਤੀ ਦੇ ਮਾਲਕ ਸਨ। ਉਨ੍ਹਾਂ ਨੂੰ ਆਮ ਆਦਮੀ ਵਾਂਗ ਜੋਸ਼ ਵਿਚ ਕਿਰਪਾਨ ਖਿਚਦੇ ਦੱਸਣਾ ਜਚਦਾ ਨਹੀਂ। ਉਨ੍ਹਾਂ ਨੇ ਇਹ ਜਾਣਕਾਰੀ ਕਿਸ ਇਤਿਹਾਸਕ ਸੋਮੇ ਤੋਂ ਲਈ ਹੈ, ਜੇ ਉਹ ਇਸ ਬਾਰੇ ਚਾਨਣਾ ਪਾਉਣ ਤਾਂ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਹੋਵੇਗਾ।

*-ਅਮਰਦੇਵ ਸਿੰਘ ਬਦੇਸ਼ਾ, ਸ਼ਿਕਾਗੋ*

---

## ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ

ਪੰਜਾਬ ਟਾਈਮਜ਼ ਦੇ ਅੰਕ 38 ਵਿਚ ਭਾਈ ਬਲਵੰਤ ਸਿੰਘ ਹੋਰਾਂ ਨੇ ਆਪਣੇ ਇੱਕ ਲੇਖ ਵਿਚ ਸਿੰਧੀ ਭਾਈਚਾਰੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਅਧਿਕਾਰ ਅਤੇ ਉਨ੍ਹਾਂ ਦੁਆਰਾ ਆਪਣੇ ਢੰਗ ਨਾਲ ਕੀਤੀ ਪੂਜਾ ਨੂੰ ਜਾਇਜ਼ ਠਹਿਰਾਉਣ ਦਾ ਯਤਨ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਜਾਂ ਕੋਈ ਹੋਰ ਜਿਸ ਤਰ੍ਹਾਂ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ ਹੈ, ਇਹ ਉਨ੍ਹਾਂ ਦਾ ਹੱਕ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਗੁਰਬਾਣੀ ਸਾਰੀ ਲੋਕਾਈ ਵਾਸਤੇ ਹੈ। ਇਸ ਦਾ ਸਤਿਕਾਰ ਰੱਖਣ ਨੂੰ ਉਹ ਗੁਰਬਾਣੀ ਨੂੰ ਸੀਮਤ ਦਾਇਰੇ ਵਿਚ ਰੱਖਣਾ ਸਮਝਦੇ ਹਨ ਅਤੇ ਦੂਸਰੇ ਦੇ ਅਧਿਕਾਰਾਂ ਨਾਲ ਹੋ ਰਿਹਾ ਧੱਕਾ ਸਮਝਦੇ ਹਨ।

ਸ. ਬਲਵੰਤ ਸਿੰਘ ਨੇ ਆਪਣੇ ਲੇਖ ਵਿਚ ਇਹ ਦਲੀਲ ਵੀ ਦਿੱਤੀ ਹੈ ਕਿ ਰਹਿਤ ਮਰਿਆਦਾ ਵਿਚ ਇਹ ਤਾਂ ਕਿਤੇ ਹੁਕਮ ਨਹੀਂ ਹੋਇਆ ਕਿ ਗੈਰ ਸਿੱਖ ਗੁਰੂ ਗ੍ਰੰਥ ਸਾਹਿਬ ਨਹੀਂ ਰੱਖ ਸਕਦਾ। ਬਲਵੰਤ ਸਿੰਘ ਹੋਰਾਂ ਨੇ ਆਪਣੇ ਤਜਰਬੇ ਤੋਂ ਹੋਰ ਵੀ ਕਈ ਦਲੀਲਾਂ ਦਿੱਤੀਆਂ ਹਨ। ਇਸੇ ਤਰ੍ਹਾਂ ਹੋਰ ਵੀ ਕਈ ਜਣਿਆਂ ਨੇ ਕਈ ਥਾਵਾਂ ਤੋਂ ਸ੍ਰੀ ਗੁਰੂ ਗ੍ਰੰਥ ਨਾ ਚੁੱਕਣ ਲਈ ਤਰਲਿਆਂ ਵਰਗੀਆਂ ਅਪੀਲਾਂ ਵੀ ਕੀਤੀਆਂ ਹਨ।

ਸਮਝ ਨਹੀਂ ਆਉਂਦੀ ਇਹ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਐਨਾ ਮਖੌਲ ਕਿਉਂ ਸਮਝਦੇ ਹਨ। ਠੀਕ ਹੈ ਇਸ ਸਮੇਂ ਬਾਦਲ ਦੇ ਹੱਥਠੋਕੇ ਜਥੇਦਾਰ ਅਤੇ ਗ੍ਰੰਥੀ (ਜਿਨ੍ਹਾਂ ਨੇ ਖ਼ਾਲਸਾ ਪੰਥ ਨੂੰ ਸੇਧ ਅਤੇ ਅਗਵਾਈ ਦੇਣੀ ਸੀ) ਨਿਕੰਮੇ ਹਨ ਪਰ ਖ਼ਾਲਸਾ ਪੰਥ ਨਿਕੰਮਾ ਨਹੀਂ। 'ਆਤਮਾ ਗੁਰੂ ਗ੍ਰੰਥ ਵਿਚ ਅਤੇ ਸਰੀਰ ਖ਼ਾਲਸਾ ਪੰਥ ਵਿਚ' ਹੈ। ਖ਼ਾਲਸਾ ਪੰਥ ਆਪਣੇ ਜਿਉਂਦੇ ਜੀਅ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਂ-ਥਾਂ ਬੇਅਦਬੀ ਨਹੀਂ ਹੋਣ ਦੇਵੇਗਾ। ਹੋਰ ਵੀ ਨਕਲੀ ਬੁਧੀਜੀਵੀਆਂ ਅਤੇ ਪੰਥ ਦੋਖੀਆਂ ਨੂੰ ਖ਼ਾਲਸਾ ਪੰਥ ਸੁਚੇਤ ਕਰਦਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ ਓਥੇ ਹੀ ਹੋਣਗੇ ਜਿਥੇ ਉਨ੍ਹਾਂ ਦੀ ਸੇਵਾ ਸੰਭਾਲ ਪੰਥਕ ਰਹਿਤ ਮਰਿਆਦਾ ਅਨੁਸਾਰ ਹੋਵੇਗੀ। ਜਿਥੇ ਗੁਰਬਾਣੀ ਸਿਧਾਂਤਾਂ ਦੇ ਵਿਰੁਧ ਮਾਹੌਲ ਹੋਵੇਗਾ (ਭਾਵ ਮੂਰਤੀ ਪੂਜਾ, ਹੁੱਕਾ, ਸ਼ਰਾਬ, ਤੰਬਾਕੂ ਆਦਿ), ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਿੱਖ ਧਰਮ ਗਿਣਤੀ ਨਾਲੋਂ ਗੁਣਾਂ ਨੂੰ ਮਹੱਤਤਾ ਦਿੰਦਾ ਹੈ। ਜੋ ਸਤਿਕਾਰਯੋਗ ਜਥੇਬੰਦੀਆਂ ਇਸ ਸੇਵਾ ਉਪਰ ਲੱਗੀਆਂ ਹਨ ਉਹ ਠੀਕ ਹਨ। ਖ਼ਾਲਸਾ ਪੰਥ ਉਨ੍ਹਾਂ ਦੇ ਨਾਲ ਹੈ।

*-ਕਰਨੈਲ ਸਿੰਘ ਖ਼ਾਲਸਾ*

---

## ਸਾਹਿਤ ਸਭਾਵਾਂ ਦਾ ਉਦੇਸ਼

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤ ਸਭਾਵਾਂ ਦੀ ਮਿਲਣੀ ਦਾ ਉਦੇਸ਼ ਸਾਹਿਤ ਬਾਰੇ ਪਰਖ ਪੜਚੋਲ ਕਰਨੀ ਹੁੰਦੀ ਹੈ ਪਰ ਦੇਖਣਾ ਇਹ ਵੀ ਹੈ ਕਿ ਸਾਹਿਤ ਲਿਖਣ ਦਾ ਪ੍ਰਯੋਜਨ ਕੀ ਹੁੰਦਾ ਹੈ? ਕੀ ਸਾਹਿਤ ਸਿਰਫ ਮਨੋਰੰਜਨ ਲਈ ਹੁੰਦਾ ਹੈ? ਸਾਹਿਤ ਕਿਸ ਵਾਸਤੇ ਲਿਖਿਆ ਜਾਂਦਾ ਹੈ? ਸਾਹਿਤ ਦਾ ਸੰਬੰਧ ਸਮਾਜਕ ਤੇ ਮਨੁੱਖੀ ਸਰੋਕਾਰਾਂ ਨਾਲ ਹੁੰਦਾ ਹੈ। ਭਾਵ ਲੇਖਕ ਦੀ ਰਚਨਾ ਪਾਠਕ ਨੂੰ ਕੁਝ ਦਿੰਦੀ ਹੋਵੇ ਅਤੇ ਪਾਠਕ ਨੂੰ ਰਾਹੇ ਪਾਉਂਦੀ ਹੋਵੇ। ਸਮਾਜ ਤੋਂ ਦੂਰ ਦਾ ਸਾਹਿਤ ਸਮਾਜ ਲਈ ਕਲਿਆਣਕਾਰੀ ਨਹੀਂ ਹੁੰਦਾ। ਪ੍ਰਸ਼ਨ ਉਠਦਾ ਹੈ ਕਿ ਜੇ ਸਾਹਿਤ ਸਮਾਜ ਲਈ ਹੈ ਤਾਂ ਸਾਹਿਤ ਸਭਾਵਾਂ ਵਿਚ ਸਿਰਫ ਸਾਹਿਤ ਦੀ ਹੀ ਗੱਲ ਨਹੀਂ ਹੋਣੀ ਚਾਹੀਦੀ ਸਗੋਂ ਸਮਾਜ ਦੇ ਚਲੰਤ ਮਸਲਿਆਂ, ਸਭਿਆਚਾਰ, ਵਰਤਮਾਨ, ਵਿਦਿਅਕ, ਧਾਰਮਿਕ, ਤੇ ਰਾਜਨੀਤਕ ਖੇਤਰਾਂ ਬਾਰੇ ਵੀ ਚਰਚਾ ਹੋਣੀ ਚਾਹੀਦੀ ਹੈ। ਪੰਜਾਬੀ ਬੋਲੀ ਤੇ ਸਿੱਖ ਧਰਮ ਅਤੇ ਕੌਮ ਵਿਚ ਆਏ ਨਿਘਾਰ ਬਾਰੇ, ਕੌਮ ਵਿਚ ਏਕਤਾ ਦੀ ਘਾਟ ਅਤੇ ਹੋਰ ਕਈ ਸਮੱਸਿਆਵਾਂ ਬਾਰੇ ਚਰਚਾ ਕੀਤੀ ਜਾਵੇ, ਵਿਚਾਰ ਵਟਾਂਦਰੇ ਹੋਣ।

10 ਸਤੰਬਰ ਨੂੰ ਯੂਬਾ ਸਿਟੀ ਸਾਹਿਤ ਸਭਾ ਦੀ ਡਾ. ਹਰਸ਼ਿੰਦਰ ਕੌਰ ਦੀ ਪ੍ਰਧਾਨਗੀ ਹੇਠ ਮਿਲਣੀ ਹੋਈ। ਇਹ ਸਾਰਿਆਂ ਨੂੰ ਪਤਾ ਹੈ ਕਿ ਡਾ. ਹਰਸ਼ਿੰਦਰ ਕੌਰ ਨੂੰ ਯੂ.ਐਨ.ਓ. ਵਿਚ ਪੰਜਾਬੀ ਭਾਸ਼ਾ ਵਿਚ ਭਾਸ਼ਣ ਦੇਣ ਕਰਕੇ ਪੰਜਾਬ ਸਰਕਾਰ ਨੇ ਬੜਾ ਪ੍ਰੇਸ਼ਾਨ ਕੀਤਾ ਅਤੇ ਉਨ੍ਹਾਂ ਦੀ ਬਦਲੀ ਵੀ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਮਿਲਣੀ ਵਿਚ ਪੰਜਾਬੀ ਬਾਰੇ ਗੱਲਬਾਤ ਵੀ ਹੋਈ ਪਰ ਉਨ੍ਹਾਂ ਨਾਲ ਹੋਏ ਅਨਿਆਂ, ਧੱਕੇਸ਼ਾਹੀ, ਪੱਖਪਾਤ ਬਾਰੇ ਕਿਸੇ ਨੇ ਵੀ ਕੋਈ ਗੱਲ ਨਹੀਂ ਕੀਤੀ। ਬਲਕਿ ਉਨ੍ਹਾਂ ਨੇ ਇਸ ਬਾਰੇ ਆਪ ਵੀ ਕੋਈ ਗੱਲ ਨਹੀਂ ਕੀਤੀ। ਇਹ ਮਿਲਣੀ ਦਾ ਮੁੱਖ ਏਜੰਡਾ ਸੀ। ਇਸ ਬਾਰੇ ਕੋਈ ਚਰਚਾ ਹੋਣੀ ਚਾਹੀਦੀ ਸੀ ਤਾਂ ਜੋ ਕੋਈ ਹੋਰ ਅਜਿਹੀ ਘਟਨਾ ਅੱਗੋਂ ਨਾ ਵਾਪਰੇ। ਜਿਵੇਂ 1984 ਤੋਂ ਲੈ ਕੇ ਹੁਣ ਤੱਕ ਇਹ ਵਿਸ਼ਾ ਚਰਚਾ ਵਿਚ ਹੈ ਕਿ ਸਿੱਖਾਂ ਨਾਲ ਮੁੱਢ ਤੋਂ ਹੀ ਸਰਕਾਰਾਂ ਅਨਿਆਂ, ਤਸ਼ੱਦਦ ਅਤੇ ਪੱਖਪਾਤ ਕਰਦੀਆਂ ਆ ਰਹੀਆਂ ਹਨ।

ਪੰਜਾਬੀ ਬੋਲੀ ਨੂੰ ਜਿਸ ਕਰਕੇ ਬਣਦਾ ਅਧਿਕਾਰ ਨਹੀਂ ਮਿਲਿਆ, ਉਸ ਬਾਰੇ ਕੋਈ ਗੱਲ ਨਹੀਂ ਕੀਤੀ ਗਈ, ਜਿਸ ਵਿਚ ਮੁੱਖ ਕਾਰਨ ਪੰਜਾਬ ਸਰਕਾਰ ਹੈ। 1966 ਵਿਚ ਪੰਜਾਬੀ ਸੂਬਾ ਬਣਿਆ ਅਤੇ ਜਰੂਰੀ ਸੀ ਕਿ ਪੰਜਾਬ ਦੀ ਸਰਕਾਰੀ ਬੋਲੀ ਪੰਜਾਬੀ ਬਣਦੀ, ਪਰ ਸਰਕਾਰ ਆਪ ਹੀ ਇਸ ਵਲ ਕੋਈ ਧਿਆਨ ਨਹੀਂ ਦੇ ਰਹੀ। ਪੰਜਾਬੀ ਬੋਲੀ ਲਈ ਹੁਣ ਪੰਜਾਬੀ ਸਾਹਿਤ ਸਭਾਵਾਂ ਬਣਦੇ ਹੱਕ ਲਈ ਲੜ ਰਹੀਆਂ ਹਨ ਪਰ ਇਸ ਮਿਲਣੀ ਵਿਚ ਕੋਈ ਅਜਿਹੀ ਗੱਲ ਨਹੀਂ ਕੀਤੀ ਗਈ।

ਦੂਜੀ ਬੈਠਕ 12 ਸਤੰਬਰ ਨੂੰ ਪ੍ਰੋ. ਸੁਰਿੰਦਰ ਸਿੰਘ ਮੰਡ ਦੀ ਪ੍ਰਧਾਨਗੀ ਹੇਠ ਹੋਈ ਅਤੇ ਇਸ ਸਭਾ ਦੀ ਮਿਲਣੀ ਵਿਚ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਤੋਂ ਦੋ ਰਿਟਾਇਰਡ ਪ੍ਰੋਫੈਸਰ ਸ਼ਾਮਲ ਸਨ। ਇਸ ਵਿਚ ਵੀ ਸਾਹਿਤ ਦੀ ਤਾਂ ਗੱਲ ਹੋਈ ਪਰ ਸਾਹਿਤ ਜਿਨ੍ਹਾਂ ਲਈ ਲਿਖਿਆ ਜਾਂਦਾ ਹੈ, ਭਾਵ ਕਿਸਾਨ ਵੀਰ ਜਿਹੜੇ ਨਿੱਤ ਖੁਦਕੁਸ਼ੀਆਂ ਕਰਦੇ ਹਨ, ਉਨ੍ਹਾਂ ਬਾਰੇ ਕੋਈ ਗੱਲ ਨਹੀਂ ਹੋਈ। ਇਸਦਾ ਮਤਲਬ ਕਿ ਮਨੁੱਖਤਾ ਲਈ ਕੋਈ ਦਰਦ ਨਹੀਂ। ਮਨੁੱਖੀ ਹਮਦਰਦੀ, ਜਜ਼ਬਾਤ, ਜ਼ਮੀਰ ਤੇ ਨੈਤਿਕਤਾ ਤੋਂ ਸੱਖਣਾ ਮਨੁੱਖ, ਮਨੁੱਖ ਨਹੀਂ ਹੁੰਦਾ। ਸਾਹਿਤਕਾਰ ਨਾਲੋਂ ਇਕ ਵਧੀਆ ਇਨਸਾਨ ਬਣਨਾ ਜ਼ਰੂਰੀ ਹੈ। ਸੁਜਾਨ ਸਿੰਘ ਨੇ ਕਿਹਾ ਸੀ ਕਿ ਲਿਖਾਰੀ ਸਾਰੇ ਹੀ ਬਣ ਜਾਂਦੇ ਹਨ ਪਰ ਇਕ ਵਧੀਆ ਇਨਸਾਨ ਬਣਨਾ ਬਹੁਤ ਔਖਾ ਹੈ। ਉਨ੍ਹਾਂ ਨੇ ਨਾਨਕ ਸਿੰਘ ਬਾਰੇ ਕਿਹਾ ਸੀ ਕਿ ਉਹ ਲਿਖਾਰੀ ਬਾਅਦ ਵਿਚ ਅਤੇ ਇਕ ਵਧੀਆ ਇਨਸਾਨ ਪਹਿਲਾਂ ਸਨ। ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਸੀ;

ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ,
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।

ਪ੍ਰੋ. ਸੁਰਿੰਦਰ ਸਿੰਘ ਹੋਰਾਂ ਨੇ ਵੀ ਬਹੁਤ ਸੁਹਣੇ ਵਿਚਾਰ ਪ੍ਰਗਟ ਕੀਤੇ ਜਿਹੜੇ ਸ਼ਲਾਘਾਯੋਗ ਸਨ। ਉਨ੍ਹਾਂ ਨੇ ਵੀ ਇਕ ਚੰਗੇ ਇਨਸਾਨ ਬਣਨ ਦੀ ਗੱਲ ਕੀਤੀ ਕਿ ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ, 'ਅਮਲਾਂ ਤੇ ਹੋਣੇ ਨੇ ਨਿਬੇੜੇ, ਜਾਤ ਕਿਸੇ ਪੁੱਛਣੀ ਨਹੀਂ।' ਇਨ੍ਹਾਂ ਵਿਚਾਰਾਂ ਦਾ ਸੰਬੰਧ ਗੁਰਬਾਣੀ ਨਾਲ ਹੈ ਜਿਵੇਂ ਗੁਰੂ ਜੀ ਦੀ ਸਿਖਿਆ ਵੀ ਇਹ ਹੈ ਕਿ ਮਨੁੱਖ ਇਕ ਚੰਗਾ ਮਨੁੱਖ ਬਣੇ ਭਾਵ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਖੁਦਗਰਜੀ ਜਿਹੀਆਂ ਪਰਿਵਰਤੀਆਂ ਤੋਂ ਕਿਨਾਰਾ ਕਰੇ। ਗੁਰੂ ਜੀ ਅਨੁਸਾਰ ਇਨ੍ਹਾਂ ਦਾ ਨਿਪਟਾਰਾ ਸਿਮਰਨ ਤੋਂ ਬਿਨਾ ਨਹੀਂ ਹੋ ਸਕਦਾ ਪਰ ਪ੍ਰੋ. ਮੰਡ ਹੋਰਾਂ ਗੁਰਬਾਣੀ ਬਾਰੇ ਕੋਈ ਗੱਲ ਨਹੀਂ ਕੀਤੀ। ਜਦੋਂਕਿ ਅੱਜ ਇਹ ਵਿਚਾਰ ਭਾਰੂ ਹੈ ਕਿ ਗੁਰੂਆਂ ਅਤੇ ਕਾਰਲ ਮਾਰਕਸ ਦੀ ਵਿਚਾਰਧਾਰਾ ਹੀ ਅੱਜ ਦੇ ਮਨੁੱਖ ਲਈ ਕਲਿਆਣਕਾਰੀ ਹੈ।

*-ਮਾਸਟਰ ਨਿਰਮਲ ਸਿੰਘ ਲਾਲੀ*

---

## ਬੀਬੀ ਜਵਾਹਰ ਕੌਰ

ਬੀਬੀ ਜਵਾਹਰ ਕੌਰ ਦੇ ਚਲਾਣੇ ਨਾਲ ਪੰਥਕ ਹਲਕਿਆਂ ਵਿਚ ਜੋ ਘਾਟਾ ਮਹਿਸੂਸ ਕੀਤਾ ਜਾ ਰਿਹਾ ਹੈ ਉਸ ਤੋਂ ਸਾਰੇ ਪੰਥ ਦਰਦੀ ਜਾਣੂ ਹਨ। ਬੱਬਰ ਖਾਲਸਾ ਦੇ ਸਿਰਮੌਰ ਆਗੂ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੀ ਸੁਪਤਨੀ ਬੀਬੀ ਜਵਾਹਰ ਕੌਰ ਦੀ ਗੁਰਦੁਆਰਾ ਫਰੀਮਾਂਟ ਵਿਚ ਭੋਗ ਦੀ ਰਸਮ ਸਮੇਂ ਦੂਰੋਂ ਨੇੜਿਓਂ ਸੰਗਤਾਂ ਹਾਜ਼ਰ ਸਨ। ਬੱਬਰ ਸ਼ਹੀਦ ਦੀ ਸੁਪਤਨੀ ਬੀਬੀ ਜਵਾਹਰ ਕੌਰ ਨੇ ਸੰਨ 84 ਤੋਂ ਲੈ ਕੇ ਨਾਭੇ ਵਾਲੀਆਂ ਬੀਬੀਆਂ ਦੇ ਜਥੇ ਵਿਚ ਹੁੰਦਿਆਂ ਸ਼ਹੀਦਾਂ ਦੀਆਂ ਢਾਡੀ ਵਾਰਾਂ ਬੇਖੌਫ ਹੋ ਕੇ ਗਾਈਆਂ ਜਿਸ ਬਦਲੇ ਸਮੇਂ ਦੀਆਂ

(ਅਗਲੇ ਸਫੇ 'ਤੇ ਜਾਰੀ)

# ਚਲੋ ਇਕ ਜ਼ਿਲੇ ਦੀ ਸੁਣਾਵਾਂ ਵਾਰਤਾ

***ਉਹ ਕਿੰਨਾ ਦੁਖੀ ਹੋਵੇਗਾ, ਜ਼ਰਾ ਸੋਚ ਕੇ ਵੇਖੋ ਜੀਹਨੇ ਇਹ ਬਦ-ਦੁਆ ਦਿੱਤੀ ਹੋਏਗੀ 'ਪੰਜੇ ਤੇਰੇ ਪੁਤ ਮਰ ਜਾਵਣ ਛੇਵਾਂ ਮਰੇ ਜੁਆਈ।' ਇਹ ਸਿਰਫ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਪਾਪ ਤੇ ਸਿਤਮ ਦੀ ਇੰਤਿਹਾ ਹੋ ਗਈ ਹੋਵੇ। ਪਾਪ ਤੇ ਪੁੰਨ ਕੱਠੇ ਚਲਦੇ ਆਏ ਹਨ। ਧੁੱਪ ਤੇ ਛਾਂ ਦਾ ਰਿਸ਼ਤਾ ਮਾਸੀ-ਭੂਆ ਵਾਲਾ ਹੈ। ਜੇ ਦੁਨੀਆਂ 'ਤੇ ਰਾਤ ਨਾ ਪੈਂਦੀ ਹੁੰਦੀ ਤਾਂ ਅੱਧੀ ਦੁਨੀਆਂ ਨੇ ਅੱਕ ਕੇ ਆਤਮ-ਹੱਤਿਆ ਕਰ ਲੈਣੀ ਸੀ। ਕੁਦਰਤ ਦੇ ਨਿਯਮਾਂ 'ਚ ਰਹਿਣਾ ਹੀ ਪੈਂਦਾ ਹੈ ਪਰ ਜਦੋਂ ਅਸੀਂ ਨਿਯਮ ਦੀ ਵਾੜ ਤੋੜ ਕੇ ਲੰਘਦੇ ਹਾਂ ਤਾਂ ਅਨਰਥ ਦਾ ਭਾਂਡਾ ਵੀ ਨਾਲ ਹੀ ਫੁੱਟ ਜਾਂਦਾ ਹੈ। ਕਦੇ ਸੋਚਿਆ ਹੈ ਕਿ ਇਖਲਾਕ, ਤਹਿਜ਼ੀਬ ਤੇ ਸੁਮੱਤ ਦੀ ਗਿਰਾਵਟ ਜਦੋਂ ਗਲ ਤੱਕ ਅੱਪੜਦੀ ਹੈ ਤਾਂ ਜੁਰਮ ਤੇ ਪਾਪ ਜਾਲਮ ਹੋਣ ਦਾ ਜਾਮਾ ਪਹਿਨਾਉਂਦੇ ਹਨ। ਜੇ ਮਨੁੱਖ ਵਿਚ ਕਾਮ-ਵਾਸ਼ਨਾ ਪਸ਼ੂਆਂ ਤੇ ਪੰਛੀਆਂ ਕੁ ਜਿੰਨੀ ਹੁੰਦੀ ਤਾਂ ਸਿਹਤ ਵਿਭਾਗ ਨੇ ਨਾ ਇਹ ਨਾਅਰਾ ਦੇਣਾ ਸੀ 'ਅਸੀਂ ਦੋ ਅਸਾਡੇ ਦੋ' ਤੇ ਨਾ ਹੀ ਰੋਟੀ ਕੱਪੜਾ ਤੇ ਮਕਾਨ ਦਾ ਫਿਕਰ ਹੋਣਾ ਸੀ। ਘਰ ਉਹੀ ਬਰਬਾਦ ਹੋਏ ਨੇ ਜਿਨ੍ਹਾਂ ਨੇ ਪਰਮਾਤਮਾ ਜਾਂ ਰੱਬ ਨੂੰ ਠੁੱਡਾਂ ਮਾਰ ਕੇ ਘਰੋਂ ਕੱਢ ਦਿੱਤਾ ਹੈ। ਜਿਨ੍ਹਾਂ ਘਰਾਂ ਵਿਚ ਦੀਵਿਆਂ 'ਚੋਂ ਬੱਤੀਆਂ ਚੋਰੀ ਹੋਣ ਲੱਗ ਪੈਣ ਤਾਂ ਆਸ ਕਰੋਗੇ ਕਿ ਲੋਅ ਲਗਾਤਾਰ ਹੁੰਦੀ ਰਹੇਗੀ? ਜੇ ਸਹੁਰੇ ਘਰ ਤੋਂ ਮੁੜਦਿਆਂ ਧੀ ਦੇ ਚਿਹਰੇ 'ਤੇ ਰੌਣਕ ਹੋਵੇ ਤਾਂ ਮਾਂ ਦੋਵੇਂ ਬਾਹਾਂ ਖੜ੍ਹੀਆਂ ਕਰਕੇ ਆਖ ਰਹੀ ਹੁੰਦੀ ਹੈ, ਜਿੰਦਾਬਾਦ ਬਈ ਜਿੰਦਾਬਾਦ। ਜਿਹੜੇ ਤੌੜੇ ਜਿੱਡੇ ਢਿੱਡ ਨੂੰ ਭਰ ਕੇ ਸੁਆਦ ਲੱਭਣ ਉਹ ਮੂਰਖ ਹੀ ਹੋ ਸਕਦੇ ਹਨ ਕਿਉਂ ਕਿ ਸੁਆਦ ਭੁੱਖ ਦਾ ਹੁੰਦਾ ਹੈ ਖਾਣੇ ਦਾ ਨਹੀਂ। ਬਰਤਨ ਉਦੋਂ ਹੀ ਮਾਂਜਿਆ ਜਾਂਦਾ ਹੈ ਜਦੋਂ ਖਾਲੀ ਹੋਵੇ। ਮਾਂ ਨਾਲ ਧੱਕਾ ਦੁਨੀਆਂ ਦੇ ਕਿਸੇ ਕੋਨੇ ਵਿਚ ਬਰਦਾਸ਼ਤ ਨਹੀਂ ਕੀਤਾ ਗਿਆ। ਇਸੇ ਲਈ ਮਾਂ ਦੀ ਅਸੀਸ ਜਦੋਂ ਦੁਰਅਸੀਸ ਬਣ ਜਾਵੇ ਤਾਂ ਅੱਗਾਂ ਪਾਣੀਆਂ ਨੂੰ ਵੀ ਲੱਗ ਜਾਂਦੀਆਂ ਹਨ। ਖੈਰ! ਸਾਰੇ ਸਮਾਗਮ ਖਬਰਾਂ ਲੁਆਉਣ ਤੇ ਫੋਟੋਆਂ ਖਿਚਵਾਉਣ ਲਈ ਕੀਤੇ ਜਾਂਦੇ ਹਨ ਪਰ ਮਾਂ ਦੀ ਮਮਤਾ ਨੂੰ ਦੁਖੀ ਕਰਨ ਵਾਲਿਆਂ ਦੀ ਸਥਿਤੀ ਉਹੀ ਹੁੰਦੀ ਹੈ ਜਿਵੇਂ ਸੂਰਜ ਚੜ੍ਹਨ ਨਾਲ ਤਾਰੇ ਮਰ ਜਾਂਦੇ ਹਨ।***

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

ਪੰਜਾਬੀ ਕਿੱਸਾ ਕਾਵਿ ਨੂੰ ਪਿਆਰ ਕਰਨ ਵਾਲਿਆਂ ਨੂੰ ਪਤਾ ਹੋਣੈ ਕਿ ਕਿਹਰ ਸਿੰਘ ਦੀ ਮੌਤ ਉਹ ਖੁਲਾਸਾ ਹੈ ਕਿ ਕਿਵੇਂ ਸੱਸ ਨੇ ਜਵਾਈ ਤੇ ਸਾਲਿਆਂ ਨੇ ਜੀਜਾ ਪੈਸੇ ਤੇ ਜ਼ਮੀਨ ਦੇ ਲਾਲਚ ਵਿਚ ਬੁਰੀ ਤਰ੍ਹਾਂ ਵੱਢਿਆ-ਟੁੱਕਿਆ ਸੀ। ਇਹਦੇ ਬਾਰੇ ਪਿੰਡਾਂ ਦੀਆਂ ਸੱਥਾਂ 'ਚ ਖੁੰਡ ਚਰਚਾ ਚਲਦੀ ਰਹੀ ਹੈ ਤੇ ਜਦੋਂ ਪੰਜਾਬ ਵਿਚ ਕੁਲਦੀਪ ਮਾਣਕ ਤੇ ਸੁਰਿੰਦਰ ਸ਼ਿੰਦੇ ਨੇ ਲੋਕ ਗਾਥਾਵਾਂ ਗਾਉਣ ਦਾ ਯੁੱਗ ਅਰੰਭਿਆ ਤਾਂ ਆਮ ਪੇਂਡੂ ਨੂੰ ਪਤਾ ਲੱਗਾ ਕਿ ਕੇਹਰ ਸਿੰਘ ਵੀ ਕੋਈ ਪਾਤਰ ਸੀ। ਇਹਦੇ ਬਾਰੇ 'ਚ ਸ਼ਿੰਦੇ ਨੇ ਇਕ ਲੋਕ ਗਾਥਾ ਕੇਹਰ ਸਿੰਘ ਬਾਰੇ ਰਿਕਾਰਡ ਕਰਵਾਈ ਸੀ ਕਿ-

ਲੁਦਿਹਾਣੇ ਸ਼ਹਿਰ ਦੀ ਸੁਣਾਵਾਂ ਵਾਰਤਾ<br>
ਜਿਥੇ ਇਕ ਸੱਸ ਨੇ ਜਵਾਈ ਮਾਰਤਾ<br>
ਕਿਹਰ ਸਿੰਘ ਪਤੀ ਜੱਟੀ ਰਾਮ ਕੌਰ ਦਾ<br>
ਵੱਢ 'ਤਾ ਗੰਡਾਸੇ ਨਾਲ ਸਿਰ ਭੌਰ ਦਾ<br>
ਤੇ ਆਖਰੀ ਸਤਰਾਂ ਸਨ<br>
ਰਾਮ ਕੌਰ ਕਰੇ ਮਿਨਤਾਂ ਬਥੇਰੀਆਂ<br>
ਡਰਦੀ ਨਾ ਬੁੜੀ ਦੇਵੇ ਹੱਲਾਂ ਸ਼ੇਰੀਆਂ<br>
ਥਾਣੇਦਾਰ ਆਉਂਦਿਆਂ ਬੁੜ੍ਹੀ ਨੂੰ ਢਾ ਲਿਆ<br>
ਟਿੱਬਿਆਂ ਦੇ ਵਿਚੋਂ ਲਾਸ਼ ਨੂੰ ਕਢਾ ਲਿਆ<br>
ਮੰਨਦਾ ਥਰੀਕੇ ਵਾਲਾ ਰੱਬੀ ਭਾਣੇ ਨੂੰ<br>
ਬੰਨਿਆ ਟੱਬਰ ਸਾਰਾ ਜਾਕੇ ਥਾਣੇ ਨੂੰ...

ਪਰ ਮੰਨੋਗੇ ਕਿ ਕਈ ਕਤਲ ਅਜਿਹੇ ਹੁੰਦੇ ਨੇ ਜਿਥੇ ਟੱਬਰ ਤਾਂ ਕੀ ਪ੍ਰਛਾਵਿਆਂ ਦੀ ਪੈੜ ਵੀ ਅਦਾਲਤਾਂ ਤੇ ਕਾਨੂੰਨ ਨਹੀਂ ਪਛਾਣਦਾ। ਤੇ ਇਕ ਗੱਲ ਹੋਰ ਕਿਆਸ ਕਰਕੇ ਵੇਖੋ ਕਿ ਜਿਸ ਘਰ ਵਿਚ ਕੁਝ ਦੇਰ ਪਹਿਲਾਂ ਸ਼ਗਨਾਂ ਦਾ ਗਿੱਧਾ ਪੈਂਦਾ ਹੋਵੇ, ਉਥੇ ਵੈਣ ਪੈਣ ਲੱਗ ਪੈਣ ਤੇ ਸਥਿਤੀ ਕੀ ਹੋਵੇਗੀ। ਜਿਥੇ ਮਾਂ ਬੇਨਿਆਈ ਮੌਤ ਚਲੇ ਗਈ ਹੋਵੇ, ਸੱਜ-ਵਿਆਹੀ ਨੂੰਹ ਵਿਧਵਾ ਹੋ ਗਈ ਹੋਵੇ, ਉਸ ਘਰ ਨੇ ਨਰਕ ਦਾ ਹੋਰ ਮੂੰਹ ਕਿਹੜਾ ਵੇਖਣਾ ਹੈ।

ਚੰਨਣ ਸਿਹੁ ਦੀ ਪਤਨੀ ਨਛੱਤਰ ਕੌਰ ਦੀ ਪਹਿਲੀ ਚਰਚਾ ਪਿੰਡ 'ਚ ਇਹ ਹੋਈ ਸੀ ਕਿ ਉਹ ਰੱਜ ਕੇ ਸੁਨੱਖੀ ਤੇ ਹੱਟੀ-ਭੱਠੀ ਤੇ ਗੱਲਾਂ ਕਰਵਾਉਣ 'ਚ ਸਫਲ ਹੋ ਗਈ ਸੀ। ਬਦਕਿਸਮਤੀ ਨਾਲ ਹੋਇਆ ਇਹ ਕਿ ਚੰਨਣ ਸਿਹੁੰ ਦੀ ਸੜਕ ਦੁਰਘਟਨਾ ਵਿਚ ਮੌਤ ਹੋ ਗਈ ਤੇ ਇਕਲੌਤੇ ਪੁੱਤਰ ਦੀ ਮਾਂ ਨੇ ਰੰਡੇਪਾ ਉਸੇ ਦੇ ਸਿਰ 'ਤੇ ਕੱਟਣ ਦਾ ਫੈਸਲਾ ਕਰ ਲਿਆ।

ਉਸੇ ਨਛੱਤਰ ਕੌਰ ਦੀ ਲਾਸ਼ ਜਦੋਂ ਪਸ਼ੂਆਂ ਵਾਲੇ ਕਮਰੇ ਵਿਚ ਸ਼ਤੀਰ ਨਾਲ ਲਟਕਦੀ ਮਿਲੀ ਸੀ ਤਾਂ ਸਾਰੇ ਪਿੰਡ ਦੀ ਜੀਭ ਦੰਦਾਂ ਹੇਠ ਦੱਬੀ ਗਈ ਸੀ ਤੇ ਅਗਲੇ ਹੀ ਹਫ਼ਤੇ ਜਦੋਂ ਉਸੇ ਕਮਰੇ ਵਿਚ ਪੁੱਤ ਦੀ ਲਾਸ਼ ਮਿਲੀ ਤਾਂ ਗੱਲ ਹੋਰ ਹੈਰਾਨੀ ਵਾਲੀ ਹੋ ਗਈ ਸੀ। ਇਹ ਮੌਤਾਂ ਕਿਉਂ ਕਿਵੇਂ ਤੇ ਕਿੰਝ ਹੋ ਗਈਆਂ ਸਨ ਕਿਸੇ ਨੂੰ ਕੋਈ ਭੇਦ ਨਹੀਂ ਸੀ। ਲੋਕ ਹੈਰਾਨ ਸਨ ਕਿ ਖੁਸ਼ੀਆਂ ਦੇ ਵਿਹੜੇ ਵਿਚ ਮਾਤਮ ਕਿਉਂ ਛਾ ਗਿਆ ਸੀ? ਸ਼ਗਨਾਂ ਵਾਲੇ ਗੀਤਾਂ ਦੀ ਥਾਂ ਵੈਣ ਕਿਉਂ ਪੈਣ ਲੱਗ ਪਏ ਸਨ?

ਭਾਣਾ ਰੱਬ ਦਾ ਇਹ ਸੀ ਕਿ ਚੰਨਣ ਸਿਹੁੰ




ਦੀ ਅਚਾਨਕ ਮੌਤ ਨਾਲ ਉਹਦਾ ਲਾਡਲਾ ਸਰਵਣ ਵਿਗੜਦਾ ਜਾ ਰਿਹਾ ਸੀ। ਨਸ਼ੇ ਅੱਗੇ ਚੋਰੀ ਚਕਾਰੀ ਹੇਰਾ-ਫੇਰੀ ਤੇ ਲੜਾਈ ਝਗੜੇ ਵਿਚ ਸਰਵਣ ਵਹਿੰਗੀ ਵਾਲਾ ਨਹੀਂ ਰਿਹਾ ਸੀ। ਨਛੱਤਰ ਵੀਰਾਂ ਕੋਲ ਰੋਈ ਜੋ ਇੰਗਲੈਂਡ ਰਹਿੰਦੇ ਸਨ ਤੇ ਚਲੋ ਚਲੀ ਵਿਚ ਸਰਵਣ ਬਰਮਿੰਘਮ ਪਹੁੰਚ ਗਿਆ ਤੇ ਮਾਮਿਆਂ ਨੇ ਪੈਸੇ ਦੀ ਚਾਲ 'ਚ ਇਕ ਗੋਰੀ ਨਾਲ ਵਿਆਹ ਕਰਵਾ ਕੇ ਪੱਕਾ ਵੀ ਕਰਵਾ ਲਿਆ। ਇਕ ਕਰੇਲਾ ਦੂਜਾ ਨਿੰਮ 'ਤੇ ਚੜ੍ਹਿਆ ਵਾਲੀ ਸਥਿਤੀ ਇਹ ਬਣੀ ਕਿ ਸਰਵਣ ਨੂੰ ਆਪਣੇ ਪਿੰਡ ਵਾਲਾ ਬੇਲੀ ਕਰਨੈਲ ਇੰਗਲੈਂਡ ਵਿਚ ਟੱਕਰ ਗਿਆ। ਹਾਲਾਂਕਿ ਸਰਵਣ ਦਾ ਪਰਿਵਾਰ ਉਹਨੂੰ ਇਸ ਕਰਕੇ ਚੰਗਾ ਨਹੀਂ ਸਮਝਦਾ ਸੀ ਕਿ ਉਹ ਸਰਵਣ ਦੇ ਮਾਮੇ ਦੇ ਪੁੱਤ ਦੀ ਸਾਲੀ ਨੂੰ ਜਬਰੀ ਵਿਆਹੁਣਾ ਚਾਹੁੰਦਾ ਸੀ ਪਰ ਜਾਤੀ ਬੰਧਨਾਂ ਕਰਕੇ ਇਹ ਰਿਸ਼ਤਾ ਸਿਰੇ ਨਹੀਂ ਲੱਗ ਸਕਿਆ ਸੀ। ਤੇ ਕਰਨੈਲ ਜਾਣਦਾ ਸੀ ਕਿ ਜਿਸ ਕੁੜੀ ਊਸ਼ਾ ਨੂੰ ਉਹ ਚਾਹੁੰਦਾ ਸੀ ਉਹ ਅਮਰੀਕਾ ਵਸਦੇ ਇਕ ਮੁੰਡੇ ਨਾਲ ਵਿਆਹੀ ਗਈ ਸੀ ਤੇ ਕੁਝ ਖਾਸ ਕਾਰਨਾਂ ਕਰਕੇ ਊਸ਼ਾ ਨੂੰ ਅਮਰੀਕਾ ਜਾਣ ਵਿਚ ਸਮਾਂ ਲੱਗਣਾ ਸੀ।

ਤੇ ਜਦੋਂ ਨਛੱਤਰ ਕੌਰ ਨੇ ਆਪਣੇ ਇਕਲੌਤੇ ਪੁੱਤਰ ਸਰਵਣ ਨਾਲ ਪੱਕਾ ਹੋਣ 'ਤੇ ਫਿਰ ਇੰਡੀਆ ਵਿਚ ਵਿਆਹ ਦੀ ਗੱਲ ਤੋਰੀ ਤਾਂ ਨਸ਼ੇ-ਪੱਤਿਆਂ ਦੇ ਸਾਂਝੀ ਕਰਨੈਲ ਨੂੰ ਕਹਿਣ ਲੱਗਾ, ਮਿੱਤਰਾ ਆਪਾਂ ਰਹਿਣਾ ਤਾਂ ਇੰਗਲੈਂਡ 'ਚ ਹੈ ਤੇ ਡਰੱਗ ਦਾ ਧੰਦਾ ਵੀ ਸਾਂਝਾ ਹੈ ਪਰ ਤੇਰੇ ਵਿਆਹ 'ਤੇ ਮੈਂ ਤਦ ਜਾਵਾਂਗਾ ਜੇ ਊਸ਼ਾ ਨੂੰ ਵੀ ਬੁਲਾਵੇਂ। ਸਰਵਣ ਇਸ ਸਾਰੀ ਕਹਾਣੀ ਨੂੰ ਜਾਣਦਾ ਸੀ।

ਇਤਫਾਕਨ ਦੋਵੇਂ ਵਿਆਹ 'ਤੇ ਵੀ ਕੱਠੇ ਆ ਗਏ ਤੇ ਊਸ਼ਾ ਦੇ ਵਿਆਹ 'ਤੇ ਆਉਣ ਦਾ ਉਚੇਚਾ ਪ੍ਰਬੰਧ ਵੀ ਹੋ ਗਿਆ। ਵਿਆਹ ਤੋਂ ਇਕ ਦਿਨ ਪਹਿਲਾਂ ਗਾਉਣ-ਪਾਣੀ ਤੇ ਬੈਂਡਵਾਜਾ ਖੂਬ ਵੱਜਿਆ। ਉਧਰ ਊਸ਼ਾ ਤੇ ਕਰਨੈਲ ਦੀਆਂ ਟੁੱਟੀਆਂ ਤਾਰਾਂ ਫਿਰ ਜੁੜ ਗਈਆਂ। ਸਰਵਣ ਨੇ ਬੜੀ ਵਧੀਆ ਵਿਉਂਤ ਬਣਾਈ ਤੇ ਚੁਬਾਰੇ ਵਾਲੇ ਉਪਰਲੇ ਕਮਰੇ ਦੀ ਚਾਬੀ ਕਰਨੈਲ ਹੱਥ ਫੜਾਉਂਦਿਆਂ ਕਿਹਾ ਕਿ ਤੁਸੀਂ ਉਥੇ ਸੌਂ ਜਾਣਾ। ਪਰ ਨਾਲ ਹੀ ਟਿੱਚਰ ਵਿਚ ਕਿਹਾ 'ਤਿੰਨ ਕੁ ਵਜੇ ਮੈਂ ਵੀ ਗੇੜਾ ਮਾਰਾਂਗਾ।'

ਜਾਗੋ ਗਿੱਧੇ ਤੋਂ ਬਾਅਦ ਸਰਵਣ ਨਸ਼ੇ ਪੱਤੇ ਵਿਚ ਪੂਰਾ ਫੁੱਲ ਸੀ। ਗੋਲੀਆਂ-ਪੱਤੇ ਸਭ ਕੁਝ ਹਜ਼ਮ ਕਰੀ ਬੈਠਾ ਸੀ। ਤੇ ਟਿਕਟਿਕੀ ਲੱਗੀ ਸੀ ਤਿੰਨ ਵਜੇ ਉਪਰਲੇ ਚੁਬਾਰੇ ਵਿਚ ਜਾਣ ਦੀ।

ਤੇ ਗੱਲ ਉਹੀ ਹੋਈ, ਉਹਨੇ ਕਮਰੇ ਦਾ ਅੱਧਾ ਕੁ ਬੰਦ ਦਰਵਾਜ਼ਾ ਅੱਖਾਂ ਤੋਂ ਨਸ਼ੇ 'ਚ ਅੰਨ੍ਹੇ ਹੋਏ ਨੇ ਲੱਤ ਮਾਰ ਕੇ ਖੋਲ੍ਹਿਆ ਤੇ ਕਮਰੇ 'ਚ ਕੌਣ ਸੀ? ਬਿਨਾ ਕੁਝ ਜਾਣੇ ਮੂੰਹ ਕਾਲਾ ਕਰਵਾ ਕੇ ਹੇਠਾਂ ਉਤਰ ਗਿਆ। 'ਨਾ ਪੁੱਤ ਨਾ' ਵਾਲਾ ਇਕੋ ਸ਼ਬਦ ਚੇਤੇ 'ਚ ਵੀ।

ਸਵੇਰੇ ਅੱਠ ਕੁ ਵਜੇ ਨਸ਼ੇ ਦਾ ਸਰੂਰ ਉਤਰਿਆ, ਚਾਚੇ-ਤਾਇਆਂ ਦੀਆਂ ਕੁੜੀਆਂ ਨੇ ਇੰਜੜੀ ਫੜੀ ਤੇ ਵੀਰਾ ਘੋੜੀ ਜਾ ਚੜਿਆ। ਰਾਤੀਂ ਕੀ ਕੀਹਦੇ ਨਾਲ ਹੋਇਆ ਕਿਸੇ ਨੂੰ ਚੇਤਾ ਨਹੀਂ ਸੀ ਤੇ ਨਾ ਹੀ ਅਕਲ ਦੇ ਅੰਨ੍ਹੇ ਸਰਵਣ ਨੂੰ।

ਆਥਣੇ ਮਾਂ ਨੇ ਪਾਣੀ ਵਾਰ ਕੇ ਪੀਤਾ। ਚਾਅ-ਲਾਡ ਪੂਰੇ ਕੀਤੇ। ਤੇ ਆਮ ਵਾਂਗ ਗਿੱਧਾ ਭੰਗੜਾ ਪੈਣ ਤੋਂ ਬਾਅਦ ਸਭ ਸ਼ਾਂਤ ਹੋ ਗਿਆ ਸੀ।

ਪਰ ਇਸ ਘਰ ਵਿਚ ਅਗਲੀ ਸਵੇਰ ਬੜੀ ਕੁਲੱਛਣੀ ਸੀ ਜਦੋਂ ਸੂਰਜ ਦੀ ਟਿੱਕੀ ਚੜ੍ਹਨ ਤੋਂ ਪਹਿਲਾਂ ਪਿੰਡ 'ਚ ਰੌਲਾ ਪੈ ਗਿਆ ਸੀ ਕਿ ਨਛੱਤਰ ਕੌਰ ਨੇ ਪਸ਼ੂਆਂ ਵਾਲੇ ਕਮਰੇ ਵਿਚ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਹੈ। ਨਛੱਤਰ ਕੌਰ ਦੀਆਂ ਸਿਫਤਾਂ ਕਰਨ ਵਾਲਾ ਸਾਰਾ ਪਿੰਡ ਹੈਰਾਨ ਸੀ ਕਿ ਇਹ ਕੀ ਹੋ ਗਿਆ? ਸਰਵਣ ਨੂੰ ਨਵੀਂ ਜ਼ਿੰਦਗੀ ਦੇਣ ਵਾਲੀ ਵਿਧਵਾ ਮਾਂ ਨੇ ਇਹ ਕਿਉਂ ਕੀਤਾ? ਪਰ ਇਸ ਭੇਦ ਨੂੰ ਜਾਨਣ ਦੇ ਕੋਈ ਸਮਰੱਥ ਨਹੀਂ ਸੀ।

ਜਿਨ੍ਹਾਂ ਜੈਲਦਾਰਾਂ ਦੇ ਘਰ ਸਰਵਣ ਵਿਆਹਿਆ ਗਿਆ ਸੀ, ਕਿਆ ਕਹਿੰਦਾ ਕਹਾਉਂਦਾ ਪਰਿਵਾਰ ਸੀ ਪਰ ਦੁੱਖ ਦੀ ਸਿਖਰ ਉਦੋਂ ਹੋ ਗਈ ਜਦੋਂ ਵਿਆਹ ਤੋਂ ਹਫਤੇ ਪਿੱਛੋਂ ਸਰਵਣ ਦੀ ਲਾਸ਼ ਵੀ ਪਸ਼ੂਆਂ ਵਾਲੇ ਉਸੇ ਕਮਰੇ ਵਿਚ ਲਟਕਦੀ ਮਿਲੀ ਸੀ ਜਿਥੇ ਮਾਂ ਨੇ ਵਿਆਹ ਤੋਂ ਦੂਜੇ ਦਿਨ ਫਾਹਾ ਲੈ ਲਿਆ ਸੀ।

ਸਾਰੇ ਪਿੰਡ 'ਚ ਚੁੰਝ ਚਰਚਾ ਸੀ ਕਿ ਮਾਂ ਨੇ ਆਤਮ ਹੱਤਿਆ ਕਰ ਲਈ ਫਿਰ ਪੁੱਤ ਨੇ ਕਿਉਂ? ਕਿਉਂਕਿ ਨਛੱਤਰ ਕੌਰ ਨੇ ਤਾਂ ਜਵਾਨੀ ਦਾ ਵਿਧਵਾ ਜੀਵਨ ਕਿਸੇ ਤੋਂ ਉਂਗਲ ਧਰਾਉਣ ਜਿਹਾ ਨਹੀਂ ਗੁਜਾਰਿਆ ਸੀ। ਪੁੱਤ ਦੇ ਨਸ਼ਿਆਂ-ਪੱਤਿਆਂ ਬਾਰੇ ਤਾਂ ਸਾਰਾ ਪਿੰਡ ਜਾਣਦਾ ਸੀ ਪਰ ਉਹਦੀ ਆਤਮ ਹੱਤਿਆ ਬਾਰੇ ਭੇਦ ਨਹੀਂ ਖੁੱਲ ਰਿਹਾ ਸੀ।

ਅਚਾਨਕ ਪਾਪ ਦੀ ਨੇਰ੍ਹੀ ਚੜ੍ਹ ਹੀ ਗਈ। ਨਛੱਤਰ ਦਾ ਦੋਸਤ ਕਰਨੈਲ ਜਦੋਂ ਸਾਰਾ ਭਾਂਡਾ ਭੰਨ ਕੇ ਮਰਿਆ ਤਾਂ ਇਕ ਖਤ ਨੇ ਸਾਰੇ ਪਿੰਡ ਦੀਆਂ ਨਹੀਂ ਇਲਾਕੇ ਦੇ ਲੋਕਾਂ ਦੀ ਜੀਭ ਦੰਦਾਂ ਹੇਠ ਦੁਆ ਦਿੱਤੀ ਸੀ।

ਕਰਨੈਲ ਨੇ ਜਦੋਂ ਫਿਲੌਰ ਨੇੜੇ ਸਤਲੁਜ ਦਰਿਆ 'ਚ ਛਾਲ ਮਾਰ ਕੇ ਆਤਮ ਹੱਤਿਆ ਕੀਤੀ ਤਾਂ ਪੁਲ ਨਾਲ ਲਟਕਦੀ ਪੈਂਟ ਦੀ ਜੇਬ ਵਿਚੋਂ ਮਿਲਿਆ ਖ਼ਤ ਇਨ੍ਹਾਂ ਸਾਰੇ ਲੁਕਵੇਂ ਭੇਦਾਂ ਦਾ ਭਾਂਡਾ ਭੰਨ ਗਿਆ। ਖ਼ਤ ਦੀ ਇਬਾਰਤ ਬੜੀ ਦੁਖਦਾਈ ਸੀ ਕਿ-

'ਮਾਂ ਤੇ ਪੁੱਤ ਦੀ ਮੌਤ ਦਾ ਸਾਰਾ ਭਾਰ ਮੇਰੇ ਸਿਰ ਹੈ। ਸਰਵਣ ਦੇ ਵਿਆਹ ਵਾਲੇ ਦਿਨ ਮੈਂ ਆਪਣੀ ਪ੍ਰੇਮਿਕਾ ਊਸ਼ਾ ਨੂੰ ਲੈ ਕੇ ਇਕ ਹੋਟਲ ਵਿਚ ਚਲੇ ਗਿਆ ਸਾਂ ਤੇ ਉਸ ਕਮਰੇ ਵਿਚ ਸਰਵਣ ਦੀ ਮਾਂ ਆ ਕੇ ਸੌਂ ਗਈ। ਸਰਵਣ ਨੇ ਤਿੰਨ ਵਜੇ ਉਸ ਕਮਰੇ ਵਿਚ ਆਉਣਾ ਸੀ ਪਰ ਉਸਨੂੰ ਬਿਲਕੁਲ ਪਤਾ ਨਹੀਂ ਸੀ ਕਿ ਊਸ਼ਾ ਉਥੇ ਨਹੀਂ ਤੇ ਉਸ ਕਮਰੇ ਵਿਚ ਉਹਦੀ ਮਾਂ ਆ ਕੇ ਸੌਂ ਗਈ ਹੈ। ਸਰਵਣ ਨਸ਼ੇ ਵਿਚ ਏਨਾ ਗਲਤਾਨ ਹੋਇਆ ਸੀ ਕਿ ਉਹ ਆਪਣੀ ਮਾਂ ਤੇ ਊਸ਼ਾ ਵਿਚ ਫਰਕ ਭੁੱਲ ਗਿਆ। ਅਗਲੇ ਦੋ ਦਿਨ ਤੱਕ ਸਰਵਣ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਹ ਰਾਤ ਦੇ ਹਨੇਰੇ ਤੇ ਨਸ਼ੇ ਵਿਚ ਕੀ ਕਰ ਆਇਆ ਹੈ। ਕਿਉਂਕਿ ਮਾਂ ਨੇ ਪਾਣੀ ਵਾਰਨ ਤੱਕ ਪਤਾ ਨਹੀਂ ਲੱਗਣ ਦਿੱਤਾ ਸੀ ਕਿ ਇਕ ਮਾਂ ਆਪਣੇ ਪੁੱਤਰ ਦੀ ਹਵਸ ਦਾ ਸ਼ਿਕਾਰ ਹੋ ਚੁੱਕੀ ਹੈ।

ਪਾਪ ਦਾ ਭਾਰ ਮਾਂ ਤੋਂ ਚੁੱਕ ਨਹੀਂ ਹੋਇਆ ਤੇ ਉਹ ਪਾਗਲ ਹੋਈ ਵਿਆਹ ਤੋਂ ਅਗਲੀ ਸਵੇਰ ਨੂੰ ਸ਼ਤੀਰ ਨਾਲ ਜਾ ਲਟਕੀ। ਪੁੱਤ ਸਰਵਣ ਨੂੰ ਇਸ ਬਾਰੇ ਜਰਾ ਜਿੰਨਾ ਇਲਮ ਨਹੀਂ ਸੀ, ਉਸਨੂੰ ਪੰਜਵੇਂ ਦਿਨ ਉਸੇ ਕਮਰੇ 'ਚੋਂ ਪੰਜ ਪੜ੍ਹੀ ਮਾਂ ਦਾ ਬੈਡ ਦੀ ਢੋਅ 'ਚ ਫਸਿਆ ਇਕ ਖਤ ਮਿਲਿਆ ਸੀ।

'ਪੁੱਤ ਤੂੰ ਨਸ਼ੇ 'ਚ ਤੇ ਭੁਲੇਖੇ 'ਚ ਕੀ ਕਰ ਲਿਆ ਤੈਨੂੰ ਪਤਾ ਨ੍ਹੀਂ ਪਰ ਮੈਂ ਆਪਣੇ ਸਰਵਣ ਪੁੱਤ ਦਾ ਭਾਰ ਨਹੀਂ ਝੱਲ ਸਕਦੀ, ਮੈਂ ਕੋਸ਼ਿਸ਼ ਕੀਤੀ ਸੀ ਕਿ ਪਾਣੀ ਵਾਰਦਿਆਂ ਤੈਨੂੰ ਮੁਆਫ ਕਰ ਦਿਆਂ ਤੇ ਆਪਾ ਭੁੱਲ ਜਾਵਾਂ, ਕਿਉਂਕਿ ਔਲਾਦ ਗਲਤੀ ਬਾਅਦ 'ਚ ਕਰਦੀ ਹੈ ਮਾਂ ਮੁਆਫ ਪਹਿਲਾਂ ਕਰ ਦਿੰਦੀ ਹੈ ਪਰ ਮੈਥੋਂ ਏਦਾਂ ਹੋ ਨਹੀਂ ਸਕਿਆ। ਖੈਰ! ਤੇਰੀ ਭੁੱਲ ਤੇ ਮੇਰੀ ਮਮਤਾ 'ਚ ਪਾਪ ਦਾ ਕੀੜਾ ਮੈਨੂੰ ਵੱਢ-ਵੱਢ ਖਾਈ ਗਿਆ ਇਸੇ ਲਈ ਮੈਂ ਇਕ ਵਾਰ ਤੇਰੇ ਬਾਪ ਚੰਨਣ ਸਿਹੁ ਦੇ ਚਰਨਾਂ ਵਿਚ ਦੁਬਾਰਾ ਡਿੱਗ ਕੇ ਫਿਰ ਮਰਾਂਗੀ।'

ਜੈਲਦਾਰਾਂ ਦੀ ਹਫਤੇ ਬਾਅਦ ਵਿਧਵਾ ਹੋਈ ਧੀ ਦਾ ਆਪਣਾ ਸੰਤਾਪ ਸੀ। ਜਿਸ ਘਰ ਵਿਚ ਸਣੇ ਬੱਤੀਆਂ ਦੇ ਦੀਵੇ ਬੁਝ ਗਏ ਸਨ, ਉਸ ਘਰ ਦੀਆਂ ਕੰਧਾਂ ਵੀ ਨਾਅਰੇ ਮਾਰ ਰਹੀਆਂ ਸਨ ਇਨਸਾਨੀਅਤ ਮੁਰਦਾਬਾਦ।'

ਨਸ਼ਿਆਂ ਨੇ ਕਿੰਨੇ ਘਰ ਨਹੀਂ ਖਾਧੇ, ਸਭ ਕੁਝ ਨਿਗਲ ਲਿਆ ਹੈ, ਸ਼ਾਇਦ ਇਸਦਾ ਕੋਈ ਜੁਆਬ ਨਹੀਂ ਦੇ ਸਕੇਗਾ।

## ਸੰਪਾਦਕ ਦੀ ਡਾਕ

ਸਰਕਾਰਾਂ ਨੇ ਉਨ੍ਹਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਵੀ ਰੱਖਿਆ। ਉਨ੍ਹਾਂ ਨੂੰ ਕਈ ਦੁੱਖ ਝੱਲਣੇ ਪਏ। ਮੈਂ ਸੋਚਦੀ ਸਾਂ ਬੀਬੀ ਜੀ ਦੇ ਭੋਗ ਸਮੇਂ ਬਹੁਤ ਸਾਰੀਆਂ ਬੀਬੀਆਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚੀਆਂ ਹੋਣਗੀਆਂ ਪਰ ਮੈਨੂੰ ਹੈਰਾਨੀ ਹੋਈ ਕਿ ਇਸ ਮੌਕੇ ਬਾਹਰ ਦੀਆਂ ਬੀਬੀਆਂ ਤੋਂ ਇਲਾਵਾ ਸਿਰਫ ਦੋ ਹੀ ਬੀਬੀਆਂ ਹਾਜ਼ਰ ਸਨ, ਯੂਨੀਅਨ ਸਿਟੀ ਜਾਂ ਫਰੀਮਾਂਟ ਤੋਂ ਇਕ ਵੀ ਮਾਈ-ਭੈਣ ਸ਼ਾਮਲ ਨਹੀਂ ਹੋਈ। ਜਿਹੜੀਆਂ ਪੰਜ-ਛੇ ਆਈਆਂ ਉਹ ਵੀ ਟਾਈਮ ਦਾ ਭੁਲੇਖਾ ਖਾ ਜਾਣ ਕਰਕੇ ਲੇਟ ਸਨ।

ਮੈਨੂੰ ਦੁੱਖ ਹੁੰਦਾ ਹੈ ਕਿ ਸਾਡੀਆਂ ਭੈਣਾਂ ਦੀ ਸੋਚ ਕਿੱਥੇ ਖੜ੍ਹੀ ਹੈ? ਕੋਈ ਦੁਨਿਆਵੀ ਬੰਦਾ ਇਸ ਜਹਾਨੋਂ ਕੂਚ ਕਰ ਜਾਵੇ ਤਾਂ ਉਸ ਦੀ ਅੰਤਿਮ ਰਸਮ ਸਮੇਂ ਵੱਡੀ ਗਿਣਤੀ ਵਿਚ ਬੀਬੀਆਂ ਹਾਜ਼ਰ ਹੁੰਦੀਆਂ ਹਨ। ਜੇ ਕੋਈ ਨਾਂ ਵਾਲਾ ਜਾਂ ਪੈਸੇ ਵਾਲਾ ਚਲਾਣਾ ਕਰ ਜਾਵੇ ਤਾਂ ਹੋਰ ਵੀ ਵੱਧ। ਅਜਿਹੇ ਮੌਕਿਆਂ 'ਤੇ ਉਹ ਬੀਬੀਆਂ ਖਾਸ ਮੋਹਰੀ ਹੁੰਦੀਆਂ ਹਨ ਜੋ ਗੁਰਦੁਆਰਿਆਂ ਵਿਚ ਰਹਿ ਕੇ ਨਾਂ ਖੱਟਦੀਆਂ ਹਨ ਪਰ ਉਨ੍ਹਾਂ ਦੀ ਸੋਚ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਕਿਸੇ ਬੇਸਹਾਰਾ, ਗਰੀਬ, ਵਿਧਵਾ ਦੇ ਚਲਾਣੇ ਉਤੇ ਇਨ੍ਹਾਂ 'ਚੋਂ ਕੋਈ ਵੀ ਹਾਜ਼ਰ ਨਹੀਂ ਹੁੰਦੀ। ਸ਼ਾਇਦ ਸੋਚਦੀਆਂ ਹੋਣਗੀਆਂ ਅਸੀਂ ਕੀ ਲੈਣਾ ਇਥੋਂ? ਕਿਉਂਕਿ ਇਥੇ ਕਿਸੇ ਦਾ ਮੂੰਹ ਨਹੀਂ ਰੱਖਣਾ ਹੁੰਦਾ। ਲੋਕਾਚਾਰੀ ਦਾ ਡਰ ਨਹੀਂ। ਗੁਰਦੁਆਰਾ ਫਰੀਮਾਂਟ ਵਿਚ ਜਾ ਕੇ ਪਤਾ ਲੱਗਾ ਕਿ ਇਹ ਬੀਬੀਆਂ ਤਾਂ ਕਿਸੇ ਵਿਆਹ ਦੀ ਖੁਸ਼ੀ ਮਨਾ ਰਹੀਆਂ ਸਨ। ਕੌਮ ਦੀ ਮਹਾਨ ਬੀਬੀ ਦਾ ਸਸਕਾਰ ਅਤੇ ਉਸ ਦੀ ਅੰਤਮ ਰਸਮ ਕਿਸ ਨੂੰ ਚੇਤੇ ਰਹਿਣੀ ਸੀ? ਬੀਬੀ ਜਵਾਹਰ ਕੌਰ ਦੇ ਚਲਾਣੇ ਦੀ ਖਬਰ ਕਰੀਬ ਕਰੀਬ ਸਾਰੇ ਅਖਬਾਰਾਂ ਨੇ ਛਾਪੀ ਅਤੇ ਇਸ ਇਲਾਕੇ ਵਿਚ ਚੱਲਦੇ ਰੇਡੀਓ ਤੋਂ ਵੀ ਪ੍ਰਸਾਰਿਤ ਕੀਤੀ ਗਈ। ਬੀਬੀ ਜੀ ਨੂੰ ਹੇਵਰਡ ਵਿਚ ਰਹਿੰਦਿਆਂ ਭਾਵੇਂ 10-12 ਸਾਲ ਹੋ ਗਏ ਸਨ ਪਰ ਉਨ੍ਹਾਂ ਦੀ ਕੋਈ ਬਹੁਤੀ ਜਾਣ-ਪਛਾਣ ਨਹੀਂ ਸੀ। ਭੈਣ ਜੀ ਜਸਪਾਲ ਕੌਰ ਅਤੇ ਉਨ੍ਹਾਂ ਦੇ ਬੇਟੇ ਨਾਲ ਦੁੱਖ ਸਾਂਝਾ ਕਰਨ ਦਾ ਇਹ ਇਕ ਮੌਕਾ ਸੀ ਜੋ ਸਾਡੀਆਂ ਮਾਈਆਂ-ਭੈਣਾਂ ਨੇ ਨਹੀਂ ਸੰਭਾਲਿਆ। ਵਾਹਿਗੁਰੂ ਬੀਬੀ ਜਸਪਾਲ ਕੌਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

***-ਬਲਜੀਤ ਕੌਰ***

## ਚੁਟਕਲੇ

*ਇਕ ਦੁਕਾਨ ਦੇ ਬਾਹਰ ਬੋਰਡ ਲੱਗਾ ਸੀ 'ਇਥੇ ਸ਼ਾਦੀ ਦੀ ਹਰ ਚੀਜ਼ ਮਿਲਦੀ ਹੈ।' ਇਕ ਨੌਜਵਾਨ ਅੰਦਰ ਗਿਆ ਅਤੇ ਦੁਕਾਨਦਾਰ ਨੂੰ ਕਹਿਣ ਲੱਗਾ, 'ਜਨਾਬ ਕੋਈ ਵਧੀਆ ਜਿਹੀ ਵਹੁਟੀ ਤਾਂ ਦਿਖਾਉ।'

*ਕੁਸ਼ਤੀ ਹੋ ਰਹੀ ਸੀ। ਇਕ ਸਾਹਬ ਜ਼ੋਰ ਜ਼ੋਰ ਦੀ ਰੌਲਾ ਪਾ ਰਹੇ ਸਨ 'ਸ਼ਾਬਾਸ਼ ਤੋੜ ਦੇ ਦੰਦ, ਜਬਾੜ੍ਹਾਂ ਭੰਨ ਦੇ, ਤੋੜ ਦੇ ਸਾਰੇ ਦੰਦ।'

ਕੋਲ ਬੈਠੇ ਆਦਮੀ ਨੇ ਪੁਛਿਆ 'ਕੀ ਤੁਸੀਂ ਵੀ ਪਹਿਲਵਾਨ ਹੋ' ਤਾਂ ਸਾਹਬ ਨੇ ਕਿਹਾ 'ਜੀ ਨਹੀਂ, ਮੈਂ ਦੰਦਾ ਦਾ ਡਾਕਟਰ ਹਾਂ।'

***-ਇੰਦਰਜੀਤ ਮੰਗਾ***
***ਪਿਟਸਬਰਗ (ਕੈਲੀਫੋਰਨੀਆ)***

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਪੰਥ ਦੀ ਗੁਰੁਤਾ-ਸਾਮਯਿਕ ਦ੍ਰਿਸ਼ਟੀਕੋਣ

## ਗਿਆਨ-ਗੋਸ਼ਟਿ

**ਡਾ. ਹਰਭਜਨ ਸਿੰਘ**

***ਡਾ. ਹਰਭਜਨ ਸਿੰਘ ਗੁਰਬਾਣੀ ਅਤੇ ਗੁਰਮਤਿ ਦੇ ਗੂੜਗਿਆਨੀ ਅਤੇ ਪ੍ਰਵਾਨਿਤ ਵਿਦਵਾਨ ਹਨ। ਗੁਰਮਤਿ ਵਿਚਾਰਧਾਰਾ ਬਾਰੇ ਉਨ੍ਹਾਂ ਦਾ ਇਕ ਲੇਖ ਅਸੀਂ ਪਹਿਲਾਂ ਵੀ ਛਾਪ ਚੁਕੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਬਾਰੇ ਉਨ੍ਹਾਂ ਦਾ ਇਹ ਲੇਖ ਗੁਰਬਾਣੀ ਦੇ ਵਿਚਾਰਵਾਨਾਂ ਦੀ ਨਜ਼ਰ ਹੈ। ਲੇਖ ਲੰਮਾ ਹੋਣ ਕਰਕੇ ਦੋ ਅੰਕਾਂ ਵਿਚ ਛਾਪਿਆ ਜਾ ਰਿਹਾ ਹੈ। -ਸੰਪਾਦਕ***

'ਪੰਥ' ਗੁਰੂ ਦੀ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ 'ਪੰਥ' ਸ਼ਬਦ ਦੇ ਅਰਥ ਅਤੇ ਵਿਸ਼ਵ ਧਰਮ-ਚਿੰਤਨ ਦੇ ਸੰਬੰਧ ਵਿਚ ਇਸ ਦੀ ਉਸ ਅਦਭੁਤ ਵਿਸ਼ੇਸ਼ਤਾ ਨੂੰ ਨਿਰਧਾਰਿਤ ਕਰ ਲਿਆ ਜਾਵੇ, ਜੋ ਸਿੱਖ ਮੱਤ ਨੇ ਇਸ ਸ਼ਬਦ ਨੂੰ ਪ੍ਰਦਾਨ ਕੀਤੀ ਹੈ। ਇਸ ਵਿਸ਼ੇ ਉਤੇ ਸੰਖੇਪ ਜਿਹੀ, ਪਰ ਸੂਖਮ ਅਤੇ ਗੰਭੀਰ ਵਿਚਾਰ ਕੀਤਿਆਂ ਇਸ ਸ਼ਬਦ ਨੂੰ ਜਿਹੜੇ ਵਿਸ਼ੇਸ਼ ਅਰਥਾਂ ਵਿਚ ਸਿੱਖ ਪੰਥ ਨੇ ਵਰਤਿਆ ਹੈ, ਉਹ ਸਪਸ਼ਟ ਹੋ ਸਕਦੀ ਹੈ ਅਤੇ 'ਪੰਥ' ਸ਼ਬਦ ਨੂੰ ਜੋ ਨਵੀਨ ਦ੍ਰਿਸ਼ਟੀ ਸਿੱਖ ਪੰਥ ਨੇ ਪ੍ਰਦਾਨ ਕੀਤੀ ਹੈ, ਉਸ ਦੇ ਸੂਖਮ ਸੂਤ੍ਰ ਵੀ ਬੁਧੀ ਦੀ ਪਕੜ ਵਿਚ ਆ ਸਕਦੇ ਹਨ। ਬਿਨਾ ਸਮਝੇ ਇਸ ਦੀ ਵਰਤੋਂ ਕੀਤਿਆਂ ਸਿੱਖ ਪੰਥ ਦੀ ਨਵੇਕਲੀ ਆਜ਼ਾਦ ਹੋਂਦ ਪ੍ਰਭਾਵਿਤ ਹੋ ਸਕਦੀ ਹੈ, ਕਿਉਂਕਿ ਵੈਦਿਕ ਧਰਮ ਨਾਲ ਸੰਬੰਧਿਤ ਕੁਝ ਧਾਰਮਿਕ ਸੰਪ੍ਰਦਾਵਾਂ ਦੇ ਲੋਕ ਇਸ ਸ਼ਬਦ ਦੀ ਸੰਕੀਰਣ ਅਰਥਾਂ ਵਿਚ ਵਰਤੋਂ ਕਰਦਿਆਂ ਇਸ ਨੂੰ ਇਕ ਵਿਸ਼ਾਲ ਧਰਮ ਦੇ ਸਮੁਦਾਇ ਜਾਂ ਸੰਪ੍ਰਦਾਇ ਵਾਸਤੇ ਵਰਤਦੇ ਹਨ, ਜਿਹਾ ਕਿ ਨਾਥ ਪੰਥ, ਆਈ ਪੰਥ, ਗੋਰਖ ਪੰਥ, ਕਬੀਰ ਪੰਥ, ਉਦਾਸੀ ਪੰਥ, ਨਿਰਮਲ ਪੰਥ ਆਦਿ। 'ਪੰਥ' ਸ਼ਬਦ ਸੰਸਕ੍ਰਿਤ 'ਪਥਿਨ' ਤੋਂ ਵਿਕਸਿਤ ਹੋਇਆ ਹੈ, ਜਿਸ ਦੇ ਮੁਖ ਅਰਥ ਹਨ- ਮਾਰਗ, ਰਸਤਾ, ਯਾਤਰਾ, ਕਾਰਜ-ਪਧਤੀ, ਆਚਾਰ-ਵਿਹਾਰ, ਸੰਪ੍ਰਦਾਇ, ਸਿਧਾਂਤ ਆਦਿ। ਨਿਸ਼ਚਿਤ ਹੀ ਇਨ੍ਹਾਂ ਅਰਥਾਂ ਵਿਚ ਉਹ ਵਿਸ਼ੇਸ਼ ਭਾਵ ਪ੍ਰਤੱਖ ਤੌਰ ਤੇ ਦ੍ਰਿਸ਼ਟਮਾਨ ਨਹੀਂ ਹੁੰਦਾ, ਜਿਸ ਭਾਵ ਵਿਚ ਇਹ ਸ਼ਬਦ 'ਖ਼ਾਲਸਾ ਪੰਥ' ਨਾਲ ਸੰਬੰਧਿਤ ਹੋਇਆ ਹੈ। ਇਨ੍ਹਾਂ ਅਰਥਾਂ ਵਿਚ ਉਹ ਵਿਸ਼ਾਲਤਾ ਨਹੀਂ, ਉਹ ਸਪਿਰਿਟ ਵੀ ਨਹੀਂ, ਜੋ ਇਸ ਸ਼ਬਦ ਨੂੰ ਗੁਰੂ ਦੇ ਪੰਥ ਨੇ ਪ੍ਰਦਾਨ ਕੀਤੀ ਹੈ। ਅਗੇ ਅਸੀਂ ਇਸ ਸ਼ਬਦ ਨੂੰ ਸਿੱਖ ਧਰਮ ਦੀ ਵਿਚਾਰਧਾਰਾ ਦੇ ਸਨਮੁਖ ਵਿਚਾਰਨ ਦਾ ਯਤਨ ਕਰਾਂਗੇ। ਸਭ ਤੋਂ ਪਹਿਲਾਂ ਗੁਰਬਾਣੀ ਵਿਚ ਆਏ ਇਸ ਸ਼ਬਦ ਦੇ ਕੁਝ ਮਹਤਵਪੂਰਨ ਅਰਥ ਵਾਚਣੇ ਲਾਹੇਵੰਦ ਹੋ ਸਕਦੇ ਹਨ-

1. ਧਾਰਮਿਕ ਸਮੁਦਾਇ:ਮੰਨੈ ਮਗੁ ਨ ਚਲੈ ਪੰਥੁ॥
2. ਰਸਤਾ, ਮਾਰਗ:ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥
3. ਮੁਕਤੀ-ਮਾਰਗ:ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥
4. ਪਰਲੋਕ-ਮਾਰਗ:ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ॥
5. ਮੁਕਤੀ-ਮਾਰਗ ਦੱਸਣ ਵਾਲਾ:ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ॥
6. ਜੀਵਨ-ਪੰਧ:ਸੇਖ ਫਰੀਦਾ ਪੰਥੁ ਸਮਾਰਿ ਸਵੇਰਾ॥

ਉਪਰੋਕਤ ਅਰਥਾਂ ਤੋਂ ਕੇਵਲ ਇਹ ਨਿਸ਼ਾਨ-ਦੇਹੀ ਹੋ ਜਾਂਦੀ ਹੈ ਕਿ ਇਸ ਸ਼ਬਦ ਦਾ ਮੁਖ ਭਾਵ ਮਾਰਗ ਜਾਂ ਰਸਤਾ ਹੈ। ਜਦੋਂ ਇਹ ਕਿਸੇ ਸੰਗਠਨ ਵਾਸਤੇ ਵਰਤਿਆ ਜਾਂਦਾ ਹੈ, ਤਾਂ ਇਹ ਇਕੋ ਰਸਤੇ ਉਤੇ ਚਲਣ ਵਾਲੇ ਲੋਕਾਂ ਦੇ ਸਮੂਹ ਦੇ ਅਰਥ ਵਿਚ ਆਉਂਦਾ ਹੈ। ਜਦੋਂ ਵੀ ਇਹ ਕਿਸੇ ਧਾਰਮਿਕ ਸਮੁਦਾਇ ਲਈ ਵਰਤਿਆ ਜਾਂਦਾ ਹੈ, ਤਾਂ ਇਹ ਉਸ ਲੋਕ-ਸਮੂਹ ਲਈ ਵਰਤਿਆ ਜਾਂਦਾ ਹੈ, ਜਿਸ ਦੀ ਧਾਰਮਿਕ ਵਿਚਾਰਧਾਰਾ, ਵਿਵਹਾਰ-ਵਿਧੀ, ਪੂਜਾ-ਪਧਤੀ ਗੁਰਬਾਣੀ ਦੇ ਸਿਧਾਂਤ 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ' ਦੇ ਮਾਪ-ਦੰਡ ਅਨੁਸਾਰ ਇਕਰੂਪ ਹੋਵੇ। ਇਕੋ ਧਰਮ ਵਿਚੋਂ ਅਨੇਕਾਂ ਪੰਥ ਉਸ ਸਮੇਂ ਉਤਪੰਨ ਹੁੰਦੇ ਹਨ, ਜਦੋਂ ਵਖ-ਵਖ ਲੋਕ-ਸਮੂਹ ਆਪਣੀ ਪੂਜਾ-ਪਧਤੀ ਜਾਂ ਰਹੁਰੀਤੀ ਵਖਰੇ ਢੰਗ ਦੀ ਬਣਾ ਲੈਂਦੇ ਹਨ। ਆਮ ਬੋਲ-ਚਾਲ ਵਿਚ ਇਹ ਪੰਥ ਸ਼ਬਦ ਕਿਸੇ ਧਰਮ-ਵਿਸ਼ੇਸ਼ ਦੀ ਸੰਪ੍ਰਦਾਇ ਦੇ ਰੂਪ ਵਿਚ ਹੀ ਆਇਆ ਹੈ, ਕਿਸੇ ਪੂਰਨ ਵਿਕਸਿਤ ਵਿਲਖਣ ਧਾਰਮਿਕ ਮੱਤ ਵਾਸਤੇ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਸ਼ਬਦ ਸੰਬੰਧੀ ਸਿੱਖ ਪੰਥ ਦਾ ਨਵੇਕਲਾ ਅਤੇ ਮੌਲਿਕ ਚਿੰਤਨ ਹੈ। ਉਹ ਰਸਤੇ/ਮਾਰਗ ਅਤੇ ਮੰਜ਼ਿਲ ਦੋਹਾਂ ਦੀ ਆਪਣੀ ਵਖਰੀ ਵਿਆਖਿਆ ਪ੍ਰਸਤੁਤ ਕਰਦਾ ਹੈ। ਹਿੰਦੂ ਧਰਮ ਵਿਚ ਹਰ ਪੰਥ ਅਥਵਾ ਧਾਰਮਿਕ ਮਾਰਗ ਦੀ ਮੰਜ਼ਿਲ ਵੇਦ ਦੇ ਧਰਮ ਨੂੰ ਗ੍ਰਹਿਣ ਕਰਨ ਤਕ ਸੀਮਿਤ ਹੈ। ਵੇਦ ਦੇ ਧਰਮ ਦੀ ਅੰਤਿਮ ਮੰਜ਼ਿਲ ਤਕ ਪੁਜਣ ਵਾਸਤੇ ਵਖਰੀ-ਵਖਰੀ ਵਿਵਹਾਰ ਵਿਧੀ ਵਖਰਾ ਮਾਰਗ ਜਾਂ ਪੰਥ ਹੈ। ਅਰਥਾਤ ਆਰੀਆ ਲੋਕਾਂ ਦਾ ਧਰਮ ਵੇਦ ਹੈ, ਵੇਦ ਦਾ ਪਰਿਪਾਲਣ ਵਖ-ਵਖ ਤਰੀਕਿਆਂ ਨਾਲ ਕਰਨ ਵਾਲੇ ਲੋਕ-ਸਮੂਹ ਵਖ-ਵਖ ਪੰਥ ਹਨ। ਅਸੀਂ ਉਪਰ ਕਿਹਾ ਹੈ ਕਿ 'ਖ਼ਾਲਸਾ ਪੰਥ' ਨੇ 'ਧਰਮ' ਅਤੇ 'ਪੰਥ' ਨੂੰ ਨਵੀਨ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ, ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਨੇ ਅਧਿਆਤਮਕ ਮਾਰਗ ਅਤੇ ਅੰਤਿਮ ਮੰਜ਼ਿਲ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ ਹੈ, ਤਾਂ ਕਿ ਮਨੁੱਖ-ਮਾਤ੍ਰ ਦੀ ਜੀਵਨ-ਮੰਜ਼ਿਲ ਵਖ-ਵਖ ਨਾ ਹੋ ਜਾਵੇ। ਵਿਭਿੰਨ ਤਰੀਕਿਆਂ ਨਾਲ ਜੀਵਨ ਬਿਤੀਤ ਕਰ ਕੇ ਅੰਤ ਵਿਚ ਉਨ੍ਹਾਂ ਦੀ 'ਤਾਹੀ ਤੇ ਉਪਜ ਸਭ ਤਾਹੀ ਮਹਿ ਸਮਾਹਿੰਗੇ' ਵਾਲੀ ਅਭੇਦਤਾ ਬਣੀ ਰਹੇ। ਸਭ ਦੀ ਮੰਜ਼ਿਲ ਇਕ ਰਹੇ, ਮਾਰਗ ਵਖ-ਵਖ ਸੁਹਿਰਦਤਾ ਨਾਲ ਪ੍ਰਵਾਣ ਕਰ ਲਏ ਜਾਣ, ਤਾਂ ਕਿ ਹਰ ਪੰਥ ਦੀ ਆਪਣੀ ਨਵੇਕਲੀ ਵਿਚਾਰਧਾਰਾ ਅਤੇ ਪਹਿਚਾਣ ਵੀ ਬਣੀ ਰਹੇ, ਪਰ ਮਨੁੱਖਤਾ ਦਾ ਵਿਭਾਜਨ ਵੀ ਨਾ ਹੋਵੇ। ਮਾਨਵ ਏਕਤਾ ਦੇ ਸੰਬੰਧ ਵਿਚ ਸਿੱਖ ਪੰਥ ਦਾ ਇਹ ਦ੍ਰਿਸ਼ਟੀਕੋਣ ਇਕ ਬਹੁਤ ਹੀ ਕ੍ਰਾਂਤੀਕਾਰੀ ਕਦਮ ਕਿਹਾ ਜਾ ਸਕਦਾ ਹੈ। ਜਿਥੇ ਹੋਰ ਧਾਰਮਿਕ ਪੰਥਾਂ ਨੇ ਦੁਨੀਆ ਵਿਚ ਵਖ-ਵਖ ਧਰਮਾਂ ਦੀ ਧਾਰਨਾ ਉਤੇ ਮੋਹਰ ਲਾ ਕੇ ਧਾਰਮਿਕ ਆਧਾਰ ਉਤੇ ਮਾਨਵਤਾ ਦੇ ਵਿਭਾਜਨ ਨੂੰ ਸਵੀਕਾਰ ਕਰ ਲਿਆ ਹੈ, ਉਥੇ ਸਿੱਖ ਪੰਥ ਨੇ ਮਾਨਵਤਾ ਦਾ ਇਕੋ ਧਰਮ ਸਵੀਕਾਰ ਕਰ ਕੇ ਮਾਨਵ-ਏਕਤਾ ਨੂੰ ਇਕ ਪੁਸ਼ਟ ਆਧਾਰ ਪ੍ਰਦਾਨ ਕੀਤਾ ਹੈ। ਸਿੱਖ ਧਰਮ ਦੇ ਇਸ ਨਵ-ਦ੍ਰਿਸ਼ਟੀਕੋਣ ਨੂੰ ਅਸੀਂ ਅਗੇ ਸਪਸ਼ਟ ਕਰਨ ਦਾ ਯਤਨ ਕਰਾਂਗੇ।

'ਪੰਥ' ਦੇ ਸੰਬੰਧ ਵਿਚ ਕੋਈ ਵੀ ਚਰਚਾ ਅਧੂਰੀ ਹੈ, ਜਦੋਂ ਤਕ ਇਹ ਨਾ ਨਿਸ਼ਚਿਤ ਕਰ ਲਿਆ ਜਾਵੇ ਕਿ ਆਖ਼ਿਰ ਸਿੱਖ ਧਰਮ ਦੇ ਸੰਸਥਾਪਕਾਂ ਨੇ ਆਪਣੇ ਧਾਰਮਿਕ ਸਮੁਦਾਇ ਨੂੰ 'ਪੰਥ' ਦਾ ਨਾਮ ਕਿਉਂ ਦਿਤਾ ? ਕਿਉਂ ਸ੍ਰੀ ਗੁਰੂ ਨਾਨਕ ਜੀ ਦਾ 'ਨਿਰਮਲ ਪੰਥ' ਖ਼ਾਲਸੇ ਦੇ ਰੂਪ ਵਿਚ ਵਿਕਸਿਤ ਹੋ ਕੇ ਵੀ 'ਪੰਥ' ਅਖਵਾਇਆ, ਧਰਮ ਨਹੀਂ ? ਕੀ ਸਿੱਖ ਸਮੁਦਾਇ ਕਿਸੇ ਹੋਰ ਵਿਸ਼ਾਲ ਧਾਰਮਕਿ ਸੰਗਠਨ ਦੀ ਇਕ ਸੰਪ੍ਰਦਾਇ ਹੋਣ ਕਰ ਕੇ 'ਪੰਥ' ਦੇ ਨਾਮ ਨਾਲ ਪ੍ਰਚਲਿਤ ਹੈ ? ਜਿਤਨਾ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਲਭਣਾ ਜ਼ਰੂਰੀ ਹੈ, ਉਤਨਾ ਹੀ ਇਸ ਦਾ ਉਤਰ ਦਿਲਚਸਪ ਵੀ ਹੈ। ਵਾਸਤਵ ਵਿਚ ਇਸ ਦਾ ਉਤਰ ਆਪਣੇ ਮਾਨਵਤਾਵਾਦੀ ਸਰੋਕਾਰਾਂ ਕਰ ਕੇ ਧਾਰਮਿਕ ਚਿੰਤਨ ਵਿਚ ਇਕ ਬਹੁਤ ਅਹਿਮ ਕਦਮ ਹੈ, ਜਿਸ ਦੀ ਕਲਪਨਾ ਤਕ ਗੁਰੂ ਜੀ ਤੋਂ ਇਲਾਵਾ ਕਿਸੇ ਹੋਰ ਪਰਿਪੂਰਣ ਪੈਗੰਬਰ/ਅਵਤਾਰ ਦੀ ਦ੍ਰਿਸ਼ਟੀ ਨਹੀਂ ਪੁਜ ਸਕੀ, ਨਾ ਹੀ ਕਿਸੇ ਧਾਰਮਿਕ ਪੰਥ ਦੇ ਸਿਧਾਂਤ ਨੇ ਸਮੁਚੀ ਮਾਨਵਤਾ ਦੇ ਏਕੀਕਰਣ ਵਾਸਤੇ ਕੋਈ ਅਜਿਹਾ ਮਹਾਨ ਚਿੰਤਨ ਵਿਸ਼ਵ ਨੂੰ ਦਿਤਾ ਹੈ। ਇਸ ਮੁਦੇ ਉਤੇ ਵਿਚਾਰ ਨੂੰ ਅਗੇ ਤੋਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਗੁਰਬਾਣੀ ਵਿਚੋਂ 'ਧਰਮ' ਸ਼ਬਦ ਦਾ ਮੁਖ ਪ੍ਰਭਾਵ ਅਤੇ 'ਪੰਥ' ਨਾਲੋਂ ਇਸ ਦੇ ਵਖਰੇਵੇਂ ਨੂੰ ਉਚਿਤ ਰੀਤੀ ਨਾਲ ਸਮਝ ਲਿਆ ਜਾਵੇ, ਕਿਉਂਕਿ ਇਹੋ ਉਹ ਕੁੰਜੀ ਹੈ, ਜੋ ਉਪਰੋਕਤ ਪ੍ਰਸ਼ਨਾਂ ਦਾ ਉਤਰ ਲਭਣ ਵਾਸਤੇ ਸਹਾਇਕ ਹੋ ਸਕਦੀ ਹੈ। 'ਜਪੁ' ਬਾਣੀ ਦੀਆਂ ਕੇਵਲ ਇਹ ਦੋ ਪੰਕਤੀਆਂ ਹੀ 'ਧਰਮ' ਅਤੇ 'ਪੰਥ' ਦੇ ਅਰਥਾਂ ਵਿਚਲਾ ਅੰਤਰ ਸਪਸ਼ਟ ਕਰ ਦੇਂਦੀਆਂ ਹਨ-

ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥

ਅਰਥਾਤ ਨਾਮ ਦਾ ਮਨਨ ਕਰਨ ਵਾਲਾ ਮਨੁੱਖ ਵਖ-ਵਖ ਧਾਰਮਿਕ ਸਮੁਦਾਇ ਆਦਿ ਦੇ ਵਿਤਕਰਿਆਂ ਵਿਚ ਨਹੀਂ ਪੈਂਦਾ, ਕਿਉਂਕਿ ਉਸ ਦਾ ਸੰਬੰਧ ਇਕ ਵਿਸ਼ਵ-ਵਿਆਪੀ ਧਰਮ ਨਾਲ ਜੁੜ ਜਾਂਦਾ ਹੈ। ਉਪਰੋਕਤ ਪੰਕਤੀਆਂ ਵਿਚ 'ਪੰਥ' ਸ਼ਬਦ ਧਾਰਮਿਕ ਸਮੁਦਾਇ ਦੇ ਅਰਥਾਂ ਵਿਚ ਆਇਆ ਹੈ, ਜਦੋਂ ਕਿ ਧਰਮ ਦਾ ਘੇਰਾ ਸਾਰੀ ਮਨੁੱਖਤਾ ਤਕ ਵਿਸਤ੍ਰਿਤ ਕੀਤਾ ਗਿਆ ਹੈ। ਭਾਵ ਸਾਰੀ ਮਨੁੱਖਤਾ ਦਾ ਧਰਮ ਸਿਰਫ਼ ਇਕ ਹੈ ਅਤੇ ਉਸ ਇਕੋ ਮਾਨਵ-ਧਰਮ ਦੀ ਪ੍ਰਾਪਤੀ ਵਾਸਤੇ ਅਵਤ੍ਰਿਤ ਵਿਭਿੰਨ ਵਿਚਾਰਧਾਰਾ ਅਤੇ ਵਖਰੀ ਪਛਾਣ ਵਾਲੇ ਧਾਰਮਿਕ ਮੱਤ ਵਖ-ਵਖ ਪੰਥ ਹਨ। ਇਹ ਪੰਥ ਵਖ-ਵਖ ਧਰਮ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਅਜਿਹੇ ਕ੍ਰਾਂਤੀਕਾਰੀ ਵਿਚਾਰ ਸਨ, ਜੋ ਗੁਰੂ ਜੀ ਤੋਂ ਪਹਿਲਾਂ ਸ਼ਾਇਦ ਕੇਵਲ ਮਹਾਤਮਾ ਬੁਧ ਨੇ ਹੀ ਪ੍ਰਗਟ ਕੀਤੇ ਹੋਣਗੇ, ਕਿਉਂਕਿ ਉਨ੍ਹਾਂ ਦਾ ਧਰਮ ਦਾ ਸੰਕਲਪ ਵੀ ਸਿੱਖ ਪੰਥ ਵਾਂਗ ਕਿਸੇ ਉਚਤਮ ਵਿਸ਼ਾਲਤਾ ਉਤੇ ਟਿਕਿਆ ਹੋਇਆ ਸੀ, ਜਿਸ ਵਿਚ ਸੰਪ੍ਰਦਾਇਕ ਸੰਕੀਰਣਤਾ ਦਾ ਸਿੱਖ ਪੰਥ ਵਾਂਗ ਹੀ ਅਭਾਵ ਹੈ। ਹੋਰ ਕਿਸੇ ਧਾਰਮਿਕ ਪੰਥ ਨੇ ਧਰਮ ਪ੍ਰਤੀ ਅਜਿਹੀ ਵਿਸ਼ਾਲ ਦ੍ਰਿਸ਼ਟੀ ਨਹੀਂ ਅਪਣਾਈ। ਹਕੀਕਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਦੁਆਰਾ ਧਾਰਨ ਕਰਨ ਯੋਗ ਸਦਗੁਣਾਂ ਨੂੰ 'ਧਰਮ' ਕਿਹਾ ਗਿਆ ਹੈ, ਕਿਸੇ ਵਿਲਖਣ ਧਾਰਮਿਕ ਵਿਚਾਰਧਾਰਾ ਨੂੰ ਨਹੀਂ। ਧਰਮ ਦਾ ਘੇਰਾ ਕਿਸੇ ਵੀ ਧਾਰਮਿਕ ਸਮੁਦਾਇ ਤਕ ਸੰਕੁਚਿਤ ਨਹੀਂ ਰਖਿਆ, ਸਗੋਂ ਧਰਮ ਨੂੰ ਸਾਰੀ ਮਾਨਵਤਾ ਤਕ ਵਿਸਤ੍ਰਿਤ ਕੀਤਾ ਹੈ। ਇਸੇ ਲਈ ਗੁਰਬਾਣੀ ਵਿਚ ਧਰਮ ਸ਼ਬਦ ਬਹੁਤ ਵਾਰ ਮਨੁੱਖ ਦੇ ਧਾਰਨ ਕਰਨ ਯੋਗ ਸਤ-ਕਰਮਾਂ ਜਪ, ਤਪ, ਸਤ, ਸੰਤੋਖ, ਦਇਆ ਆਦਿ ਨਾਲ ਸੰਬੰਧਿਤ ਹੋ ਕੇ ਆਇਆ ਹੈ, ਯਥਾ-

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ॥...
ਜਿਤੁ ਕਾਰਜਿ ਸਤੁ ਸੰਤੋਖੁ
ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥...
ਸਤੁ ਸੰਤੋਖੁ ਦਇਆ ਧਰਮੁ ਸਚੁ
ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥...

ਸਿੱਖ ਵਿਚਾਰਧਾਰਾ ਦੀ ਇਹ ਵਿਲਖਣਤਾ ਹੈ ਕਿ ਇਸ ਨੇ ਪੰਥਕ ਸਰੋਕਾਰਾਂ ਅਤੇ ਮਾਨਵੀ ਸਰੋਕਾਰਾਂ ਨੂੰ ਰਲਗਡ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕੋ ਮਾਨਵੀ ਧਰਮ ਦੀ ਵਕਾਲਤ ਕਰਦੀ ਹੈ ਅਤੇ ਇਸ ਦਾ ਸੰਦੇਸ਼ ਕਿਸੇ ਪੰਥ-ਵਿਸ਼ੇਸ਼ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ। ਇਸ ਦਾ ਅਧਿਆਤਮਕ ਉਪਦੇਸ਼ ਸਮੁਚੀ ਮਾਨਵਤਾ ਨੂੰ ਇਕੋ ਧਰਮ ਨਾਲ ਜੋੜਦਾ ਹੈ। ਇਹ ਬਾਣੀ ਮਾਨਵਤਾ ਦਾ ਧਰਮ ਹੈ, ਕਿਸੇ ਪੰਥ ਵਿਸ਼ੇਸ਼ ਤਕ ਸੀਮਿਤ ਹੋਇਆ ਸੰਕੀਰਣ ਧਰਮ ਨਹੀਂ। ਇਸ ਦੇ ਵਿਚਾਰ-ਘੇਰੇ ਵਿਚ ਵਿਸ਼ਵ ਦਾ ਹਰ ਮਨੁੱਖ ਸਿਮਟਿਆ ਹੋਇਆ ਹੈ। ਵਾਸਤਵ ਵਿਚ ਸਤ, ਸੰਤੋਖ ਆਦਿ ਸਦਗੁਣਾਂ ਦੀ ਪ੍ਰੇਰਨਾ ਵਾਲਾ ਇਹ ਗ੍ਰੰਥ ਅਖੰਡ ਅਤੇ ਅਵਿਭਾਜਿਤ ਧਰਮ ਹੈ, ਜਿਸ ਨੂੰ ਸਿੱਖਾਂ ਦਾ ਧਰਮ ਜਾਣ ਕੇ ਮਨੁੱਖਤਾ ਦਾ ਬੇਮੁਖ ਰਹਿਣਾ ਵੀ ਦੁਰਭਾਗਪੂਰਨ ਹੈ ਅਤੇ ਪਵਿੱਤਰਤਾ ਜਾਂ ਮਰਯਾਦਾ ਦੇ ਬੰਧਨਾਂ ਦੀਆਂ ਦੀਵਾਰਾਂ ਖੜੀਆਂ ਕਰ ਕੇ ਸਿੱਖਾਂ ਵਲੋਂ ਮਨੁੱਖਤਾ ਨੂੰ ਇਸ ਤੋਂ ਵੰਚਿਤ ਰਖਣਾ ਵੀ ਵਡਾ ਅਭਾਗ ਹੈ। ਇਹ ਜਗਤ ਗੁਰੂ ਹੈ, ਜੋ ਪੰਥ ਨੂੰ ਉਸੇ ਤਰ੍ਹਾਂ ਦੀ ਨਿਰਮਲ ਅਗਵਾਈ ਪ੍ਰਦਾਨ ਕਰਦਾ ਹੈ, ਜਿਵੇਂ ਦੀ ਸਾਰੀ ਮਾਨਵਤਾ ਨੂੰ। 'ਸਿੱਖ ਪੰਥ' ਇਸ ਅਵਿਭਾਜਿਤ ਧਰਮ ਦਾ ਪਰਮ ਸੇਵਕ ਸੰਗਠਨ ਹੋ ਕੇ ਸਮੁਚੀ ਮਾਨਵਤਾ ਨੂੰ ਇਸ ਦੇ ਅਖੰਡ ਅਮ੍ਰਿਤ ਵਿਚ ਰਸਲੀਨ ਕਰੇਗਾ, ਸ਼ਾਇਦ ਗੁਰੂ ਜੀ ਦੀ ਇਹੋ ਪਰਿਕਲਪਨਾ ਰਹੀ ਹੋਵੇਗੀ। ਇਸ ਸ੍ਰੇਸ਼ਠ, ਉਚਤਮ ਅਤੇ ਪੁਨੀਤ ਦਾਇਤਵ ਨੂੰ ਵਿਵਸਥਿਤ ਢੰਗ ਨਾਲ ਨਿਰੰਤਰ ਨਿਭਾਉਣ ਵਾਸਤੇ ਸਿੱਖ ਪੰਥ ਦੀ ਆਪਣੀ ਵਿਲਖਣ ਜਥੇਬੰਦੀ ਹੋਣਾ ਲਾਜ਼ਮੀ ਸੀ, ਇਸੇ ਕਾਰਨ ਗੁਰੂ ਜੀ ਨੇ ਪੰਥ ਦੇ ਉਦਗਮ ਨੂੰ ਦੈਵੀ ਆਖਿਆ ਸੀ, ਯਥਾ- ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ। ਜਥੇਬੰਦੀ ਦੀ ਸੁਦ੍ਰਿੜਤਾ ਵਾਸਤੇ ਉਸ ਵਿਚ 'ਉਤਮ ਪੰਥ' ਹੋਣ ਦਾ ਪੁਨੀਤ-ਅਹੰ ਹੋਣਾ ਵੀ ਲਾਜ਼ਮੀ ਹੈ। ਗੁਰੂ ਜਿਥੇ ਇਕ ਪਾਸੇ ਸਾਰੀ ਮਾਨਵਤਾ ਦਾ ਉਪਦੇਸ਼-ਕਰਤਾ ਹੈ, ਉਥੇ ਉਹ 'ਸੇਵਕ ਸਿੱਖ ਹਮਾਰੇ ਤਾਰੀਅਹਿ' ਦੇ ਸੰਕਲਪ ਵਾਲਾ ਪੰਥ-ਪ੍ਰਸਤ ਸੱਚਾ ਪਾਤਸ਼ਾਹ ਵੀ ਹੈ। ਪੰਥ ਦੇ ਸਫਲ ਵਿਕਾਸ ਲਈ ਉਹ ਆਪਣੇ ਆਪ ਵਿਚ ਪੰਥ-ਪ੍ਰਸਤੀ ਵਾਲਾ ਪੁਨੀਤ-ਅਹੰ ਆਰੋਪਿਤ ਕਰਦਾ ਹੈ, ਹਾਲਾਕਿ ਉਸ ਦੀ ਪੰਥ-ਪ੍ਰਸਤੀ ਹੋਰ ਪੰਥ-ਪ੍ਰਸਤਾਂ ਨਾਲ ਝਗੜਾ ਨਹੀਂ ਪੈਦਾ ਕਰਦੀ, ਕਿਉਂਕਿ ਉਹ 'ਮਜ਼ਬ ਤੁਮਾਰਾ ਤੁਮ ਕੋ ਖ਼ੂਬ, ਹਮਾਰਾ ਹਮ ਕੋ ਖ਼ੂਬ' ਕਹਿ ਕੇ ਸਾਰੇ ਅਧਿਆਤਮਕ ਪੰਥਾਂ ਵਿਚ ਸੁਹਿਰਦਤਾ ਸਥਾਪਿਤ ਕਰਨ ਵਾਲਾ ਸੂਤ੍ਰਧਾਰ ਸਤਿਗੁਰੂ ਹੈ। ਪਰ 'ਹਮਾਰਾ ਹਮ ਕੋ ਖ਼ੂਬ' ਦੇ ਕਥਨ ਵਿਚ ਵੀ ਉਹ ਆਪਣੇ ਪੰਥ ਦਾ ਪਖਧਰ ਹੈ। ਅਸਲ ਵਿਚ ਉਹ ਸਰੀਰ ਕਰ ਕੇ ਪੰਥ ਦਾ ਹੈ ਅਤੇ ਆਤਮਾ ਕਰ ਕੇ ਜਗਤ ਦਾ। ਉਸ ਦੀ ਬਾਣੀ ਰੂਪ ਆਤਮਾ 'ਧਰਮ' ਹੈ ਅਤੇ ਕਾਇਆ 'ਪੰਥ' ਹੈ। ਉਸ ਨੂੰ ਸਾਰੀਰਿਕ ਰੂਪ ਵਿਚ ਪੂਰਾ ਵਿਸ਼ਵ ਆਪਣੇ ਰਾਹਨੁਮਾ ਨਹੀਂ ਪ੍ਰਵਾਨ ਕਰ ਸਕਦਾ, ਪਰ ਉਸ ਦੀ ਬਾਣੀ ਉਤੇ ਸਾਰੀ ਮਾਨਵਤਾ ਨੂੰ ਵਿਸ਼ਵਾਸ ਹੋ ਸਕਦਾ ਹੈ। ਬਹੁਤ ਏਕਾਗ੍ਰ-ਚਿਤ ਹੋ ਕੇ ਵਿਚਾਰੀਏ, ਤਾਂ ਇਹ ਵੀ ਦਿਸਦਾ ਹੈ ਕਿ ਜਿਨ੍ਹਾਂ ਸਰੂਪਾਂ (ਵਿਸ਼ੇਸ਼ ਕਰ ਕੇ ਛੇਵੇਂ ਅਤੇ ਦਸਵੇਂ ਰੂਪ) ਵਿਚ ਉਹ ਅਤੀ-ਪੰਥਕ ਹੈ, ਉਨ੍ਹਾਂ ਸਰੂਪਾਂ ਵਿਚ ਉਸ ਨੇ ਜਾਂ ਤਾਂ ਬਾਣੀ ਉਚਾਰਣ ਨਹੀਂ ਕੀਤੀ, ਜਾਂ ਉਸ ਬਾਣੀ ਨੂੰ ਵਿਸ਼ਵ-ਕਲਿਆਣ ਵਾਲੀ ਬਾਣੀ ਤੋਂ ਭਿੰਨ ਰਖਿਆ ਹੈ। ਇੰਵ ਸੋਚਿਆਂ ਇਹ ਬਹੁਤ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਾਨਵ-ਕਲਿਆਣ ਦਾ ਗ੍ਰੰਥ ਹੈ, ਜਦੋਂ ਕਿ ਸ੍ਰੀ ਦਸਮ ਗ੍ਰੰਥ ਪੰਥ-ਉਥਾਨ ਦਾ ਗ੍ਰੰਥ ਹੈ।

ਉਪਰ ਜੋ ਅਸਾਂ ਸਮਝਿਆ ਹੈ, ਉਸ ਤੋਂ ਇਹ ਦਿਲਚਸਪ ਵਿਚਾਰ ਨਿਕਲਿਆ ਹੈ ਕਿ ਸ੍ਰੀ ਗੁਰੂ ਜੀ ਇਕੋ ਸਮੇਂ ਜਗਤ-ਗੁਰੂ ਅਤੇ ਪੰਥ-ਗੁਰੂ ਹਨ। ਉਹ ਕਰਤਾਰਪੁਰ, ਹਰਿਦੁਆਰ ਅਤੇ ਕਾਅਬੇ ਵਿਚ ਇਕਸਮਾਨ ਗੁਰੂ-ਫ਼ਰਜ਼ ਪੂਰਾ ਕਰਨ ਦੇ ਸਮਰਥ ਜਗਤ-ਗੁਰੂ ਸੀ, ਪਰ ਉਹ ਮਾਨਵ-ਧਰਮ ਨੂੰ ਸੁਦ੍ਰਿੜ ਕਰਨ ਦੇ ਨਾਲ-ਨਾਲ ਸਿੱਖ ਜਥੇਬੰਦੀ ਦੇ ਵਿਕਾਸ ਦਾ ਕਾਰਜ ਵੀ ਨਿਭਾ ਰਿਹਾ ਸੀ। ਪੰਥ ਨੂੰ ਪਰਿਪੂਰਣ ਅਤੇ ਵਿਲਖਣ ਸਰੂਪ ਦੇਣ ਵਾਸਤੇ ਉਹ ਪੰਥਕ ਸੰਸਥਾਵਾਂ ਦਾ ਨਿਰਮਾਣ-ਕਾਰਜ ਵੀ ਕਰ ਰਿਹਾ ਸੀ। ਉਸ ਵਿਚ ਸਥਿਤ ਹੋਇਆ ਮੀਰੀ ਅਤੇ ਪੀਰੀ ਦਾ ਚਿੰਤਨ ਇਕ ਮਾਨਵ-ਧਰਮ ਅਤੇ ਪੰਥਕ-ਜਥੇਬੰਦੀ ਦੋਹਾਂ ਦੀਆਂ ਲੋੜਾਂ ਪੂਰੀਆਂ ਕਰ ਸਕਦਾ ਸੀ। ਉਸ ਕੋਲ ਇਕ ਤਲਵਾਰ ਧਰਮ ਦੀ ਸੀ, ਜੋ ਕੇਵਲ ਇਕੋ ਹੈ। ਦੂਜੀ ਤਲਵਾਰ ਜਥੇਬੰਦੀ ਦੇ ਸਿਰਦਾਰ ਵਾਲੀ ਸੀ, ਜਿਸ ਨਾਲ ਉਹ ਜਥੇਬੰਦੀ ਦੀ ਸਰਬ-ਭਾਂਤ ਪ੍ਰਫੁਲਤਾ ਵਾਸਤੇ ਜੂਝਣ ਲਈ ਸਦਾ ਤਤਪਰ ਸੀ। ਉਹ ਇਕੋ ਸਮੇਂ ਭਾਈ ਕਨ੍ਹਈਆ ਅਤੇ ਆਪਣੇ ਜੁਝਾਰੂ ਸੂਰਬੀਰਾਂ, ਦੋਹਾਂ ਦਾ ਅੰਗ ਪਾਲ ਸਕਦਾ ਸੀ, ਕਿਉਂਕਿ ਉਹ ਆਪਣੇ ਇਕ ਰੂਪ ਵਿਚ ਸਰਬ-ਸਾਂਝਾ ਸੀ, ਪਰ ਦੂਜੇ ਰੂਪ ਵਿਚ ਕੇਵਲ ਪੰਥ ਦਾ ਕਲਗੀਆਂ ਵਾਲਾ ਸਤਿਗੁਰੂ ਸੀ। ਅਸੀਂ ਪਹਿਲਾਂ ਵੀ ਕਹਿ ਆਏ ਹਾਂ ਕਿ ਵਾਸਤਵ ਵਿਚ ਉਸ ਦਾ ਆਤਮਾ ਜਗਤ ਲਈ ਸੀ, ਪਰ ਸਰੀਰ ਪੰਥ ਵਾਸਤੇ। ਆਪਣੇ ਦਸ ਅਵਤਾਰਾਂ ਮਗਰੋਂ ਉਸ ਨੇ ਆਪਣਾ ਸ਼ਬਦ ਰੂਪ ਵਿਸ਼ਵ-ਆਤਮਾ ਸਮੁਚੀ ਮਾਨਵਤਾ ਨੂੰ ਸੌਂਪ ਦਿਤਾ ਸੀ, ਪਰ ਕਾਇਆ ਆਪਣੇ ਪੰਥ ਵਿਚ ਵਿਲੀਨ ਕਰ ਦਿਤੀ ਸੀ, ਕਿਉਂਕਿ ਉਸ ਦੀ ਕਾਇਆ ਕੇਵਲ ਪੰਥ ਵਾਸਤੇ ਸੀ। ਹੁਣ ਉਹ ਗ੍ਰੰਥ ਗੁਰੂ ਹੋ ਕੇ ਸਿੱਖਾਂ ਦੇ ਨਾਲ-ਨਾਲ ਸੰਸਾਰ ਦਾ ਗੁਰੂ ਹੈ, ਜਦੋਂ ਕਿ ਪੰਥ ਗੁਰੂ ਹੋ ਕੇ ਜਥੇਬੰਦੀ ਦੇ ਸਰੂਪ ਵਿਚ ਵਿਲੀਨ ਹੋ ਗਿਆ ਹੈ।

ਇਸ ਉਚਤਮ ਧਰਮ-ਦਰਸ਼ਨ ਵਿਚੋਂ ਨਿਕਲ ਕੇ 'ਪੰਥ' ਸ਼ਬਦ ਸਾਡੀ ਸੁਤੰਤਰ ਪਛਾਣ ਵਾਲੀ ਵਿਲਖਣ ਧਾਰਮਿਕ ਜਥੇਬੰਦੀ ਵਾਸਤੇ ਰੂੜ ਹੋਇਆ ਹੈ। ਸਿੱਖਾਂ ਦੀ ਜਥੇਬੰਦੀ ਸੰਨਿਆਸੀਆਂ, ਨਾਥਾਂ, ਜੋਗੀਆਂ ਆਦਿ ਵਾਂਗ ਕਿਸੇ ਹੋਰ ਵਡੇ ਪੰਥ ਦਾ ਸਮੁਦਾਇ ਹੋਣ ਕਾਰਨ 'ਪੰਥ' ਨਹੀਂ, ਬਲਕਿ ਆਪਣੀ ਨਵੇਕਲੀ ਧਾਰਮਿਕ ਵਿਚਾਰਧਾਰਾ ਅਤੇ ਸਰੂਪ ਦੇ ਹੁੰਦਿਆਂ ਹੋਇਆਂ, ਉਸੇ ਤਰ੍ਹਾਂ ਵਿਸ਼ਵ-ਵਿਆਪੀ ਧਰਮ ਦਾ ਇਕ ਪੰਥ ਹੈ, ਜਿਵੇਂ ਯਹੂਦੀ, ਈਸਾਈ, ਮੁਸਲਮਾਨ, ਹਿੰਦੂ, ਬੁਧ ਆਦਿ। ਭਾਰਤ ਦੇ ਹੋਰ ਪੰਥ ਯਹੂਦੀ, ਮੁਸਲਮਾਨ, ਈਸਾਈ, ਹਿੰਦੂ ਆਦਿ ਅਨੇਕਾਂ ਧਰਮਾਂ ਦੇ ਅਸਤਿਤ੍ਵ ਨੂੰ ਕਲਪ ਕੇ ਆਪਣੇ ਆਪ ਨੂੰ ਵੈਦਿਕ ਧਰਮ ਦਾ ਇਕ ਪੰਥ ਭਾਵ ਸੰਪ੍ਰਦਾਇ ਮੰਨਦੇ ਰਹੇ ਹਨ, ਜਦੋਂ ਕਿ 'ਖ਼ਾਲਸਾ ਪੰਥ' ਸਾਰੇ ਵਿਸ਼ਵ ਲਈ ਇਕੋ ਧਰਮ ਕਲਪ ਕੇ ਆਪਣੇ-ਆਪ ਨੂੰ ਉਸ ਸਰਬ-ਵਿਆਪਕ ਧਰਮ ਦਾ ਇਕ ਪੰਥ ਦਰਸਾਉਣ ਵਿਚ ਮਾਨ ਮਹਿਸੂਸ ਕਰਦਾ ਹੈ। ਧਰਮ ਸ਼ਬਦ ਜਦੋਂ ਸੰਕੀਰਣ ਅਰਥਾਂ ਵਿਚ ਵਰਤ ਕੇ ਇਸ ਨੂੰ ਇਸਲਾਮ, ਹਿੰਦੂ, ਯਹੂਦੀ ਆਦਿ ਪੰਥਾਂ ਵਾਸਤੇ ਵਰਤਦੇ ਹਾਂ, ਤਾਂ ਉਸ ਸਥਿਤੀ ਵਿਚ ਨਿਸ਼ਚਿਤ ਤੌਰ ਤੇ ਸਿੱਖ ਪੰਥ ਵੀ ਇਕ ਪਰਿਪੂਰਣ ਧਰਮ ਹੈ, ਪਰ ਜਦੋਂ ਗੁਰੂ ਜੀ ਦੁਆਰਾ ਸਥਾਪਿਤ ਉਚੇਰੇ ਧਰਮ-ਚਿੰਤਨ ਅਨੁਸਾਰ ਕੇਵਲ ਇਕੋ ਵਿਸ਼ਵ-ਧਰਮ ਦੀ ਕਲਪਨਾ ਕਰਦੇ ਹਾਂ, ਤਾਂ ਖ਼ਾਲਸਾ ਜਮਾਤ ਇਕ ਪੂਰਨ ਵਿਕਸਿਤ ਸਰਬ-ਗੁਣ ਸੰਪੰਨ ਵਿਲਖਣ ਪੰਥ ਹੈ।

'ਜਪੁ' ਬਾਣੀ ਦੇ ਪੰਜ ਖੰਡਾਂ ਵਿਚੋਂ ਪਹਿਲਾ ਧਰਮ-ਖੰਡ ਹੈ। ਇਸ ਧਰਮ-ਖੰਡ ਦੀਆਂ ਸੀਮਾਵਾਂ ਕਿਸੇ ਪੰਥ ਤਕ ਸੰਕੁਚਿਤ ਨਹੀਂ, ਬਲਕਿ ਹਰ ਜੀਵ-ਜੰਤੂ ਨੂੰ ਆਪਣੀ ਵਲਗਣ ਵਿਚ ਸਮੇਟਦੀਆਂ ਹਨ। ਧਰਮਸਾਲ ਪੂਰੀ ਧਰਤੀ ਹੈ, ਧਰਤੀ ਦਾ ਇਕ ਖੰਡ ਨਹੀਂ। ਜਿਥੇ ਭਾਰਤੀ ਦਰਸ਼ਨ ਦੇ ਨੌਂ ਖੰਡ ਧਰਤੀ ਅਤੇ ਉਸ ਉਤੇ ਵਸਦੀ ਮਨੁੱਖਤਾ ਨੂੰ ਵਿਭਾਜਿਤ ਕਰਦੇ ਹਨ, ਉਥੇ 'ਜਪੁ' ਬਾਣੀ ਦੇ ਪੰਜ ਖੰਡ ਸਮੁਚੀ ਮਾਨਵ-ਜਾਤਿ ਨੂੰ ਏਕਤਾ ਦੇ ਸੂਤ੍ਰ ਵਿਚ ਪ੍ਰੋਅ ਦੇਂਦੇ ਹਨ। 'ਧਰਮ-ਖੰਡ' ਵਾਂਗ ਹੀ ਗਿਆਨ-ਖੰਡ, ਸਰਮ-ਖੰਡ ਅਤੇ ਕਰਮ-ਖੰਡ ਦੀ ਸਾਧਨਾ ਮਾਨਵ ਵਾਸਤੇ ਹੈ, ਕਿਸੇ ਪੰਥ-ਵਿਸ਼ੇਸ਼ ਦੇ ਲੋਕਾਂ ਤਕ ਸੀਮਿਤ ਨਹੀਂ। ਵਿਆਪਕ ਗਿਆਨ ਦੀ ਪ੍ਰਾਪਤੀ ਕਰਨਾ ਇਹ ਮਾਨਵੀ ਲਕਸ਼ ਹੈ, ਪੰਥਕ ਨਹੀਂ। ਸੁਰਤਿ, ਮਤਿ, ਮਨੁ ਅਤੇ ਬੁਧੀ ਦੀ ਘਾੜਤ ਦੀਆਂ ਸੀਮਾਵਾਂ ਪੰਥ ਤਕ ਸੰਕੁਚਿਤ ਨਹੀਂ ਹਨ, ਬਲਕਿ ਇਨ੍ਹਾਂ ਦਾ ਸਰਬ-ਵਿਆਪਕ ਪਾਸਾਰ ਸਾਰੀ ਮਾਨਵ-ਜਾਤਿ ਤਕ ਵਿਸਤ੍ਰਿਤ ਹੈ। ਪਹਿਲੇ ਚਾਰ ਖੰਡਾਂ ਦੀ ਸਾਧਨਾ ਵਿਚੋਂ ਪੁਗ ਕੇ ਸਚ-ਖੰਡ ਵਿਚ ਪੁਜੇ ਜੀਵ ਕਿਸੇ ਸੰਪ੍ਰਦਾਇ ਵਿਸ਼ੇਸ਼ ਨਾਲ ਸੰਬੰਧਿਤ ਨਹੀਂ ਹੁੰਦੇ, ਬਲਕਿ ਵਖ-ਵਖ ਲੋਕਾਂ (ਧਰਤੀਆਂ) ਦੇ ਆਕਾਰਧਾਰੀਆਂ ਵਿਚੋਂ ਹੁੰਦੇ ਹਨ। ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ 'ਪੰਥ' ਅਤੇ 'ਧਰਮ' ਵਖ-ਵਖ ਭਾਵ ਵਿਚ ਆਏ ਹਨ ਅਤੇ ਇਸ ਸਿਧਾਂਤ ਦਾ ਮੂਲ ਪ੍ਰਯੋਜਨ ਹੈ, ਸਮੁਚੀ ਮਨੁੱਖਤਾ ਨੂੰ ਏਕਤਾ ਦੇ ਸੂਤ੍ਰ ਵਿਚ ਪ੍ਰੋਣਾ।

***(ਬਾਕੀ ਅਗਲੇ ਅੰਕ 'ਚ)***



ਫੋਟੋ:ਲੌਂਗਮੈਨ ਸਟੂਡੀਓ

# ਚੁਟਕਲੇ ਜੋੜਨ ਦਾ ਬੜਾ ਮਾਹਿਰ ਹੈ ਸੁਰਜਨ ਜ਼ੀਰਵੀ

**ਸਫਰ ਜ਼ਿੰਦਗੀ ਦਾ**

**ਹਰਭਜਨ ਹੁੰਦਲ**

ਜਦੋਂ ਦਾ ਟਰਾਂਟੋ ਪਹੁੰਚਿਆ ਸੀ, ਮੈਨੂੰ ਸੁਰਜਨ ਜ਼ੀਰਵੀ ਨੂੰ ਮਿਲਣ ਦੀ ਤਾਂਘ ਤੜਪਾਉਂਦੀ ਪਈ ਸੀ। ਸ਼ਿਕਾਗੋ ਤੋਂ ਬਲਰਾਜ ਚੀਮੇ ਦੀ ਕਾਰ ਰਾਹੀਂ ਮੈਂ ਲੰਮੇ ਤੇ ਥਕੇਵੇਂ ਭਰੇ ਸਫਰ ਤੋਂ ਬਾਅਦ ਟੋਰਾਂਟੋ ਅਪੜਿਆ ਸੀ, ਦੋ-ਤਿੰਨ ਦਿਨ ਅੰਗ ਆਕੜੇ ਰਹੇ। ਤੀਸਰੇ ਦਿਨ ਨੀਮ-ਗਰਮ ਪਾਣੀ ਨਾਲ ਨਹਾ ਧੋ ਕੇ, ਜਦੋਂ ਸਰੀਰ ਕੁਝ ਤੁੜਕਿਆ ਤਾਂ ਮੈਂ ਡਾਇਰੀ ਕੱਢ ਸੁਰਜਨ ਜ਼ੀਰਵੀ ਨੂੰ ਫੋਨ ਖੜਕਾਇਆ। ਅੱਗੋਂ ਉਹੀ ਮੱਕੀ ਦੇ ਫੁੱਲਿਆਂ ਵਰਗਾ ਹਾਸਾ ਸੁਣਿਆ। ਕਹਿਣ ਲੱਗਾ, ''ਮਿਲਦੇ ਹਾਂ ਕਿਤੇ। ਮੇਰੇ ਕੋਲ ਕਾਰ ਨਹੀਂ ਹੈ। ਤੂੰ ਆਇਆ ਏਂ ਤਾਂ ਮਿਲਣਾ ਨਾ ਭੁੱਲੀਂ। ਏਥੇ ਆ ਕੇ ਬੰਦੇ ਭੀੜ ਵਿਚ ਗਵਾਚ ਜਾਂਦੇ ਹਨ।''

ਵੱਖ-ਵੱਖ ਸਾਹਿਤ-ਸਭਾਵਾਂ ਵਲੋਂ ਲੇਖਕਾਂ ਦੀਆਂ ਇਕੱਤਰਤਾਵਾਂ ਕੀਤੀਆਂ ਗਈਆਂ, ਪਰ ਜ਼ੀਰਵੀ ਨਾ ਮਿਲਿਆ। ਮੈਂ ਚੀਮੇ ਨੂੰ ਪੁਛਿਆ! ਕਹਿਣ ਲੱਗਾ, ''ਕਰਦੇ ਆਂ ਕੋਈ ਜੁਗਾੜ, ਜ਼ੀਰਵੀ ਨੂੰ ਤਾਂ ਜਾ ਕੇ ਲਿਆਉਣਾ ਪੈਂਦਾ।''

ਰਿਸ਼ਤੇਦਾਰਾਂ, ਵਾਕਫਕਾਰਾਂ, ਸ਼ਾਗਿਰਦਾਂ ਤੇ ਲੇਖਕਾਂ ਦੇ ਘਰਾਂ ਵਿਚ ਪ੍ਰਾਹੁਣਚਾਰੀ ਦੇ ਪ੍ਰੀਤੀ-ਭੋਜਨ ਖਾਂਦਿਆਂ ਕਈ ਦਿਨ ਲੰਘ ਗਏ। ਫਿਰ ਹਫਤਾ ਭਰ ਐਡਮਿੰਟਨ ਦੀ ਯਾਤਰਾ। ਜਦੋਂ ਉਧਰੋਂ ਪਰਤਿਆਂ ਤਾਂ ਘਰ-ਵਾਪਸੀ ਵਿਚ ਸਿਰਫ ਦੋ ਦਿਨ ਰਹਿ ਗਏ ਸਨ। ਦੋ ਦਿਨ ਵਿਚ ਹਰ ਮਿੱਤਰ ਤੇ ਲੇਖਕ ਨੂੰ ਵਾਪਸੀ ਸਲਾਮ ਕਹਿਣੀ ਸੀ। ਅਖੀਰ ਬਲਰਾਜ ਚੀਮਾ ਆਖਣ ਲੱਗਾ, ''ਅੱਜ ਦਾ ਕੀ ਪ੍ਰੋਗਰਾਮ ਹੈ?''

ਮੈਂ ਕਿਹਾ, ''ਪਹਿਲਾ ਹੁਕਮ ਤੇਰਾ, ਬਾਕੀ ਸਾਰੇ ਰੱਦ।''

'ਠੀਕ ਹੈ, ਮੈਂ ਦੋ-ਚਾਰ ਹਮ-ਖਿਆਲ ਦੋਸਤਾਂ ਨੂੰ ਟੈਲੀਫੋਨ ਕਰਕੇ ਸੱਦਦਾ ਹਾਂ, ਜ਼ੀਰਵੀ ਨੂੰ ਜਾ ਕੇ ਲੈ ਆਵਾਂਗੇ। ਦੋ-ਤਿੰਨ ਘੰਟੇ ਮਿਲ ਬੈਠਾਂਗੇ।

ਸ਼ਾਮ ਢਲੀ ਤਾਂ ਫੋਨ ਫੇਰ ਖੜਕਿਆ, 'ਕੌਣ'? ਮੈਂ ਪੁਛਿਆ।

''ਮੈਂ ਕੁਲਵਿੰਦਰ ਬੋਲਦਾਂ। ਦਸ ਮਿੰਟ ਤੱਕ ਮੈਂ ਗੱਡੀ ਲੈ ਤੁਹਾਡੇ ਕੋਲ ਪਹੁੰਚਦਾ ਹਾਂ। ਆਪਾਂ ਚੀਮੇ ਦੇ ਘਰ ਚੱਲਾਂਗੇ। ਮੈਂ ਜ਼ੀਰਵੀ ਨੂੰ ਨਾਲ ਲਈ ਆਵਾਂਗਾ।''

ਜ਼ੀਰਵੀ ਦਾ ਨਾਂਅ ਸੁਣ ਕੇ ਮੈਨੂੰ ਖੁਸ਼ੀ ਹੋਈ। ਜਿਵੇਂ ਕੈਨੇਡਾ ਦੀ ਯਾਤਰਾ 'ਤੇ ਆਇਆ ਬੰਦਾ ਜੇ 'ਨਿਆਗਰਾ ਫਾਲਜ਼' ਨਹੀਂ ਵੇਖਦਾ ਤਾਂ ਉਸਦੀ ਯਾਤਰਾ ਅਧੂਰੀ ਸਮਝੀ ਜਾਂਦੀ ਹੈ, ਏਸੇ ਤਰ੍ਹਾਂ ਜੇ ਟਰਾਂਟੋ ਆ ਕੇ ਮੈਂ ਜ਼ੀਰਵੀ ਨੂੰ ਨਾ ਮਿਲਦਾ ਤਾਂ ਮਨ ਵਿਚ ਇਕ ਹਸ਼ਰਤ ਤੜਪਦੀ ਰਹਿ ਜਾਣੀ ਸੀ।

ਕੁਲਵਿੰਦਰ ਨੇ ਗੱਡੀ ਵੱਡੀ ਇਮਾਰਤ ਦੇ ਗੇਟ ਮੂਹਰੇ ਰੋਕਦਿਆਂ ਮੈਨੂੰ ਕਿਹਾ, ''ਆਓ ਭਾਜੀ ਚੱਲੀਏ।'' ਵਿਚ ਜ਼ੀਰਵੀ ਬੈਠਾ ਸੀ ਬਾਹਰ ਨਿਕਲ ਬਗਲਗੀਰ ਹੋਇਆ। ਜਾਪਿਆ ਜਿਵੇਂ ਹਾਸੇ ਦਾ ਫੁਹਾਰਾ ਖੁਲ੍ਹ ਗਿਆ ਹੋਵੇ। ਕਤਰੀ ਤੇ ਪ੍ਰੈਸ ਕੀਤੀ ਦਾੜ੍ਹੀ, ਤੇਜ਼ ਤੱਕਣੀ, ਖਿੜ-ਖਿੜ ਪੈਂਦਾ ਪੰਜਾਬੀ ਹਾਸਾ। ਮੈਂ ਕਿਹਾ, ''ਪਿਆਰੇ ਤੇਰੇ ਵਰਗਾ ਬੰਦਾ ਏਥੇ ਆ ਕੇ ਚੁੱਪ ਕਰਕੇ ਬੈਠਾ ਰਹੇ। ਕਲਮ-ਦਵਾਤ ਨੂੰ ਭੁੱਲ ਜਾਵੇ। ਇਸ ਤੋਂ ਵੱਡਾ ਦੁਖਾਂਤ ਪੰਜਾਬੀ ਪੱਤਰਕਾਰੀ ਲਈ ਹੋਰ ਕੀ ਹੋ ਸਕਦਾ।''

''ਹਾਂ, ਏਥੇ ਜਿਹੜਾ ਆ ਜਾਵੇ, ਫਿਰ ਉਸ ਦਾ ਛੁਟਕਾਰਾ ਨਹੀਂ। ਨਾ ਪਿਛਾਂਹ ਪਰਤ ਹੋਵੇ, ਨਾ ਇਹ ਧਰਤੀ ਛੱਡ ਹੋਵੇ। ਫਸ ਗਏ ਭਾਈ ਪਿਆਰੇ, ਇਸ ਜਾਦੂ ਨਗਰੀ ਦੇ ਪ੍ਰੀਤ-ਜਾਲ ਵਿਚ। ਜੋ ਖਾਵੇ ਉਹ ਵੀ ਪਛਤਾਵੇ। ਜੋ ਨਾ ਖਾਵੇ ਉਹ ਵੀ।''

ਪਰ ਯਾਰ, ਤੂੰ ਤਾਂ ਕੁਝ ਲਿਖ ਵੀ ਨਹੀਂ ਰਿਹਾ ਕਿੰਨੀ ਦੇਰ ਤੋਂ। ਏਨਾ ਧੱਕਾ ਨਾ ਕਰ ਆਪਣੇ ਪਾਠਕਾਂ, ਪ੍ਰਸ਼ੰਸਕਾਂ ਤੇ ਦੋਸਤਾਂ ਨਾਲ।' ਮੈਂ ਆਖਿਆ, ''ਕਦੇ-ਕਦੇ ਕੋਈ ਚੀਜ਼ ਲਿਖਾਂ ਤਾਂ 'ਨਵਾਂ ਜ਼ਮਾਨਾ' ਨੂੰ ਭੇਜ ਦਿੰਦਾ ਹਾਂ, ਪਰ ਲਗਾਤਾਰ ਤਾਂ ਹੀ ਲਿਖ ਹੁੰਦਾ ਜੇ ਕਿਸੇ ਅਖ਼ਬਾਰ ਵਿਚ ਕਾਲਮ ਸ਼ੁਰੂ ਕਰਾਂ। ਦੇਸ਼-ਸੇਵਕ ਵਾਲੇ ਜੇ ਮੇਰੀ ਖਿੱਚ-ਧੂਹ ਕਰਨ ਤਾਂ ਕੁਝ ਨਾ ਕੁਝ ਲਿਖ ਹੋ ਜਾਇਆ ਕਰੇ। ਬਹੁਤ ਕੁਝ ਮਜਬੂਰੀਵੱਸ ਹੀ ਲਿਖ ਹੁੰਦਾ ਹੈ।

ਪਰ ਤੂੰ ਤਿੰਨ ਮਹੀਨੇ ਬਾਅਦ ਇਕ ਲਿਖਤ ਹੀ ਭੇਜ ਛੱਡਿਆਂ ਕਰ 'ਚਿਰਾਗ' ਨੂੰ ਮੈਂ ਮੰਗ ਕੀਤੀ। 'ਭੇਜੀ ਸੀ ਇਕ ਚੀਜ ਤੈਨੂੰ ਅਨੁਵਾਦ ਕਰਕੇ, ਹੋਰ ਵੀ ਭੇਜਿਆ ਕਰਾਂਗਾ, ਕਦੇ-ਕਦਾਈਂ ਉਸਨੇ ਹਾਮੀ ਭਰਦਿਆਂ ਆਖਿਆ।

'ਐਨ.ਕੇ. ਜੋਸ਼ੀ ਦੀ ਮੌਤ 'ਤੇ ਲਿਖੀ ਤੇਰੀ ਰਚਨਾ ਕਮਾਲ ਨੂੰ ਛੂਹੰਦੀ ਸੀ, ਏਨਾ ਸੋਹਣਾ ਲਿਖਣ ਵਾਲਾ ਬੰਦਾ, ਜਦੋਂ ਚੁਪ ਧਾਰ ਕੇ ਬੈਠ ਜਾਵੇ ਤਾਂ ਸੋਚ ਕੇ ਮਨ ਨੂੰ ਤਕਲੀਫ ਤਾਂ ਹੁੰਦੀ ਹੀ ਹੈ।''

ਬਲਰਾਜ ਦੇ ਘਰ ਮੂਹਰੇ ਜਾ ਕੇ ਕਾਰ ਰੁਕੀ। ਅੰਦਰ ਗਏ ਤਾਂ ਬਲਰਾਜ ਕਹਿਣ ਲੱਗਾ, ਜ਼ੀਰਵੀ ਸਾਹਿਬ, ਅੰਮ੍ਰਿਤ ਨੂੰ ਨਾਲ ਕਿਉਂ ਲੈ ਕੇ ਨਹੀਂ ਆਇਆ। ਇਹ ਕੋਈ ਅਦਬ-ਅਦਾਬ ਨੇ ਮਹਿਫਲ ਦੇ। ਕਿਹਾ ਨਹੀਂ ਸੀ ਮੈਂ ਫੋਨ ਤੇ ਕਿ ਦੋਵਾਂ ਨੇ ਇਕੱਠੇ ਆਉਣਾ ਹੈ।

'ਕਰਦੇ ਆਂ ਉਹ ਵੀ ਗੱਲ, ਪਹਿਲਾਂ ਕੁਝ ਗਰਮ ਵੀ ਕਰ।'

'ਕੁਝ ਹੋਰ ਦੋਸਤ ਵੀ ਆ ਲੈਣ, ਚੀਮੇ ਨੇ ਕਿਹਾ, ਨੋਕ-ਝੋਕ ਕਰਦੇ ਦਸ-ਪੰਦਰਾਂ ਮਿੰਟ ਲੰਘ ਗਏ। ਅਖੀਰ ਜ਼ੀਰਵੀ ਤੋਂ ਰਿਹਾ ਨਾ ਗਿਆ। ਕਹਿਣ ਲੱਗਾ, ''ਬਈ ਹੋਰ ਇੰਤਜ਼ਾਰ ਨਹੀਂ ਹੋ ਸਕਦੀ। ਖੌਰੇ ਕਦੋਂ ਆਉਣੇ ਨੇ ਤੇਰੇ ਯਾਰ, ਏਨਾ ਆਖ ਉਹ ਹੱਸਿਆ, ਭੈੜੇ-ਭੈੜੇ ਯਾਰ ਸਾਡੀ ਫੱਤੋ ਦੇ।'

''ਕਿਹੜੀ ਲਿਆਵਾਂ'', 'ਬਲਰਾਜ ਨੇ ਪੁੱਛਿਆ, 'ਬਸ, ਸਕਾਚ ਤੋਂ ਬਿਨਾ ਹੋਰ ਕਿਹੜੀ', ਜ਼ੀਰਵੀ ਨੇ ਦੋ ਟੁੱਕ ਫੈਸਲਾ ਸੁਣਾਇਆ।

''ਤੇਰੇ ਲਈ ਵਾਈਨ'', ਚੀਮੇ ਨੇ ਮੈਨੂੰ ਸੰਬੋਧਨ ਹੋ ਕੇ ਪੁਛਿਆ।

''ਵਾਈਨ ਦਾ ਕੀ ਪੀਣਾ ਹੋਇਆ। ਤੂੰ ਵੀ ਸਕਾਚ ਪੀ'', ਪਰ ਬਲਰਾਜ ਨੂੰ ਮੇਰੀ ਰੁਚੀ ਦਾ ਪਤਾ ਸੀ। ਉਹ ਮੇਰੇ ਲਈ ਰੈਡ ਵਾਈਨ ਤੇ ਜ਼ੀਰਵੀ ਲਈ ਸਕਾਚ ਦਾ ਹਲਕਾ ਜਿਹਾ ਪੈਗ ਪਾ ਲਿਆਇਆ। ਗੱਲਾਂ ਦਾ ਸਿਲਸਿਲਾ ਤੁਰ ਪਿਆ। ਜ਼ੀਰਵੀ ਨੇ ਆਪਣੀ ਚੁਟਕਲਾ-ਪਟਾਰੀ 'ਚੋਂ ਇੱਕ ਤੀਰ ਕੱਢਿਆ ਤੇ ਕਮਾਨ 'ਤੇ ਚਾੜ੍ਹਿਆ।

ਅਸੀਂ ਹੱਸੇ! ਜ਼ੀਰਵੀ ਹੌਲੀ-ਹੌਲੀ ਆਪਣੇ ਜਲਾਲ ਵਿਚ ਆ ਰਿਹਾ ਸੀ। ਇੱਕ ਲਤੀਫਾ ਮੁੱਕਦਾ ਤੇ ਦੂਸਰਾ ਸ਼ੁਰੂ ਹੋ ਜਾਂਦਾ। ਉਸ ਕੋਲ ਲਤੀਫਿਆਂ ਦਾ ਅਮੁੱਕ ਭੰਡਾਰ ਹੁੰਦਾ ਹੈ, ਜਿਹੜਾ ਮੁੱਕਣ-ਗੋਚਰਾ ਨਹੀਂ। ਜੇ ਕੋਈ ਮਹਿਫਲ ਵਿਚ ਵਾਰੀ ਦੇਣ ਵਾਲਾ ਹੋਵੇ ਤਾਂ ਜ਼ੀਰਵੀ ਸੁਹਾਗ ਗਾਉਣ ਵਾਲੀਆਂ ਕੁੜੀਆਂ ਵਾਂਗ ਸਾਰੀ ਰਾਤ ਲਤੀਫਿਆਂ ਦੀ ਛਹਿਬਰ ਲਾਈ ਰੱਖ ਸਕਦਾ ਹੈ।

ਪਰ ਉਸ ਮੋੜ ਕੱਟਿਆ, ਕਾਰਨ? ਉਸ ਨੂੰ ਸਾਹ ਦਿਵਾਉਣ ਲਈ ਹੋਰ ਕਿਸੇ ਕੋਲ ਲਤੀਫਿਆਂ ਦੇ ਉਡਣ-ਸ਼ਸਤਰ ਨਹੀਂ ਸਨ। ਕਹਿਣ ਲੱਗਾ, ''ਇਹ ਦੇਸ਼, ਏਥੋਂ ਦੀ ਸੁਸਾਇਟੀ ਸਾਡੇ ਨਾਲੋਂ ਵੱਖਰੇ ਹਨ। ਬੰਦਾ ਜੇ ਓਵਰ-ਟਾਈਮ ਨਾ ਲਾਵੇ, ਤਾਂ ਏਥੇ ਅੱਠ ਘੰਟੇ ਕੰਮ ਕਰਨ ਵਾਲੇ ਬੰਦੇ ਕੋਲ ਬਾਕੀ ਬਚਦਾ ਵੀ ਕੀ ਹੈ। ਉਹ ਥੱਕਾ-ਟੁੱਟਾ ਘਰ ਪਰਤ ਕੇ, ਦੋ ਪੈਗ ਪੀ, ਰੋਟੀ ਖਾ, ਸੌਣ ਦੀ ਕਰਦਾ ਹੈ। ਰੋਟੀ ਖਾਂਦਾ ਬਸ ਟੀ.ਵੀ. ਵੇਖਦਾ ਹੈ, ਨਾ ਅਖਬਾਰ, ਨਾ ਰਸਾਲਾ, ਨਾ



ਕਿਤਾਬ, ਟੀ.ਵੀ. ਉਸਨੂੰ ਮਨ-ਚਾਹੀ, ਸੋਚੀ-ਸਮਝੀ ਖੁਰਾਕ ਦਿੰਦਾ ਹੈ। ਕੰਮ ਤੋਂ ਚੰਗੀ ਰੱਜਵੀਂ ਰੋਟੀ ਦੇ ਕੇ ਇਹ ਬੰਦੇ ਕੋਲੋਂ ਉਸ ਦੀ ਸੋਚਣ-ਸ਼ਕਤੀ ਖੋਹ ਲੈਂਦਾ ਹੈ। ਬੰਦਾ ਮਸ਼ੀਨ ਦਾ ਪੁਰਜਾ ਬਣ ਬਟਨ ਨੱਪਿਆ ਜਗਣ ਵਾਲੇ ਬਲਬ ਵਾਂਗ, ਜਗਦਾ-ਬੁਝਦਾ ਹੈ। ਸੋਚਹੀਣ, ਸਿਰਹੀਣ ਜਾਨਵਰ ਵਾਂਗ। ਉਹ ਆਪਣੀ ਪਛਾਣ ਗਵਾ ਬੈਠਦਾ ਹੈ।''

''ਪਰ ਜ਼ੀਰਵੀ ਸਾਹਿਬ, ਫ਼ੈਜ਼ ਨੂੰ ਆਪਾਂ ਭੁੱਲ ਨਹੀਂ ਸਕਦੇ।'' ਚੀਮੇ ਨੇ ਗੱਲ ਨੂੰ ਮੋੜਾ ਦੇਣ ਲਈ ਅਜ਼ਮਾਈ ਹੋਈ ਜੁਗਤ ਵਰਤੀ।

ਪਰ ਅਜੇ ਫ਼ੈਜ਼ ਨੂੰ ਗਾਉਣ ਦੀ ਸਟੇਜ ਨਹੀਂ ਆਈ। ਜੇ ਏਥੇ ਕੈਨੇਡਾ ਹੀ ਰਹੇ ਤਾਂ ਫ਼ੈਜ਼ ਵੀ ਭੁੱਲ ਜਾਣਾ ਹੈ ਆਪਾਂ ਨੂੰ ਹੌਲੀ-ਹੌਲੀ। 'ਹਮ ਜੋ ਤਾਰੀਕੇ ਰਾਹੋਂ ਪੇ ਮਾਰੇ ਗਏ।' ਜ਼ੀਰਵੀ ਨੇ ਹੁੰਗਾਰਾ ਭਰਦਿਆਂ ਕਿਹਾ, ''ਭਈ ਅੱਜ ਤਾਂ ਅਸੀਂ ਹੁੰਦਲ ਨੂੰ ਸੁਣਨ ਲਈ ਇਕੱਠੇ ਹੋਏ ਆਂ। ਫ਼ੈਜ਼ ਵੀ ਗਾਵਾਂਗਾ, ਪਰ ਜ਼ਰਾ ਠਹਿਰ ਕੇ। ਉਹ ਵੀ ਤਾਂ, ਜੇ ਤੁਸੀਂ ਸਾਰੇ ਰਲ ਕੇ ਗਾਓਗੇ। ਜ਼ੀਰਵੀ ਨੇ ਕਿਹਾ। ਮੈਂ ਆਪਣੀ ਡਾਇਰੀ ਘਰੇ ਹੀ ਛੱਡ ਗਿਆ ਸੀ, ਸਿਰਫ ਇਕ ਨਜ਼ਮ ਸੀ, ਮੇਰੇ ਨਿੱਕੇ ਜਿਹੇ ਬੈਗ ਵਿਚ ਤੇ ਜਾਂ ਫਿਰ ਅੰਗਰੇਜ਼ੀ ਨਜ਼ਮਾਂ ਦੀ ਮੇਰੀ ਕਿਤਾਬ। ''ਚਲੋ, ਤੇਰੀ ਨਜ਼ਮ ਤੋਂ ਹੀ ਸ਼ੁਰੂ ਕਰਦੇ ਹਾਂ।'' ਹੁਕਮ ਮੰਨ ਕੇ ਪਿਆਰਿਆਂ ਸੱਜਣਾਂ ਦਾ, ਮੈਂ ਨਜ਼ਮ ਸ਼ੁਰੂ ਕੀਤੀ, 'ਆਪਣੀ-ਮਿੱਟੀ'। ਮੈਂ 1993 ਵਿਚ ਯੂ.ਕੇ. ਦੀ ਫੇਰੀ ਸਮੇਂ ਪ੍ਰਾਪਤ ਕੀਤੇ ਪਰਵਾਸੀ ਅਨੁਭਵ ਵਿਚੋਂ ਲਿਖੀ ਸੀ;

ਜਿੰਨਾ ਮਰਜ਼ੀ ਜ਼ਖਮ ਲੁਕਾ
ਵਿਸਕੀ ਪੀ ਤੇ ਪੀੜ ਭੁਲਾ
ਜਿਸਮਾਂ ਦੀ ਖੁਸ਼ਬੂ 'ਚੋਂ ਲੰਘਦਾ
ਉੱਡ ਭਾਵੇਂ ਪਿਆ ਵਿਚ ਹਵਾ
ਪੱਬਾਂ ਦੀ ਰੌਣਕ ਵਿਚ ਬੈਠਾ
ਹਾਸੇ ਦੀ ਫੁਲਝੜੀ ਜਗਾ
ਚੰਨ ਦੀ ਤਖ਼ਤੀ, ਅੱਖਰ ਪਾ ਕੇ
ਆਪਣੇ ਬੂਹੇ 'ਤੇ ਲਟਕਾਅ
ਪਿੱਛੇ ਨੂੰ ਭੁੱਲ ਜਾਵਣ ਦੇ ਤੂੰ
ਕਰ ਭਾਵੇਂ ਪਿਆ ਲੱਖ ਉਪਾਅ
ਫਿਰ ਵੀ ਮੈਨੂੰ ਆਪਣੀ ਮਿੱਟੀ
ਮੁੜ-ਮੁੜ ਚੇਤੇ ਆਵੇਗੀ।

ਪੰਜਾਬ ਸੰਕਟ ਦੀ ਗੱਲ ਚੱਲੀ ਤਾਂ ਜ਼ੀਰਵੀ ਕਹਿਣ ਲੱਗਾ, ''ਕੰਵਲ ਤੇ ਕਿਸੇ ਹੱਦ ਤੱਕ ਸੇਖੋਂ ਨੂੰ ਛੱਡ ਕੇ ਬਾਕੀ ਦੇ ਪੰਜਾਬੀ ਲੇਖਕਾਂ ਨੇ ਆਪਣੇ ਆਪ ਨੂੰ ਝੱਖੜ ਦੀ ਚੜ੍ਹਤ ਵੇਲੇ ਵੀ ਬਚਾਈ ਰੱਖਿਆ ਹੈ ਤੇ ਇਹ ਪੰਜਾਬੀ ਸਾਹਿਤ ਦੀ ਜਨਵਾਦੀ, ਸੈਕੂਲਰ ਪਰੰਪਰਾ ਕਾਰਨ ਹੀ ਹੋਇਆ ਹੈ।''

ਜ਼ੀਰਵੀ ਹੁਣ ਪੂਰੇ ਜਲਾਲ ਵਿਚ ਸੀ। ਫ਼ੈਜ਼ ਨੂੰ ਗਾਉਣ ਦੇ ਰਉਂ ਵਿਚ। ਉਸ ਕਾਪੀ ਕੱਢੀ ਤੇ ਗ਼ਜ਼ਲ ਗਾਉਣੀ ਸ਼ੁਰੂ ਕੀਤੀ। ਕਹਿਣ ਲੱਗਾ, ਇਹ ਗ਼ਜ਼ਲ ਸ਼ਾਇਰਾਂ ਬਾਰੇ ਲਿਖੀ ਸੀ ਫ਼ੈਜ਼ ਨੇ:

ਹਰ ਇਕ ਦੌਰ ਮੇ ਹਮ, ਹਰ ਜ਼ਮਾਨੇ ਮੇ ਹਮ,
ਜ਼ਹਿਰ ਪੀਤੇ ਰਹੇ, ਗੀਤ ਗਾਤੇ ਰਹੇ
ਜਾਮ ਦੇਤੇ ਰਹੇ, ਜ਼ਿੰਦਗੀ ਕੇ ਲੀਏ
ਸਾਅਤੇ ਵਸਲ ਕੀ ਹਰ ਖੁਸ਼ੀ ਕੋ ਲੀਏ
ਦੀਨ-ਵ-ਦੁਨੀਆਂ ਕੀ ਦੌਲਤ ਲੁਟਾਤੇ ਰਹੇ

ਜ਼ੀਰਵੀ ਗਾ ਰਿਹਾ ਸੀ, ਪਰ ਗ਼ਜ਼ਲ ਦੇ ਸ਼ਿਅਰਾਂ ਦਾ ਕੋਈ ਮੂੰਹ ਸਿਰ ਨਹੀਂ ਸੀ ਲੱਭ ਰਿਹਾ। ਇਕ ਸ਼ਿਅਰ ਦੇ ਦੰਦੇ ਕਿਸੇ ਅਗਲੇ ਸ਼ਿਅਰ ਵਿਚ ਫਸੇ ਹੁੰਦੇ। ਮੈਂ ਉਸ ਦੀ ਕਾਪੀ ਵਲ ਨਜ਼ਰ ਮਾਰੀ। ਬਾਰੀਕ ਹਰਫਾਂ ਵਿਚ, ਭੀੜੇ-ਭੀੜੇ ਕਰ ਕੇ ਲਿਖੇ ਸ਼ਿਅਰ ਠੀਕ ਭਾਂਤ ਪੜ੍ਹ ਨਹੀਂ ਸੀ ਹੋ ਰਹੇ। ਉਹ ਅਗਲਾ ਸ਼ਿਅਰ ਗਾਉਣ ਲੱਗਦਾ-

ਜੋ ਭੀ ਰਾਸਤਾ ਚੁਨਾ, ਉਸ ਪੇ ਚੱਲਤੇ ਰਹੇ
ਮਾਲ ਵਾਲੇ ਹਿਕਾਰਤ ਸੇ ਤੱਕਤੇ ਰਹੇ
ਤਾਹਨ ਕਰਤੇ ਰਹੇ, ਹਾਥ ਮਲਤੇ ਰਹੇ

ਪਰ ਕੋਈ ਗੱਲ ਨਹੀਂ ਸੀ ਬਣ ਰਹੀ। ਅਸੀਂ ਨਿੰਮਾ-ਨਿੰਮਾ, ਮੁਸਕਰਾਉਂਦੇ, ਨਾਲ ਸੁਰ ਮਿਲਾਉਣ ਦੀ ਕੋਸ਼ਿਸ਼ ਕਰਦੇ ਰਹੇ, ਅਖੀਰ ਜ਼ੀਰਵੀ ਨੇ ਦੂਸਰੀ ਗ਼ਜ਼ਲ ਸ਼ੁਰੂ ਕੀਤੀ। ਇਹ ਛੋਟੇ ਬਹਿਰ ਵਾਲੀ ਗ਼ਜ਼ਲ ਸੀ;

ਸਭੀ ਕੁਛ ਹੈ, ਤੇਰਾ ਦੀਆ ਹੁਆ
ਸਭੀ ਰਾਹਤੇਂ, ਸਭੀ ਉਲਫਤੇਂ
ਕਭੀ ਸੁਹਬਤੇਂ, ਕਭੀ ਫੁਰਕਤੇਂ,
ਕਭੀ ਦੂਰੀਆਂ, ਕਭੀ ਦੁਰਬਤੇਂ,

ਵਾਰ-ਵਾਰ ਉਸ ਦੀ ਸੁਰ ਟੁੱਟਦੀ, ਉਹ ਅਟਕਦਾ ਤੇ ਗਹੁ ਨਾਲ ਕਾਲੇ, ਨਿੱਕੇ ਤੇ ਧੁੰਦਲੇ ਹੋਏ ਅੱਖਰਾਂ ਨੂੰ ਪੜ੍ਹਦਾ ਅਗਲੇ ਸ਼ਿਅਰ ਦੀਆਂ ਪੈੜਾਂ ਫੜਦਾ, ਅਟਕ-ਅਟਕ ਕੇ ਅੱਗੇ ਤੁਰਦਾ-

ਚਲੇ ਆਓ ਤੁਮ ਕੋ ਦਿਖਾਏਂ ਹਮ
ਜੋ ਬਚਾ ਹੈ ਮਕਤਲੇ ਸ਼ਹਿਰ ਮੇਂ
ਯਿਹ ਮਜ਼ਾਰ ਅਹਿਲੇ-ਸਫ ਕੇ ਹੈਂ
ਯਿਹ ਹੈ ਅਹਿਲੇ-ਸਿਤਮ ਕੀ ਤੁਰਬਤੇਂ

ਅਸੀਂ ਨਾਲ ਸੁਰ ਮਿਲਾਉਣ ਦੀ ਕੋਸ਼ਿਸ਼ ਕਰਦੇ। ਕਦੇ ਕੋਈ ਫਾਰਸੀ ਦਾ ਲਫਜ਼ ਰਾਹ ਵਿਚ ਅੜ ਜਾਂਦਾ, ਜ਼ੀਰਵੀ ਉਸਦੇ ਅਰਥ ਦੱਸਣ ਦੀ ਕੋਸ਼ਿਸ਼ ਕਰਦਾ ਤੇ ਫਿਰ ਅਗਲੇ ਸ਼ਿਅਰ ਦੀ ਤੰਦ ਫੜ ਤਰੰਨਮ ਵਿਚ ਗਾਉਣ ਲੱਗਦਾ। ਸਾਡੀ ਹੀ ਕਮ-ਅਕਲੀ ਸਮਝੋ ਕਿ ਅਸੀਂ ਫ਼ੈਜ਼ ਦੀ ਪੀੜ੍ਹੀ ਤੋਂ ਬਾਅਦ ਦੇ ਜੰਮੇ-ਪਲੇ ਸੀ ਤੇ ਸਾਡੇ ਵੇਲਿਆਂ ਵਿਚ ਪੰਜਾਬ ਵਿਚ ਉਰਦੂ, ਫਾਰਸੀ ਦੀ ਤਾਲੀਮ ਦੀ ਥਾਂ ਮਾਂ-ਬੋਲੀ ਪੰਜਾਬੀ ਨੇ ਮੱਲ ਲਈ ਸੀ।

ਕੁਲਵਿੰਦਰ ਨੇ ਵੀ ਇੱਕ-ਦੋ ਗ਼ਜ਼ਲਾਂ ਤੇ ਕੁਝ ਨਜ਼ਮਾਂ ਸੁਣਾਈਆਂ। ਰਾਤ ਦੇ ਗਿਆਰਾਂ ਵੱਜ ਗਏ ਸਨ। ਮੈਂ ਆਪਣੀ ਘੜੀ ਵਲ ਵੇਖਿਆ ਤੇ ਤੁਰਨ ਲਈ ਤਰਲਾ ਮਾਰਿਆ। ਕਈਆਂ ਨੇ ਸਵੇਰੇ ਸੋਮਵਾਰ ਆਪਣੇ ਆਪਣੇ ਕੰਮਾਂ 'ਤੇ ਵੀ ਜਾਣਾ ਸੀ।

ਤੁਰਦੇ ਸਮੇਂ ਮੈਂ ਅਨੁਭਵ ਕੀਤਾ ਕਿ ਫੈਜ਼ ਦੀਆਂ ਗਾਈਆਂ ਗ਼ਜ਼ਲਾਂ ਨੇ ਉਹ ਰੰਗ ਨਹੀਂ ਸੀ ਬੰਨ੍ਹਿਆ, ਜਿਹੜਾ ਕਦੇ-ਕਦੇ ਜਲੰਧਰ ਸ਼ਹਿਰ ਦੀਆਂ ਮਹਿਫ਼ਲਾਂ ਵਿਚ ਬੱਝਦਾ ਹੁੰਦਾ ਸੀ। ਹੁਣ ਉਹ ਸਾਰੇ ਮਿੱਤਰ ਖਿੰਡ-ਪੁੰਡ ਗਏ ਸਨ। ਸੱਜਣ ਸੁਹੇਲ ਨਹੀਂ ਸੀ ਰਿਹਾ। ਐਨ.ਕੇ. ਜੋਸ਼ੀ ਦੁਰਘਟਨਾ ਦਾ ਸ਼ਿਕਾਰ ਹੋ ਕੇ ਤੁਰ ਗਿਆ ਸੀ। ਉਨ੍ਹਾਂ ਵੇਲਿਆਂ ਵਿਚ ਫੈਜ਼ ਦੀ ਗ਼ਜ਼ਲ ਇਕ ਜਣਾ ਸ਼ੁਰੂ ਕਰਦਾ ਹੁੰਦਾ ਸੀ ਤੇ ਬਾਕੀ ਸਾਰੇ ਯਾਰ ਨਾਲ-ਨਾਲ ਗਾਉਣ ਲੱਗਦੇ ਹੁੰਦੇ ਸਨ। ਸਾਰਿਆਂ ਨੂੰ ਹੀ ਗ਼ਜ਼ਲਾਂ ਮੂੰਹ-ਜ਼ਬਾਨੀ ਯਾਦ ਹੁੰਦੀਆਂ ਸਨ। ਸਾਰਿਆਂ ਨੂੰ ਘਰ ਮੁੜਨ ਤੇ ਸਵੇਰੇ ਕੰਮਾਂ 'ਤੇ ਭੱਜਣ ਦੀ ਕੋਈ ਫਿਕਰ ਨਹੀਂ ਸੀ ਹੁੰਦੀ, ਤੇ ਵੱਡੀ ਗੱਲ ਕਿ ਸਭ ਨੂੰ ਵਿਸ਼ਵਾਸ ਸੀ ਕਿ ਸਮਾਜਵਾਦ ਦਾ ਸੁਪਨਾ ਇੱਕ ਨਾ ਇਕ ਦਿਨ ਪੂਰਾ ਹੋਵੇਗਾ। ਗੁਲਾਬ ਦੇ ਫੁੱਲਾਂ ਵਰਗੇ ਬੱਚੇ ਕਿੰਡਰ-ਗਾਰਡਨਾਂ ਵਿਚ ਚੜਗਿਲੀਆਂ ਮਾਰਦੇ ਫਿਰਦੇ ਹੋਣਗੇ। ਹਰ ਕਿਸੇ ਲਈ ਕੰਮ ਹੋਵੇਗਾ ਤੇ ਕੰਮ ਵੀ ਉਸ ਦੀ ਪਸੰਦ ਦੇ ਅਨੁਕੂਲ। ਚੰਚਲ ਮੁਟਿਆਰਾਂ ਤੁਰੀਆਂ ਜਾਂਦੀਆਂ ਖੁਸ਼ੀਆਂ ਤੇ ਹਾਸੇ ਬਿਖੇਰਦੀਆਂ ਵਿਖਾਈ ਦਿੰਦੀਆਂ ਹੋਣਗੀਆਂ।

ਪਰ ਹੁਣ ਹਾਲਾਤ ਬਦਲ ਗਏ ਸਨ। ਉਹ ਰੰਗ ਨਹੀਂ ਸੀ ਰਹੇ। ਸਮਾਜਵਾਦ ਦੇ ਸੁਪਨੇ ਨੂੰ ਖਤਰਨਾਕ ਸੱਟਾਂ ਵੱਜੀਆਂ ਸਨ। ਸੋਵੀਅਤ ਪ੍ਰਬੰਧ ਖਤਮ ਹੋ ਗਿਆ ਸੀ। ਅਮਰੀਕਾ ਭੁੱਖੇ ਭੜਕੇ ਦੈਂਤ ਵਾਂਗ ਦਹਾੜਦਾ ਫਿਰਦਾ ਸੀ ਗਲੀ-ਗਲੀ ਤੇ ਉਸਨੂੰ ਸੰਘੀਓ ਫੜ ਕੇ, ਬਾਂਹ ਮਰੋੜ ਕੇ ਲੱਕ ਪਿਛੇ ਲਾਉਣ ਵਾਲਾ ਕੋਈ ਨਹੀਂ ਸੀ ਰਿਹਾ। ਨਾ ਉਹ ਰਾਹ ਰਹੇ ਸਨ ਤੇ ਨਾ ਉਹ ਰੌਣਕਾਂ। ਸਾਰੇ ਸੁਰ-ਬੇਸੁਰ ਹੋ ਗਏ ਸਨ।

ਜ਼ੀਰਵੀ ਹੁਣ ਦੋਸਤਾਂ ਤੋਂ ਦੂਰ ਕੈਨੇਡਾ ਦੀ ਧਰਤੀ 'ਤੇ ਬੈਠਾ ਇਕੱਲਤਾ ਦਾ ਸੰਤਾਪ ਭੋਗ ਰਿਹਾ ਸੀ। ਉਸ ਦੀ ਸੁਰ ਉਖੜੀ-ਉਖੜੀ ਲੱਗਦੀ ਸੀ। ਦੋ-ਤਿੰਨ ਘੰਟੇ ਉਸ ਦੀ ਸੰਗਤ ਵਿਚ ਗੁਜ਼ਾਰ ਕੇ ਤੁਰਨ ਵੇਲੇ ਮੇਰਾ ਜੀ ਕਰਦਾ ਸੀ, ਜ਼ੀਰਵੀ ਨੂੰ ਕਹਾਂ, ''ਲਹਿਰਾਂ ਦੀ ਚੜ੍ਹਤ ਵੇਲੇ ਤਾਂ ਬਥੇਰੇ ਡਾਵਾਂ ਡੋਲ ਲੋਕ ਵੀ ਸਹਿਯੋਗੀ ਬਣ ਜਾਂਦੇ ਹਨ, ਪਰ ਸੰਘਰਸ਼ ਮੱਠੇ ਪੈਣ ਦੇ ਸਾਲਾਂ ਵਿਚ ਕੋਈ ਸਿਰੜੀ ਤੇ ਵਿਸ਼ਵਾਸਾਂ ਨੂੰ ਸਮਰਪਿਤ ਸੁਖ਼ਨਵਰ ਹੀ ਕਾਇਮ ਰਹਿੰਦੇ ਹਨ ਤੇ ਅੱਜ ਤੇਰੇ ਵਰਗੇ ਹਮ ਸਫਰਾਂ ਦੀ ਲੋੜ ਪਹਿਲਾਂ ਨਾਲੋਂ ਕਿਤੇ ਵਧ ਗਈ ਹੈ। ਪੰਜਾਬ ਦੇ ਲੋਕ, ਅਖ਼ਬਾਰਾਂ ਦੇ ਕੋਰੇ ਸੁੱਚੇ ਵਰਕੇ, ਤੇਰੀ ਕਲਮ ਦੀ ਦੀਦ ਨੂੰ ਤਰਸ ਗਏ ਨੇ। ਆ ਮੁੜ ਚੱਲ ਵਤਨਾ ਨੂੰ, ਰੁੱਖੀ-ਮਿੱਸੀ ਖਾ ਲਵਾਂਗੇ, ਪਰ ਮੈਨੂੰ ਪਤਾ ਸੀ ਕਿ ਵਤਨ ਤੋਂ ਬੇਵਤਨੇ ਹੋਇਆਂ ਹਮਵਤਨੀਆਂ ਲਈ ਸ਼ਾਇਦ ਵਾਪਸ ਪਰਤਣਾ ਸੌਖਾ ਨਹੀਂ ਹੁੰਦਾ।

ਮੁੜਦੇ ਹੋਇਆਂ ਮੈਨੂੰ ਪ੍ਰਤੀਤ ਹੋਇਆ ਜਿਵੇਂ ਜ਼ੀਰਵੀ ਕੋਈ ਨਜ਼ਰਬੰਦ ਪੰਛੀ ਹੋਵੇ, ਪੰਛੀ ਜਿਸ ਦੇ ਗਲੇ ਵਿਚਲੇ ਗੀਤ ਖੁਸ਼ਕ ਹੋ ਗਏ ਹੋਣ। ਇਨ੍ਹਾਂ ਗੀਤਾਂ ਦੇ ਮੁੜ ਸੁਰਾਂ ਵਿਚ ਪਰਤਣ ਦੀ ਵੀ ਹੁਣ ਕੋਈ ਆਸ ਵਿਖਾਈ ਨਹੀਂ ਸੀ ਦਿੰਦੀ। ਸੁਰਜਣ ਦੀ ਆਜ਼ਾਦੀ ਨਾਦਾਰਦ ਹੋ ਰਹੀ ਸੀ।

# ਭਰੂਣ ਹੱਤਿਆ

**ਰਾਜਵਿੰਦਰ ਸਿੰਘ ਰੰਡਿਆਲਾ**

ਮਨੁੱਖ, ਜੇ ਪਹਿਲਾਂ ਕੱਚੇ ਖੋਲਿਆਂ ਵਿਚ ਜੀਵਨ ਬਸਰ ਕਰਦਾ ਸੀ ਅੱਜ ਉਸ ਕੋਲ ਵੱਡੇ ਵੱਡੇ ਘਰ ਹਨ। ਜੇ ਪਹਿਲਾਂ ਉਹ ਗੱਡਿਆਂ 'ਤੇ ਸਫਰ ਕਰਦਾ ਸੀ ਅੱਜ ਮਹਿੰਗੀਆਂ ਕਾਰਾਂ ਥੱਲੇ ਸੂਕਾਂ ਪਾਉਂਦੀਆਂ ਹਨ ਪਰ ਲੜਕੀ ਪ੍ਰਤੀ ਇਸ ਦਾ ਵਤੀਰਾ ਉਹੀ ਹੈ ਜੋ ਅੱਜ ਤੋਂ ਦੋ ਸੌ ਸਾਲ ਪਹਿਲਾਂ ਸੀ। ਫਰਕ ਸਿਰਫ ਇੰਨਾ ਹੈ ਕਿ ਪਹਿਲਾਂ ਲੜਕੀ ਨੂੰ ਜਨਮ ਤੋਂ ਬਾਦ ਕਤਲ ਕੀਤਾ ਜਾਂਦਾ ਸੀ ਪਰ ਅੱਜ ਸਾਇੰਸ ਦੇ ਯੁੱਗ ਵਿਚ ਬੱਚੀ ਨੂੰ ਜਨਮ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਜਾਂਦਾ ਹੈ।

ਲੜਕਾ ਭਾਵੇਂ ਵੱਡਾ ਹੋ ਕੇ ਸਿਰੇ ਦਾ ਵੈਲੀ, ਲੁੱਚਾ, ਲਫੰਗਾ ਬਣੇ ਪਰ ਉਸ ਦੇ ਜਨਮ ਵੇਲੇ ਖੁਸ਼ੀਆਂ ਮਨਾਈਆਂ ਜਾਂਦੀਆਂ, ਮੁੱਖ ਦਰਵਾਜ਼ੇ ਅੱਗੇ ਸ਼ਰੀਂਹ ਬੰਨ੍ਹੇ ਜਾਂਦੇ ਹਨ ਪਰ ਕੁੜੀ ਜੰਮਣ 'ਤੇ ਸੋਗ ਪੈ ਜਾਂਦਾ ਹੈ, ਸਾਰੇ ਟੱਬਰ ਦੇ ਚਿਹਰੇ 'ਤੇ ਨਿਰਾਸ਼ਾ ਵੇਖ ਕੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਸਮੇਂ ਦੀ ਸਰਕਾਰ ਨੇ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੋਵੇ। ਜੇ ਕੋਈ ਮਨੁੱਖ ਮਰਦ ਰੂਪ ਵਿਚ ਹੋ ਕੇ ਇਹ ਗੱਲ ਕਹਿੰਦਾ ਹੈ ਕਿ ਉਹ ਲੜਕੀ ਦਾ ਜਨਮ ਆਪਣੇ ਘਰ ਵਿਚ ਮੁਨਾਸਿਬ ਨਹੀਂ ਸਮਝਦਾ ਤਾਂ ਉਸਨੂੰ ਆਪਣਾ ਪਿਛੋਕੜ ਭੁਲਣਾ ਨਹੀਂ ਚਾਹੀਦਾ। ਜਦੋਂ ਭਾਈ ਮਹਾਂ ਸਿੰਘ ਵਰਗੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਆਏ ਸੀ ਕਿ ਤੂੰ ਨਹੀਂ ਗੁਰੂ ਸਾਡਾ ਅਸੀਂ ਨਹੀਂ ਸਿੱਖ ਤੇਰੇ, ਤਾਂ ਜਿਨ੍ਹਾਂ ਨੂੰ ਅੱਜ ਕਤਲ ਕਰਨ ਦੀਆਂ ਗੱਲਾਂ ਕਰ ਰਹੇ ਹਾਂ, ਉਸ ਵੇਲੇ ਇਨ੍ਹਾਂ ਨੇ ਮਾਈ ਭਾਗੋ ਦੇ ਰੂਪ ਵਿਚ ਤਲਵਾਰ ਚੁੱਕੀ ਸੀ ਤੇ ਅਨੇਕਾਂ ਸਿੰਘਣੀਆਂ ਨੂੰ ਨਾਲ ਲੈ ਕੇ ਖਿਦਰਾਣੇ ਦੀ ਢਾਬ ਤੇ ਗੁਰੂ ਸਾਹਿਬ ਦਾ ਜੰਗ ਵਿਚ ਸਾਥ ਦਿੱਤਾ ਸੀ। ਬੜੀ ਸ਼ਾਨ ਨਾਲ ਜੰਗ ਜਿੱਤੀ ਸੀ। ਉਸ ਜਿੱਤ ਵਿਚ ਵੱਡਾ ਯੋਗਦਾਨ ਮਾਈ ਭਾਗੋ ਦਾ ਸੀ।

ਇਥੇ ਹੀ ਬਸ ਨਹੀਂ 29 ਅਪ੍ਰੈਲ 1834 ਦੀ ਰਾਤ ਨੂੰ ਇਕ ਪਾਸੇ 40,000 ਗਾਜ਼ੀ ਸਨ ਤੇ ਦੂਸਰੇ ਪਾਸੇ ਜਥੇਦਾਰ ਮਹਾਂ ਸਿੰਘ ਦੀ ਕਮਾਨ ਥੱਲੇ 800 ਸਿੰਘਾਂ ਦੀ ਪੈਦਲ ਫੌਜ। ਗਾਜ਼ੀਆਂ ਦੇ ਹਮਲੇ ਨੇ ਕਿਲੇ ਦੀ ਪੱਛਮੀ ਕੰਧ ਵਿਚ ਪਾੜ ਪਾ ਦਿੱਤਾ। ਕੁਝ ਜੋਸ਼ੀਲੇ ਗੱਭਰੂਆਂ ਨੇ ਰੇਤ ਦੀਆਂ ਬੋਰੀਆਂ ਭਰ ਕੇ ਕਿਲੇ ਦਾ ਪਾੜ ਤਾਂ ਪੂਰ ਦਿੱਤਾ ਪਰ ਦੂਸਰਾ ਕੰਮ ਬਾਕੀ ਸੀ, ਜਮਰੌਦ ਤੋਂ ਬਾਰਾਂ ਮੀਲ ਦੂਰ ਕਿਲਾ ਪਿਸ਼ੌਰ ਵਿਚ ਸ. ਹਰੀ ਸਿੰਘ ਨਲੂਏ ਨੂੰ ਜਥੇਦਾਰ ਮਹਾਂ ਸਿੰਘ ਦੀ ਚਿੱਠੀ ਪਹੁੰਚਾਉਣੀ। ਇਸ ਵੇਲੇ ਇਕ ਮੁਟਿਆਰ ਉਥੇ ਮੌਜੂਦ ਸੀ, ਜਿਸ ਦਾ ਨਾਂ ਬੀਬੀ ਹਰਸ਼ਰਨ ਕੌਰ ਸੀ। ਬੀਬੀ ਨੇ ਕਿਹਾ ਇਹ ਸੇਵਾ ਮੈਨੂੰ ਬਖਸ਼ੋ ਮੈਂ ਚਿੱਠੀ ਪਹੁੰਚਦੀ ਕਰਾਂਗੀ। ਕੁਝ ਨੌਜਵਾਨ ਉਠ ਕੇ ਖੜੇ ਹੋਏ ਤੇ ਵਿਰੋਧ ਕੀਤਾ ਕਿ ਖਾਲਸੇ ਦੇ ਹੁੰਦੇ ਹੋਏ ਬੀਬੀ ਚਿੱਠੀ ਲੈ ਕੇ ਜਾਵੇ? ਪਰ ਬੀਬੀ ਹਰਸ਼ਰਨ ਕੌਰ ਨੇ ਕਿਹਾ ਕਿ ਖਾਲਸਾ ਜੀ ਮੈਂ ਉਹ ਨਿਮਾਣੀ ਨਹੀਂ ਜੀਹਦਾ ਡੋਲਾ ਖੋਹ ਕੇ ਕੋਈ ਪਠਾਣ ਲੈ ਜਾਵੇਗਾ। ਮੈਂ ਗੁਰੂ ਗੋਬਿੰਦ ਸਿੰਘ ਦੀ ਤਿਆਰ ਬਰ ਤਿਆਰ ਸਪੁੱਤਰੀ ਹਾਂ। ਇਹ ਸੇਵਾ ਮੈਂ ਕਰਾਂਗੀ। ਬੀਬੀ ਨੇ ਭੇਸ ਬਦਲਾਇਆ, ਰਾਤ ਨੂੰ ਦੁਸ਼ਮਣ ਨੂੰ ਚੀਰਦੀ ਹੋਈ ਸ. ਨਲੂਏ ਕੋਲ ਪਹੁੰਚੀ ਤੇ ਜਥੇਦਾਰ ਮਹਾਂ ਸਿੰਘ ਦੀ ਚਿੱਠੀ ਸ. ਨਲੂਏ ਨੂੰ ਸੌਂਪੀ।

ਚਿੱਠੀ ਪੜ੍ਹ ਕੇ ਸ. ਨਲੂਏ ਨੇ ਫੌਜ ਨੂੰ ਕੂਚ ਦਾ ਹੁਕਮ ਦਿੱਤਾ ਤੇ ਗਾਜੀਆਂ ਨਾਲ ਟੱਕਰ ਲੈ ਕੇ ਇਕੱਲੀ ਜੰਗ ਹੀ ਨਹੀਂ ਜਿੱਤੀ ਬਲਕਿ ਕਾਬਲ ਦੀਆਂ ਕੰਧਾਂ ਨਾਲ ਖਹਿੰਦਾ ਜਮਰੌਦ ਦਾ ਕਿਲਾ ਉਸਾਰਿਆ। ਜੇ ਬੀਬੀ ਹਰਸ਼ਰਨ ਕੌਰ ਨੂੰ ਵੀ ਜੰਮਣ ਤੋਂ ਪਹਿਲਾਂ ਕਤਲ ਕਰ ਦਿੱਤਾ ਗਿਆ ਹੁੰਦਾ, ਤਾਂ ਸਿੱਖ ਕੌਮ ਵਿਚ ਬਹਾਦਰ ਬੀਬੀਆਂ ਦੇ ਕਿੱਸੇ ਕੌਣ ਪਾਉਂਦਾ? ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਨਾਲ ਵੀ ਕੁਝ ਇਸ ਤਰ੍ਹਾਂ ਹੀ ਵਾਪਰਿਆ। ਉਸਨੂੰ ਵੀ ਜਨਮ ਤੋਂ ਬਾਅਦ ਇਕ ਵੱਡੇ ਬਰਤਨ ਵਿਚ ਪਾ ਕੇ ਦੂਰ ਖੇਤਾਂ ਵਿਚ ਸੁੱਟ ਆਏ ਸਨ ਕਿ ਮਾਂ ਦੇ ਦੁੱਧ ਤੋਂ ਬਗੈਰ ਇਸ ਦੀ ਮੌਤ ਹੋ ਜਾਵੇਗੀ ਪਰ ਗੁਰਬਾਣੀ ਦਾ ਪਵਿੱਤਰ ਫੁਰਮਾਨ ਹੈ, 'ਜਾ ਕੋ ਰਾਖੇ ਸਾਈਆਂ, ਮਾਰ ਸਕੈ ਨਾ ਕੋਏ।' ਸਵੇਰ ਵੇਲੇ ਜਦੋਂ ਖੇਤ ਦਾ ਮਾਲਕ ਖੇਤਾਂ ਵਲ ਗੇੜਾ ਮਾਰਨ ਗਿਆ ਤਾਂ ਉਸਨੇ ਇੱਕ ਰੋਂਦੇ ਹੋਏ ਬੱਚੇ ਦੀ ਆਵਾਜ਼ ਸੁਣੀ ਜਦੋਂ ਉਸ ਨੂੰ ਉਸ ਬਰਤਨ ਵਿਚੋਂ ਕੱਢਿਆ ਤੇ ਪਤਾ ਲੱਗਾ ਕਿ ਉਹ ਇਕ ਬੱਚੀ ਸੀ ਉਸ ਬੱਚੀ ਨੂੰ ਚੁੱਕ ਕੇ ਉਸਦਾ ਪਾਲਣ ਪੋਸ਼ਣ ਕੀਤਾ ਗਿਆ। ਉਹ ਬੱਚੀ ਜਵਾਨ ਹੋਈ ਤੇ ਉਸਨੇ ਵਿਆਹ ਤੋਂ ਬਾਅਦ ਇਕ ਲੜਕੇ ਨੂੰ ਜਨਮ ਦਿੱਤਾ। ਉਹ ਲੜਕਾ ਕੋਈ ਆਮ ਲੜਕਾ ਨਹੀਂ ਸੀ ਉਹ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸੀ, ਜਿਸਨੂੰ ਦੁਨੀਆਂ ਜਾਣਦੀ ਆ, ਜੀਹਨੇ ਕਾਬਲ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਕੇਸਰੀ ਨਿਸ਼ਾਨ ਝੁਲਾ ਦਿੱਤੇ ਸਨ। ਜੇ ਇਸ ਬੱਚੀ ਦਾ ਵੀ ਕਤਲ ਕਰ ਦਿੱਤਾ ਜਾਂਦਾ ਤਾਂ ਮਹਾਰਾਜਾ ਰਣਜੀਤ ਸਿੰਘ ਵਰਗੇ ਸੂਰਮੇ ਸਾਡੇ ਸਾਹਮਣੇ ਨਹੀਂ ਆਉਣੇ ਸਨ।

ਆਉ! ਆਪਣੀ ਸੋਚ ਬਦਲੀਏ ਤੇ ਲੜਕੀਆਂ ਨੂੰ ਵੀ ਜਿਊਣ ਦਾ ਹੱਕ ਦੇਈਏ। ਅੱਜ ਦੀ ਬੱਚੀ ਕਲ੍ਹ ਦੀ ਮਾਂ ਬਣ ਕੇ ਇਕ ਸੂਰਮੇ ਨੂੰ, ਇਕ ਚੰਗੇ ਸਮਾਜ ਸੇਵੀ ਨੂੰ, ਇਕ ਚੰਗੇ ਡਾਕਟਰ ਨੂੰ, ਚੰਗੇ ਖਿਡਾਰੀ ਨੂੰ ਜਨਮ ਦੇ ਸਕਦੀ ਹੈ ਪਰ ਲੋੜ ਹੈ ਪਿਆਰ ਦੀ, ਜਿਉਣ ਦਾ ਮੌਕਾ ਦੇਣ ਦੀ, ਤੇ ਭਰਵੇਂ ਹੁੰਗਾਰਿਆਂ ਦੀ।

## ਉਹ ਵੇਲੇ

# ਤਾਏ ਬਿਸ਼ਨੇ ਦਾ ਭਾਈਚਾਰਾ

ਰਾਠੇਸ਼ਵਰ ਸਿੰਘ 'ਸੂਰਾਪੁਰੀ'*

ਤਾਇਆ ਬਿਸ਼ਨਾ ਸਾਡੇ ਹੀ ਪਿੰਡ ਦਾ ਇਕ ਬਜ਼ੁਰਗ ਹੈ। ਉਸ ਨੂੰ ਪਤਨੀ ਸਮੇਤ, ਆਪਣੇ ਪੁੱਤ-ਬਹੂ ਕੋਲ ਆਇਆਂ ਦੋ ਕੁ ਸਾਲ ਹੋ ਗਏ। ਅੱਜ ਉਸ ਨੇ ਗੁਰਦਵਾਰੇ ਮੈਨੂੰ ਦੇਖ ਲਿਆ। ਉਹ ਛੋਲ੍ਹੇ ਕਦਮੀਂ ਸਿੱਧਾ ਮੇਰੇ ਵਲ ਆਇਆ। ਆਉਂਦਿਆਂ ਹੀ ਉਸ ਨੇ ਆਪਣੇ ਸੱਜੇ ਹੱਥ ਨਾਲ ਮੇਰਾ ਹੱਥ ਘੁੱਟ ਕੇ ਫੜ ਲਿਆ। ਖੱਬੇ ਹੱਥ ਨੂੰ ਅੱਖਾਂ ਤੇ ਛਤਰੀ ਵਾਂਗ ਟਿਕਾ ਕੇ, ਮੇਰੇ ਵਲ ਦੇਖਦੇ ਹੋਏ ਉਹ ਕਹਿਣ ਲੱਗਾ, "ਕਾਕਾ! ਤੂੰ ਦਲੀਪ ਸਿਓਂ ਦਾ ਮੁੰਡਾਂ?" ਮੈਂ ਵੀ ਉਸਨੂੰ ਪਛਾਣ ਲਿਆ। "ਹਾਂਅ ਤਾਇਆ ਜੀ!" ਆਖ ਕੇ ਮੈਂ ਉਸ ਦੇ ਚਰਨ ਛੂਹੇ...ਤਾਂ ਉਸ ਨੇ ਮੈਨੂੰ ਗਲਵੱਕੜੀ ਪਾ ਲਈ। ਗੌਰ ਨਾਲ ਮੇਰੇ ਵਲ ਤੱਕਦੇ ਹੋਏ, ਉਹ ਮੈਨੂੰ ਬਾਹੋਂ ਫੜ੍ਹ ਕੇ ਇਕ ਪਾਸੇ ਨੂੰ ਲੈ ਤੁਰਿਆ।

ਤਾਏ ਬਿਸ਼ਨੇ ਦਾ ਘਰ ਸਾਡੇ ਪਿੰਡ ਦੇ ਦੂਸਰੇ ਪਾਸੇ ਹੈ। ਸਾਡੀ ਕੋਈ ਆਪਸੀ ਸਾਂਝ ਵੀ ਨਹੀਂ। ਮੈਂ ਪਿੰਡ ਦਾ ਸਰਪੰਚ ਸਾਂ। ਉਹ ਕਦੀ-ਕਦੀ ਆਪਣੀ ਬੁਢਾਪਾ ਪੈਨਸ਼ਨ ਬਾਰੇ ਪੁੱਛਣ ਮੇਰੇ ਕੋਲ਼ ਆਇਆ ਕਰਦਾ ਸੀ। ਵਿਛੋੜੇ ਦਾ ਦੁੱਖ, ਬਿਨਾ ਕਿਸੇ ਪਿਆਰੇ ਤੋਂ ਨਿੱਖੜਿਆਂ ਸਮਝਿਆ ਨਹੀਂ ਜਾ ਸਕਦਾ।...ਤੇ ਸੁਤੇ-ਸਿੱਧ ਮਿਲਦੀਆਂ ਨਿਆਮਤਾਂ ਦੀ ਕਦਰ ਵੀ ਨਹੀਂ ਪਾਉਂਦਾ ਕੋਈ। ਬਿਨਾ ਚਖਿਆਂ ਖੰਡ ਤੇ ਲੂਣ ਦੇ ਫਰਕ ਦਾ ਵੀ ਪਤਾ ਨਹੀਂ ਲੱਗਦਾ। ਪਰਦੇਸਾਂ ਵਿਚ ਆ ਕੇ ਕੋਈ ਪੰਜਾਬ ਦਾ ਓਪਰਾ ਬੰਦਾ ਵੀ ਮਿਲ ਪਏ ਤਾਂ ਅਪਣੱਤ ਜਾਗ ਪੈਂਦੀ ਹੈ।...ਤੇ ਜੇ ਕੋਈ ਹੋਰ ਨਜ਼ਦੀਕੀ ਮਿਲ ਜਾਏ ਤਾਂ ਪਿਆਰ ਇਓਂ ਉਮਡਦਾ ਹੈ ਕਿ ਧਾਅ-ਗਲਵੱਕੜੀ ਪਾਉਣ ਨੂੰ ਜੀ ਕਰਦਾ ਹੈ। ਇਹੀ ਹਾਲ ਤਾਏ ਬਿਸ਼ਨੇ ਦਾ ਸੀ।

ਬਾਹਰ ਗਰਮੀ ਹੋਣ ਕਾਰਨ ਮੈਂ ਉਸ ਨੂੰ ਪਾਰਕਿੰਗ-ਲਾਟ 'ਚ ਖੜ੍ਹੀ ਆਪਣੀ ਕਾਰ 'ਚ ਲੈ ਗਿਆ। ਏ.ਸੀ. ਚਲਾ ਕੇ ਅਸੀਂ ਦੋਵੇਂ ਅਗਲੀਆਂ ਸੀਟਾਂ 'ਤੇ ਬੈਠ ਗਏ। ਉਹ ਮੇਰੇ ਬਰਾਬਰ ਵਾਲੀ ਸੀਟ 'ਤੇ ਬੈਠਾ ਘੜੀ-ਮੁੜੀ ਮੇਰੇ ਵਲ ਤੱਕਦਾ। ਸ਼ਾਇਦ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਗੱਲ ਕਿੱਥੋਂ ਸ਼ੁਰੂ ਕਰੇ। ਉਸ ਨੇ ਐਨਕ ਉਤਾਰ ਕੇ ਸ਼ੀਸ਼ਿਆਂ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਦੁਬਾਰਾ ਲਾ ਲਈ। ਮੈਂ ਦੇਖਿਆ ਉਸ ਦੀਆਂ ਅੱਖਾਂ ਵੀ ਕੁਝ ਨਮ ਸਨ। ਇਕ ਲੰਬਾ ਸਾਰਾ ਹੌਕਾ ਭਰ ਕੇ ਉਹ ਬੋਲਿਆ, "ਇੱਥੇ ਕਾਕਾ! ਭਲਾ ਹੋਇਆ ਕੀ ਆ ਲੋਕਾਂ ਨੂੰ?... ਕੋਈ ਗੱਲ ਈ ਕਰਕੇ ਰਾਜੀ ਨ੍ਹੀਂ!... ਕਿਸੇ ਕੋਲ਼ ਟੈਮ ਈ ਨ੍ਹੀਂ ਇਕ-ਦੂਜੇ ਨੂੰ ਮਿਲਣ-ਗਿਲਣ ਦਾ। ਸਭ ਨੂੰ ਆਪੋ-ਧਾਪੀ ਜਈ ਪਈ ਵੀ ਆ...ਕੋਈ ਐਧਰ ਨੂੰ ਦੌੜਾ ਜਾਂਦਾ ਕੋਈ ਔਧਰ ਨੂੰ...ਜੇ ਕਿਤੇ ਵਰ੍ਹੀਂ-ਕਾਲੀਂ ਕੋਈ ਪੰਜਾਬੀ ਨਜ਼ਰੇ ਪੈਂਦਾ ਵੀ ਆ...ਪਹਿਲਾਂ ਈ ਮੂੰਹ ਫੇਰ ਕੇ ਪਰ੍ਹਾਂ ਨੂੰ ਤੁਰ ਜਾਂਦਾ... ਆਹ ਗੁਰਦਵਾਰੇ ਆ ਕੇ ਜਰਾ ਮਨ ਨੂੰ ਸ਼ਾਂਤੀ ਜਈ ਮਿਲਦੀ ਆ।"

"ਤੁਸੀਂ ਤਾਇਆ ਜੀ! ਹਰੇਕ ਐਤਵਾਰ ਨੂੰ ਗੁਰਦਵਾਰੇ ਆ ਜਾਇਆ ਕਰੋ।" ਮੈਂ ਉਸ ਨੂੰ ਦਿਲਾਸਾ ਦਿੱਤਾ।

"ਕੋਈ ਲੈ ਕੇ ਆਵੇ ਤਾਹੀਂ ਆਂ? ਨਿਆਣੇ ਤਾਂ ਟੀ ਵੀ ਨੂੰ ਚੁੰਬੜੇ ਰਹਿੰਦੇ ਆ।" ਉਹਦੇ ਬੋਲਾਂ 'ਚ ਬੇ-ਬਸੀ ਪ੍ਰਤੱਖ ਹੈ।

"ਉਹ ਵੀ ਕੀ ਕਰਨ? ਪੰਜ ਦਿਨ ਹੱਡ-ਭੰਨਵੀਂ ਮਿਹਨਤ ਕਰਕੇ ਮਸੀਂ ਦੋ ਦਿਨ ਮਿਲਦੇ ਆ। ਕੁਝ ਅਰਾਮ ਵੀ ਤਾਂ ਕਰਨਾ ਹੋਇਆ?" ਮੈਂ ਇੱਥੋਂ ਦੇ ਰੁਝੇਵਿਆਂ ਭਰੇ ਜੀਵਨ ਬਾਰੇ ਦੱਸਣਾ ਚਾਹੁੰਦਾ ਸਾਂ, ਪਰ ਉਹ ਵਿਚੋਂ ਹੀ ਬੋਲ ਪਿਆ, "ਨਾ ਏਹਦੇ ਨਾਲੋਂ ਫੇਰ ਪੰਜਾਬ 'ਚ ਮਾੜੇ ਸੀ? ਨਾ ਕੋਈ ਹੇਠੀ ਨਾ ਜੇਠੀ। ਏਥੇ ਤਾਂ ਸਾਰੇ ਕਰਜ਼ਈ ਹੋਏ ਪਏ ਆ।"

"ਤਾਇਆ ਜੀ! ਪੰਜਾਬ 'ਚ ਕਿਹੜਾ ਕੋਈ ਕੰਮ ਮਿਲਦਾ? ਸਾਰੇ ਪੜ੍ਹੇ-ਲਿਖੇ ਮੁੰਡੇ ਵਿਹਲੇ ਘੁੰਮਦੇ ਆ।" ਇਹ ਮੇਰਾ ਨਿੱਜੀ ਤਜਰਬਾ ਵੀ ਏ। ਬੀ.ਏ., ਬੀ-ਐਡ. ਕਰਨ ਤੋਂ ਬਾਅਦ, ਮੈਨੂੰ ਕਈ ਸਾਲ ਨੌਕਰੀ ਨਹੀਂ ਸੀ ਮਿਲੀ। ਹਾਂ! ਅਮਰੀਕਨ ਕੁੜੀ ਨਾਲ ਵਿਆਹ ਜ਼ਰੂਰ ਹੋ ਗਿਆ ਤੇ ਮੈਂ ਏਥੇ ਆ ਗਿਆਂ।

"ਨਾ ਤੂੰ ਐਂ ਦਸ! ਭਲਾ ਕੋਈ 'ਭਾਪਿਆਂ' ਦਾ ਮੁੰਡਾ ਦੇਖਿਆ ਤੈਂ ਇਨ੍ਹਾਂ ਮੁਲਕਾਂ 'ਚ? ਕੋਈ ਹੋਊ ਹਜ਼ਾਰਾਂ 'ਚੋਂ ਇਕ, ਸਾਰੇ ਓਥੇ ਐਸ਼ ਕਰਦੇ ਆ। ਮੋਟਰ-ਸੈਕਲ, ਕਾਰਾਂ ਲਈ ਘੁੰਮਦੇ ਐ, ਤੁਹਾਡੀ ਬਾਹਰੋਂ ਗਿਆਂ ਦੀ ਛਿੱਲ ਲਾਹੀ ਜਾਂਦੇ ਆ। ਕਰਨੇ ਹੋਣ ਤਾਂ ਬਥੇਰੇ ਕੰਮ ਆ ਓਥੇ?" ਤਾਇਆ ਹੁਣ ਪੂਰੇ ਜੋਸ਼ ਵਿਚ ਸੀ, ਉਸ ਦਾ ਸਰੀਰ ਵੀ ਥੋੜ੍ਹਾ ਕੰਬਦਾ ਜਾਪਿਆ। ਮੈਂ ਗੱਲ ਨੂੰ ਬਦਲਣ ਦੇ ਰਉਂ 'ਚ ਕਿਹਾ, "ਤਾਇਆ ਜੀ ਛੱਡੋ ਤੁਸੀਂ ਇਨ੍ਹਾਂ ਗੱਲਾਂ ਨੂੰ, ਹੋਰ ਕੋਈ ਆਪਣੇ ਸਮਿਆਂ ਦੀ ਗੱਲਬਾਤ ਸੁਣਾਓ?"

ਉਹ ਹੌਲੀ-ਹੌਲੀ ਸ਼ਾਂਤ ਹੋ ਗਿਆ। ਅੱਖਾਂ ਨੂੰ ਬੰਦ ਕਰਕੇ ਕੁਝ ਚਿਰ ਆਪਣੇ ਅਤੀਤ ਨੂੰ ਫਰੋਲਣ ਤੋਂ ਬਾਅਦ, ਹੁਲਾਸ ਜਿਹੇ ਨਾਲ ਕਹਿਣ ਲੱਗਾ, "ਭਤੀਜ! ਉਹ ਦਿਨ ਬੜੇ ਚੰਗੇ ਸੀ। ਕਿੰਨਾ 'ਤਫਾਕ ਹੁੰਦਾ ਸੀ ਪਿੰਡ ਦੇ ਲੋਕਾਂ 'ਚ! ਭਾਈਚਾਰੇ 'ਚ ਆਪਸੀ ਪਿਆਰ ਬ੍ਹੌਤ ਸੀ। ਅੱਗ ਤੇ ਪਾਣੀ ਦੀ ਵੀ ਸਾਂਝ ਸੀ!"

"ਤਾਇਆ ਜੀ! ਅੱਗ ਤੇ ਪਾਣੀ ਦੀ ਵੀ ਸਾਂਝ ਹੋ ਸਕਦੀ ਆ?...ਅੱਗ ਦਾ ਕੰਮ ਹੈ ਸਾੜਨਾ ਤੇ ਪਾਣੀ ਦਾ ਕੰਮ ਏ ਠਾਰਨਾ...ਦੋਵਾਂ ਦਾ ਭਲਾ ਕੀ ਮੇਲ?"

"ਤੂੰ ਗੱਲ ਤਾਂ ਸੁਣ ਜ਼ਰਾ...!" ਐਨਕ ਦੇ ਉਪਰੋਂ ਦੀ ਝਾਕਦੇ ਹੋਏ ਉਸ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਮੈਨੂੰ ਉਹ ਦਿਨ ਨ੍ਹੀਂ ਭੁੱਲਦੇ ਜਦੋਂ ਮਾਈ ਰੱਖੀ ਦੇ ਘਰੋਂ, ਮਾਂ ਮੈਨੂੰ ਲੋਹੇ ਦਾ ਕੜਛਾ ਦੇ ਕੇ ਅੱਗ ਲੈਣ ਭੇਜਦੀ ਹੁੰਦੀ ਸੀ। ਰੋਟੀ-ਪਾਣੀ ਦਾ ਕੰਮ ਮੁਕਾ ਕੇ, ਮਾਈ ਚੁੱਲ੍ਹੇ ਦੀ ਅੱਗ ਵਿਚ ਪਾਥੀ ਦੱਬ ਦਿੰਦੀ ਤੇ ਉਹ ਹੌਲੀ-ਹੌਲੀ ਧੁਖਦੀ ਰਹਿੰਦੀ। ਜਦੋਂ ਮੈਂ ਅੱਗ ਲੈਣ ਜਾਂਦਾ ਤਾਂ ਉਹ ਮਘਦੀ ਪਾਥੀ ਦਾ ਇਕ ਟੋਟਾ ਚਿਮਟੇ ਨਾਲ ਤੋੜ ਕੇ ਦੇ ਦਿੰਦੀ। ਮਾਂ ਉਸ ਛੋਟੇ ਜਿਹੇ ਟੁਕੜੇ ਨੂੰ ਭੂਕਨੇ ਨਾਲ ਫੂਕਾਂ ਮਾਰ-ਮਾਰ ਅੱਗ ਮਚਾ ਲੈਂਦੀ। ਤੰਗੀ-ਤੁਰਸ਼ੀ ਦੇ ਦਿਨ ਸੀ, ਤੀਲਾਂ ਦੀ ਡੱਬੀ ਵਰਤਣ ਦਾ ਵੀ ਸਰਫ਼ਾ ਕਰਦੇ ਸੀ ਲੋਕ।"

"ਤੇ ਪਾਣੀ?" ਉਸ ਦੀ ਗੱਲ ਮੈਂ ਹੁਣ ਬੜੇ ਧਿਆਨ ਨਾਲ ਸੁਣ ਰਿਹਾ ਸਾਂ।

"ਪਾਣੀ ਤਾਂ ਸਾਰਾ ਪਿੰਡ ਸ਼ਾਹਾਂ ਦੀ ਖੂਹੀ ਤੋਂ ਭਰਦਾ ਸੀ। ਕੁੜੀਆਂ-ਕੱਤਰੀਆਂ ਘੜੇ ਭਰ-ਭਰ ਘਰਾਂ ਨੂੰ ਲੈਜਾਂਦੀਆਂ। ਸਾਰਾ ਦਿਨ ਰੌਣਕ ਲੱਗੀ ਰਹਿੰਦੀ ਉਨ੍ਹਾਂ ਦੀ ਖੂਹੀ 'ਤੇ। ਇਕ ਹੋਰ ਵੀ ਪਿੰਡ 'ਚ ਸਾਂਝਾ ਖੂਹ ਸੀ। ਪਾਣੀ ਭਰਨ ਤੋਂ ਅਲਾਵਾ, ਓਥੇ ਈ ਜਨਾਨੀਆਂ ਕੱਪੜੇ ਧੋ ਲੈਂਦੀਆਂ, ਪਸੂਆਂ ਨੂੰ ਪਾਣੀ ਵੀ ਓਸ ਖੂਹ ਤੋਂ ਈ ਪਲੌਂਦੇ ਸੀ ਲੋਕ, ਪਰ ਸ਼ਾਹਾਂ ਦੀ ਖੂਹੀ ਦਾ ਪਾਣੀ ਬ੍ਹੌਤ ਠੰਡਾ ਤੇ ਸਵਾਦ ਸੀ। ਬਰਫ ਉਦੋਂ ਕੌਣ ਜਾਣਦਾ ਸੀ?"

"ਅੱਛਾ ਤਾਇਆ ਜੀ! ਹੋਰ...?" ਹੁਣ ਮੇਰੀ ਪੁਰਾਣੇ ਆਪਸੀ ਭਾਈਚਾਰੇ ਦੀ ਸਾਂਝ ਨੂੰ ਜਾਨਣ ਲਈ ਜਗਿਆਸਾ ਵਧਣ ਲੱਗ ਪਈ।

"ਇਕ ਹੋਰ ਵੀ ਰਵਾਜ ਹੁੰਦਾ ਸੀ ਪਿੰਡਾਂ 'ਚ, ਸਬਜ਼ੀ-ਭਾਜੀ ਉਧਾਰ ਲੈਣ ਦਾ। ਉਦੋਂ ਕੋਈ ਵੀ ਟੈਲੀਫੋਨ ਕਰਕੇ ਨ੍ਹੀਂ ਸੀ ਔਂਦਾ। ਪਰੌਣੇ ਦੀ ਸਦਾ ਉਡੀਕ ਬਣੀ ਰੈਂਦੀ ਸੀ। ਜੇ ਅਸੀਂ ਕਿਤੇ ਬਾਹਰਲੇ ਦਰਵਾਜ਼ੇ ਦੀ ਅੰਦਰੋਂ ਕੁੰਡੀ ਲਾ ਦਿੰਦੇ, ਤਾਂ ਸਾਡੀ ਦਾਦੀ ਡੰਡਾ ਲੈ ਕੇ ਸਾਡੇ ਮਗਰ ਦੌੜਦੀ ਹੋਈ ਆਖਦੀ, 'ਭਲਾ ਜੇ ਕੋਈ ਬਾਹਰੋਂ ਕੁੰਡਾ ਲੱਗਾ ਦੇਖ ਕੇ ਮੁੜ ਗਿਆ ਫੇਰ?' ਤੇ ਜਦ ਕੋਈ ਪਰੌਣਾ ਅਚਾਨਕ ਆ ਵੀ ਜਾਂਦਾ ਸੀ ਤਾਂ ਆਂਢ-ਗੁਆਂਢ ਦੇ ਘਰਾਂ ਤੋਂ ਕੌਲੀ-ਕੌਲੀ ਦਾਲ-ਸਬਜ਼ੀ ਦੀ ਮੰਗ ਲੈਂਦੇ। ਘਿਓ ਤੇ ਸ਼ੱਕਰ ਘਰ ਦੇ ਹੁੰਦੇ ਸੀ। ਇਸ ਤਰ੍ਹਾਂ ਆਉਣ ਵਾਲੇ ਦੀ ਵਾਹਵਾ ਸੇਵਾ ਹੋ ਜਾਂਦੀ।"

"ਕਹਿੰਦੇ ਆ ਉਸ ਵੇਲੇ ਲੋਕਾਂ ਦਾ ਜੀਵਨ ਬੜਾ ਸਾਦ-ਮੁਰਾਦਾ ਹੁੰਦਾ ਸੀ?"

"ਲੈ ਸਾਦਗੀ ਦੀ ਗੱਲ ਵੀ ਸੁਣ ਲੈ!" ਗੱਲ ਸ਼ੁਰੂ ਕਰਨ ਤੋਂ ਪਹਿਲਾਂ ਉਹ ਬੁੱਲ੍ਹਾਂ 'ਚ ਮੁਸਕਰਾਇਆ ਤੇ ਮੇਰੇ ਵਲ ਦੇਖ ਕੇ ਕਹਿਣ ਲੱਗਾ, "ਸਾਡੇ ਛੋਟੇ ਹੁੰਦਿਆਂ ਦੀ ਗੱਲ ਹੋਊ, ਜੋ ਸਾਡੀ ਮਾਂ ਸਾਨੂੰ ਦੱਸਦੀ ਹੁੰਦੀ ਸੀ। ਸਾਡਾ ਬਾਪੂ ਵੀ ਸਲਵਾਰ-ਕਮੀਜ਼ ਪਾਂਦਾ ਸੀ। ਉਨ੍ਹਾਂ ਦੋਨਾਂ ਕੋਲ ਤਿੰਨ-ਚਾਰ ਸਾਂਝੀਆਂ ਕਮੀਜ਼ਾਂ ਤੇ ਸਲਵਾਰਾਂ ਹੁੰਦੀਆਂ ਸੀ। ਦੋਵੇਂ ਜਣੇ ਇਕ ਦੂਜੇ ਦੀਆਂ ਬਦਲ-ਬਦਲ ਕੇ ਪਾ ਲੈਂਦੇ।" ਸੁਣ ਕੇ ਮੇਰਾ ਹਾਸਾ ਨਿਕਲ ਗਿਆ।

"ਤਾਇਆ ਜੀ! ਤੁਹਾਡੇ ਜ਼ਮਾਨੇ 'ਚ ਅੱਜ ਵਰਗੇ ਖੇਤੀ-ਬਾੜੀ ਦੇ ਸਾਧਨ ਨਹੀਂ ਸੀ ਹੁੰਦੇ, ਮੁਸ਼ਕਿਲ ਤਾਂ ਜ਼ਰੂਰ ਆਉਂਦੀ ਹੋਵੇਗੀ?" ਮੈਂ ਗੱਲ ਅੱਗੇ ਤੋਰੀ।

"ਮੁਸ਼ਕਲ ਤਾਂ ਬ੍ਹੌਤ ਔਣੀ ਸੀ ਕਾਕਾ! ਜੇ ਸਮਾਂ ਅੱਜ-ਕਲ੍ਹ ਵਰਗਾ ਹੁੰਦਾ। ਉਦੋਂ ਤਾਂ ਗੱਲ ਈ ਕੋਈ ਹੋਰ ਸੀ। ਸਾਂਝੇ ਟੱਬਰ ਹੁੰਦੇ ਸੀ। ਆਪਸ 'ਚ ਪਿਆਰ ਤੇ ਮੇਲ-ਗੇਲ਼ ਬਹੁਤ ਸੀ। ਭਾਈਚਾਰੇ ਦੇ ਸਾਰੇ ਲੋਕ ਇਕ ਦੂਜੇ ਨਾਲ਼ ਕੰਮ 'ਚ ਹੱਥ ਵਟਾ ਦਿੰਦੇ ਸੀ। ਆਵ੍ਹਤ ਜਾਂ ਮਾਂਗੀ ਪਾਉਣ ਦਾ ਵੀ ਰਵਾਜ ਸੀ।"

"ਤਾਇਆ ਜੀ ਭਲਾ ਆਵ੍ਹਤ ਕੀਹਨੂੰ ਕਹਿੰਦੇ ਸੀ?"

"ਇਹ ਵੀ ਭਤੀਜ! ਰਲ਼-ਮਿਲਕੇ ਕੰਮ ਨਬੇੜਨ ਦਾ ਇਕ ਵਧੀਆ ਢੰਗ ਸੀ। ਕਣਕਾਂ ਦੀ ਵਾਢੀ ਕਰਨੀ ਜਾਂ ਹੋਰ ਕੋਈ ਗੁੱਡ-ਗਡਾਈ ਦਾ ਕੰਮ, ਜੇ ਕਿਸੇ ਦੀ ਪੌਂਚ ਤੋਂ ਬਾਹਰਾ ਹੁੰਦਾ, ਤਾਂ ਓਹ ਸ਼ਰੀਕੇ ਭਾਈਚਾਰੇ ਜਾਂ ਹੋਰ ਜਾਣੂੰ ਗਭਰੂਆਂ ਨੂੰ ਸੱਦਾ ਦਿੰਦਾ ਸੀ। ਜਿਸ ਨੂੰ ਆਮ ਤੌਰ 'ਤੇ ਮੰਨ ਲਿਆ ਜਾਂਦਾ। ਗਭਰੂਆਂ ਨੂੰ ਹੱਲਾ ਸ਼ੇਰੀ ਦੇ ਕੇ, ਇਕ ਦੂਜੇ ਤੋਂ ਮੌਹਰੇ ਕੰਮ ਨਬੇੜਨ ਲਈ ਉਕਸਾਇਆ ਜਾਂਦਾ ਤੇ ਉਨ੍ਹਾਂ ਦੇ ਖਾਣ-ਪੀਣ ਦੀ ਖੂਬ ਸੇਵਾ ਕੀਤੀ ਜਾਂਦੀ। ਇੰਜ ਦਿਨਾਂ ਦਾ ਕੰਮ ਘੈਂਟਿਆਂ 'ਚ ਨਿੱਬੜ ਜਾਂਦਾ।"

"ਅੱਛਾ! ਹੋਰ ਸੁਣਾਓ ਕੁਝ ਤਾਇਆ ਜੀ।" ਐਤਵਾਰ ਦੀ ਛੁੱਟੀ ਹੋਣ ਕਾਰਨ ਮੈਂ ਅੱਜ ਵਿਹਲਾ ਹੀ ਸਾਂ ਤੇ ਤਾਏ ਦੀਆਂ ਗੱਲਾਂ ਵੀ ਬੜੀਆਂ ਦਿਲਚਸਪ ਸਨ।

"ਕੀ ਪੁੱਛਦਾਂ ਭਤੀਜ! ਉਹ ਸਮਾਂ ਅੱਜ ਨਾਲੋਂ ਬਹੁਤ ਭਿੰਨ ਸੀ। ਬ੍ਹੌਤੇ ਕੰਮਾਂ ਲਈ ਮਿਹਨਤ ਤੇ ਤਾਕਤ ਦੀ ਲੋੜ ਹੁੰਦੀ ਸੀ। ਮਸ਼ੀਨਰੀ ਤਾਂ ਉਦੋਂ ਹੈ ਈ ਨ੍ਹੀਂ ਸੀ, ਬਸ ਇਕ ਦੂਸਰੇ ਦਾ ਆਸਰਾ



ਲੈਣਾ ਪੈਂਦਾ। ਖੇਤੀ-ਬਾੜੀ ਦੇ ਸੰਦ ਵੀ ਸਾਰੇ ਨ੍ਹੀਂ ਸੀ ਬਣਾ ਸਕਦਾ ਕੋਈ। ਬਸ, ਮੰਗ-ਮੁੰਗ ਕੇ ਕੰਮ ਸਾਰ ਲਈਦਾ ਸੀ। ਵਿਆਹ-ਸ਼ਾਦੀ ਮੌਕੇ ਚੰਗੇ ਗੱਡੇ-ਗੱਡੀਆਂ ਵੀ, ਸਰਦੇ-ਪੁੱਜਦੇ ਘਰਾਂ ਤੋਂ ਮੰਗਵੇਂ ਈ ਲਏ ਜਾਂਦੇ ਸਨ। ਬੈਲਾਂ ਦੇ ਸਿੰਗਾਂ ਨੂੰ ਤੇਲ ਲਾ ਕੇ 'ਤੇ ਐਨ ਸ਼ੰਗਾਰ ਕੇ ਲੈ ਕੇ ਜਾਂਦੇ ਸੀ ਵਿਆਹਾਂ 'ਚ। ਬਰਾਤੀਆਂ ਦੇ ਨਾਲ-ਨਾਲ ਬਲਦਾਂ ਨੂੰ ਵੀ ਵਧੀਆ ਚਾਰਾ ਤੇ ਪੇੜਾ ਖਾਣ ਨੂੰ ਮਿਲਦਾ। ਹਲਵਾਈ ਦਾ ਕੰਮ ਤਾਂ ਕੁਝ ਸਿਆਣੇ ਬੰਦੇ ਤੇ ਹੋਰ ਪਿੰਡ ਦੇ ਲਾਗੀ ਈ ਰਲ ਕੇ ਕਰ ਲੈਂਦੇ ਸੀ। ਸਬਜ਼ੀਆਂ ਛਿੱਲਣ-ਚੀਰਨ ਦਾ ਕੰਮ ਸਰੀਕੇ ਭਾਈਚਾਰੇ ਵਾਲੇ ਚਾਈਂ-ਚਾਈਂ ਕਰਾ ਦਿੰਦੇ। ਦੁੱਧ-ਲੱਸੀ ਆਦਿ ਪਿੰਡ ਦੇ ਲੋਕਾਂ ਵਲੋਂ ਮੁਖਤ ਵਿਚ ਆ ਜਾਂਦੇ ਸੀ। ਵਿਆਹ 'ਚ ਸ਼ਾਮਲ ਹੋਣ ਆਏ ਪਰੌਣੇ ਅੱਜ ਵਾਂਗ ਟਾਈਆਂ ਲਾ ਕੇ ਨ੍ਹੀਂ ਸੀ ਘੁੰਮਦੇ, ਸਗੋਂ ਕੰਮ-ਕਾਰ 'ਚ ਹੱਥ ਵਟਾਉਣਾ ਆਪਣਾ ਧਰਮ ਸਮਝਦੇ ਸੀ। ਵਿਆਹਾਂ 'ਚ ਅੱਜ ਦੀ ਤਰ੍ਹਾਂ ਬ੍ਹੈਰੇ ਵੀ ਨ੍ਹੀਂ ਸੀ ਹੁੰਦੇ। ਮੁੰਡੇ-ਖੁੰਡੇ ਆਪ ਈ ਰਲ਼ਕੇ ਬਰਾਤ ਦੀ ਸੇਵਾ ਕਰਦੇ ਸੀ। ਬਰਾਤਾਂ ਵੀ ਤਿੰਨ ਤਿੰਨ ਦਿਨ ਤਾਂ ਰਹਿੰਦੀਆਂ ਸਨ।"

"ਅੱਛਾ ਤਾਇਆ ਜੀ! ਫੇਰ ਤਾਂ ਵਾਹਵਾ ਰੌਣਕਾਂ ਹੁੰਦੀਆਂ ਹੋਣਗੀਆਂ ਵਿਆਹਾਂ 'ਚ?"

"ਰੌਣਕਾਂ ਤਾਂ ਭਤੀਜ ਹੁੰਦੀਆਂ ਈ ਸੀ, ਪਰ ਹਾਸਾ-ਮਸ਼ਕੂਲਾ ਬ੍ਹੌਤ ਹੁੰਦਾ ਸੀ। ਕੋਈ ਗੁੱਸਾ ਨ੍ਹੀਂ ਸੀ ਕਰਦਾ। ਅਸੀਂ ਬੜੀਆਂ ਪੁੱਠੀਆਂ-ਸਿੱਧੀਆਂ ਸ਼ਰਾਰਤਾਂ ਮੇਲਣਾਂ ਨਾਲ ਕਰ ਲੈਂਦੇ ਸੀ। ਉਹ ਵੀ ਘੱਟ ਨ੍ਹੀਂ ਸੀ ਕਰਦੀਆਂ। ਪਿੰਡ 'ਚ ਜਾਗੋ ਕੱਢਣ ਗਈਆਂ, ਕਈ ਸੁੱਤੇ ਪਿਆਂ ਦੇ ਮੰਜੇ ਉਲਟਾ ਦਿੰਦੀਆਂ। ਸਵੇਰ ਨੂੰ ਰਿੜਕਣ ਵਾਸਤੇ ਜਾਗ ਲਗਾਇਆ ਦੁੱਧ, ਚਾਟੀਆਂ 'ਚੋਂ ਕੱਢ ਕੇ ਪੀ ਜਾਂਦੀਆਂ। ਗੀਤਾਂ ਨਾਲ ਵੀ ਕਿਸੇ ਨੂੰ ਨ੍ਹੀਂ ਸੀ ਬਕਸ਼ਦੀਆਂ। ਖਾਸ ਕਰ ਛੜਿਆਂ ਨੂੰ ਵਾਹਵਾ ਠਿੱਠ ਕਰਦੀਆਂ।

"ਤਾਇਆ ਜੀ ਹੁਣ ਤੁਸੀਂ ਛੋਟੇ ਮੁੰਡੇ ਦਾ ਵੀ ਵਿਆਹ ਕਰ ਲਓ। ਬੜਾ ਤਾਂ ਸੈਟ ਹੋ ਗਿਆ।" ਅਚਨਚੇਤ ਹੀ ਮੈਥੋਂ ਤਾਏ ਦੀ ਦੁਖਦੀ ਰਗ 'ਤੇ ਹੱਥ ਰੱਖਿਆ ਗਿਆ।

"ਉਦੀ ਮੰਗਣੀ ਹੋਈ ਨੂੰ ਤਾਂ ਤਿੰਨ ਸਾਲ ਹੋ ਗਏ... ਰਿਸ਼ਤੇਦਾਰ ਖੈੜੇ ਈ ਪੈ ਗਏ ਸੀ...ਹੁਣ ਵਿਆਹ ਕਰਨ ਜਾਣਾ। ਪਰ ਮੇਰੀ ਤਾਂ ਪੁੱਤ! 'ਦੀਪਾ' ਕੋਈ ਸੁਣਦਾ ਈ ਨ੍ਹੀਂ।"

"ਕਹਿੰਦਾ ਕੀ ਆ?"

"ਕਹਿੰਦਾ ਨਾਚ ਗਾਣੇ ਵਾਲੇ ਸੱਦਣੇ ਆਂ...ਵਿਆਹ 'ਚ ਮੁਜਰਾ ਕਰਾਣਾ।"

"ਮੁਜਰਾ ਨ੍ਹੀਂ ਤਾਇਆ ਜੀ!...ਉਹ ਡੀ.ਜੇ. ਵਾਲਿਆਂ ਨਾਲ, ਡਾਂਸ ਕਰਨ ਵਾਲੀਆਂ ਕੁੜੀਆਂ ਹੁੰਦੀਆਂ।"

"ਫਰਕ ਕੀ ਹੋਇਆ ਫੇਰ?...ਪਹਿਲਾਂ ਅਮੀਰ ਲੋਕ ਤਬੈਫਾਂ ਦੇ ਚੁਬਾਰਿਆਂ 'ਤੇ ਜਾ ਕੇ ਸ਼ਰਾਬ ਪੀਂਦੇ, ਤੇ ਨਾਚ ਗਾਣੇ ਦਾ ਮਜਾ ਲੈਂਦੇ ਸੀ। ਹੁਣ ਓਹੀ ਮੁਜਰੇ ਗਲ੍ਹੀ-ਮੁਹੱਲਿਆਂ 'ਚ ਆ ਵੜੇ। ਹੁਣ ਵੀ ਨੌਜੁਆਨ ਕੁੜੀਆਂ ਨੱਚ ਕੇ, ਲੋਕਾਂ ਦਾ ਓਸੀ ਤਰ੍ਹਾਂ ਈ ਮਨਪ੍ਰਚਾਵਾ ਕਰਦੀਆਂ। ਲੋਕ ਮੀਟ-ਮੱਛੀ ਖਾਂਦੇ, ਸ਼ਰਾਬ ਪੀਂਦੇ, ਨਵਾਬ ਬਣੇ ਪੈਸੇ ਵਾਰਦੇ ਤੇ ਅੱਖਾਂ ਤੱਤੀਆਂ ਕਰਦੇ ਆ। ਉਹ ਮੁਜਰੇ ਫੇਰ ਵੀ ਠੀਕ ਸੀ ਕਾਕਾ! ਕੋਈ ਹੱਦ ਸੀ, ਕੋਈ ਪਰਦਾ ਸੀ। ਹੁਣ ਤਾਂ ਧੀਆਂ, ਭੈਣਾਂ, ਬਊਆਂ ਦੇ ਨਾਲ ਬੈਠ ਕੇ ਮੁਜਰਾ ਦੇਖਦੇ ਆ ਲੋਕ। ਮੇਰੇ ਵਰਗੇ ਬੁੜ੍ਹੇ-ਬੁੜ੍ਹੀਆਂ ਨੂੰ ਵੀ ਖਿੱਚ-ਖਿੱਚ ਕੇ ਨੱਚਣ ਲਾ ਲੈਂਦੇ ਆ। ਸ਼ਰਾਬ ਪੀ ਕੇ ਬਾਂਦਰ ਟਪੂਸੀਆਂ ਮਾਰਨੋਂ ਨ੍ਹੀਂ ਬਾਜ ਆਉਂਦੇ।"

"ਤੁਸੀਂ ਬਾਹਲਾ ਈ ਤਵਾ ਲਾਈ ਜਾਨੇਂ ਆਂ ਤਾਇਆ ਜੀ!"

"ਲਾਵਾਂ ਕਿੱਦਾਂ ਨਾ ਕਾਕਾ! ਤੁਹਾਨੂੰ ਰੱਬ ਨੇ ਬੜਾ ਰਿਜਕ ਦਿੱਤਾ ਹੋਇਆ। ਤੁਸੀਂ ਲੱਖਾਂ ਰੁਪਏ ਖਰਚ ਸਕਦੇ ਓ, ਇਨ੍ਹਾਂ ਫਜ਼ੂਲ ਦੇ ਕੰਮਾਂ 'ਤੇ। ਮੇਰਾ ਗਰੀਬ ਕਿਸਾਨ ਭਰਾ ਕਿੱਥੋਂ ਐਨਾ ਖਰਚ ਕਰੇਗਾ ਆਪਣੇ ਧੀਆਂ-ਪੁੱਤਾਂ ਦੇ ਵਿਆਹਾਂ 'ਤੇ? ਗਰੀਬੀ-ਅਮੀਰੀ ਦੇ ਇਸ ਵਧ ਰਹੇ ਪਾੜੇ ਨੇ, ਦਿਹਾਤੀ ਭਾਈਚਾਰੇ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ।"

"ਤਾਇਆ ਜੀ!...ਤੁਸੀਂ ਕੀ ਲੈਣਾ? ਤੁਹਾਡੀ ਜਿਵੇਂ ਕਿਵੇਂ ਲੰਘ ਗਈ, ਅਗਾਂਹ ਬੱਚਿਆਂ ਨੂੰ ਕਰਨ ਦਿਓ ਮੌਜਾਂ!"

"ਮੌਜਾਂ!...ਕਾਕਾ ਤੂੰ ਏਨੂੰ ਮੌਜਾਂ ਕ੍ਹੈਨਾਂ? ਇਹ ਮੌਜਾਂ ਨ੍ਹੀਂ,...ਸੋਚਣ ਆਲੀ ਗੱਲ ਆ...ਅਸੀਂ ਕਿੱਧਰ ਨੂੰ ਜਾ ਰਏ ਆਂ? ਚਾਮਲ-ਚਾਮਲ ਕੇ ਗੀਤਾਂ 'ਚ ਕੁੜੀਆਂ ਦੇ ਅੰਗਾਂ ਦੀਆਂ ਸਿਫਤਾਂ ਸੁਣਦੇ ਆਂ। ਹੀਰ-ਰਾਂਝੇ ਦੇ ਕਿੱਸੇ ਸੁਆਦ ਲਾ-ਲਾ ਕੇ ਪੜ੍ਹਦੇ ਆਂ। ਪਤਾ ਤਦ ਲੱਗਦਾ, ਜਦੋਂ ਕੋਈ ਹੀਰ ਕਿਸੇ ਦੇ ਘਰ ਜੰਮ ਪੈਂਦੀ ਆ ਤੇ ਰਾਂਝੇ ਗਲੀ 'ਚ ਗੇੜੇ ਮਾਰਦੇ ਆ। ਬੰਦਾ ਮੂੰਹ ਦਿਖਾਉਣ ਜੋਗਾ ਨ੍ਹੀਂ ਰਹਿੰਦਾ ਸ਼ਰੀਕੇ ਭਾਈਚਾਰੇ 'ਚ। ਕਾਕਾ! ਉਹ ਪੁਰਾਣੇ ਦਿਨ-ਤਿਹਾਰ! ਤ੍ਰਿੰਜਣਾਂ 'ਚ ਚਰਖਿਆਂ ਦੀਆਂ ਘੂਕਾਂ, ਸੌਣ ਮਹੀਨੇ ਪਿੱਪਲਾਂ ਦੀਆਂ ਪੀਂਘਾਂ, ਮੇਲਿਆਂ 'ਚ ਸ਼ਮਲੇ ਵਾਲੀ ਪੱਗ ਬੰਨ੍ਹ ਕੇ ਤੇੜ ਚਾਦਰਾ ਲਾ, ਹੱਥਾਂ 'ਚ ਸੰਮਾਂ ਵਾਲੀ ਡਾਂਗ ਫੜ੍ਹ ਕੇ ਜਾਣਾ, ਕੰਨਾਂ 'ਤੇ ਹੱਥ ਧਰ, ਪਿੜ ਬੰਨ੍ਹ ਕੇ ਬੋਲੀਆਂ ਪਾਣਾ, ਵਿਆਹਾਂ-ਸ਼ਾਦੀਆਂ 'ਚ ਜਨਾਨੀਆਂ ਨੇ ਸੁਹਾਗ, ਘੋੜੀਆਂ, ਸਿੱਠਣੀਆਂ ਤੇ ਹੋਰ ਗੀਤਾਂ ਨੂੰ ਸਿਰ ਜੋੜ-ਜੋੜ ਕੇ ਗੌਣਾ। ਜੋ ਇਨ੍ਹਾਂ ਰੀਤਾਂ-ਰਵਾਜਾਂ 'ਚ ਦਿਲ ਪਰਚਾਵਾ ਤੇ ਮਨ ਦੀ ਤ੍ਰਿਪਤੀ ਸੀ, ਉਹ ਅੱਜ-ਕਲ੍ਹ ਦੇ ਇਸ ਲੱਚਰਪੁਣੇ 'ਚ ਕਿੱਥੇ!

"ਤਾਇਆ ਜੀ ਜ਼ਮਾਨੇ ਦੇ ਨਾਲ ਈ ਚੱਲਣਾ ਪੈਂਦਾ।" ਕਹਿ ਕੇ ਮੈਂ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ।

"ਨਾ ਹੁਣ ਜਮਾਨੇ ਨੂੰ ਭਲਾ ਕੀ ਫੁੱਲ ਲੱਗੇ ਵੇ ਐ? 'ਮਰੀਕਾ ਆ ਕੇ ਤਾਂ ਜਮਾਂ ਈ ਕਈ ਨਿਆਣੇ ਬਿਗੜ ਗਏ। ਹੈ ਕੋਈ ਸਿਆਣਿਆਂ ਦਾ ਡਰ ਭਓ? ਜਿਹੜੀ ਕੋਈ ਗੱਲ-ਬਾਤ, ਵਿਚਾਰ-ਵਟਾਂਦਰਾ ਆਪਣੇ ਭਾਈਚਾਰੇ ਨਾਲ ਜਾਂ ਪਰਿਵਾਰ 'ਚ ਇਕੱਠੇ ਬਹਿ ਕੇ ਕਰਨਾ ਚਾਹੀਦਾ, ਉਹ ਤੀਵੀਂ-ਆਦਮੀਂ ਆਪਣੇ ਸੌਣ ਆਲ਼ੇ ਕਮਰੇ 'ਚ ਕਰਦੇ ਆ। ਬਸ ਸਵੇਰੇ ਉੱਠ ਕੇ ਹੁਕਮ ਸੁਣਾ ਦੇਣਗੇ, 'ਫਲਾਣੇ ਦੇ ਵਿਆਹ 'ਤੇ ਚੱਲਣਾ ਨਹਾ-ਧੋ ਕੇ ਤਿਆਰ ਹੋਜੋ। ਤੇ ਜਿਹੜੀਆਂ ਹਰਕਤਾਂ ਸੌਣ ਆਲ਼ੇ ਕਮਰੇ 'ਚ ਸੋਹੰਦੀਆਂ ਉਹ ਸ਼ਰ੍ਹੇਆਮ ਕਰਦੇ ਆ!"

"ਤਾਇਆ ਜੀ! ਤੁਹਾਡੇ ਮੁੰਡੇ ਦਾ ਸੁਭਾ ਉਂਜ ਮਾੜਾ ਨ੍ਹੀਂ!" ਹੁਣ ਮੈਂ ਗੱਲ ਨੂੰ ਮੋੜ ਦੇਣਾ ਹੀ ਠੀਕ ਸਮਝਿਆ।

"ਤੇ ਮੈਂ ਕਦੋਂ ਆਹਨਾਂ ਬਈ ਮਾੜਾ? ਜਦੋਂ ਸਾਡੇ ਸਰਬਨ ਪੁੱਤ ਨੇ ਸਾਨੂੰ ਫੋਨ ਕੀਤਾ, 'ਭਾਪਾ ਜੀ! ਤੁਸੀਂ ਤਿਆਰ ਹੋ ਜਾਓ, ਤੁਹਾਡੇ ਕਾਗਜ਼ ਭੇਜ ਤੇ ਆ।' ਤਾਂ ਅਸੀਂ ਫੁੱਲੇ ਨ੍ਹੀਂ ਸੀ ਸਮਾਂਦੇ। ਵਿਚਲੀ ਗੱਲ ਦਾ ਤਾਂ ਏਥੇ ਆ ਕੇ ਪਤਾ ਲੱਗਾ ਕਿ ਬਹੂ ਨੂੰ ਬੱਚਾ ਹੋਣ ਆਲ਼ਾ। ਓਦਾਂ ਕਾਹਨੂੰ ਸੱਦਦਾ ਕੋਈ ਬਜ਼ੁਰਗਾਂ ਨੂੰ ਏਥੇ? ਇੱਜਤ ਤਾਂ ਬਾਹਲੀ ਈ ਕਰਦਾ ਪੁੱਤ ਸਾਡਾ! ਕਹਿੰਦਾ, 'ਬਹੂ ਤੇ ਬੱਚਿਆਂ ਨੂੰ ਤੁਸੀਂ ਕੁਛ ਨ੍ਹੀਂ ਕਹਿਣਾ, ਜੋ ਮਰਜੀ ਪਏ ਕਰਨ। ਓਦਾਂ ਤੁਸੀਂ ਐਸ਼ ਕਰੋ।' ਹੁਣ ਘਰ ਵਾਲੀ ਰੋਟੀ-ਟੁੱਕ ਕਰਦੀ, ਘਰ ਤੇ ਬਰਤਨਾਂ ਦੀ ਸਫਾਈ ਕਰਦੀ, ਸਾਰੇ ਟੱਬਰ ਦੇ ਕਪੜੇ ਧੋਂਦੀ ਐਸ਼ ਕਰਦੀ ਆ... ਤੇ ਮੈਂ ਸਾਰੀ ਦਿਹਾੜੀ ਨਿਆਣੇ ਸਾਂਭਦਾ ਐਸ਼ ਕਰੀ ਜਾਂਨਾਂ।"

"ਤਾਇਆ ਜੀ ਇੱਥੇ ਤਾਂ ਕੰਮ 'ਚ ਹੱਥ ਵਟਾਉਣਾ ਈ ਪੈਂਦਾ...ਤਾਂ ਹੀਂ ਸਰਦਾ।"

"ਨਾ ਕੰਮ ਕਰਨੇ ਨੂੰ ਸਾਨੂੰ ਕੀ ਵੱਢ ਪੈਂਦੀ ਆ? ਸਾਰੀ ਉਮਰ ਬਥੇਰਾ ਕੰਮ ਕੀਤਾ। ਅਜੇ ਵੀ ਬਥੇਰੀ ਜਾਨ ਐ। ਏਸ ਉਮਰ 'ਚ ਮਾਪੇ ਥੋੜ੍ਹਾ ਮਾਣ-ਸਤਿਕਾਰ ਈ ਚਾਹੁੰਦੇ ਹੁੰਦੇ ਐ ਪੁੱਤ! ਹੋਰ ਕੁਛ ਨ੍ਹੀਂ। ਇਹ ਗੱਲਾਂ ਮੈਂ ਤੈਨੂੰ ਤਾਂ ਕਹਿ ਰਿਹਾਂ, ਤੂੰ ਰਿਹਾਂ ਪਿੰਡ ਦਾ ਸਰਪੰਚ। ਕਈ ਵਧੀਆ ਕੰਮ ਕੀਤੇ ਆ ਤੈਂ ਪਿੰਡ 'ਚ। ਮੁੰਡਿਆਂ ਨੂੰ ਨਸ਼ਿਆਂ ਤੋਂ ਹਟਾ ਕੇ ਖੇਡਾਂ 'ਚ ਲਾਇਆ, ਪਾਣੀ ਦੀ ਟੈਂਕੀ ਪਿੰਡ 'ਚ ਬਣਾਈ, ਸਕੂਲ ਦੀ ਚਾਰਦੀਵਾਰੀ ਕੀਤੀ, ਲੈਬਰੀ (ਲਾਇਬਰੇਰੀ) ਖੋਲ੍ਹ ਕੇ ਦਿੱਤੀ ਪੰਚੈਤ ਘਰ 'ਚ। ਸਾਰਾ ਪਿੰਡ, ਤੈਨੂੰ ਬੜਾ ਚੇਤੇ ਕਰਦਾ। ਹੁਣ ਪਤਾ ਲੱਗਾ ਸੀ, ਤੂੰ ਏਥੇ ਵੀ ਸ੍ਹੈਤ ਸਭਾ ਦਾ ਮੈਂਬਰ ਐਂ। ਕੋਈ ਏਹੋ ਜਿਆ ਉਦਮ ਕਰੋ ਪੁੱਤ! ਜੀਹਦੇ ਨਾਲ ਆਪਸੀ ਭਾਈਚਾਰਕ ਸਾਂਝ ਵਧੇ। ਬੱਚਿਆਂ ਨੂੰ ਆਪਣੀ ਬੋਲੀ ਤੇ ਆਪਣੇ ਵਿਰਸੇ ਬਾਰੇ ਜਰੂਰ ਦੱਸਿਆ ਕਰੋ। ਆਪਣੇ ਧਰਮ ਬਾਰੇ ਵੀ ਜਾਣੂੰ ਕਰਾਣਾ ਚਾਹੀਦਾ ਆ...ਕੱਲਾ ਪੈਸਾ ਈ ਕਮਾਈ ਜਾਣਾ ਠੀਕ ਨ੍ਹੀਂ ਹੁੰਦਾ।"

"ਅੱਛਾ ਤਾਇਆ ਜੀ, ਮੇਰਾ ਹੁਣ ਜਾਣ ਦਾ ਟਾਈਮ ਹੋ ਗਿਆ।" ਆਪਣੇ 'ਤੇ ਹੀ ਗੱਲ ਆਉਂਦੀ ਦੇਖ ਕੇ, ਮੈਂ ਹੁਣ ਤਾਏ ਕੋਲੋਂ ਖਹਿੜਾ ਛੁਡਾਉਣ ਲਈ ਸੋਚਣ ਲੱਗ ਪਿਆ।

"ਚੰਗਾ ਫੇਰ!" ਕਹਿ ਕੇ ਉਹ ਕਾਰ 'ਚੋਂ ਉਤਰ ਗਿਆ ਹੈ। ਕਾਰ ਨੂੰ ਤੋਰਨ ਲੱਗਿਆਂ ਮੈਂ ਕਿਹਾ, "ਫੇਰ ਵੀ ਤੁਸੀਂ ਕਿਸਮਤ ਵਾਲੇ ਹੋ ਤਾਇਆ ਜੀ! ਅਮਰੀਕਾ ਦੇਖਣ ਨੂੰ ਤਾਂ ਲੋਕ ਤਰਸਦੇ ਆ।" ਸੁਣ ਕੇ ਉਹ ਜਾਂਦਾ-ਜਾਂਦਾ ਕਾਰ ਦੀ ਤਾਕੀ ਫੜ੍ਹ ਕੇ ਖੜੋ ਗਿਆ ਅਤੇ ਦਿਲ 'ਤੇ ਹੱਥ ਰੱਖ ਕੇ ਕਹਿਣ ਲੱਗਾ, "ਉਹ ਤਾਂ ਠੀਕ ਐ ਪੁੱਤ!...'ਮਰੀਕਾ ਮੁਲਕ ਵੀ ਸ੍ਹੋਣਾ...ਪਰ ਪੰਜਾਬ ਵਰਗਾ ਭਾਈਚਾਰਾ ਕਿਤੇ ਨ੍ਹੀਂ ਮਿਲ ਸਕਦਾ...ਮੇਰਾ ਤਾਂ ਇੱਥੇ ਦਿਲ ਨ੍ਹੀਂ ਲੱਗਦਾ...।"

*916-969-9337

## ਇਤਿਹਾਸ

# ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ



ਕਿਰਪਾਲ ਸਿੰਘ ਸੰਧੂ

ਹਿੰਦੋਸਤਾਨ ਦੇ ਆਜ਼ਾਦੀ ਅੰਦੋਲਨ ਦੀ ਗੱਲ ਜਦੋਂ ਕਰਦੇ ਹਾਂ ਤਾਂ ਇਹ ਨਹੀਂ ਭੁਲਣਾ ਚਾਹੀਦਾ ਕਿ ਮਹਾਤਮਾ ਗਾਂਧੀ ਨੇ 1921-22 ਈ. ਨੂੰ ਨਾ-ਮਿਲਵਰਤਨ ਲਹਿਰ ਨੂੰ ਆਪਣੇ ਮੁਢਲੇ ਹਥਿਆਰ ਵਜੋਂ ਅਪਨਾ ਕੇ ਇਸਦੀ ਸ਼ੁਰੂਆਤ ਕੀਤੀ ਸੀ, ਇਹ ਉਹੋ ਨਾ-ਮਿਲਵਰਤਨ ਲਹਿਰ ਸੀ ਜੋ ਕਈ ਸਾਲ ਪਹਿਲਾਂ 12 ਅਪ੍ਰੈਲ 1857 ਈ. ਨੂੰ ਭੈਣੀ ਸਾਹਿਬ ਪਿੰਡ ਵਿਚ ਨਾਮਧਾਰੀ ਸਮਾਜ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤੀ ਸੀ। ਇਸਨੂੰ ਕੂਕਾ ਅੰਦੋਲਨ ਦੇ ਨਾ ਨਾਲ ਜਾਣਿਆ ਜਾਂਦਾ ਹੈ। ਇਸੇ ਹੀ ਅੰਦੋਲਨ ਦੇ ਨਾਂ ਥੱਲੇ ਸੂਰਬੀਰ ਕੂਕਿਆਂ ਨੇ ਸ਼ਹਾਦਤਾਂ ਦੀ ਅਜਿਹੀ ਲੜੀ ਲਾਈ ਜੋ ਇਤਿਹਾਸ ਦੇ ਸੁਨਹਿਰੀ ਪੰਨੇ ਬਣੇ ਤੇ ਬਾਦ

**ਕਿਰਪਾਲ ਸਿੰਘ ਸੰਧੂ**

ਵਿਚ ਉਠੀਆਂ ਲਹਿਰਾਂ ਦਾ ਰਾਹ ਰੁਸ਼ਨਾਉਂਦੇ ਰਹੇ।

1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜੇ ਦੇ ਨਲਾਇਕ ਪੁੱਤਰਾਂ, ਬੇਈਮਾਨ ਡੋਗਰੇ ਵਜ਼ੀਰਾਂ ਦੀਆਂ ਗੱਦਾਰੀਆਂ ਨੇ ਅੰਗਰੇਜ਼ਾਂ ਨੂੰ ਪੰਜਾਬ ਵਿਚ ਦਖਲਅੰਦਾਜ਼ੀ ਦਾ ਮੌਕਾ ਦਿੱਤਾ। ਅੰਗਰੇਜ਼ਾਂ ਦੀਆਂ ਕਪਟੀ, ਸ਼ਤਰੰਜੀ ਚਾਲਾਂ ਸਦਕਾ 1848-49 ਈ. ਵਿਚ ਸਿੱਖ ਰਾਜ ਦਾ ਭੋਗ ਪੈ ਗਿਆ ਅਤੇ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਫਾਦਾਰ ਸਰਦਾਰ ਘਰੀਂ ਜਾ ਬੈਠੇ।

ਸਿੱਖ ਰਾਜ ਖੁੱਸੇ ਨੂੰ ਹਾਲੇ ਸੱਤ ਸਾਲ ਹੀ ਹੋਏ ਸਨ ਕਿ ਕੰਵਰ ਦਲੀਪ ਸਿੰਘ ਨੂੰ ਜ਼ਬਰਦਸਤੀ ਇੰਗਲੈਂਡ ਲੈ ਜਾਇਆ ਗਿਆ। ਰਾਣੀ ਜਿੰਦਾਂ ਦੀ ਜਲਾਵਤਨੀ ਦੇ ਜ਼ਖ਼ਮ ਹਾਲੇ ਅੱਲ੍ਹੇ ਹੀ ਸਨ ਕਿ 1857 ਨੂੰ ਹਿੰਦੋਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਜੋ ਗਦਰ ਦੇ ਨਾਂ ਨਾਲ ਮਸ਼ਹੂਰ ਹੋਈ ਸੀ, ਦਾ ਅਰੰਭ ਹੋ ਗਿਆ। ਸਿੱਖਾਂ ਲਈ ਮੌਕਾ ਤਾਂ ਵਧੀਆ ਸੀ ਕਿ ਅੰਗਰੇਜ਼ਾਂ ਨਾਲ ਪਿਛਲਾ ਹਿਸਾਬ ਚੁਕਤਾ ਕੀਤਾ ਜਾਂਦਾ ਪਰ ਪੰਜਾਬ ਦੀ ਲੀਡਰਸ਼ਿਪ ਜਗੀਰਦਾਰਾਂ, ਧਨਕੁਬੇਰਾਂ ਅਤੇ ਰਿਆਸਤੀ ਰਾਜਿਆਂ ਦੇ ਹੱਥਾਂ ਵਿਚ ਹੋਣ ਕਰਕੇ, ਉਨ੍ਹਾਂ ਅੰਗਰੇਜ਼ਾਂ ਦਾ ਸਾਥ ਦਿੱਤਾ। ਗਦਰ ਫੇਲ੍ਹ ਹੋ ਗਿਆ।

''ਲੋਕੀਂ ਆਖਦੇ ਸਿੰਘ ਇਹ ਬੜੇ ਭੈੜੇ,
ਗਦਰ ਦਿੱਲੀ ਵਾਲਾ ਦਿੱਤਾ ਮੋੜ ਕਾਹਨੂੰ।''
ਅੱਜ ਮੁਲਕ ਆਜ਼ਾਦੀ ਵਿਚ ਖੇਲਣਾ ਸੀ,
ਜੇਕਰ ਗਦਰ ਨਾਲ ਕਰਦੇ ਪਿਆਰ ਸਿੰਘੋ।''

ਫਿਰ ਵੀ ਦੇਸ਼ ਭਗਤ ਪੰਜਾਬੀ ਫੌਜੀਆਂ ਨੇ ਬਗਾਵਤ ਕੀਤੀ ਅਤੇ ਦੇਸ਼ ਵਾਸੀਆਂ ਨਾਲ ਮਿਲ ਕੇ ਆਜ਼ਾਦੀ ਦੀ ਜੰਗ ਵਿਚ ਹਿੱਸਾ ਪਾਇਆ।

ਸਤਿਗੁਰੂ ਰਾਮ ਸਿੰਘ 21 ਸਾਲ ਦੀ ਉਮਰ ਵਿਚ 1837 ਈ. ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋਏ। ਬਚਪਨ ਤੋਂ ਹੀ ਗੁਰਸਿੱਖੀ ਅਤੇ ਗੁਰਬਾਣੀ ਨਾਲ ਜੁੜੇ ਹੋਣ ਕਰਕੇ ਭਗਤ ਸੁਭਾ ਦੇ ਮਾਲਕ ਸਮਝੇ ਜਾਂਦੇ ਸਨ। ਇਕ ਵਾਰੀ ਉਨ੍ਹਾਂ ਦੀ ਪਲਟਨ, ਜੋ ਪਿਸ਼ਾਵਰ ਵਲ ਜਾ ਰਹੀ ਸੀ, ਰਸਤੇ ਵਿਚ ਹਜ਼ਾਰਾ ਸ਼ਹਿਰ ਵਿਚ ਚੰਦ ਦਿਨਾਂ ਲਈ ਠਹਿਰੀ। ਉਸੇ ਸ਼ਹਿਰ ਵਿਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ 1699 ਈ. ਵਿਚ ਵਿਸਾਖੀ ਵਾਲੇ ਦਿਨ ਸਾਜੇ ਗਏ ਨਵੇਂ ਇਨਸਾਨ ਦਾ ਮਿਸ਼ਨ ਜਾਰੀ ਰੱਖ ਰਹੇ ਸਨ। ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਸ੍ਰੀ ਜਵਾਹਰ ਮੱਲ ਆਹਲੂਵਾਲੀਆ ਜਿਨ੍ਹਾਂ ਨੂੰ ਲੋਕ ਸਾਂਈ ਜੀ ਆਖਦੇ ਸਨ, ਨੇ ਸਿੱਖੀ ਦੀ ਜੋਤ ਨੂੰ ਬਾਲੀ ਰੱਖਿਆ ਹੋਇਆ ਸੀ। ਉਹ ਸੰਗਤ ਨੂੰ ਸੰਬੋਧਨ ਕਰ ਰਹੇ ਸਨ। ਬਾਬਾ ਰਾਮ ਸਿੰਘ ਸੰਗਤ ਵਿਚ ਬੈਠੇ ਬੜੀ ਨੀਝ, ਸਤਿਕਾਰ ਅਤੇ ਸ਼ਰਧਾ ਨਾਲ ਇਹ ਸਾਰੇ ਪ੍ਰਵਚਨ ਸੁਣ ਰਹੇ ਸਨ। ਦੀਵਾਨ ਤੋਂ ਬਾਅਦ ਰਾਮ ਸਿੰਘ ਜੀ ਨੇ ਉਨ੍ਹਾਂ ਨਾਲ ਕਈ ਵਿਚਾਰਾਂ ਕੀਤੀਆਂ। ਗੁਰੂ ਬਾਲਕ ਸਿੰਘ ਦੀਆਂ ਦੂਰ ਦ੍ਰਿਸ਼ਟੀ ਨਜ਼ਰਾਂ ਨੇ ਇਨ੍ਹਾਂ ਨੂੰ ਆਪਣਾ ਜਾਨਸ਼ੀਨ ਬਣਾਉਣ ਲਈ ਆਪਣਾ ਮਨ ਬਣਾ ਲਿਆ। ਆਖਰ 1841 ਈ. ਨੂੰ ਇਨ੍ਹਾਂ ਨੂੰ ਗੁਰਗੱਦੀ ਸੌਂਪ ਦਿੱਤੀ ਗਈ।

ਸਤਿਗੁਰੂ ਰਾਮ ਸਿੰਘ ਦਾ ਜਨਮ ਸ੍ਰੀ ਜੱਸਾ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁੱਖੋਂ 3 ਫਰਵਰੀ 1816 ਨੂੰ ਪਿੰਡ ਭੈਣੀ ਰਾਈਆਂ (ਲੁਧਿਆਣਾ) ਵਿਚ ਹੋਇਆ। ਉਹ ਲੰਬੇ ਕੱਦ ਪਤਲੇ ਸਰੀਰ ਅਤੇ ਤਿਖੇ ਨੈਣ ਨਕਸ਼ਾਂ ਵਾਲੇ ਦਰਸ਼ਨੀ ਜਵਾਨ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਗੱਦਾਰ ਵਜ਼ੀਰ ਵਿਸ਼ਵਾਸਘਾਤੀ ਰੋਲ ਅਦਾ ਕਰਦੇ ਰਹੇ ਅਤੇ ਰਾਜ ਘਰਾਣੇ ਵਿਚ ਗੱਦੀ ਲਈ ਕਤਲ ਕਰਵਾਉਂਦੇ ਰਹੇ। ਸਮੇਂ ਨੂੰ ਦੇਖਦੇ ਭਾਂਪਦੇ ਹੋਏ ਆਪ ਦੁਖੀ ਹਿਰਦੇ ਨਾਲ 1845 ਈ. ਨੂੰ ਮੁਦਕੀ ਦੀ ਲੜਾਈ ਤੋਂ ਪਹਿਲਾਂ ਨੌਕਰੀ ਛੱਡ ਆਪਣੇ ਘਰ ਭੈਣੀ ਸਾਹਿਬ ਆ ਗਏ।

ਪੂਰੇ ਪੰਜਾਬ 'ਤੇ ਕਬਜ਼ਾ ਹੋ ਜਾਣ ਬਾਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਮੁਗ਼ਲ ਰਾਜ ਵੇਲੇ ਹੋਈਆਂ ਵਧੀਕੀਆਂ ਦਾ ਵਾਸਤਾ ਪਾ ਕੇ ਮੁਸਲਮਾਨਾਂ ਵਿਚ ਹਿੰਦੂ ਤੇ ਸਿੱਖਾਂ ਦੇ ਖਿਲਾਫ ਆਪਣੇ ਹੱਥ ਠੋਕਿਆ ਰਾਹੀਂ ਪ੍ਰਚਾਰ ਕਰਵਾ ਕੇ ਰਾਜਿਆਂ, ਜਗੀਰਦਾਰਾਂ ਅਤੇ ਧਨਕੁਬੇਰਾਂ ਦੀ ਮਦਦ ਨਾਲ 1857 ਦੇ ਗਦਰ ਨੂੰ ਕੁਚਲ ਦਿੱਤਾ। 1857 ਵਾਲੀ ਹਿੰਦੋਸਤਾਨੀਆਂ ਵਲੋਂ ਲੜੀ ਗਈ ਆਜ਼ਾਦੀ ਦੀ ਪਹਿਲੀ ਜੰਗ ਨੂੰ ਅੰਗਰੇਜ਼ਾਂ ਨੇ ਗਦਰ ਦਾ ਨਾਂ ਦਿੱਤਾ ਸੀ। ਅੰਗਰੇਜ਼ ਖੁਦ ਲਿਖਦੇ ਹਨ ਕਿ 1857 ਦੇ ਗਦਰ 'ਚ ਜੇਕਰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ਾਂ ਲਈ ਹਿੰਦੋਸਤਾਨ ਵਿਚ ਹੋਰ ਕੋਈ ਥਾਂ ਨਹੀਂ ਸੀ। ਇਨ੍ਹਾਂ ਦੀ ਮਦਦ ਨਾਲ ਹੀ ਡਾਵਾਂਡੋਲ ਹੋਇਆ ਰਾਜ ਜਾਂਦਾ ਜਾਂਦਾ ਬਚ ਗਿਆ।

ਗਦਰ ਨੂੰ ਕੁਚਲ ਦੇਣ ਤੋਂ ਬਾਅਦ ਬਰਤਾਨੀਆ ਸਰਕਾਰ ਨੇ ਆਪਣਾ ਰਾਜ ਸਾਰੇ ਹਿੰਦੋਸਤਾਨ 'ਤੇ ਪੱਕਾ ਕਰਨ ਲਈ ਫੌਜ, ਪੁਲਿਸ, ਨੌਕਰਸ਼ਾਹੀ, ਅਦਾਲਤਾਂ, ਜੇਲ੍ਹਾਂ ਦਾ ਵਿਸਥਾਰ ਅਤੇ ਜ਼ਰੂਰੀ ਮਹਿਕਮਾ (ਸੀ.ਆਈ.ਡੀ) ਜਿਥੇ ਕਾਇਮ ਕੀਤੇ, ਉਥੇ ਨਾਲ ਨਾਲ ਮਾਰਸ਼ਲ ਲਾਅ ਤੇ ਕਰਫਿਊ ਵਰਗੇ ਸਖ਼ਤ ਕਾਨੂੰਨ ਵੀ ਬਣਾਏ। ਡਾਕ ਖੋਲ੍ਹ ਕੇ ਪੜ੍ਹਨ ਨੂੰ ਸੈਂਸਰ ਦਾ ਨਾਂ ਦਿੱਤਾ। ਆਮ ਲੋਕਾਂ ਦੇ ਅੱਖਾਂ ਵਿਚ ਘੱਟਾ ਪਾਉਣ ਲਈ ਕਾਨੂੰਨ ਬਣਾਇਆ ਕਿ ਕੋਈ ਵੀ ਸਰਕਾਰੀ, ਗੈਰ ਸਰਕਾਰੀ ਵਿਅਕਤੀ ਜਾਂ ਸੰਸਥਾਵਾਂ ਇੱਕ ਦੂਸਰੇ ਦੇ ਧਰਮ ਅਤੇ ਮਜ਼ਹਬ ਵਿਚ ਦਖ਼ਲ ਨਹੀਂ ਦੇ ਸਕਦੇ। ਸਾਰੇ ਹਿੰਦੋਸਤਾਨ 'ਤੇ ਉਸ ਵੇਲੇ ਬਰਤਾਨਵੀ ਸਰਕਾਰ ਦਾ ਇੰਨਾ ਬੋਲਬਾਲਾ ਸੀ ਕਿ ਏਥੋਂ ਤਕ ਕਿ ਆਦਮੀ ਤਾਂ ਕੀ ਜਾਨਵਰ ਵੀ ਬਗੈਰ ਇਜਾਜ਼ਤ ਤੋਂ ਪਰ ਨਹੀਂ ਸੀ ਮਾਰ ਸਕਦਾ। ਸਰਕਾਰ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਲਾਭ ਹਾਸਿਲ ਕਰਨਾ ਸੀ। ਸੋ, ਭਾਰਤ ਦੀ ਆਰਥਿਕਤਾ ਨੂੰ ਖੂਬ ਲੁੱਟਿਆ ਗਿਆ। ਛੋਟੀਆਂ ਸਨਅਤਾਂ ਤਬਾਹ ਹੋ ਗਈਆਂ। ਲੋਕ ਬੇਰੁਜ਼ਗਾਰੀ ਕਰਕੇ ਭੁੱਖ ਮਰੀ ਦਾ ਸ਼ਿਕਾਰ ਹੋਏ। ਦੋ ਵਾਰੀ ਮਹਾਂਮਾਰੀ ਦੀ ਬੀਮਾਰੀ ਫੈਲੀ। ਦੇਸ਼ ਦੀ ਸਾਰ ਨਾ ਲਈ ਗਈ। ਅੰਗਰੇਜ਼ ਸਰਕਾਰ ਨੇ ਖੁਦ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੇ ਧਰਮਾਂ 'ਤੇ ਵਾਰ ਕੀਤਾ ਤੇ ਈਸਾਈ ਧਰਮ ਦਾ ਪ੍ਰਚਾਰ ਸਰਕਾਰੀ ਮਸ਼ੀਨਰੀ ਪਾਸੋਂ ਕਰਵਾਇਆ। ਈਸਾਈ ਮੱਤ ਅਖਤਿਆਰ ਕਰਨ ਵਾਲਿਆਂ ਨੂੰ ਸਰਕਾਰੇ ਦਰਬਾਰੇ ਇੱਜ਼ਤ ਅਫਜ਼ਾਈ ਦਿੱਤੀ ਜਾਂਦੀ।

ਜਬਰ 'ਹੋਤ ਅਸ੍ਰਿਸ਼ਟ ਅਪਾਰਾ,
ਤਬ ਤਬ ਦੇਹ ਧਰਤ ਅਵਤਾਰਾ।

12 ਅਪ੍ਰੈਲ 1857 ਦੀ ਵਿਸਾਖੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਨੇ ਭੈਣੀ ਸਾਹਿਬ ਵਿਖੇ ਅੰਮ੍ਰਿਤ ਦੀ ਦਾਤ ਤਿਆਰ ਕਰਵਾ ਕੇ ਸਿੱਖ ਸਜਾਉਣੇ ਸ਼ੁਰੂ ਕੀਤੇ। ਇਨ੍ਹਾਂ ਲਈ ਸਫੈਦ ਰੰਗ ਦੀ ਗੋਲ ਦਸਤਾਰ, ਸਫੈਦ ਰੰਗ ਦਾ ਕੁੜਤਾ ਪਜਾਮਾ, ਗਲੇ ਵਿਚ ਸਫੈਦ ਉਨ ਦੀ ਮਾਲਾ ਜ਼ਰੂਰੀ



ਸੀ। ਸਫੈਦ ਰੰਗ ਦਾ ਝੰਡਾ ਝੁਲਾ ਕੇ ਆਤਮਿਕ, ਅਧਿਆਤਮਿਕ ਅਤੇ ਰਾਜਨੀਤਕ ਲਹਿਰ ਦਾ ਬਿਗਲ ਵਜਾ ਦਿਤਾ। ਉਸ ਵੇਲੇ ਦੀਆਂ ਸਮਾਜਿਕ ਬੁਰਾਈਆਂ ਦੇ ਖਿਲਾਫ ਜਿਵੇਂ ਕਿ ਕੁੜੀਆਂ ਮਾਰਨਾ, ਵੇਚਣਾ, ਛੋਟੀ ਉਮਰ ਦਾ ਵਿਆਹ ਕਰਨਾ ਤੇ ਦਹੇਜ ਵਰਗੀ ਬੁਰਾਈ ਤੇ ਪਾਬੰਦੀ ਦੇ ਨਾਲ ਨਾਲ ਜਾਦੂ ਟੂਣਾ, ਹਰ ਕਿਸਮ ਦਾ ਨਸ਼ਾ, ਚੋਰੀ ਅਤੇ ਮਾਸ ਖਾਣ 'ਤੇ ਪਾਬੰਦੀ ਲਾਈ। ਕਿਰਤ ਕਰਨ, ਵੰਡ ਛਕਣ ਆਪਸ ਵਿਚ ਪ੍ਰੇਮ ਭਾਵਨਾ ਨਾਲ ਰਹਿਣ ਦਾ ਪ੍ਰਚਾਰ ਕੀਤਾ। ਵਿਧਵਾ ਵਿਆਹ ਦੀ ਇਜਾਜ਼ਤ ਦਾ ਪ੍ਰਚਾਰ ਵੀ ਕਰਵਾਇਆ। 3 ਜੂਨ 1863 ਈ. ਨੂੰ ਮਰਦਾਂ ਦੇ ਬਰਾਬਰ ਇਸਤਰੀਆਂ ਨੂੰ ਵੀ ਅੰਮ੍ਰਿਤ ਦੀ ਦਾਤ ਅਤੇ ਇਸੇ ਹੀ ਦਿਨ ਇਕੋ ਵੇਲੇ ਇਕੱਠਿਆਂ ਦੇ ਅਨੰਦ ਕਾਰਜ ਕਰਨ ਦੀ ਸ਼ੁਰੂਆਤ ਕੀਤੀ।

ਯਾਦ ਰਹੇ ਨਾਮਧਾਰੀ ਆਪਣੇ ਗੁਰੂ ਦੀ ਲਿਵ ਨਾਲ ਬੱਝ ਕੇ ਸ਼ਬਦ ਪੜ੍ਹਦੇ ਤੇ ਕੂਕਾਂ ਮਾਰਦੇ ਹਨ। ਇਸ ਕਰਕੇ ਇਨ੍ਹਾਂ ਨੂੰ ਕੂਕੇ ਵੀ ਕਿਹਾ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਇਹ ਭਲੀਭਾਂਤ ਜਾਣਦੇ ਸਨ ਕਿ ਬਰਤਾਨੀਆਂ ਸਰਕਾਰ ਤੋਂ ਦੇਸ਼ ਨੂੰ ਆਜ਼ਾਦ ਕਰਾਉਣਾ ਹਥਿਆਰਬੰਦ ਘੋਲ ਤੋਂ ਬਗੈਰ ਅਸੰਭਵ ਹੀ ਨਹੀਂ ਬਲਕਿ ਬੇਮਾਇਨਾ ਹੈ ਪਰ ਇਸ ਵੇਲੇ ਮੁਲਕੀ ਹਾਲਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਇਕ ਤਰ੍ਹਾਂ ਨਾਲ ਖਾਲਸੇ ਨੂੰ ਮੁਸ਼ਕਲਾਂ ਵਿਚ ਪਾਉਣ ਦੇ ਬਰਾਬਰ ਹੋਵੇਗਾ। ਉਨ੍ਹਾਂ ਵਿਦੇਸ਼ੀ ਸਰਕਾਰ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਰਕਾਰ ਨਾਲ ਨਾ-ਮਿਲਵਰਤਨ ਲਹਿਰ ਚਲਾਉਣ ਦਾ ਮਨ ਬਣਾਇਆ। ਭਾਰਤੀਆਂ ਨੂੰ ਸਰਕਾਰ ਦੇ ਬਾਈਕਾਟ ਦਾ ਸੱਦਾ ਦਿੱਤਾ। ਕਚਹਿਰੀਆਂ ਦਾ ਬਾਈਕਾਟ, ਆਪਣੇ ਝਗੜੇ ਆਪ ਭਾਈਚਾਰੇ ਵਿਚ ਨਿਬੇੜਨੇ, ਡਾਕ ਤਾਰ ਵਿਭਾਗ ਦਾ ਮੁਕੰਮਲ ਬਾਈਕਾਟ, ਸਾਰੇ ਪੰਜਾਬ ਨੂੰ ਪੰਜ ਹਿਸਿਆਂ ਵਿਚ ਵੰਡ ਕੇ ਇਸਦੇ ਡਾਕ ਦਾ ਪ੍ਰਬੰਧ ਕੀਤਾ। ਚਿੱਠੀ-ਪੱਤਰ ਆਪਣੇ ਹਰਕਾਰਿਆਂ ਰਾਹੀਂ ਪਹੁੰਚਾਇਆ ਜਾਣ ਲੱਗਾ। ਇਹ ਸਭ ਕੁਝ 1860 ਈ. ਦਾ ਵਾਕਿਆ ਹੈ।

ਅੰਗਰੇਜ਼ੀ ਸਰਕਾਰ ਆਪਣੇ ਤਜ਼ਰਬੇ ਤੋਂ ਭਲੀਭਾਂਤ ਜਾਣੂ ਸੀ ਕਿ ਧਾਰਮਿਕ ਲਹਿਰਾਂ ਵਧ ਫੁੱਲ ਕੇ ਇਨਕਲਾਬੀ ਰੂਪ ਧਾਰਨ ਕਰ ਜਾਂਦੀਆਂ ਹਨ। ਏਸੇ ਲਈ ਨਾਮਧਾਰੀ ਧਾਰਮਿਕ ਲਹਿਰ ਨੂੰ ਵੀ ਉਹ ਉਸੇ ਚੌਖਟੇ ਵਿਚ ਦੀ ਹੀ ਦੇਖਦੇ ਸਨ ਤੇ ਇਸ ਨੂੰ ਦਬਾ ਦੇਣਾ ਚਾਹੁੰਦੇ ਸਨ। ਸਰਕਾਰ ਨੇ ਸੋਚ ਸਮਝ ਕੇ ਇਕ ਫਿਰਕੇ ਨੂੰ ਦਬਾਉਣ ਲਈ ਅਤੇ ਦੂਜੇ ਫਿਰਕੇ ਨੂੰ ਖੁਸ਼ ਕਰਨ ਲਈ ਪੰਜਾਬ ਵਿਚ ਜਗ੍ਹਾ ਜਗ੍ਹਾ ਬੁੱਚੜਖਾਨੇ ਖੁਲ੍ਹਵਾ ਦਿਤੇ। ਇਥੋਂ ਤਕ ਕਿ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਵਾਲੀ ਜਗ੍ਹਾ 'ਤੇ ਵੀ ਬੁੱਚੜਖਾਨਾ ਖੁਲ੍ਹਵਾ ਦਿੱਤਾ। ਇਸ ਨੂੰ ਵੇਖ ਕੇ ਨਾਮਧਾਰੀ ਸਿਖਾਂ ਦਾ ਖੂਨ ਖੋਲ ਉਠਿਆ। ਨਾਮਧਾਰੀ ਸਿੱਖਾਂ ਨੇ ਉਸ ਵੇਲੇ ਜੋ ਬੁਚੜਖਾਨੇ ਵਿਚ ਬੁੱਚੜ ਹਾਜ਼ਰ ਸਨ, ਨੂੰ ਮੌਤ ਦੀ ਨੀਂਦ ਸੁਲਾ ਦਿਤਾ ਰਾਇ ਕੋਟ, ਮਲੇਰਕੋਟਲਾ ਆਦਿ 'ਚ ਵੀ ਬੁਚੜਾਂ ਦੇ ਖਿਲਾਫ ਹਮਲੇ ਹੋਏ।

ਸਤਿਗੁਰ ਰਾਮ ਸਿੰਘ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਜਿਨ੍ਹਾਂ ਨਾਮਧਾਰੀ ਸਿੱਖਾਂ ਨੇ ਇਨ੍ਹਾਂ ਹਮਲਿਆਂ ਵਿਚ ਹਿੱਸਾ ਲਿਆ ਸੀ ਖੁਦ ਸਰਕਾਰੇ ਦਰਬਾਰੇ ਜਾ ਕੇ ਆਪਣਾ ਜੁਰਮ ਕਬੂਲ ਕੀਤਾ। ਬਸ ਅੰਗਰੇਜ਼ ਸਰਕਾਰ ਨੂੰ ਨਾਮਧਾਰੀ ਲਹਿਰ ਨੂੰ ਦਬਾਉਣ ਦਾ ਮੌਕਾ ਮਿਲ ਗਿਆ। 17 ਜਨਵਰੀ 1872 ਨੂੰ ਅੰਗਰੇਜ਼ ਡੀ.ਸੀ.ਮਿ. ਕੋਵਨ ਨੇ 49 ਨਾਮਧਾਰੀ ਸਿੱਖਾਂ ਨੂੰ ਅਤੇ 18 ਜਨਵਰੀ ਨੂੰ 17 ਹੋਰ ਕੂਕਿਆਂ ਨੂੰ ਭਰਵੇਂ ਇਕੱਠ ਵਿਚ ਤੋਪਾਂ ਨਾਲ ਉਡਾਏ ਜਾਣ ਦਾ ਹੁਕਮ ਸੁਣਾਇਆ। ਨਾਮਧਾਰੀ ਜੈ ਕਾਰਿਆਂ ਦੀ ਗੂੰਜ ਨਾਲ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਸ਼ਹੀਦਾਂ ਵਿਚ ਛੋਟੀ ਉਮਰ ਦਾ ਬਾਲਕ ਭਾਈ ਬਿਸ਼ਨ ਸਿੰਘ ਵੀ ਸੀ ਜਿਸ ਨੇ ਮਿ. ਕੋਵਨ ਦੀ ਦਾੜ੍ਹੀ ਫੜ ਲਈ ਸੀ। ਉਸ ਨੂੰ ਤਲਵਾਰ ਦੇ ਵਾਰ ਨਾਲ ਸ਼ਹੀਦ ਕੀਤਾ ਗਿਆ।

1872 ਜਨਵਰੀ ਮਹੀਨੇ ਦੇ ਆਖਰੀ ਦਿਨਾਂ ਵਿਚ ਭੈਣੀ ਸਾਹਿਬ ਪੁਲਿਸ ਚੌਕੀ ਬਿਠਾ ਦਿੱਤੀ ਗਈ ਜੋ 1923 ਤੱਕ ਜਾਰੀ ਰਹੀ ਅਤੇ 23 ਜਨਵਰੀ ਨੂੰ ਨਾਮਧਾਰੀ ਲਹਿਰ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ। ਅੰਗਰੇਜ਼ ਨੇ, ਜੋ ਆਪਣੇ ਆਪ ਨੂੰ ਇਕ ਇਨਸਾਫ-ਪਸੰਦ ਕਾਨੂੰਨੀ ਹਕੂਮਤ ਹੋਣ ਦਾ ਦਾਅਵਾ ਕਰਦੇ ਸਨ, ਬਗੈਰ ਮੁਕੱਦਮੇ, ਦਲੀਲ ਅਤੇ ਅਪੀਲ ਦੇ, ਬਗੈਰ ਦੋਸ਼ ਸਾਬਤ ਹੋਣ ਤੋਂ, ਸਤਿਗੁਰੂ ਰਾਮ ਸਿੰਘ ਨੂੰ 16 ਮਾਰਚ 1872 ਈ. ਨੂੰ ਜਲਾਵਤਨ ਕਰ ਕੇ ਬਰਮਾ ਦੀ ਜੇਲ੍ਹ ਵਿਚ ਡੱਕ ਦਿੱਤਾ। ਇਹ ਉਹ ਹੀ ਥਾਂ ਸੀ ਜਿਥੇ ਆਖਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਕੈਦ ਕੀਤਾ ਗਿਆ ਸੀ। ਫਿਰ ਹੋਰ ਖਤਰੇ ਨੂੰ ਭਾਂਪਦੇ ਹੋਏ ਬਾਬਾ ਰਾਮ ਸਿੰਘ ਨੂੰ ਰੰਗੂਨ ਸ਼ਹਿਰ ਦੀ ਫੌਜੀ ਛਾਉਣੀ ਦੇ ਇੱਕ ਬੰਗਲੇ ਵਿਚ ਰਖਿਆ ਗਿਆ।

ਬਰਤਾਨਵੀ ਸਰਕਾਰ ਭਾਵੇਂ ਇਹ ਸਮਝਦੀ ਸੀ ਕਿ ਨਾਮਧਾਰੀ ਲਹਿਰ (ਕੂਕਾ ਲਹਿਰ) ਕੁਚਲ ਦਿੱਤੀ ਗਈ ਹੈ ਪਰ ਜਿਸ ਬਹਾਦਰੀ ਅਤੇ ਦੇਸ਼ ਭਗਤੀ ਦੇ ਜਜ਼ਬੇ ਦੇ ਰੰਗ ਵਿਚ ਰੰਗੇ ਹੋਏ ਉਨ੍ਹਾਂ ਸ਼ਹਾਦਤਾਂ ਦਿੱਤੀਆਂ ਅਤੇ ਇਕ ਅਜਿਹਾ ਇਤਿਹਾਸ ਸਿਰਜਿਆ ਜਿਸ ਦੀਆਂ ਮਿਸਾਲਾਂ ਰਹਿੰਦੀ ਦੁਨੀਆਂ ਤਕ ਯਾਦ ਰਹਿਣਗੀਆਂ।

ਇਹ ਪਹਿਲੀ ਤਵਾਰੀਖ ਸੀ ਜਿਹੜੀ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਠੀ ਸੀ। ਜਿਸ ਦੀ ਸ਼ੁਰੂਆਤ ਨਾ-ਮਿਲਵਰਤਨ ਲਹਿਰ ਸੀ। ਆਜ਼ਾਦੀ ਪ੍ਰਾਪਤ ਕਰਨ ਤਕ ਹੋਰ ਵੀ ਕਈ ਧਾਰਮਿਕ ਅਤੇ ਰਾਜਨੀਤਕ ਲਹਿਰਾਂ ਨੇ ਜਨਮ ਲਿਆ। 1913-14 ਨੂੰ ਕੈਲੀਫੋਰਨੀਆ ਸਟੇਟ ਵਿਚ ਇਕੱਠ ਕਰਕੇ, ਜਾਤਪਾਤ ਤੋਂ ਉਪਰ ਉਠ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਿਰਾਂ ਤੇ ਕੱਫਨ ਬੰਨ ਕੇ ਚਾਲੇ ਪਾਉਣ ਲਈ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ, ਜੋ ਗਦਰ ਲਹਿਰ ਨਾਂ ਨਾਲ ਮਸ਼ਹੂਰ ਹੈ।

ਗਦਰੀ ਬਾਬਿਆਂ, ਗਦਰੀ ਗੂੰਜਾਂ ਵਿਚ ਸਤਿਗੁਰੂ ਰਾਮ ਸਿੰਘ ਤੇ ਸੂਰਬੀਰ ਕੂਕਿਆਂ ਨੂੰ ਇਸ ਤਰ੍ਹਾਂ ਯਾਦ ਕੀਤਾ ਹੈ:

ਕੀਤਾ ਕੂਕਿਆਂ 'ਕੱਠ ਪੰਜਾਬ ਅੰਦਰ,
ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।
ਬੱਚੇ ਔਰਤਾਂ ਕਈ ਹਜ਼ਾਰ ਕੂਕੇ,
ਖਾਤਰ ਦੇਸ਼ ਦੀ ਲਹੂ-ਲੁਹਾਣ ਹੋ ਗਏ।
ਰਾਮ ਸਿੰਘ ਭਾਈ ਜਲਾਵਤਨ ਕੀਤੇ।
ਨਾਲ ਹੋਰ ਵੀ ਕਈ ਕੁਰਬਾਨ ਹੋ ਗਏ।

ਇਹ ਸੱਚਾਈ ਹੈ ਕਿ ਇਨ੍ਹਾਂ ਕੁਰਬਾਨੀਆਂ ਵਿਚ ਅਣਗਿਣਤ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਬਰਤਾਨਵੀ ਸਰਕਾਰ ਨੂੰ ਹਿੰਦੋਸਤਾਨ ਵਿਚੋਂ ਜਾਣਾ ਪਿਆ। ਭਾਰਤ ਵਿਚ 15 ਅਗਸਤ 1947 ਨੂੰ ਸੂਰਜ ਇਕ ਆਜ਼ਾਦ ਦੇਸ਼ ਵਿਚ ਚੜ੍ਹਿਆ।

ਅੱਜ ਨਾਮਧਾਰੀ ਸਮਾਜ, ਨਾਮ ਸਿਮਰਨ, ਸਿੱਖੀ ਰੀਤ, ਗੁਰੂਆਂ ਵਿਚ ਅਥਾਹ ਸ਼ਰਧਾ, ਕਿਸੇ ਦੂਸਰੇ ਸਿੱਖ ਤੋਂ ਪਿਛੇ ਨਹੀਂ, ਬਲਕਿ ਅੱਗੇ ਹਨ। ਨਾਮਧਾਰੀ ਸਾਦਗੀ, ਕਿਰਤ ਵੰਡ ਛਕਣਾ, ਗੁਰੂਆਂ ਵਲੋਂ ਉਲੀਕੇ ਹੋਏ ਮਾਰਗ 'ਤੇ ਚਲਦਿਆਂ ਸਮਾਜੀ ਜ਼ਿੰਦਗੀ ਤੇ ਭਾਈਚਾਰੇ ਵਿਚ ਇਕ ਨਮੂਨੇ ਵਾਂਗ ਜ਼ਿੰਦਗੀ ਬਸਰ ਕਰਦੇ ਹਨ। ਇਸਨੂੰ ਵੇਖ ਕੇ ਸ਼ਰਧਾ ਅਤੇ ਪ੍ਰੇਮ ਵਿਚ ਸਿਰ ਝੁਕ ਜਾਂਦਾ ਹੈ।

# ਜਿਗਰੀ ਯਾਰ

ਅੱਜ ਕੱਲ ਪਿੱਠ ਪਿੱਛੇ ਵਾਰ ਕਰਨ ਵਾਲੇ ਯਾਰ ਤਾਂ ਬਹੁਤ ਮਿਲ ਜਾਂਦੇ ਹਨ ਪਰ ਲੋੜ ਪੈਣ 'ਤੇ ਬਰਾਬਰ ਕੋਈ ਵੀ ਨਹੀਂ ਖੜ੍ਹਦਾ। ਉਦੋਂ ਦਿਲ ਨੂੰ ਡਾਢੀ ਸੱਟ ਲੱਗਦੀ ਹੈ ਜਦੋਂ ਮਿੱਤਰ ਦੁਸ਼ਮਣ ਦੀ ਬੋਲੀ ਬੋਲਣ ਲੱਗੇ। ਚਾਰ ਦਿਨ ਕਿਸੇ ਨਾਲ ਗੱਲਾਂ ਕਰ ਲੈਣੀਆਂ, ਉਸ ਨੂੰ ਯਾਰ ਦਾ ਦਰਜਾ ਦੇ ਦੇਣਾ ਕਦੇ ਸਿਆਣਪ ਨਹੀਂ ਹੋਇਆ ਕਰਦੀ। ਬਜ਼ੁਰਗ ਗੱਲਾਂ ਸੁਣਾਉਂਦੇ ਹੁੰਦੇ ਸਨ ਕਿ ਜੇ ਤੁਸੀਂ ਕਿਸੇ ਨਾਲ ਦੁਸ਼ਮਣੀ ਕੱਢਣੀ ਹੋਵੇ ਤਾਂ ਉਸ ਦੇ ਘਰ ਮਾੜੇ ਬੰਦਿਆਂ ਦਾ ਰਿਸ਼ਤਾ ਕਰਵਾ ਦੇਵੋ ਜਾਂ ਉਸਦੇ ਮੁੰਡੇ ਨੂੰ ਕੋਈ ਨਸ਼ਾ ਲਾ ਦੇਵੋ।

ਅੱਜ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਹਨ ਕਿ ਜੇ ਤੁਸੀਂ ਆਏ ਗਏ ਦੀ ਸੇਵਾ ਸ਼ਰਾਬ ਨਾਲ ਨਹੀਂ ਕਰਦੇ, ਸਵੇਰੇ ਉਠਦੇ ਨੂੰ ਭੁੱਕੀ ਦਾ ਗਲਾਸ ਭਰ ਕੇ ਨਹੀਂ ਦਿੰਦੇ ਤਾਂ ਤੁਸੀਂ ਆਏ ਹੋਏ ਮਹਿਮਾਨ ਦੀਆਂ ਨਜ਼ਰਾਂ ਵਿਚ ਕੰਜੂਸ ਬਣ ਜਾਵੋਗੇ। ਬਾਕੀ ਤੁਸੀਂ ਜਿੰਨੀ ਮਰਜ਼ੀ ਸੇਵਾ ਕਰ ਲਵੋ, ਪਰ ਸ਼ਰਾਬ ਜ਼ਰੂਰੀ ਹੋ ਗਈ ਹੈ। ਪੈਸਿਆਂ ਵਾਲੇ ਦੇ ਮਿੱਤਰ-ਯਾਰ ਵੀ ਪੈਸੇ ਵਾਲੇ ਹੋਣਗੇ, ਜਦੋਂ ਗਰੀਬ ਹੋਵੇ, ਨੇੜੇ ਦਾ ਰਿਸ਼ਤੇਦਾਰ ਵੀ ਦੂਰ ਦਾ ਬਣ ਜਾਂਦਾ ਹੈ।

ਗੱਲ ਤੁਰੀ ਸੀ ਕਿ ਯਾਰ ਨਾਲ ਖੜ੍ਹਨ ਵਾਲਾ ਨਹੀਂ ਮਿਲਦਾ, ਨਕਲੀ ਯਾਰ ਬਥੇਰੇ ਮਿਲ ਜਾਂਦੇ ਨੇ, ਪਰ ਮੈਂ ਇਥੇ ਅਸਲੀ ਜਿਗਰੀ ਯਾਰ ਦੀ ਗੱਲ ਕਰਨ ਲੱਗਾ ਹਾਂ। ਸੰਨ ਨੱਬੇ ਦੀ ਗੱਲ ਹੈ, ਖਾੜਕੂਵਾਦ ਪੂਰੇ ਜੋਬਨ 'ਤੇ ਸੀ। ਸ਼ਾਮ ਨੂੰ ਛੇ ਵਜੇ ਹੀ ਪਿੰਡ ਦੇ ਰਾਹ ਤੇ ਗਲੀਆਂ ਸੁੰਨੀਆਂ ਹੋ ਜਾਂਦੀਆਂ ਸਨ। ਸਭ ਆਪਣੇ-ਆਪਣੇ ਘਰੀਂ ਵੜ ਜਾਂਦੇ ਸਨ, ਪੁਲਿਸ ਦਾ ਭੈ ਤੇ ਖਾੜਕੂਆਂ ਦਾ ਡਰ ਇੰਨਾ ਸੀ ਕਿ ਪੰਛੀ ਵੀ ਉੱਚੀ ਆਵਾਜ਼ ਨਹੀਂ ਸੀ ਕੱਢਦੇ।

ਲਾਡੀ ਅਤੇ ਮਾਣਾ ਦੋਵੇਂ ਬਚਪਨ ਦੇ ਮਿੱਤਰ ਸਨ। ਦੋਵੇਂ ਇਕੱਠੇ ਖੇਡਦੇ-ਪੜ੍ਹਦੇ ਵੱਡੇ ਹੋਏ। ਦੋਵਾਂ ਦੇ ਮਾਪੇ ਵੀ ਆਪਸ ਵਿਚ ਇਕ ਦੂਜੇ ਦਾ ਖਿਆਲ ਰੱਖਦੇ ਸਨ। ਦੋਵੇਂ ਜਣੇ ਜਦੋਂ ਜਵਾਨੀ ਦੇ ਦਿਨਾਂ ਵਿਚ ਸਨ ਤਾਂ ਹਰ ਇਕ ਪਾਸੇ ਇਕੱਠੇ ਜਾਂਦੇ। ਕੋਈ ਵੀ ਧਾਰਮਿਕ ਕੰਮ ਪਿੰਡ ਦੇ ਵਿਕਾਸ ਦਾ ਕੰਮ ਉਨ੍ਹਾਂ ਤੋਂ ਬਿਨਾ ਅਧੂਰਾ ਲੱਗਦਾ ਸੀ। ਹਰ ਇਕ ਨਾਲ ਮਿਲਾਪ ਰੱਖਣਾ ਉਨ੍ਹਾਂ ਦਾ ਸੁਭਾਅ ਸੀ। ਸਮਾਂ ਬੀਤਦਾ ਗਿਆ। ਇਕ ਦਿਨ ਲਾਡੀ ਦੀ ਭੈਣ ਦੇ ਦਰਦ ਉਠ ਪਿਆ। ਜੋ ਮਾਂ ਬਣਨ ਵਾਲੀ ਸੀ, ਲਾਡੀ ਤੇ ਮਾਣਾ ਆਪਣੀ ਮਾਂਵਾਂ ਨਾਲ ਭੈਣ ਨੂੰ ਨੇੜੇ ਦੇ ਸ਼ਹਿਰ ਹਸਪਤਾਲ ਵਿਚ ਦਾਖਲ ਕਰਵਾ ਆਏ। ਵਾਪਿਸ ਆਉਂਦਿਆਂ ਨੂੰ ਹਨੇਰਾ ਹੋ ਗਿਆ ਸੀ।

ਰਸਤੇ ਵਿਚ ਸ਼ੇਮ ਦੇ ਪੁਲ 'ਤੇ ਕੋਈ ਸਕੂਟਰ ਸਵਾਰ ਡਿਗਿਆ ਪਿਆ ਸੀ, ਪਤਾ ਨਹੀਂ ਜਿਉਂਦਾ ਜਾ ਮਰਿਆ ਹੋਇਆ। ਲਾਡੀ ਤੇ ਮਾਣੇ ਨੇ ਆਪਣੀ ਵੈਨ ਰੋਕਣੀ ਚਾਹੀ ਪਰ ਮਾੜੇ ਹਾਲਾਤ ਤੋਂ ਡਰਦੇ ਹੋਏ ਨਾ ਰੁਕੇ। ਅਜੇ ਉਹ ਦੋ ਕਿਲੋਮੀਟਰ ਲੰਘੇ ਸਨ ਕਿ ਪਿਛਿਓਂ ਪੁਲਿਸ ਨੇ ਜਿਪਸੀ ਪਿੱਛੇ ਲਾ ਦਿੱਤੀ, ਪੁਲਿਸ ਨੇ ਅੱਗੇ ਹੋ ਕੇ ਇਨ੍ਹਾਂ ਦੀ ਵੈਨ ਰੁਕਵਾ ਲਈ, ਜਿਪਸੀ ਵਿਚੋਂ ਹਵਲਦਾਰ ਤੇ ਸਿਪਾਹੀ ਉਤਰੇ ਤੇ ਆ ਕੇ ਇਨ੍ਹਾਂ ਨੂੰ ਪੁੱਛਿਆ ਕਿਵੇਂ ਵਾਰਦਾਤ ਕਰਕੇ ਭੱਜੇ ਜਾਂਦੇ ਸੀ, ਬੰਦਾ ਮਾਰ ਕੇ ਸਿੱਟ ਆਏ ਹੋ। ਮਾਣੇ ਨੇ ਪੁਛਿਆ, 'ਜਨਾਬ ਕਿਹੜਾ ਬੰਦਾ' 'ਅਖੇ ਜੀਹਦੇ ਤੁਸੀਂ ਗੋਲੀਆਂ ਮਾਰੀਆਂ ਹਨ।'

ਪੁਲਿਸ ਦੋਵਾਂ ਨੂੰ ਥਾਣੇ ਲੈ ਗਈ। ਦੋਵਾਂ ਉਪਰ ਪੁਲਿਸ ਨੇ ਤਸ਼ੱਦਦ ਕੀਤਾ। ਮਰਨ ਵਾਲੇ ਦੇ ਕੋਈ ਵੀ ਗੋਲੀ ਨਹੀਂ ਸੀ ਵੱਜੀ ਹੋਈ। ਪੁਲੀਸ ਨੇ ਕੇਸ ਬਣਾ ਦਿੱਤਾ ਕਿ ਇਨ੍ਹਾਂ ਨੇ ਉਸਨੂੰ ਗਲ ਘੁੱਟ ਕੇ ਮਾਰਿਆ ਹੈ। ਮਾਣੇ ਦੇ ਕਨੈਡਾ ਦੇ ਪੇਪਰ ਨਿਕਲ ਆਏ। ਲਾਡੀ ਨੇ ਕਤਲ ਆਪਣੇ ਸਿਰ ਲੈ ਲਿਆ। ਮਾਣੇ ਨੇ ਬਹੁਤ ਕਿਹਾ, 'ਲਾਡੀ ਇਹ ਠੀਕ ਨਹੀਂ, ਆਪਾਂ ਬੰਦਾ ਮਾਰਿਆ ਨਹੀਂ, ਪੁਲਿਸ ਨੇ ਨਾਜਾਇਜ਼ ਕੇਸ ਬਣਾ ਦਿੱਤਾ ਹੈ। ਆਪਾਂ ਬਰੀ ਹੋ ਜਾਵਾਂਗੇ। ਪਿੰਡ ਦੀ ਪੰਚਾਇਤ ਨੇ ਬਥੇਰੀਆਂ ਮਿੰਨਤਾਂ ਕੀਤੀਆਂ, ਪਰ ਪੁਲਿਸ ਨਾ ਮੰਨੀ। ਮਾਣਾ ਬਾਹਰ ਆ ਕੇ ਕੈਨੇਡਾ ਨੂੰ ਆ ਗਿਆ। ਲਾਡੀ ਨੇ ਮਾਣੇ ਦੇ ਜਾਣ ਦੀ ਬਹੁਤ ਖੁਸ਼ੀ ਮਨਾਈ। ਲਾਡੀ ਦੀ ਮਾਤਾ ਮੁਲਾਕਾਤ ਨੂੰ ਗਈ, ਪੁਛਿਆ, 'ਪੁੱਤ ਇਹ ਤੂੰ ਕੀ ਕੀਤਾ। ਝੂਠਾ ਕੇਸ ਆਪਣੇ ਗਲ ਪੁਆ ਲਿਆ, ਅਸੀਂ ਤੇਰੇ ਤੋਂ ਬਗੈਰ ਕਿਵੇਂ ਰਹਾਂਗੇ'

'ਬੇਬੇ ਰੋ ਨਾ, ਮਾਣਾ ਚਾਰ ਭੈਣਾ ਦਾ ਇਕੱਲਾ ਭਰਾ ਸੀ ਜੇ ਉਹ ਅੰਦਰ ਹੀ ਰਹਿੰਦਾ, ਆਪਣੀਆਂ ਭੈਣਾਂ ਕਿਵੇਂ ਵਿਆਹੁੰਦਾ। ਮੇਰੇ ਚਾਰ ਹੋਰ ਭਰਾ ਹਨ ਇਕ ਹੀ ਭੈਣ ਹੈ, ਜੋ ਵਿਆਹੀ ਹੈ। ਮੈਂ ਤਾਂ ਆਪਣੇ ਯਾਰ ਦੀ ਖਾਤਰ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹਾਂ। ਮਾਤਾ ਚੁੱਪ ਕਰਕੇ ਵਾਪਸ ਆ ਗਈ। ਇਕ ਦਿਨ ਅਖ਼ਬਾਰ ਵਿਚ ਖ਼ਬਰ ਲੱਗੀ ਕਿ ਇਕ ਅਤਿਵਾਦੀ ਭੱਜਣ ਦੀ ਕੋਸ਼ਿਸ਼ ਕਰਦਾ ਹੋਇਆ ਪੁਲਿਸ ਦੀ ਗੋਲੀ ਨਾਲ ਹਲਾਕ ਹੋ ਗਿਆ। ਜਦ ਇਹ ਖ਼ਬਰ ਮਾਣੇ ਨੂੰ ਕੈਨੇਡਾ ਵਿਚ ਪਤਾ ਲੱਗੀ ਉਹ ਉਸੇ ਵਕਤ ਘਰ ਪਹੁੰਚ ਗਿਆ। ਲਾਡੀ ਦਾ ਸੰਸਕਾਰ ਕੀਤਾ। ਮਾਣੇ ਨੇ ਰੋ-ਰੋ ਕੇ ਬੁਰਾ ਹਾਲ ਕਰ ਲਿਆ। ਯਾਰ ਤੇਰੇ ਜਿਹੇ ਯਾਰ ਨਹੀਂ ਮਿਲਣੇ, ਜਿਹੜੇ ਯਾਰਾਂ ਦੀ ਆਈ ਮਰਦੇ ਹੋਣ। ਅੱਜ ਵੀ ਮਾਣਾ ਕੈਨੇਡਾ ਤੋਂ ਜਾ ਕੇ ਉਸਦੀ ਹਰ ਸਾਲ ਬਰਸੀ ਮਨਾਉਣ ਜਾਂਦਾ ਹੈ। ਲਾਡੀ ਦੇ ਤਿੰਨੇ ਭਰਾ ਉਸਨੇ ਕੈਨੇਡਾ ਮੰਗਵਾ ਲਏ, ਮਾਣੇ ਦੀਆਂ ਭੈਣਾਂ ਵੀ ਕੈਨੇਡਾ ਹਨ। ਸਾਰਾ ਕੁਝ ਹੁੰਦਾ ਹੋਇਆ ਵੀ ਮਾਣਾ ਜਿਗਰੀ ਯਾਰ ਤੋਂ ਬਿਨਾ ਅਧੂਰਾ ਹੀ ਰਹਿੰਦਾ ਹੈ।

*-ਮੇਜਰ ਕੁਲਾਰ, ਬੋਪਾਰਾਏ ਕਲਾਂ*

# ਵਾੜ ਕਰੇਲਿਆਂ ਦੇ ਬੀਅ

## ਇੰਨੀ ਕੂ ਬਾਤ



ਬਲਜੀਤ ਬਾਸੀ
ਫੋਨ: 734-454-4958

ਘੁੰਮਵੀਂ ਕੁਰਸੀ 'ਚ ਜਕੜਿਆ, ਸੱਜੀ ਕੂਹਣੀ ਮੇਜ਼ 'ਤੇ ਟਿਕਾਈ ਤੇ ਅੱਖਾਂ ਕੰਪਿਊਟਰ ਦੀ ਸਕਰੀਨ ਤੇ ਜਮਾਈ, ਮੈਂ ਤਨੋਂ-ਮਨੋਂ ਕੰਪਿਊਟਰ ਨਾਲ ਨਰੜਿਆ ਪਿਆ ਸੀ। ਕੀ ਬਣੂੰ, ਦੁਨੀਆਂ ਦੇ ਫ਼ਿਕਰਾਂ 'ਚ ਡੁੱਬਾ ਮੈਂ ਤਾਂ ਸੂਲੀ ਤੇ ਲਟਕਣ ਲਈ ਵੀ ਤਹੂ ਰਹਿੰਦਾ ਹਾਂ। ਯਾਹੂ ਨਿਊਜ਼ 'ਚ ਆਈ ਇਹ ਖਬਰ ਤਾਂ ਹੈ ਈ ਬੜੀ ਸਨਸਨੀਖੇਜ਼ ਸੀ। ਅਮਰੀਕਾ ਦੇ ਵੱਜਦੇ ਡੌਰੂ ਹੁਣ ਦੂਰ-ਰਸ ਨਤੀਜੇ ਲਿਆ ਰਹੇ ਹਨ। ਧਨ ਦੀ ਕਮੀ ਕਾਰਨ ਨਾਸਾ ਦੇ ਚੰਦ ਤੇ ਪੁਲਾੜਯਾਨ ਭੇਜਣ ਦੇ ਪ੍ਰੋਗਰਾਮ ਵਿਚ ਵਿਘਨ ਪੈ ਗਿਆ ਹੈ। ਘੋਰ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਹਿੰਸਾ, ਵਾਤਾਵਰਣ ਪ੍ਰਦੂਸ਼ਣ: ਧਰਤੀ 'ਤੇ ਹੀ ਬਥੇਰੇ ਚੰਦ ਚੜ੍ਹੇ ਪਏ ਹਨ, ਆਕਾਸ਼ੀ ਚੰਦ 'ਤੇ ਜਾ ਕੇ ਹੁਣ ਅੰਬ ਲੈਣੇ ਹਨ?

ਉਧਰ ਤਾਰਿਆਂ-ਸਿਤਾਰਿਆਂ ਦੀ ਦੁਨੀਆਂ ਵਿਚ ਸਦਾ ਗਲਤਾਨ ਨਾਸਾ ਦੇ 58000 ਮੁਲਾਜ਼ਮਾਂ ਨੂੰ ਉਭੜ-ਖਾਬੜ ਜ਼ਮੀਨੀ ਹਕੀਕਤ ਨੇ ਅਰਸ਼ੋਂ ਫ਼ਰਸ਼ 'ਤੇ ਪਟਕਾ ਮਾਰਿਆ ਹੈ। ਮੇਰਾ ਕੀ ਪ੍ਰਤੀਕਰਮ ਹੋਣਾ ਚਾਹੀਦਾ ਹੈ? ਮੈਂ ਵਿਹਲੇ ਪਏ ਖੱਬੇ ਹੱਥ ਨਾਲ ਸਿਰ ਖੁਰਚਿਆ, ਇਕ ਧੌਲਾ ਤਾਂ ਪੁੱਟਿਆ ਗਿਆ ਪਰ ਕੋਈ ਮੌਲਿਕ ਵਿਚਾਰ ਹੱਥ ਨਹੀਂ ਆਇਆ। ਦਿਮਾਗ ਨੂੰ ਹੁਣ ਵਰਤਣ ਦੀ ਲੋੜ ਵੀ ਨਹੀਂ, ਇੰਟਰਨੈਟ ਦਾ ਜਾਲ ਸਮੱਸਤ ਬ੍ਰਹਿਮੰਡ ਹੰਗਾਲ ਕੇ ਇਕ ਪ੍ਰਸ਼ਨ ਦੇ ਹਜ਼ਾਰਾਂ ਉਤਰ ਅੱਖ ਦੇ ਫੋਰੇ 'ਚ ਦੀਦਿਆਂ ਅੱਗੇ ਲਿਆ ਧਰਦਾ ਹੈ। 'ਹੱਸਦੀ ਨੇ ਫੁਲ ਮੰਗਿਆ ਸਾਰਾ ਬਾਗ ਹਵਾਲੇ ਕੀਤਾ' ਵਾਲੀ ਗੱਲ ਬਣੀ ਪਈ ਹੈ।

ਗੂਗਲ ਨੇ ਸੈਨਤ ਕੀਤੀ, ਹੋਰ ਵਿਸਥਾਰ ਜਾਨਣ ਲਈ ਸਿਧੀ ਨਾਸਾ ਦੀ ਵੈਬਸਾਈਟ 'ਤੇ ਵੱਗ ਜਾਹ। ਗੂਗਲ ਤੋਂ ਹੀ ਨਾਸਾ ਦਾ ਸਿਰਨਾਵਾਂ ਲੈ ਕੇ ਮੈਂ ਕੀਬੋਰਡ 'ਤੇ ਟਿੱਕ ਟਿੱਕ ਕੀਤੀ ਤੇ ਨਾਸਾ ਕੰਨੀਂ ਉਡ ਗਿਆ। ਨਾਸਾ 'ਤੇ ਉਤਾਰਾ ਕਰਦਿਆਂ ਹੀ ਮੇਰੀ ਨਜ਼ਰ ਹੋਰ ਜਗਬੁਝ ਕਰਦੀ ਖ਼ਬਰ ਨੇ ਕਾਬੂ ਕਰ ਲਈ, 'ਭਾਰਤ ਦੇ ਜ਼ਮੀਨ ਅੰਦਰਲੇ ਪਾਣੀ ਦੀ ਸਤਹ ਹੇਠਾਂ ਜਾ ਰਹੀ ਹੈ।' ਬਿਨਾ ਸ਼ੱਕ ਆਕਾਸ਼ੀ ਨਛੱਤਰਾਂ ਦੇ ਮੁਕਾਬਲੇ ਧਰਤੀ ਦੀ ਖਬਰ ਮੇਰੇ ਲਈ ਵਧੇਰੇ ਲੁਭਾਇਮਾਨ ਸੀ ਤੇ ਉਹ ਵੀ ਜਿਸ ਦਾ ਸਬੰਧ ਮੇਰੀ ਸਰਜ਼ਮੀਨ ਨਾਲ ਹੋਵੇ। ਪਤਾ ਨਹੀਂ ਇਸ ਦੇਸ਼ ਦਾ ਅੰਨ-ਪਾਣੀ ਖਾ ਕੇ ਵੀ ਮਨ ਭਾਰਤ ਭਾਰਤ ਕੂਕਦਾ ਰਹਿੰਦਾ ਹੈ। ਖਬਰ ਦੇ ਅਗੇ ਗਿਆ ਤਾਂ ਪਤਾ ਲੱਗਾ ਕਿ ਪ੍ਰਭਾਵਤ ਇਲਾਕਾ ਅਸਲ ਵਿਚ ਮੇਰਾ ਪੰਜਾਬ ਅਤੇ ਇਸ ਦੇ ਆਸ ਪਾਸ ਦਾ ਇਲਾਕਾ ਹੀ ਹੈ। ਮੈਂ ਠਠੰਬਰ ਗਿਆ, ਪੰਜਾਬ ਦੇ ਮੰਦੇ ਭਾਗ, ਨਿੱਤ ਨਵਾਂ ਉਜੜ ਜਾਣ ਦਾ ਸਰਾਪ। ਏਥੇ ਹਰ ਸਾਲ ਪਾਣੀ ਦਾ ਪੱਧਰ ਇੱਕ ਫੁੱਟ ਨੀਵਾਂ ਹੋਈ ਜਾ ਰਿਹਾ ਹੈ। ਨਾਸਾ ਦੇ ਮੌਸਮ ਦੀ ਪੜਤਾਲ ਕਰ ਰਹੇ ਜੌੜੇ ਪੁਲਾੜਯਾਨ ਧਰਤੀ ਦੇ ਅੰਦਰ ਜਾਂ ਉਪਰ ਆਈ ਪਾਣੀ ਦੀ ਭੋਰਾ ਭਰ ਤਬਦੀਲੀ ਵੀ ਭਾਂਪ ਲੈਂਦੇ ਹਨ। ਨਾਸਾ ਦੇ ਜਲਵਿਗਿਆਨੀਆਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਜੇ ਪਾਣੀ ਦੇ ਪ੍ਰਬੰਧ ਲਈ ਉਪਾਅ ਨਾ ਕੀਤੇ ਗਏ ਤਾਂ ਸਾਢੇ ਗਿਆਰਾਂ ਕਰੋੜ ਲੋਕਾਂ 'ਤੇ ਭਾਰੀ ਪੈ ਜਾਵੇਗੀ; ਖੇਤੀ ਦੀ ਪੈਦਾਵਾਰ ਦਾ ਘਾਣ ਹੋ ਜਾਵੇਗਾ, ਪੀਣ ਵਾਲਾ ਪਾਣੀ ਦੁਰਲੱਭ ਹੋ ਜਾਵੇਗਾ। ਇਲਾਕੇ ਦੀ ਜਨਸੰਖਿਆ ਵਿਚ ਬੇਬਹਾ ਵਾਧਾ, ਤੇਜ਼ ਆਰਥਕ ਵਿਕਾਸ ਅਤੇ ਪਿਆਸੇ ਖੇਤਾਂ ਲਈ ਲੋੜੀਂਦੇ ਪਾਣੀ ਕਾਰਨ ਜ਼ਮੀਨ ਅੰਦਰਲੇ ਪਾਣੀ ਦੇ ਸਰੋਤ ਸੁੱਕ ਗਏ ਹਨ। ਪਾਣੀ ਦੀ ਘਾਟ ਪੂਰੀ ਕਰਨ ਲਈ ਹੁਣ ਦਰਿਆਵਾਂ ਮੀਂਹਾਂ ਦਾ ਪਾਣੀ ਜਮ੍ਹਾਂ ਕਰਕੇ ਬਨਾਉਟੀ ਝੀਲਾਂ-ਡਿੱਗੀਆਂ ਬਣਾਉਣੀਆਂ ਪੈਣਗੀਆਂ। ਝੀਲਾਂ ਤੇ ਡਿੱਗੀਆਂ ਨਾਲ ਓਤਪੋਤ ਇਸ ਨਵੇਂ ਪੰਜਾਬ ਦੇ ਭੂ-ਦ੍ਰਿਸ਼ ਦੀ ਕਲਪਨਾ ਕਰਕੇ ਮੇਰੇ ਅੱਗੇ ਭੰਬੂ ਤਾਰੇ ਨੱਚਣ ਲੱਗੇ।

ਸਾਰੇ ਗਲੋਬ ਦੀ ਚਿੰਤਾ ਵਿਚ ਡੁੱਬੇ ਅਮਰੀਕੀ ਚਿੰਤਕਾਂ ਦੀਆਂ ਟਿਪਣੀਆਂ ਪੜ੍ਹਨ ਨੂੰ ਮਿਲੀਆਂ: ਭਾਰਤ ਵਿਕਸਤ ਹੋ ਰਿਹਾ ਹੈ ਤੇ ਅਮੀਰ ਹੁੰਦੇ ਲੋਕ ਵਧੇਰੇ ਤੋਂ ਵਧੇਰੇ ਮੀਟ ਖਾਣ ਲੱਗ ਪਏ ਹਨ। ਇੱਕ ਏਕੜ ਭੋਇੰ 'ਤੇ ਬੀਜਿਆ ਅੰਨ ਜਿੰਨੇ ਲੋਕਾਂ ਦਾ ਢਿੱਡ ਭਰਦਾ ਹੈ, ਓਨੇ ਹੀ ਲੋਕਾਂ ਦਾ ਢਿੱਡ ਸੱਤ ਏਕੜ ਭੋਇੰ 'ਤੇ ਪਾਲੇ ਪਸ਼ੂਆਂ ਦਾ ਮੀਟ ਭਰਦਾ ਹੈ। ਸੋ, ਪਾਣੀ ਦੀ ਮੰਗ ਵਧ ਗਈ। ਏਨੀ ਹਿਰਦੇਵੇਧਕ ਸਥਿਤੀ ਦੇ ਸਨਮੁਖ ਵੀ ਮੈਂ ਹਾਸਰਸ ਵਿਚ ਆ ਗਿਆ। ਕੀ ਇਹ ਭਾਰਤ ਦੇ ਵਿਕਸਤ ਹੋਣ ਦੀ ਸਜ਼ਾ ਹੈ ਜਾਂ ਅਹਿੰਸਾਵਾਦੀ ਦੇਸ਼ ਦੇ ਲੋਕਾਂ ਵਲੋਂ ਮੀਟ ਖਾਣ ਕਾਰਨ ਦੇਵਤਿਆਂ ਦੀ ਕਰੋਪੀ? ਧਰਤੀ ਹੇਠਲਾ ਪਾਣੀ ਸ਼ਰਮ ਦਾ ਮਾਰਿਆ ਥੱਲੇ ਹੀ ਥੱਲੇ ਜਾ ਰਿਹਾ ਹੈ। ਕ੍ਰੋਧਿਤ ਧਵਲਾ ਕਿਤੇ ਧਰਤੀ ਨੂੰ ਕਹਿਕਸ਼ਾਂ 'ਚ ਹੀ ਨਾ ਵਗਾਹ ਮਾਰੇ। ਭਾਰਤ ਦੇ ਤਥਾਕਥਿਤ ਵਿਕਾਸ ਨੇ ਅਮਰੀਕੀ ਚਿੰਤਕਾਂ ਦਾ ਬੜਾ ਢਿੱਡ ਦੁਖਾਇਆ ਹੈ। ਪਹਿਲਾਂ ਦੁਨੀਆਂ ਵਿਚ ਖੁਰਾਕ ਦੀ ਕਮੀ ਭਾਰਤ ਸਿਰ, ਫਿਰ ਤੇਲ ਦੀ ਕਮੀ ਭਾਰਤ ਸਿਰ ਤੇ ਹੁਣ ਪਾਣੀ ਦੀ ਕਮੀ ਭਾਰਤ ਦੇ ਸਿਰ। ਗ਼ਰੀਬ ਦੀ ਜ਼ੋਰੂ ਸਭ ਦੀ ਜ਼ੋਰੂ।

ਅਮਰੀਕੀ ਮੁਨਾਫਾਪ੍ਰਸਤਾਂ ਨੂੰ ਦੋਸ਼ੀ ਠਹਿਰਾਉਂਦੇ ਬੜੇ ਸ਼ਾਤਰ ਚਿੰਤਕਾਂ ਦਾ ਕਹਿਣਾ ਹੈ:ਅਮਰੀਕੀ ਦਖਲ ਨਾਲ ਲਿਆਂਦੇ ਹਰੇ ਇਨਕਲਾਬ ਕਾਰਨ ਕਿਸਾਨਾਂ ਨੇ ਰਵਾਇਤੀ ਖੇਤੀ ਢੰਗ, ਬੀਜ, ਸੰਦ ਅਤੇ ਖਾਦ ਵਜੋਂ ਗੋਹੇ ਦੀ ਵਰਤੋਂ ਛੱਡ ਦਿੱਤੀ। ਉਹ ਅਮਰੀਕੀ ਕਾਰਪੋਰੇਸ਼ਨਾਂ ਵਲੋਂ ਤਿਆਰ ਕੀਤੇ ਬੀਜ, ਕੀਟਨਾਸ਼ਕ ਦਵਾਈਆਂ, ਖਾਦ, ਮਸ਼ੀਨਰੀ ਆਦਿ ਤੇ ਨਿਰਭਰ ਹੋ ਗਏ। ਸਿੱਟੇ ਵਜੋਂ ਅਮਰੀਕੀ ਕਾਰਪੋਰੇਸ਼ਨਾਂ ਤਾਂ ਮੁਨਾਫੇ ਨਾਲ ਪਾਟਣ ਵਾਲੀਆਂ ਹੋ ਗਈਆਂ ਪਰ ਭਾਰਤ ਦੀ ਆਰਥਕਤਾ ਤਹਿਸ-ਨਹਿਸ ਹੋ ਗਈ। ਗ਼ਰੀਬ ਨਿਵਾਜ਼ ਇਨ੍ਹਾਂ ਅਮਰੀਕੀਆਂ ਦਾ ਮੱਤ ਹੈ ਕਿ ਭਾਰਤੀਆਂ ਦਾ ਹੱਥ ਗੋਹੇ ਵਿਚ ਹੀ ਚੰਗਾ ਲੱਗਦਾ ਹੈ।

ਸਮੱਸਿਆ ਦੇ ਹੋਰ ਪਹਿਲੂਆਂ ਨਾਲ ਦੋ ਚਾਰ ਹੋਣ ਲਈ ਕਿੰਨੇ ਹੀ ਲਿੰਕ ਤੇ ਸਦਾ ਹਾਜ਼ਰ ਨਾਜ਼ਰ ਗੂਗਲ ਦੇ ਇਸ਼ਤਿਹਾਰਾਂ ਦੀ ਹੱਟ ਲੱਗੀ ਹੋਈ ਸੀ। ਮੈਨੂੰ ਖੁਦ ਅੱਜ ਕੱਲ੍ਹ ਬੁਧੀਜੀਵੀ ਤੇ ਵਿਸ਼ਵ ਚਿੰਤਕ ਬਣਨ ਦਾ ਫਤੂਰ ਚੜ੍ਹਿਆ ਰਹਿੰਦਾ ਹੈ ਇਸ ਲਈ ਕੋਈ ਵੀ ਗਰਮਾ-ਗਰਮ ਮਸਲਾ ਵਿਚਾਰਨੋਂ ਨਹੀਂ ਛੱਡਦਾ। ਹੋਰ ਵਿਸਥਾਰ ਵਿੱਚ ਜਾਣ ਲਈ ਮੈਂ ਅਜੇ ਮਾਊਸ ਤੇ ਉਂਗਲ ਰੱਖੀ ਹੀ ਸੀ ਕਿ ਬਾਹਰ ਦਰਵਾਜ਼ੇ ਦੀ ਘੰਟੀ ਵਜਦੀ ਸੁਣੀ। ਘੜੀ ਦੇਖੀ, ਸ਼ਾਮ ਦੇ ਪੂਰੇ ਪੰਜ ਵਜ ਗਏ ਸਨ ਤੇ ਮੈਂ ਸਵੇਰ ਦੇ ਨੌਂ ਵਜੇ ਤੋਂ ਇੰਟਰਨੈਟ ਦੇ ਕੰਧਾੜੇ ਚੜ੍ਹ ਕੇ ਬੈਠਾ ਸਾਂ। ਸੜ ਗਈ ਕਿਸਮਤ, ਪਤਾ ਨਹੀਂ ਮੈਨੂੰ ਮੇਰੀ ਬੌਧਿਕ ਸਾਧਨਾ ਤੋਂ ਵਿਚਲਿਤ ਕਰਨ ਲਈ ਕੌਣ ਦੁਨੀਆਦਾਰ ਆ ਧਮਕਿਆ ਹੈ। ਭਾਰੀ ਮਨ ਨਾਲ ਉਠਣ ਲੱਗਾ ਤਾਂ ਮਹਿਸੂਸ ਹੋਇਆ ਕਿ ਮੇਰੇ ਤਾਂ ਪੈਰ ਹੀ ਨਹੀਂ ਹਨ। ਛੱਪੜ 'ਚੋਂ ਨਿਕਲੇ ਕੁੱਤੇ ਵਾਂਗ ਸਰੀਰ ਨੂੰ ਜ਼ੋਰ ਨਾਲ ਛੰਡਿਆ ਤਾਂ ਕੁਝ ਹੋਸ਼ ਹਵਾਸ ਆਏ। ਪਤਾ ਲੱਗਾ ਪੈਰ ਤਾਂ ਸੁਤੇ ਪਏ ਸਨ। ਘਿਸੜਦੇ ਪੈਰਾਂ ਨਾਲ ਦਰਵਾਜ਼ੇ ਵੱਲ ਵਧਿਆ।



ਝਾਤ ਮੋਰੀ ਰਾਹੀਂ ਦੇਖਿਆ; ਮਾਰੇ ਗਏ, ਇਹ ਤਾਂ ਆਪਣੀ ਭਰਜਾਈ ਸਾਹਿਬਾ ਸੀ। ਮਾਊਸ 'ਤੇ ਖਿਝ ਆਉਣ ਲੱਗੀ, ਕੀ ਇਹ ਮੇਰੇ ਸਰੀਰ ਨੂੰ ਉਡਾਕੇ ਭਰਜਾਈ ਦੀ ਦੁਨੀਆਂ ਤੋਂ ਪਰੇ ਨਹੀਂ ਲਿਜਾ ਸਕਦਾ? ਪਰ ਦਿਉਰ ਮਾਤਰ ਹਾਂ, ਸਥੂਲ ਭਰਜਾਈ ਦਾ ਸਾਹਮਣਾ ਤਾਂ ਕਰਨਾ ਹੀ ਪੈਣਾ ਸੀ, ਚੱਲ ਮਨਾਂ। ਬੂਹਾ ਖੋਲ੍ਹਣ ਪਿਛੋਂ ਹੱਥ ਮੱਥੇ ਤੇ ਵੱਜਣ ਲਈ ਉਪਰ ਉਠ ਗਏ ਪਰ ਸ਼ਿਸ਼ਟਾਚਾਰ ਨੇ ਰੋਕ ਲਏ। ਭਰਜਾਈ ਨੂੰ ਖਿੜੇ ਮੱਥੇ ਮਿਲਣ ਦਾ ਦਸਤੂਰ ਹੈ ਪਰ ਸ਼ਿਸ਼ਟਾਚਾਰ ਦਾ ਭੂਤ ਮੇਰੇ ਮੱਥੇ 'ਤੇ ਤਿਉੜੀਆਂ ਪੈਣ ਨੂੰ ਰੋਕ ਨਾ ਸਕਿਆ।

ਮੈਨੂੰ ਹੋਣੀ ਦਿਸਣ ਲੱਗੀ: ਅੱਜ ਕੁੱਤੇ ਦੀ ਪੂਛ ਨੂੰ ਭੇਂ ਭੇਂ ਕੇ ਜੁਤੀਆਂ ਪੈਣਗੀਆਂ। ਕੀ ਕਰੀਏ ਘਰੋਗੀ ਗੱਲਾਂ ਪਰ ਮੂੰਹ ਵਿਚ ਗੱਲ ਰਹਿੰਦੀ ਵੀ ਨਹੀਂ। ਇਹ ਭਰਜਾਈ ਸਾਡੀ ਹੈ ਨਿਰੀ ਦੇਸੀਪੁਣੇ ਦਾ ਮਜਮੂਆ। ਉਸਦੇ ਮੂਹਰੇ ਜ਼ਰਾ ਢੇਊ ਲਫ਼ਜ਼ ਉਚਾਰ ਦਿਉ ਤੇ ਫਿਰ ਦੇਖੋ ਉਸਦੀਆਂ ਵੜਾਛਾਂ ਦੀ ਲਮਕ ਤੇ ਅੱਖੀਆਂ ਦੀ ਚਮਕ। ਸ਼ਾਇਦ ਤੁਹਾਨੂੰ ਆਖੇ, "ਜ਼ਰਾ ਫੇਰ ਬੋਲੀਂ ਜੋ ਕਿਹਾ।" ਕਦੇ ਕੈਲੀਫੋਰਨੀਆ ਗਈ ਭਰਵੇਂ ਟਿੰਡੋ ਖਾ ਆਈ, ਕਹਿੰਦੀ ਮੈਂ ਤਾਂ ਵਸਣਾ ਹੀ ਕੈਲੀਫੋਰਨੀਆ ਹੈ। ਨਾਲੇ ਟਿੰਡੋ ਖਾਣ ਨੂੰ ਮਿਲਦੇ ਹਨ ਨਾਲੇ ਮਿਸ਼ੀਗਨ ਰਹਿੰਦਿਆਂ ਹੱਡਾਂ ਚ ਵੜਦੇ ਪਾਲੇ ਤੋਂ ਛੁਟਕਾਰਾ। ਇਹ ਤਾਂ ਸਾਡੇ ਭਰਾ ਦੇ ਆਪਣੇ ਗੁਰਦੇ ਕਪੂਰਿਆਂ ਵਿੱਚ ਜਾਨ ਸੀ ਕਿ ਕੈਲੀਫੋਰਨੀਆ ਵਸਣ ਵਾਲੀ ਗੱਲ ਨਾ ਹੋ ਸਕੀ। ਭਾਬੀ ਸਾਡੀ ਜਦੋਂ ਦੇਖੋ ਵੜੀਆਂ, ਸਾਗ, ਵੇਸਣ, ਸੰਢੋਲਾ, ਕੁੱਲਰ ਆਦਿ ਦੀਆਂ ਜਾਂ ਗੱਲਾਂ ਕਰ ਰਹੀ ਹੁੰਦੀ ਹੈ ਜਾਂ ਇਨ੍ਹਾਂ ਖੁਰਾਕਾਂ ਨੂੰ ਚੁਲ੍ਹੇ 'ਤੇ ਚਾੜ੍ਹ ਕੇ ਗੋਰੇ ਗੁਆਂਢੀਆਂ ਦੀਆਂ ਨਾਸਾਂ ਵਿਚ ਵਾੜ ਰਹੀ ਹੁੰਦੀ ਹੈ। ਤਾਅਜੁਬ ਦੀ ਗੱਲ ਹੈ ਕਿ ਉਹ ਭਾਰਤ ਵਰਸ਼ ਵੱਲ ਮੂੰਹ ਨਹੀਂ ਕਰਦੀ।

ਉਹ ਡੱਪ-ਡੱਪ ਕਰਦੀ ਆਈ ਤੇ ਸੋਫ਼ੇ 'ਤੇ ਪਸਰ ਗਈ। ਸ਼ਾਂਤ ਦਿਸਦੇ ਮੂੰਹ ਵਿਚ ਜਵਾਲਾਮੁਖੀ ਲੁਕਿਆ ਪਿਆ ਸੀ। ਛਿਥਾ ਪਿਆ ਮੈਂ ਤਾਂ ਮੂੰਹ ਦਿਖਾਉਣ ਜੋਗਾ ਵੀ ਨਹੀਂ ਰਿਹਾ ਸੀ। ਕੰਨੀ ਬਚਾ ਕੇ ਕਿਚਨ ਵਿੱਚ ਚਾਹ ਧਰਨ ਲਗ ਪਿਆ। ਕਈ ਦਿਨਾਂ ਤੋਂ ਉਸਨੂੰ ਵਾੜ ਕਰੇਲਿਆਂ ਦਾ ਝੱਲ ਚੜ੍ਹਿਆ ਹੋਇਆ ਸੀ ਤੇ ਮੇਰੇ ਪਿਛੇ ਪਈ ਹੋਈ ਸੀ ਕਿ ਇੰਟਰਨੈਟ ਤੋਂ ਵਾੜ ਕਰੇਲਿਆਂ ਦੇ ਬੀਅ ਲੱਭ ਕੇ ਤੇ ਖਰੀਦ ਕੇ ਦੇਹ। ਕਹਿੰਦੀ ਦਸੌਰੀ ਕਰੇਲੇ ਵੀ ਕੋਈ ਕਰੇਲੇ ਹੁੰਦੇ ਹਨ, ਢੋਲ ਜਿਹੇ, ਨਾ ਉਨ੍ਹਾਂ ਦਾ ਸੁਹਜ, ਨਾ ਸੁਆਦ। ਭਰਜਾਈ ਦਾ ਸੁਹਜ ਸੁਆਦ ਏਨਾ ਸੂਖਮ ਹੋ ਗਿਆ ਹੈ ਕਿ ਬੱਸ ਚੱਟੋ ਪਹਿਰ ਅੰਗੂਠਾ ਭਰ ਇਨ੍ਹਾਂ ਵਾੜ ਕਰੇਲਿਆਂ ਵਿਚ ਹੀ ਉਸਦੀ ਸੁਤਾਅ ਰਹਿਣ ਲੱਗ ਪਈ। ਕਹਿੰਦੀ ਹੱਡਾਂ ਦੀ ਸਾਰੀ ਠੰਡ, ਗੋਡਿਆਂ ਦੀ ਸਾਰੀ ਰੀਹ, ਨੱਕ ਦੀ ਸਾਰੀ ਨਲੀ, ਪੇਟ ਦੀ ਸਾਰੀ ਵਾਯੂ ਗੱਲ ਕੀ ਰੋਗੀ ਕਾਇਆ ਦੀ ਸਾਰੀ ਵਾਇ ਵਾਦੀ ਇਹ ਵਾੜ ਕਰੇਲੇ ਹੀ ਕੱਢਦੇ ਹਨ। ਫਿਰ ਇਨ੍ਹਾਂ ਦੂਖਨਿਵਾਰਨੇ ਕਰੇਲਿਆਂ ਦੀ ਗੱਲ ਕਰਦਿਆਂ ਉਹ ਅਜੇਹਾ ਚਟਖਾਰਾ ਮਾਰੇਗੀ ਜਿਵੇਂ ਵਾਕਿਆ ਹੀ ਇਕ ਕਰੇਲਾ ਉਸਦੇ ਦੰਦਾਂ ਥੱਲੇ ਆ ਗਿਆ ਹੋਵੇ।

ਕੁਝ ਇਕ ਦਿਨਾਂ ਤੋਂ ਉਹ ਵਾਰ ਵਾਰ ਫੋਨ ਕਰਕੇ ਮੈਨੂੰ ਯਾਦ ਕਰਵਾਉਂਦੀ ਰਹੀ ਕਿ ਇੰਟਰਨੈਟ ਤੋਂ ਵਾੜ ਕਰੇਲਿਆਂ ਦੇ ਬੀਆਂ ਦਾ ਆਰਡਰ ਕਰ ਦੇਹ, ਬੀਜਣ ਦੀ ਰੁੱਤ ਆਈ ਹੋਈ ਹੈ ਫਿਰ ਲੰਘ ਜਾਵੇਗੀ ਪਰ ਵਾੜ ਕਰੇਲੇ ਜਿਹੀ ਮਹੀਨ ਚੀਜ਼ ਮੇਰੇ ਮੋਟੇ ਦਿਮਾਗ ਵਿਚ ਟਿਕਦੀ ਨਹੀਂ ਸੀ। ਕਈ ਵਾਰੀ ਵਾੜ ਕਰੇਲੇ ਵਾੜ ਕਰੇਲੇ ਜਪਦਾ ਕੰਪਿਊਟਰ 'ਤੇ ਬੈਠਾ ਪਰ ਇੰਟਰਨੈਟ ਖੋਲ੍ਹਦਿਆਂ ਹੀ ਦੁਨੀਆਂ ਦੀ ਚਿੰਤਾ ਹੱਡ ਖਾਣ ਲੱਗ ਜਾਂਦੀ। ਅੱਜ ਸਵੇਰੇ ਧਮਕੀ ਦੇ ਮਾਰੀ ਸੀ, "ਵਾੜ ਕਰੇਲੇ, ਨਹੀਂ ਤਾਂ ਆਖਰੀ ਮੇਲੇ।"

ਆਖਰ ਗੁੱਸਾ ਖਾ ਕੇ ਮੈਂ ਕੰਪਿਊਟਰ 'ਤੇ ਬੈਠ ਕੇ ਇੰਟਰਨੈਟ ਦਾ ਪ੍ਰਕਾਸ਼ ਕਰ ਹੀ ਲਿਆ। ਪਰ ਕੀ ਸੁਣਾਈਏ ਇਸ ਚੰਚਲ ਮਨ ਦੀ ਵਿਥਿਆ, ਖੋਤੀ ਤਾਂ ਮੋੜ ਘੇੜ ਕੇ ਬੋਹੜ ਥੱਲੇ ਆ ਬਹਿੰਦੀ ਹੈ ਪਰ ਇੰਟਰਨੈਟ ਖੋਲ੍ਹੀ ਬੈਠਾ ਖੋਤਾ ਮਜਾਲ ਹੈ ਇਕ ਵਾਰੀ ਜਿਸ ਸਾਈਟ ਤੋਂ ਚੱਲਿਆ ਪੂਰੀ ਦਿਹਾੜੀ ਲਾ ਕੇ ਵੀ ਮੁੜ ਉਸ 'ਤੇ ਵਾਪਸ ਆ ਜਾਵੇ। ਕਹਿੰਦੇ ਹਨ ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ ਤਾਂ ਉਸਨੂੰ ਭੁੱਲਿਆ ਨਹੀਂ ਕਹਿੰਦੇ ਪਰ ਇੰਟਰਨੈਟ ਦਾ ਤਾਂ ਕੰਮ ਹੀ ਭੁਲਾਉਣਾ ਹੈ, ਕਿਸੇ ਤਣ ਪੱਤਣ ਲਾਉਣਾ ਨਹੀਂ। ਇਕ ਵਾਰੀ ਮਾਊਸ ਤੇ ਉਂਗਲਾਂ ਦੇ ਪੋਟੇ ਰੱਖੇ ਨਹੀਂ, ਇਹ ਤੁਹਾਨੂੰ ਤੁਹਾਡੀਆਂ ਹੀ ਉਂਗਲਾਂ ਤੇ ਨਚਾਉਣਾ ਸ਼ੁਰੂ ਕਰ ਦਿੰਦਾ ਹੈ ਤੇ ਇਕ ਅਸਗਾਹ ਭਟਕਣ ਵੱਲ ਠੇਲ੍ਹ ਦਿੰਦਾ ਹੈ ਜਿਸਦੇ ਪੜਾਅ ਹੀ ਪੜਾਅ ਹਨ ਮੰਜ਼ਿਲ ਕੋਈ ਨਹੀਂ। ਕੁਝ ਇਸੇ ਤਰ੍ਹਾਂ ਵਿਚਾਰੇ ਸੁੜ ਸੁੜ ਕਰਦੇ ਕਵੀ ਜਗਤਾਰ ਦਾ ਹਾਲ ਹਵਾ ਨੇ ਕੀਤਾ ਸੀ:

ਮੈਨੂੰ ਗੁਬਾਰੇ ਵਾਂਗਰਾਂ ਉਡਾਈ ਫਿਰੇ ਹਵਾ
ਮੇਰੇ ਅੱਗੇ ਵੀ ਖਲਾਅ,
ਮੇਰੇ ਪਿਛੇ ਵੀ ਖਲਾਅ

ਮੈਂ ਇੰਟਰਨੈਟ ਚਾਲੂ ਕਰਦਿਆਂ ਹੀ ਗੂਗਲ ਵਿਚ 'ਵਾੜ ਕਰੇਲਿਆਂ ਦੇ ਬੀਅ' ਟਾਈਪ ਕਰ ਦਿੱਤਾ। ਪਲਕ ਝਮਕਦੇ ਹੀ ਕਰੇਲਿਆਂ ਦੇ ਬੀਅ ਵੇਚਦੀਆਂ ਦਰਜਣਾਂ ਦੁਕਾਨਾਂ ਦੀਆਂ ਸਾਈਟਾਂ ਦਾ ਵੇਰਵਾ ਆ ਗਿਆ। ਇਕ ਵਾਰੀ ਤਾਂ ਮੈਂ ਵਿਸਮਾਦ ਵਿਸਮਾਦ ਹੋ ਗਿਆ ਕਿ ਅਮਰੀਕਾ ਬੈਠੇ ਮੈਂ ਕਿੰਨੀ ਦੇਸੀ ਚੀਜ਼ ਪਾ ਲਈ ਹੈ ਜਿਵੇਂ ਐਂਜਲੀਨਾ ਜੌਲੀ ਦੇ ਸਿਰ ਵਿਚ ਜੂਆਂ ਦਿਸ ਪਈਆਂ ਹੋਣ। ਮੈਂ ਇਕ ਸਾਈਟ ਚੁਣੀ ਜਿਥੇ ਵਾੜ ਕਰੇਲਿਆਂ ਤੋਂ ਇਲਾਵਾ ਚੱਪਣ ਕੱਦੂ, ਤੁੰਮੇ, ਗੁੱਗਲ, ਤਾਂਦਲਾ, ਮਘਾਂ, ਕੜੀਪੱਤੇ ਆਦਿ ਦੇ ਬੀਅ ਮਿਲਦੇ ਸਨ ਪਰ ਇਸ ਤੋਂ ਪਹਿਲਾਂ ਕਿ ਮੈਂ ਵਾੜ ਕਰੇਲਿਆਂ ਦੇ ਬੀਆਂ ਦਾ ਭਾਅ ਪਤਾ ਕਰਕੇ ਆਰਡਰ ਕਰਦਾ, ਮੇਰੀ ਨਜ਼ਰ ਸਬਜ਼ੀਆਂ ਬਾਰੇ ਚੁਟਕਲਿਆਂ ਦੇ ਇਕ ਲਿੰਕ 'ਤੇ ਪੈ ਗਈ। ਚੁਟਕਲੇ ਬੋਰ ਜ਼ਿੰਦਗੀ ਦਾ ਮਸਾਲਾ ਹਨ, ਪਹਿਲਾਂ ਇਨ੍ਹਾਂ ਨਾਲ ਮਨ ਕਰਾਰਾ ਕਰ ਲਈਏ ਫਿਰ ਵਾੜ ਕਰੇਲੇ ਵੀ ਦੇਖੇ ਜਾਣਗੇ। ਸਾਈਟ 'ਤੇ ਗਿਆ ਤਾਂ ਸਭ ਤੋਂ ਪਹਿਲਾਂ ਕਰੇਲਿਆਂ ਬਾਰੇ ਹੀ ਚੁਟਕਲਾ ਪੜ੍ਹਨ ਨੂੰ ਮਿਲਿਆ:ਇੱਕ ਵਾਰੀ ਸੰਤਾ ਆਪਣੇ ਦੋਸਤ ਬੰਤੇ ਦੇ ਘਰ ਰੋਟੀ 'ਤੇ ਗਿਆ। ਖਾਣੇ ਦੀ ਖਾਸ ਚੀਜ਼ ਭਰੇ ਹੋਏ ਕਰੇਲੇ ਸਨ। ਸੰਤੇ ਨੇ ਪਹਿਲਾਂ ਕਦੇ ਕਰੇਲੇ ਨਹੀਂ ਸਨ ਖਾਧੇ। ਉਹ ਲਪੇਟੇ ਹੋਏ ਧਾਗਿਆਂ ਸਮੇਤ ਛੇ ਕਰੇਲੇ ਡਕਾਰ ਗਿਆ। "ਸੁਆਦ ਆ ਗਿਆ ਭਾਬੀ ਜੀ।" ਸੰਤਾ ਕਹਿੰਦਾ। ਦੂਜੇ ਦਿਨ ਟਾਇਲਟ ਵਿਚ ਬੈਠਿਆਂ ਸੰਤੇ ਨੇ ਦੇਖਿਆ ਕਿ ਧਾਗੇ ਬਾਹਰ ਆ ਰਹੇ ਹਨ। ਡਰੇ ਹੋਏ ਸੰਤੇ ਨੇ ਪਤਨੀ ਨੂੰ 'ਵਾਜ ਮਾਰੀ, "ਮਰ ਗਿਆ ਧਰਮ ਕੌਰੇ ਮੈਂ ਤਾਂ, ਆਈਂ ਦੇਖੀਂ ਜ਼ਰਾ, ਮੈਂ ਤਾਂ ਉਧੜੀ ਜਾ ਰਿਹਾਂ, ਮੈਂ ਤਾਂ ਖਤਮ ਹੋ ਰਿਹਾਂ!"

ਬੱਸ ਫਿਰ ਕੀ ਸੀ, ਦੇਹ ਗੇੜੀ 'ਤੇ ਗੇੜੀ ਚੁਟਕਲਿਆਂ ਵਾਲੀਆਂ ਸਾਈਟਾਂ 'ਤੇ। ਕੀ ਹੋਇਆ ਕਿ ਮੈਂ ਇਕ ਅਜੇਹੀ ਸਾਈਟ ਤੇ ਫੁਸਲਾਇਆ ਗਿਆ ਜਿਥੇ ਅਜੇਹੇ ਚੁਟਕਲੇ ਪੜ੍ਹਨ ਨੂੰ ਮਿਲੇ ਜਿਨ੍ਹਾਂ ਨੂੰ ਮੈਂ ਤਾਂ ਚੋਂਦੇ ਚੋਂਦੇ ਕਹਾਂਗਾ ਪਰ ਸ਼ਰੀਫ ਲੋਕ ਗੰਦੇ ਜਾਂ ਫਾਹਸ਼ ਤੇ ਸਾਹਿਤਕਾਰ ਫੈਸਲਾ ਨਹੀਂ ਕਰ ਸਕੇ ਅਜੇਹੇ ਮਸਾਲੇ ਨੂੰ ਅਸ਼ਲੀਲ ਆਖਣ ਜਾਂ ਲੱਚਰ। ਮੇਰਾ ਲੰਚ ਇਨ੍ਹਾਂ ਵਿਚ ਹੀ ਲੰਘ ਗਿਆ। ਸੁਆਦ ਸੁਆਦ ਹੋਇਆ ਪਤਾ ਨਹੀਂ ਮੈਂ ਕੀ ਕਲਿੱਕ ਕਰ ਬੈਠਾ ਕਿ ਮੈਂ ਦੋ ਕਦਮ ਹੋਰ ਅੱਗੇ ਗ਼ਰਕ ਗਿਆ। ਉਥੇ ਜੋ ਕੁਝ ਹੋ ਰਿਹਾ ਸੀ ਮੇਰੀ ਭੱਦਰ ਕਲਮ ਬਿਆਨ ਨਹੀਂ ਕਰ ਸਕਦੀ। ਮੈਨੂੰ ਇਹ ਗੱਲ ਕਦੇ ਸਮਝ ਨਹੀਂ ਆਈ ਕਿ ਜਦ ਮੈਂ ਭਦਰਪੁਰਸ਼ ਹੋਣ ਦਾ ਦਮ ਨਹੀਂ ਭਰਦਾ, ਮੇਰੀ ਕਲਮ ਕਿਉਂ ਭਦਰਤਾ ਦੀ ਸਿਆਹੀ ਵਿਚ ਰੰਗੀ ਪਈ ਹੈ। ਮੈਂ ਦੌੜ ਕੇ ਪੱਕਾ ਕੀਤਾ ਕਿ ਮੇਰੇ ਘਰ ਦੇ ਦੋਨੋਂ ਅਗਲੇ ਪਿਛਲੇ ਦਰਵਾਜ਼ਿਆਂ ਦੇ ਕੁੰਡੇ ਬੰਦ ਹਨ। ਹਰ ਰੰਗ, ਨਸਲ, ਦੇਸ, ਉਮਰ ਤੇ ਹਰ ਪ੍ਰਕਾਰ ਦੇ ਮਾਸ ਦਾ ਇਕ ਖੌਲਦਾ ਦਰਿਆ ਪੇਸ਼ ਪੇਸ਼ ਸੀ। ਮੈਂ ਕਿੰਨੇ ਤਰ੍ਹਾਂ ਦੀ ਹੋ ਰਹੀ ਮਾਸ-ਕ੍ਰੀੜਾ ਵਿਚ ਗੜੂੰਦ ਹੋ ਗਿਆ। ਸਾਈਟ ਤੋਂ ਝਿਲਮਿਲਾਉਂਦੀਆਂ ਨਗਨ ਹੁਸੀਨਾਵਾਂ ਦੇ ਮੈਨੂੰ ਬੁਲਾਵੇ ਆਉਣ ਲੱਗ ਪਏ, ਹਰ ਤਰ੍ਹਾਂ ਦੇ ਝਾਂਸੇ ਮਿਲ ਰਹੇ ਸਨ। ਉਤੇਜਤ ਕਰਨ ਲਈ ਹਰ ਸੰਭਵ ਸਾਮਾਨ ਵਰਤਿਆ ਜਾ ਰਿਹਾ ਸੀ। ਮੈਥੋਂ ਰਿਹਾ ਨਹੀਂ ਸੀ ਜਾ ਰਿਹਾ, ਸਬਰ ਟੁੱਟ ਰਿਹਾ ਸੀ, ਹਾਰ ਕੇ ਮੈਂ ਹਨੂਮਾਨ ਧਿਆਉਣ ਲੱਗ ਪਿਆ ਤੇ ਚੌਪਈ ਦਾ ਪਾਠ ਕਰਨ ਲੱਗਾ। ਤਦ ਹੀ ਪਤਾ ਲੱਗਾ ਜਦ ਸਕਰੀਨ 'ਤੇ ਇਕ ਠੱਪਾ ਲੱਗ ਗਿਆ:

'ਤੁਹਾਡੇ ਕੰਪਿਊਟਰ 'ਤੇ ਜ਼ਬਰਦਸਤ ਮਾਰੂ ਹਮਲਾ ਹੋਇਆ ਹੈ, ਇਸਨੂੰ ਬਚਾਉਣ ਲਈ ਸਾਡੇ ਵਾਇਰਸਨਾਸ਼ਕ ਦੇ ਗਾਹਕ ਬਣੋ, ਭੇਟਾ ਸਿਰਫ 9.99 ਡਾਲਰ, ਅਜ਼ਮਾਇਸ਼ ਮੁਫਤ।'

ਮੇਰੀ ਨੀਲੀ ਦੁਨੀਆਂ ਯਕਾ ਯਕ ਠੱਪ ਹੋ ਗਈ। ਤਨ ਮਨ ਝੂਠਾ ਪੈ ਗਿਆ। ਲਾਚਾਰ ਜਿਹਾ ਹੋਇਆ ਇਕ ਵਾਰੀ ਤਾਂ ਮੈਂ ਲੂਣ ਪਏ ਗੰਡੋਏ ਵਾਂਗ ਤੜਫਿਆ, ਪਰ ਆਪਣੇ ਆਪ ਨੂੰ ਸੰਭਾਲ ਲਿਆ।

ਮੈਂ ਕੰਪਿਊਟਰੀ ਤਜਰਬੇ ਦੌਰਾਨ ਬਥੇਰੀਆਂ ਖਾਧੀਆਂ ਪੀਤੀਆਂ ਹਨ। ਮੈਨੂੰ ਪਤਾ ਸੀ ਇਹ ਗਿੱਦੜਭਬਕੀ ਹੈ, ਜੇ ਕੋਈ ਮਾਰੂ ਹਮਲਾ ਹੋਇਆ ਹੈ ਤਾਂ ਇਸ ਲੁੱਚੀ ਸਾਈਟ ਦਾ ਹੀ ਕਾਰਾ ਹੈ। ਇਸ ਠੱਪੇ ਨੂੰ ਬੰਦ ਕਰਨ ਲਈ ਅਨੇਕਾਂ ਵਾਰੀ ਮੈਂ ਇਸਦੇ ਕਾਟੇ ਤੇ ਕਲਿੱਕ ਕੀਤਾ ਪਰ ਇਹ ਢੀਠ ਬਹਿਕੜ ਬੌਲਦ ਵਾਂਗ ਜ਼ਿਦ ਕਰਕੇ ਬੈਠ ਗਿਆ। ਸਾਡਾ ਵਾਇਰਸਨਾਸ਼ਕ ਖਰੀਦੋ ਤਾਂ ਉਠਾਂਗਾ। ਪਰ ਕੁਝ ਚਿਰ ਪਿਛੋਂ ਪਤਾ ਨਹੀਂ ਇਸ ਦੇ ਆਪਣੇ ਹੀ ਮਨ ਸੁਮੱਤਿਆ ਆਈ, ਇਹ ਛਪਨ ਹੀ ਹੋ ਗਿਆ। ਮੈਂ ਸੁਖ ਦਾ ਸਾਹ ਲਿਆ ਕਿ ਅਚਾਨਕ ਕੰਪਿਊਟਰ ਚੋਂ ਸੰਦੇਸ਼ਾ ਮਿਲਿਆ, 'ਤੁਹਾਡੀ ਮੇਲ ਆਈ ਹੈ।' ਮੈਂ ਆਪਣੀ ਈਮੇਲ ਖੋਲ੍ਹੀ। ਪੰਜਾਬ ਤੋਂ ਇਕ ਦੋਸਤ ਦਾ ਸੁਨੇਹਾ ਸੀ ਕਿ ਉਸਨੇ ਮੇਰੇ ਕਹਿਣ ਤੇ ਕਿਸੇ ਬੰਦੇ ਹੱਥ ਕੁਝ ਦੇਸੀ ਦਵਾਈਆਂ ਭੇਜ ਦਿੱਤੀਆਂ ਹਨ। ਉਹ ਬੰਦਾ ਮੇਰੇ ਹੀ ਸ਼ਹਿਰ ਰਹਿੰਦਾ ਹੈ ਤੇ ਉਸਦਾ ਪਤਾ ਵੀ ਲਿਖ ਭੇਜਿਆ ਸੀ। ਈਮੇਲ ਬੰਦ ਕਰਕੇ ਮੈਂ ਬੰਦੇ ਦੇ ਘਰ ਦੀਆਂ ਡਾਇਰੈਕਸ਼ਨਾਂ ਲੈਣ ਲਈ ਆਪਣੇ ਵਲੋਂ ਯਾਹੂ ਮੈਪ ਕਲਿਕ ਕੀਤਾ ਪਰ ਨਿਕਲ ਆਇਆ ਯਾਹੂ ਨਿਊਜ਼। ਬੱਸ ਫਿਰ ਕੀ ਸੀ ਖਬਰਾਂ ਪੜ੍ਹਦਾ-ਪੜ੍ਹਦਾ ਮੈਂ ਚੰਦ ਵਾਲੀ ਖਬਰ ਤੇ ਫਿਰ ਧਰਤੀ ਹੇਠਲੇ ਪਾਣੀ ਵਾਲੀ ਖਬਰ 'ਤੇ ਚਲਾ ਗਿਆ। ਵਾੜ ਕਰੇਲਿਆਂ ਦੇ ਬੀਅ ਢੂੰਡਣ ਗਿਆ ਮੈਂ ਕਈ ਗਲੀਆਂ ਕੁੰਜ-ਗਲੀਆਂ ਚੋਂ ਲੰਘਦਾ ਨਾਸਾ ਤੇ ਪਹੁੰਚ ਗਿਆ। ਮੋਹਨ ਸਿੰਘ ਦੇ ਗੀਤ ਦੇ ਬੋਲ ਯਾਦ ਆਏ:ਆਇਆ ਨੀ ਖੌਰੇ ਅੰਬਰ ਘੁੰਮ ਘੁੰਮ ਕਿਹੜੇ।

ਸੋਚਣ ਲੱਗਾ ਮੈਂ 8 ਘੰਟੇ ਇੰਟਰਨੈਟ 'ਤੇ ਗਾਲ ਦਿਤੇ, ਕੀ ਲੱਭਾ? ਸਾਡੀ ਲੋਕ ਬੋਲੀ ਵਿਚ ਪਾਏ ਜਾਂਦੇ ਸਵਾਲ, ਬਾਰੀਂ ਬਰਸੀ ਖਟਣ ਗਿਆ ਸੀ, ਕੀ ਖੱਟ ਲਿਆਇਆ? ਦਾ ਜਵਾਬ ਬਹੁਤ ਤੁਛ ਜਿਹੀ ਚੀਜ਼ ਹੁੰਦਾ ਹੈ। ਸ਼ਾਇਦ ਏਹੀ ਹਾਲ ਇੰਟਰਨੈਟ ਦਾ ਹੈ। ਮੈਂ ਕਿਧਰ ਕਿਧਰ ਗਿਆ ਪਰ ਕਿਸੇ ਚੀਜ਼ ਦਾ ਲੜ ਸਿਰਾ ਨਹੀਂ ਫੜਿਆ। ਬਾਹਰ ਮੀਂਹ ਵਰ੍ਹਦਾ ਹੈ ਜਾਂ ਸੁਕ ਪਕਾ ਹੈ, ਹੁਣ ਸਵੇਰ ਹੈ ਜਾਂ ਸ਼ਾਮ, ਘਰ ਕੌਣ ਆਇਆ ਕੌਣ ਗਿਆ, ਕੋਈ ਸੁਰਤ ਨਹੀਂ। ਬੱਸ ਮਾਊਸ ਦੇ ਪਿਛੇ ਲੱਗ ਗੁਬਾਰੇ ਵਾਂਗ ਪਰਵਾਜ਼ ਭਰਦਾ ਸੁੰਨੇ ਅਕਾਸ਼ ਦੇ ਰਕਬੇ ਤਰਦਾ ਰਿਹਾ। ਮਾਊਸ ਵਿਚਾਰੇ ਦਾ ਵੀ ਕੀ ਦੋਸ਼ ਉਹ ਤਾਂ ਜਦ ਵੀ ਮੈਂ ਉਸ ਤੇ ਉਂਗਲੀ ਦੱਬਦਾ ਸੀ ਕਹਿੰਦਾ ਸੀ 'ਟਿਕ', ਬਸ ਮੈਂ ਆਪ ਹੀ ਸਾਂ ਜੋ ਅਟਿਕ ਬਣਿਆ ਪਿਆ ਸਾਂ। ਮਨੋ-ਚਿਕਿਤਸਕ ਕਹਿੰਦੇ ਹਨ ਕਿ ਇੰਟਰਨੈਟ ਦੀ ਮਟਰਗਸ਼ਤੀ ਸ਼ਰਾਬਨੋਸ਼ੀ ਵਾਂਗ ਇਕ ਗੰਭੀਰ ਮਨੋਰੋਗ ਬਣ ਚੁੱਕਾ ਹੈ ਤੇ ਮਨੋ-ਚਿਕਿਤਸਕਾਂ ਤੋਂ ਇਸਦਾ ਇਲਾਜ ਕਰਾਉਣਾ ਨਿਹਾਇਤ ਜ਼ਰੂਰੀ ਹੈ। ਇੰਟਰਨੈਟ ਛੇੜ ਛਾੜ ਕਰਕੇ ਸਾਡਾ ਤੰਤੂ ਪ੍ਰਬੰਧ ਵਿਗਾੜੀ ਜਾ ਰਿਹਾ ਹੈ, ਸਾਡੀ ਯਾਦਾਸ਼ਤ ਨੂੰ ਨਵੀਂ ਤਰਤੀਬ ਦੇ ਰਿਹਾ ਹੈ। ਇਸ ਸੂਰਤੇ-ਹਾਲ ਵਿਚ ਉਡਦਿਆਂ ਨੂੰ ਫੜਨ ਫੜਨ ਕਰਦਾ ਚਿੱਤ ਕਿਸੇ ਚੀਜ਼ ਤੇ ਇਕਾਗਰ ਨਹੀਂ ਹੋ ਸਕਦਾ। ਗੂਗਲ ਤੇ ਹੋਰ ਖੋਜ ਇੰਜਣਾਂ ਦੇ ਆਪਣੇ ਸੁਆਰਥੀ ਹਿਤ ਹਨ: ਜਿੰਨਾ ਜ਼ਿਆਦਾ ਭਟਕੋਗੇ ਓਨੇ ਇਨ੍ਹਾਂ ਦੇ ਇਸ਼ਤਿਹਾਰਾਂ ਦੇ ਮਾਇਆਜਾਲ ਵਿਚ ਖਚਿਤ ਹੁੰਦੇ ਜਾਵੋਗੇ। ਤੁਸੀਂ ਕਦੀ ਤਾਂ ਕਿਸੇ ਇਸ਼ਤਿਹਾਰ ਤੋਂ ਭਰਮਾਏ ਹੀ ਜਾਵੋਗੇ। ਇਨ੍ਹਾਂ ਖੋਜ ਇੰਜਣਾਂ ਦੇ ਪੌਂ ਬਾਰਾਂ ਰਹਿਣੇ ਹਨ। ਅਜੇਹੀ ਅਸਗਾਹ ਭਟਕਣ ਵਿਚ ਤੁਸੀਂ ਤਾਲਸਤਾਇ ਦੇ 'ਜੰਗ ਤੇ ਅਮਨ' ਜਾਂ ਭਾਈ ਵੀਰ ਸਿੰਘ ਦੇ 'ਭਾਈ ਨੌਧ ਸਿੰਘ' ਜਿਹੀਆਂ ਗੰਭੀਰ ਤੇ ਲੰਮੀਆਂ ਲਿਖਤਾਂ ਨਹੀਂ ਪੜ੍ਹ ਸਕਦੇ।

ਮੈਂ ਭਰਜਾਈ ਨੂੰ ਚਾਹ ਦਾ ਕੱਪ ਫੜਾਉਣ ਲੱਗਿਆ ਪਰ ਉਸਦੀਆਂ ਪਾੜਖਾਣੀਆਂ ਅੱਖਾਂ ਦੀ ਤਾਬ ਨਾ ਝੱਲ ਸਕਿਆ। ਮੈਂ ਨੀਵੀਂ ਪਾ ਲਈ। ਉਸਨੇ ਚਾਹ ਦਾ ਕੱਪ ਫੜਦਿਆਂ ਹੀ ਮੇਜ਼ ਤੇ ਰੱਖ ਦਿੱਤਾ। ਜੀਅ ਕੀਤਾ ਉਸਦੇ ਅੱਗੇ ਡੰਡੌਤ ਕਰਾਂ ਤੇ ਹੁਣੇ ਉਸਦੇ ਸਾਹਮਣੇ ਵਾੜ ਕਰੇਲੇ ਦੇ ਬੀਆਂ ਦਾ ਆਰਡਰ ਦੇ ਦੇਵਾਂ ਪਰ ਉਸਨੇ ਆਪਣਾ ਪਰਸ ਖੋਲ੍ਹ ਲਿਆ ਤੇ ਫਿਰ ਉਸ ਵਿਚੋਂ ਇਕ ਹੋਰ ਛੋਟਾ ਪਰਸ ਕੱਢ ਲਿਆ। ਉਸਨੂੰ ਖੋਲ੍ਹ ਕੇ ਬੱਲਾ ਰੱਤੇ ਇਕ ਕਾਗਜ਼ ਦੀ ਪੁੜੀ ਕਢ ਲਈ। ਪਤਾ ਨਹੀਂ, ਜੀਉ ਡਰਤੁ ਹੈ, ਆਖਰੀ ਮੇਲਾ! ਜਿਹਾ ਕੁਝ ਲਿਖਿਆ ਹੋਵੇਗਾ ਇਸ ਉਤੇ। ਕਾਗਜ਼ ਦੀ ਪੁੜੀ ਖੋਲ੍ਹ ਕੇ ਮੇਰੀਆਂ ਅੱਖਾਂ ਦੇ ਸਾਹਮਣੇ ਕਰਦਿਆਂ ਹੋਇਆਂ ਆਖਿਓਸ, "ਕੀ ਤੈਨੂੰ ਜ਼ਿੰਦਗੀ ਵਿਚ ਇਕ ਵਾਰ ਇਕ ਛੋਟਾ ਜਿਹਾ ਕੰਮ ਕਹਿ ਬੈਠੀ। ਕੰਨਾਂ ਨੂੰ ਹੱਥ ਲਾਏ ਜੇ ਮੁੜਕੇ ਤੈਨੂੰ ਕੁਝ ਆਖ ਜਾਵਾਂ। ਮੇਰੀਆਂ ਸਹੇਲੀਆਂ ਕਈ ਦਰਜੇ ਚੰਗੀਆਂ। ਕੁਲਦੀਪ ਇੰਡੀਆ ਤੋਂ ਮੁੜੀ ਹੈ ਕੂਲ ਤੇ ਉਸਨੇ ਵਾੜ ਕਰੇਲਿਆਂ ਦੇ ਬੀਅ ਲਿਆਂਦੇ ਹਨ। ਆਹ ਦੇਖ, ਦੋ ਬੀਅ ਮੈਨੂੰ ਵੀ ਦੇ ਦਿੱਤੇ ਹਨ। ਤੇਰੇ ਭਰੋਸੇ ਰਹਿੰਦੀ ਤਾਂ ਮੈਂ ਵੱਤ ਹੀ ਲੰਘਾ ਦੇਣੀ ਸੀ।" ਪੁੜੀ ਚ ਪਏ ਲਾਲਾਂ ਜਿਹੇ ਦੋ ਬੀਅ ਮੇਰੇ ਵੱਲ ਘੂਰ ਰਹੇ ਸਨ।

#

# ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ

ਸੁਰਾਂ ਦੀ ਰਾਣੀ ਲਤਾ ਮੰਗੇਸ਼ਕਰ ਬਾਰੇ ਲਿਖਣਾ ਬਹੁਤ ਮੁਸ਼ਕਿਲ ਕੰਮ ਹੈ। ਮੁਸ਼ਕਿਲ ਇਸ ਲਈ, ਕਿਉਂਕਿ ਉਨ੍ਹਾਂ ਦਾ ਵਿਅਕਤੀਤਵ ਅਤੇ ਕਿਰਮਖੇਤਰ ਇੰਨਾ ਵਿਸ਼ਾਲ ਹੈ ਕਿ ਉਸਨੂੰ ਸ਼ਬਦਾਂ ਵਿਚ ਸਮੇਟਣਾ ਬਹੁਤ ਚੁਣੌਤੀ ਭਰਿਆ ਹੈ। ਦੂਜੀ ਗੱਲ ਇਹ ਹੈ ਕਿ ਇਕ ਸਮੇਂ ਬਾਅਦ ਕੁਝ ਮਹਾਨ ਹਸਤੀਆਂ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਤੋਂ ਪਾਰ ਹੋ ਜਾਂਦੀਆਂ ਹਨ। ਉਹ ਪਾਰਕਾਲੀ ਬਣ ਜਾਂਦੀਆਂ ਹਨ ਅਤੇ ਲਤਾ ਇਹੋ ਜਿਹੀ ਇਕ ਪਾਰਕਾਲੀ ਹਸਤੀ ਹੈ।

ਲਤਾ ਦੀ ਆਵਾਜ਼ ਵਕਤ ਅਤੇ ਭੁਗੋਲ ਦੀ ਸਰਹੱਦਾਂ ਦੇ ਪਾਰ ਪਹੁੰਚ ਕੇ ਗੂੰਜਦੀ ਹੈ। ਲਤਾ ਦਾ ਮੂਲਾਂਕਣ ਸਿਰਫ ਫ਼ਿਲਮੀ ਗੀਤਾਂ ਦੇ ਆਧਾਰ 'ਤੇ ਨਹੀਂ ਕੀਤਾ ਜਾ ਸਕਦਾ। ਹਾਲਾਂ ਕਿ ਲਤਾ ਦੇ ਕਈ ਗੈਰ ਫਿਲਮੀ ਗੀਤ ਜਨਤਾ ਤਕ ਉਨੇ ਨਹੀਂ ਪਹੁੰਚ ਸਕੇ ਜਿੰਨੇ ਉਨ੍ਹਾਂ ਤੱਕ ਪਹੁੰਚਣੇ ਚਾਹੀਦੇ ਸਨ। ਪਰ ਇਹ ਗੀਤ ਅਪਣੀ ਉੱਤਮ ਰਚਨਾ, ਅਪਣੇ ਸੰਗੀਤ ਅਤੇ ਇਨ੍ਹਾਂ ਸਾਰਿਆਂ ਤੋਂ ਉਤੇ ਲਤਾ ਮੰਗੇਸ਼ਕਰ ਦੀ ਆਵਾਜ਼ ਦੀ ਵਜ੍ਹਾ ਨਾਲ ਅਨਮੋਲ ਬਣ ਗਏ ਹਨ।

ਸਭ ਤੋਂ ਪਹਿਲਾਂ ਉਸੇ ਗੀਤ ਦਾ ਜ਼ਿਕਰ, ਜਿਸ ਬਿਨਾ ਦੇਸ਼ ਵਿਚ ਕੋਈ ਰਾਸ਼ਟਰੀ ਤਿਓਹਾਰ ਪੂਰਾ ਨਹੀਂ ਹੁੰਦਾ। ਕਵੀ ਪ੍ਰਦੀਪ ਨੇ ਭਾਰਤ-ਚੀਨ ਯੁੱਧ ਦੇ ਆਖ਼ਰੀ ਦਿਨਾਂ ਵਿਚ ਸ਼ਹੀਦ ਹੋਏ ਫੌਜੀਆਂ ਦੀ ਯਾਦ ਵਿਚ ਲਿਖਿਆ ਸੀ, 'ਐ ਮੇਰੇ ਵਤਨ ਕੇ ਲੋਗੋਂ, ਜ਼ਰਾ ਆਂਖ ਮੇਂ ਭਰ ਲੋ ਪਾਨੀ'। ਇਹ 1962 ਦੇ ਆਖ਼ਿਰੀ ਦਿਨਾਂ ਦੀ ਗੱਲ ਹੈ। 26 ਜਨਵਰੀ 1963 ਨੂੰ ਦਿੱਲੀ ਦੇ ਰਾਮਲੀਲਾ ਮੈਦਾਨ 'ਤੇ ਲਤਾ ਮੰਗੇਸ਼ਕਰ ਨੇ ਇਸ ਗੀਤ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਾਹਮਣੇ ਗਾਇਆ। ਕਹਿੰਦੇ ਹਨ ਕਿ ਇਸ ਗੀਤ ਨੂੰ ਸੁਣ ਕੇ ਜਵਾਹਰ ਲਾਲ ਨਹਿਰੂ ਦੀਆਂ ਅੱਖਾਂ ਭਰ ਆਈਆਂ ਸਨ। ਇਸਦਾ ਟੇਪ ਇਸ ਮੌਕੇ 'ਤੇ ਪੰਡਿਤ ਨਹਿਰੂ ਨੂੰ ਭੇਂਟ ਕਰ ਦਿੱਤਾ ਗਿਆ ਸੀ। ਇਸ ਗੀਤ ਦੇ ਸੰਗੀਤਕਾਰ ਸੀ. ਰਾਮਚੰਦਰ ਸਨ। ਉਦੋਂ ਤੋਂ ਲੈ ਕੇ ਅੱਜ ਤਕ ਇਹ ਗੀਤ ਲਤਾ ਆਪਣੇ ਲਗਭਗ ਸਾਰੇ ਕੰਸਰਟਾਂ ਵਿਚ ਗਾਉਂਦੇ ਹਨ।



ਲਤਾ ਮੰਗੇਸ਼ਕਰ

ਲਤਾ ਮੰਗੇਸ਼ਕਰ ਦੇ ਗਾਏ ਗ਼ੈਰ-ਫ਼ਿਲਮੀ ਗੀਤਾਂ ਵਿਚ ਕੁਝ ਗ਼ਜ਼ਲਾਂ ਹਨ, ਕੁਝ ਭਜਨ ਹਨ ਅਤੇ ਬਹੁਤ ਥੋੜੇ ਜਿਹੇ ਗੀਤ ਵੀ ਸ਼ਾਮਿਲ ਹਨ। 70 ਦੇ ਦਹਾਕੇ ਵਿਚ ਕੇ. ਮਹਾਵੀਰ ਦੇ ਸੰਗੀਤ ਨਿਰਦੇਸ਼ਨ ਵਿਚ ਲਤਾ ਦਾ ਇਕ ਈ.ਪੀ. ਆਇਆ ਸੀ ਇਸ ਵਿਚ ਲਤਾ ਨੇ ਸ਼ਕੀਲ ਬਦਾਯੂਨੀ ਦੀ ਗਜ਼ਲ 'ਆਂਖ ਸੇ ਆਂਖ ਮਿਲਾਤਾ ਹੈ ਕੋਈ, ਦਿਲ ਕੋ ਫਿਰ ਸੇ ਲੀਏ ਜਾਤਾ ਹੈ ਕੋਈ' ਗਾਈ ਸੀ ਪਰ ਸੰਭਵਤ ਇਸੇ ਐਲਬਮ ਵਿਚ ਅਭਿਲਾਸ਼ਾ ਦਾ ਲਿਖਿਆ ਇਕ ਗੀਤ ਵੀ ਸ਼ਾਮਿਲ ਸੀ- 'ਆਜ ਕੀ ਰਾਤ ਨਾ ਜਾ, ਨਾ ਜਾ ਰੇ'। ਅਤੇ ਦੂਜਾ 'ਸਾਂਝ ਭਈ ਘਰ ਆ ਜਾ ਰੇ'। 'ਆਜ ਕੀ ਰਾਤ' ਵਿਚ 'ਨਾ ਜਾ ਰੇ' ਲਤਾ ਨੇ ਹਰ ਵਾਰ ਨਵੀਂ ਅਦਾ ਦਿਖਾਈ ਹੈ। ਅਦਭੁੱਤ ਹੈ ਇਹ ਗੀਤ। ਜਿਹੜੇ ਲੋਕ ਲਤਾ ਦੇ ਫ਼ਿਲਮੀ ਗੀਤ ਸੁਣਨ ਦੇ ਆਦੀ ਹਨ, ਉਨ੍ਹਾਂ ਨੂੰ ਇਸ ਐਲਬਮ ਨੂੰ ਸੁਣ ਕੇ ਬਹੁਤ ਸੁਖ ਮਿਲੇਗਾ। ਲਤਾ ਦੇ ਗ਼ੈਰ-ਫ਼ਿਲਮੀ ਗੀਤਾਂ ਅਤੇ ਗ਼ਜ਼ਲਾਂ ਦੀ ਗਿਣਤੀ ਇੰਨੀ ਘੱਟ ਹੈ ਕਿ ਇਹ ਆਪਣੇ ਆਪ ਵਿਚ ਇਕ ਅਨਮੋਲ ਸੰਗ੍ਰਹਿ ਬਣ ਗਿਆ ਹੈ।

ਲਤਾ ਨੇ ਆਪਣੇ ਭਰਾ ਹਿਰਦੈਨਾਥ ਮੰਗੇਸ਼ਕਰ ਦੇ ਨਾਲ ਕਈ ਗ਼ੈਰ-ਫ਼ਿਲਮੀ ਐਲਬਮਾਂ 'ਤੇ ਕੰਮ ਕੀਤਾ ਹੈ, ਜਿਸ ਵਿਚ ਮਿਰਜ਼ਾ ਗ਼ਾਲਿਬ ਦੀਆਂ ਗ਼ਜ਼ਲਾਂ ਵਾਲਾ ਐਲਬਮ ਵੀ ਸ਼ਾਮਿਲ ਹੈ। ਇਕ ਹੋਰ ਐਲਬਮ 'ਵਰਸ਼ਾ ਰਿਤੂ' ਸੰਭਵਤ 1969 ਵਿਚ ਰਿਕਾਰਡ ਕੀਤਾ ਗਿਆ ਸੀ। ਇਸ ਐਲਬਮ ਵਿਚ ਸੁਮਿਤਰਾ ਕੁਮਾਰ ਲਾਹਿਰੀ ਦੀ ਰਚਨਾ 'ਘਿਰੀ ਘਟਾਏਂ ਆਸਮਾਨ ਪਰ, ਪੀਆ ਕੀ ਯਾਦ ਜਗਾਏ ਰੇ' ਦੀ ਅਦਭੁਤ ਧੁਨ ਹਿਰਦੈਨਾਥ ਨੇ ਬਣਾਈ ਹੈ ਅਤੇ ਲਤਾ ਦਾ ਇਕ ਪਿਆਰਾ ਜਿਹਾ ਸ਼ਾਸਤਰੀ ਰੰਗ ਇਸ ਗੀਤ ਵਿਚ ਸੁਣਾਈ ਪੈਂਦਾ ਹੈ। ਬਹੁਤ ਹੀ ਲਲਿਤ ਰਚਨਾ, ਸੁੰਦਰ ਧੁਨ ਅਤੇ ਬੇਜੋੜ ਗਾਇਕੀ। ਇਸ ਰਚਨਾ ਵਿਚ ਸੰਤੂਰ ਦੀ ਸੁੰਦਰ ਤਾਨ ਮਨ ਨੂੰ ਬਹਾ ਲੈ ਜਾਂਦੀ ਹੈ। ਥੋੜ੍ਹਾ ਜਿਹਾ ਵਿਸ਼ਾ ਤਬਦੀਲ ਹੋ ਜਾਵੇਗਾ, ਪਰ ਐਲਬਮ 'ਵਰਸ਼ਾ ਰਿਤੂ' ਬਾਰੇ ਦਸ ਦੇਈਏ ਕਿ ਇਸ ਐਲਬਮ ਵਿਚ ਲਤਾ ਦਾ ਇਕਮਾਤਰ ਗੀਤ ਇਹੀ ਸੀ।

ਲਤਾ ਮੰਗੇਸ਼ਕਰ ਦੀ ਗ਼ਜ਼ਲਾਂ ਦੇ ਮੁਕੰਮਲ ਤੌਰ ਤੇ ਦੋ ਹੀ ਐਲਬਮ ਆਏ ਹਨ। ਇਕ ਤਾਂ ਮਿਰਜ਼ਾ ਗ਼ਾਲਿਬ ਦੀਆਂ 12 ਗ਼ਜ਼ਲਾਂ ਦੀ ਐਲਬਮ ਹੈ-'ਲਤਾ ਸਿੰਗਸ ਗ਼ਾਲਿਬ' ਜਿਸਦਾ ਸੰਗੀਤ ਉਨ੍ਹਾਂ ਦੇ ਛੋਟੇ ਭਰਾ ਹਿਰਦੈਨਾਥ ਮੰਗੇਸ਼ਕਰ ਨੇ ਤਿਆਰ ਕੀਤਾ ਸੀ। ਦੂਜਾ ਹੈ ਜਗਜੀਤ ਸਿੰਘ ਦੇ ਨਾਲ 'ਸਜਦਾ'। ਮਿਰਜ਼ਾ ਗਾਲਿਬ ਦੀਆਂ ਜੋ ਗ਼ਜ਼ਲਾਂ ਲਤਾ ਨੇ ਗਾਈਆਂ ਸਨ, ਉਨ੍ਹਾਂ ਵਿਚੋਂ ਕੁਝ ਹਨ-'ਨਕਸ਼ ਫ਼ਰਿਆਦੀ ਹੈ', 'ਦਰਦ ਮਿੰਨਤ ਕਸ਼ੇ ਦਵਾ ਨਾ ਹੁਆ', 'ਰੋਨੇ ਸੇ ਔਰ ਇਸ਼ਕ ਮੇਂ ਬੇਬਾਕ ਹੋ ਗਏ', 'ਯੇ ਹਮ ਜੋ ਹਿਜ਼ਰ ਮੇਂ', 'ਫਿਰ ਮੁਝੇ ਦੀਦਾ-ਏ-ਤਰ ਯਾਦ ਆਯਾ', 'ਕੋਈ ਉਮੀਦ ਬਰ', 'ਹਜ਼ਾਰਾਂ ਖ਼ਵਾਹਿਸ਼ੇ ਏਸੀ', 'ਕਭੀ ਨੇਕੀ ਭੀ ਉਸ ਕੇ' ਅਤੇ 'ਬਾਜੀਚਾ-ਏ-ਅਤਫਾਲ' ।

ਦਿਲਚਸਪ ਗੱਲ ਇਹ ਹੈ ਕਿ ਇਸਦੇ ਕਈ ਸਾਲ ਬਾਅਦ 1991 ਵਿਚ ਜਗਜੀਤ ਸਿੰਘ ਦੇ ਨਾਲ ਲਤਾ ਦਾ ਗ਼ਜ਼ਲਾਂ ਦਾ ਐਲਬਮ ਆਇਆ 'ਸਜਦਾ'। ਦੋ ਮਹਾਨ ਕਲਾਕਾਰਾਂ ਦੀ ਆਵਾਜ਼ਾਂ ਅਤੇ ਰਚਨਾਤਮਕਤਾ ਦੀ ਨਜ਼ਰ ਨਾਲ ਕੁਝ ਨਾਯਾਬ ਗ਼ਜ਼ਲਾਂ ਦੀ ਚੋਣ ਦੇ ਲਈ ਇਹ ਐਲਬਮ ਹਮੇਸ਼ਾ ਯਾਦ ਕੀਤੀ ਜਾਵੇਗੀ।

ਹਾਲੇ ਸਾਲ 2008 ਵਿਚ ਲਤਾ ਨੇ ਇਕ ਨਵੇਂ ਸੰਗੀਤਕਾਰ ਮਯੂਰੇਸ਼ ਪਈ ਦੇ ਨਾਲ ਸਾਲਾਂ ਬਾਅਦ ਆਪਣੀ ਗਜ਼ਲਾਂ ਦਾ ਐਲਬਮ 'ਸਾਦਗੀ' ਰਿਲੀਜ਼ ਕੀਤਾ ਸੀ। ਇਸ ਅਲਬਮ ਦੀ ਵੀ ਖ਼ੂਬ ਪ੍ਰਸ਼ੰਸਾ ਹੋਈ ਸੀ।

## ਅਸਿਨ-ਅਜੈ ਦੀ ਦੋਸਤੀ

ਸਲਮਾਨ ਖਾਨ ਬਾਰੇ ਕਿਹਾ ਜਾਂਦਾ ਹੈ ਕਿ ਜੇਕਰ ਉਹ 'ਠਾਣ' ਲਵੇ ਤਾਂ ਕਿਸੇ ਵੀ ਹੀਰੋਇਨ ਦਾ ਕੈਰੀਅਰ ਸੰਵਾਰ ਸਕਦਾ ਹੈ। ਸ਼ਾਇਦ ਇਸ ਲਈ 'ਗਜਨੀ' ਵਿਚ ਆਮਿਰ ਖਾਨ ਦੇ ਨਾਲ ਆਉਣ ਤੋਂ ਬਾਅਦ ਅਸਿਨ ਨੂੰ ਅਗਲੀ ਹੀ ਫ਼ਿਲਮ 'ਲੰਦਨ ਡ੍ਰੀਮਸ' ਵਿਚ ਸੱਲੂ ਦਾ ਸਹਾਰਾ ਮਿਲਿਆ, ਤਾਂ ਉਸਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ।

ਪਰ ਕੈਟਰੀਨਾ ਕੈਫ਼ ਦੇ ਇਸ਼ਕ ਵਿਚ ਡੁੱਬੇ ਸਲਮਾਨ ਨੇ ਅਸਿਨ ਵਿਚ ਜਦ ਕੋਈ ਦਿਲਚਸਪੀ ਨਹੀਂ ਦਿਖਾਈ ਤਾਂ ਅਸਿਨ 'ਲੰਦਨ ਡ੍ਰੀਮਸ' ਦੇ ਦੂਜੇ ਹੀਰੋ ਅਜੇ ਦੇਵਗਨ ਦੇ ਨਾਲ ਦੋਸਤੀ ਵਧਾਉਣ ਵਿਚ ਜੁਟ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਅਜੇ ਵੀ ਅਸਿਨ ਨਾਲ ਦੋਸਤੀ ਕਰਨ ਵਿਚ ਇੰਟਰਸਟਡ ਹਨ, ਤਾਂ ਹੀ ਤਾਂ ਉਨਾਂ ਨੂੰ ਇੰਡਸਟਰੀ ਵਿਚ ਸੱਚ ਅਤੇ ਗਲਤ ਦੇ ਅਰਥ ਸਮਝਾ ਰਹੇ ਹਨ।

ਅਸਿਨ ਨੂੰ ਆਪਣੇ ਅਨੁਭਵ ਨਾਲ ਮੈਚਉਰ ਬਣਾ ਰਹੇ ਅਜੈ ਬਾਰੇ ਅਸਿਨ ਕਹਿੰਦੀ ਹੈ-'ਇੰਡਸਟਰੀ ਵਿਚ ਅਜੈ ਜਿਹੇ ਆਦਮੀ ਨਾਲ ਦੋਸਤੀ ਕਰਨਾ ਚੰਗੀ ਗੱਲ ਹੈ।' ਮੈਨੂੰ ਗਰਵ ਹੈ ਕਿ ਮੇਰੀ ਦੋਸਤੀ ਇਥੇ ਇਕ ਚੰਗੇ ਇਨਸਾਨ ਨਾਲ ਹੈ। ਵੈਸੇ ਅਸਿਨ ਨੂੰ ਦਸ ਦਈਏ ਕਿ 'ਆਲ ਦ ਬੈਸਟ' ਦੀ ਸੂਟਿੰਗ ਦੌਰਾਨ ਅਜੈ ਦੀ ਬਿਪਾਸ਼ਾ ਬਸੂ ਨਾਲ ਵੀ ਚੰਗੀ ਟਯੂਨਿੰਗ ਹੋ ਚੁੱਕੀ ਹੈ।

## ਅਗਲੇ ਮਹੀਨੇ ਹੋਏਗਾ ਮੇਘਨਾ ਦਾ ਵਿਆਹ

ਬਾਲੀਵੁੱਡ ਅਭਿਨੇਤਰੀ ਮੇਘਨਾ ਨਾਇਡੂ ਅਗਲੇ ਮਹੀਨੇ ਵਿਆਹ ਕਰਾਉਣ ਵਾਲੀ ਹੈ। ਇਹ ਵਿਆਹ ਕੁਸ਼ਲ ਪੰਜਾਬੀ ਨਾਲ ਹੋਵੇਗਾ। ਆਂਧਰਾ ਪ੍ਰਦੇਸ਼ ਦੀ ਰਹਿਣ ਵਾਲੀ ਇਸ ਚੁਲਬੁਲੀ ਅਭਿਨੇਤਰੀ ਨੂੰ ਐਲਬਮ 'ਕਲੀਓਂ ਕਾ ਚਮਨ' ਤੋਂ ਪ੍ਰਸਿੱਧੀ ਹਾਸਲ ਹੋਈ ਹੈ। ਇਸ ਐਲਬਮ ਵਿਚ ਸ਼ਰਤ ਕੁਮਾਰ, ਸ਼ਰਵਣਾ ਤੇ ਹੋਰ ਕਲਾਕਾਰ ਵੀ ਆਪਣੀ ਕਲਾ ਦੀ ਪੇਸ਼ਕਾਰੀ ਕਰਦੇ ਹਨ ਪਰ ਮੇਘਨਾ ਦੇ ਸੈਕਸੀ ਡਾਂਸ ਹੋਸ਼ ਉਡਾਉਣ ਵਾਲੇ ਹਨ। ਅਜੇ ਤੱਕ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ ਕਿ ਵਿਆਹ ਕਿਸ ਤਰੀਕ ਨੂੰ ਹੈ। ਮੇਘਨਾ ਦੇ ਪਰਿਵਾਰ ਵਲੋਂ ਤਰੀਕ ਬਾਰੇ ਭੇਦ ਬਰਕਰਾਰ ਰੱਖਿਆ ਗਿਆ ਹੈ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਵਿਆਹ ਦੀਆਂ ਰਸਮਾਂ ਕਿਸ ਸਥਾਨ 'ਤੇ ਨਿਭਾਈਆਂ ਜਾਣੀਆਂ ਹਨ।





## ਮੈਂ ਆਪਣੀ ਕੀਮਤ ਵਸੂਲਦੀ ਆਂ -ਪ੍ਰਿਯੰਕਾ ਚੋਪੜਾ

ਨਿਰਦੇਸ਼ਕ ਆਸ਼ੂਤੋਸ਼ ਗੋਵਾਰੀਕਰ ਦੀ ਫ਼ਿਲਮ 'ਵੱਟ ਇਜ਼ ਯੂਅਰ ਰਾਸ਼ੀ' ਪ੍ਰਿਯੰਕਾ ਦੀ ਅਗਲੀ ਰਿਲੀਜ਼ ਹੋਣ ਵਾਲੀ ਫ਼ਿਲਮ ਹੈ। ਇਸ ਵਿਚ ਪ੍ਰਿਯੰਕਾ ਦੁਆਰਾ ਨਿਭਾਏ ਅਲੱਗ-ਅਲਗ ਕਿਰਦਾਰਾਂ ਦੀ ਬਹੁਤ ਚਰਚਾ ਹੈ। ਪ੍ਰਿਯੰਕਾ ਨੂੰ ਵੀ ਆਪਣੀ ਇਸ ਫ਼ਿਲਮ ਤੋਂ ਕਾਫੀ ਉਮੀਦਾਂ ਹਨ। ਜਦ ਪ੍ਰਿਯੰਕਾ ਨੂੰ ਨਵੀਂ ਫਿਲਮ ਰਿਲੀਜ਼ ਹੋਣ ਤੇ ਮਨ ਵਿਚ ਕਿਸੇ ਤਰ੍ਹਾਂ ਦੀ ਹਲਚਲ ਮੱਚਣ ਬਾਰੇ ਪੁੱਛਿਆ ਗਿਆ ਤਾਂ ਉਸਨੇ ਕਿਹਾ ਕਿ ਰਿਲੀਜ਼ ਹੋਣ 'ਤੇ ਹਰ ਫਿਲਮ ਮੈਨੂੰ ਨਰਵਸ ਕਰਦੀ ਹੈ। 'ਫੈਸ਼ਨ' ਅਤੇ 'ਕਮੀਨੇ' ਦੀ ਰਿਲੀਜ਼ ਤੋਂ ਪਹਿਲਾਂ ਵੀ ਮੈਂ ਨਰਵਸ ਸੀ। ਫ਼ਿਲਮ ਦਾ ਰਿਜ਼ਲਟ ਕੀ ਹੋਵੇਗਾ, ਇਹ ਘੱਟ ਤੋਂ ਘੱਟ ਮੈਨੂੰ ਪਤਾ ਨਹੀਂ ਹੁੰਦਾ। ਮੈਂ ਤਾਂ ਪਹਿਲਾਂ 'ਫੈਸ਼ਨ' ਦੇ ਲਈ ਮਨ੍ਹਾਂ ਹੀ ਕਰ ਦਿੱਤਾ ਸੀ, ਪਰ ਬਾਅਦ ਵਿਚ ਨਿਰਮਾਤਾ ਦੇ ਬਹੁਤ ਵਾਰ ਕਹਿਣ 'ਤੇ ਮੈਂ ਉਸ ਫ਼ਿਲਮ ਨੂੰ ਕਰਨ ਲਈ ਤਿਆਰ ਹੋਈ ਸੀ। 'ਵੱਟ ਇਜ਼...' ਬਾਰੇ ਉਸਦਾ ਕਹਿਣਾ ਹੈ ਕਿ ਇਹ ਮੇਰੀ ਬਿਹਤਰੀਨ ਫਿਲਮਾਂ ਵਿਚੋਂ ਇਕ ਹੋਵੇਗੀ। ਮੈਂ ਇਸਨੂੰ ਆਪਣੀ ਇਕ ਯਾਦਗਾਰ ਫਿਲਮ ਕਹਿਣਾ ਚਾਹਾਂਗੀ। ਡਬਲ ਰੋਲ ਤਾਂ ਮੈਂ ਪਹਿਲਾਂ ਕਰ ਚੁੱਕੀ ਹਾਂ, ਪਰ ਇਸ ਫ਼ਿਲਮ ਵਿਚ ਮੈਂ 12 ਕਰੈਕਟਰ ਨਿਭਾਏ ਹਨ। ਇਹ ਫ਼ਿਲਮ ਇਕ ਗੁਜਰਾਤੀ ਨਾਵਲ 'ਤੇ ਆਧਾਰਤ ਹੈ। ਫ਼ਿਲਮ ਵਿਚ ਇਕ ਇਹੋ ਜਿਹੇ ਨੌਜਵਾਨ ਦੀ ਕਹਾਣੀ ਹੈ ਜਿਸਨੂੰ ਆਪਣੇ ਜੋਤਸ਼ੀ ਦੇ ਸੁਝਾਅ 'ਤੇ ਦਸ ਦਿਨ ਦੇ ਅੰਦਰ-ਅੰਦਰ ਸ਼ਾਦੀ ਕਰਨੀ ਹੁੰਦੀ ਹੈ। ਇਸ ਨਾਲ ਫਿਲਮ ਵਿਚ ਹੜਬੜੀ, ਕੰਨਫਿਊਜ਼ਨ ਅਤੇ ਕਈ ਮਜ਼ੇਦਾਰ ਸੀਨ ਨਿਕਲਦੇ ਹਨ। ਹਰਮਨ ਬਾਵੇਜਾ ਇਸ ਵਿਚ ਮੇਰੇ ਅਪੋਜਿਟ ਹੈ। ਪ੍ਰਿਯੰਕਾ ਨੇ ਸਿੰਪਲ ਰੋਲ ਬਿਨਾ ਮੇਕਅਪ ਦੇ ਅਤੇ ਗਲੈਮਰਸ ਰੋਲ ਕਰਨ ਬਾਰੇ ਦਸਿਆ ਕਿ ਮੇਰੇ ਹਿਸਾਬ ਨਾਲ ਸਿੰਪਲ ਰੋਲ ਕਰਨਾ ਜ਼ਿਆਦਾ ਚੰਗਾ ਅਤੇ ਸਹੂਲੀਅਤ ਵਾਲਾ ਹੁੰਦਾ ਹੈ। ਜ਼ਿਆਦਾ ਮੇਕਅਪ ਵਾਲਾ ਜਾਂ ਗਲੈਮਰਸ ਰੋਲ ਕਰਨ ਵਿਚ ਕਾਫੀ ਧਿਆਨ ਰੱਖਣਾ ਪੈਂਦਾ ਹੈ। ਆਪਣੇ ਆਪਨੂੰ ਮੇਂਟੇਨ ਕਰਨਾ ਪੈਂਦਾ ਹੈ।

'ਆਈਫਾ' ਦੌਰਾਨ ਆਸ਼ੁਤੋਸ਼ ਗੋਵਾਰੀਕਰ ਨੇ ਪ੍ਰਿਯੰਕਾ ਦੀ ਬਜਾਏ ਜੋ ਐਸ਼ਵਰਿਆ ਰਾਏ ਨੂੰ ਇਨਾਮ ਦੇਣ ਦੀ ਵਕਾਲਤ ਕੀਤੀ ਸੀ ਇਸ ਬਾਰੇ ਪ੍ਰਿਯੰਕਾ ਨੇ ਦੱਸਿਆ ਕਿ ਉਹ ਉਨ੍ਹਾਂ ਦਾ ਆਪਣਾ ਵਿਚਾਰ ਸੀ। ਉਹ ਸਾਡੇ ਸੀਨੀਅਰ ਐਕਟਰ ਡਾਇਰੈਕਟਰ ਹਨ। ਉਨ੍ਹਾਂ ਬਾਰੇ ਮੈਂ ਕੁਝ ਕਹਿਣਾ ਨਹੀਂ ਚਾਵਾਂਗੀ। ਆਈਫਾ ਵਿਚ ਹੀ ਮੇਰੀ ਆਸ਼ੁ ਸਰ ਨਾਲ ਗੱਲਬਾਤ ਹੋਈ ਸੀ। ਉਹ ਕੋਈ ਬਹੁਤ ਵੱਡਾ ਇਸ਼ੂ ਨਹੀਂ ਸੀ। ਸਭ ਕਲੀਅਰ ਹੋ ਗਿਆ ਹੈ।

'ਵੱਟ ਇਜ਼...' ਦੀ ਸੂਟਿੰਗ ਦੌਰਾਨ ਤਬੀਅਤ ਖਰਾਬ ਹੋਣ 'ਤੇ ਵੀ ਪ੍ਰਿਯੰਕਾ ਨੇ ਸੂਟਿੰਗ ਕੀਤੀ ਸੀ। ਇਸ ਬਾਰੇ ਉਹ ਕਹਿੰਦੀ ਹੈ, 'ਥਕਾਵਟ ਕਾਰਨ ਮੇਰੀ ਤਬੀਅਤ ਖਰਾਬ ਹੋਈ ਸੀ, ਪਰ ਮੈਂ ਕਿਸੇ ਦਬਾਅ ਵਿਚ ਸੂਟਿੰਗ ਨਹੀਂ ਕੀਤੀ। ਮੈਂ ਇਕ ਸੰਵੇਦਨਸ਼ੀਲ ਲੜਕੀ ਹਾਂ। ਮੈਨੂੰ ਪਤਾ ਹੈ ਕਿ ਜਦ ਇਕ ਆਰਟਿਸਟ ਸੂਟਿੰਗ ਕਰਦਾ ਹੈ, ਤਾਂ ਉਸ ਦਿਨ ਇਕ ਸੋ ਸੱਠ ਲੋਕਾਂ ਦੇ ਘਰ ਚੁੱਲ੍ਹੇ ਨੂੰ ਅੱਗ ਮਿਲਦੀ ਹੈ। ਨਿਰਮਾਤਾ ਦਾ ਮਹਿੰਗਾ ਸੈਟ ਖੜਾ ਹੈ ਅਤੇ ਆਮ ਵਰਕਰ ਨੂੰ ਕੰਮ ਦਾ ਇੰਤਜ਼ਾਰ ਹੈ, ਤਾਂ ਮੈਂ ਆਪਣੀ ਥੋੜੀ ਜਿਹੀ ਥਕਾਵਟ ਨੂੰ ਬਰਦਾਸ਼ਤ ਕਰ ਸਕਦੀ ਹਾਂ। ਇਹ ਕੋਈ ਵੱਡੀ ਗੱਲ ਨਹੀਂ ਸੀ। ਪ੍ਰਿਯੰਕਾ ਇੰਨੀ ਸਹਿਯੋਗੀ ਹੈ, ਜਦਕਿ ਸੁਣਿਆ ਗਿਆ ਹੈ ਕਿ ਸੰਜੈ ਗੜਵੀ ਤੋਂ ਇੰਨਾ ਮਿਹਨਤਾਨਾ ਮੰਗਿਆ ਕਿ ਉਹ ਦੁਬਾਰਾ ਪ੍ਰਿਯੰਕਾ ਕੋਲ ਨਹੀਂ ਆਏ? ਇਸ ਬਾਰੇ ਪ੍ਰਿਯੰਕਾ ਕਹਿੰਦੀ ਹੈ ਇਹ ਗੱਲ ਬਿਲਕੁਲ ਗਲਤ ਹੈ। ਕੀਮਤ ਤਾਂ ਮੈਂ ਉਦੋਂ ਮੰਗਦੀ, ਜਦ ਮੈਨੂੰ ਫ਼ਿਲਮ ਆਫ਼ਰ ਹੁੰਦੀ। ਉਨ੍ਹਾਂ ਨੇ ਮੈਨੂੰ ਕੋਈ ਫ਼ਿਲਮ ਆਫ਼ਰ ਹੀ ਨਹੀਂ ਕੀਤੀ। ਇਹ ਗੱਲ ਕਿਵੇਂ ਸਾਹਮਣੇ ਆਈ, ਮੈਂ ਨਹੀਂ ਜਾਣਦੀ। ਮੈਂ ਸਿਰਫ ਪੈਸਿਆਂ ਦੇ ਲਈ ਹੀ ਕੋਈ ਫਿਲਮ ਨਹੀਂ ਕਰਦੀ ਹਾਂ। ਪਰ ਹਾਂ, ਮੈਂ ਆਪਣੀ ਕੀਮਤ ਜ਼ਰੂਰ ਚਾਹੁੰਦੀ ਹਾਂ। ਹਰਮਨ ਨਾਲ ਫਿਲਮ ਰਿਲੀਜ਼ ਹੋਣ ਬਾਰੇ ਅਤੇ ਸ਼ਾਹਿਦ ਚੰਗੇ ਦੋਸਤ ਹੋਣ ਬਾਰੇ ਉਹ ਕਹਿੰਦੀ ਹੈ ਹਰਮਨ ਨਾਲ ਪਹਿਲਾਂ ਦੀਆਂ ਗੱਲਾਂ ਤਾਂ ਲੋਕ ਯਾਦ ਕਰ ਸਕਦੇ ਹਨ।

## ਸਮੀਰਾ ਨੇ ਬੁੱਲ੍ਹਾਂ ਦੀ ਸਰਜਰੀ ਕਰਵਾਈ

ਸਮੀਰਾ ਰੈਡੀ ਨੇ ਜਦੋਂ ਬੀਤੇ ਦਿਨੀਂ ਫੈਸ਼ਨ ਵੀਕ ਵਿਚ ਹਿੱਸਾ ਲਿਆ ਤਾਂ ਉਸਨੂੰ ਦੇਖ ਕੇ ਲੋਕ ਹੈਰਾਨ ਹੋ ਗਏ ਕਿ ਉਸਦੇ ਬੁੱਲ੍ਹਾਂ ਦੀ ਬਣਤਰ ਪਹਿਲਾਂ ਨਾਲੋਂ ਬਦਲੀ-ਬਦਲੀ ਲੱਗ ਰਹੀ ਸੀ। ਲੋਕਾਂ ਵਿਚ ਇਹ ਅਫਵਾਹ ਸੀ ਕਿ ਉਸਨੇ ਆਪਣੇ ਨਿਵਾਣ ਵੱਲ ਜਾ ਰਹੇ ਫਿਲਮੀ ਕੈਰੀਅਰ ਨੂੰ ਚੰਗਾ ਬਣਾਉਣ ਲਈ ਬੁੱਲ੍ਹਾਂ ਦੀ ਸਰਜਰੀ ਕਰਵਾਈ ਹੈ। ਓਧਰ ਸਮੀਰਾ ਰੈਡੀ ਇਸ ਤੋਂ ਨਾਂਹ ਕਰਦੀ ਹੈ। ਉਸਨੇ ਕਿਹਾ ਕਿ ਮੈਂ ਆਪਣੇ ਬੁੱਲ੍ਹਾਂ ਨਾਲ ਕੋਈ ਛੇੜਛਾੜ ਨਹੀਂ ਕਰਵਾਈ। ਉਸਦੇ ਇਕ ਦੋਸਤ ਨੇ ਵੀ ਉਸਦੇ ਸੁਰ ਵਿਚ ਸੁਰ ਮਿਲਾਉਂਦਿਆਂ ਕਿਹਾ ਕਿ ਉਸਨੇ ਆਪਣੇ ਬੁੱਲ੍ਹਾਂ ਦੀ ਸਰਜਰੀ ਨਹੀਂ ਕਰਵਾਈ ਹੈ। ਇਹ ਇਸ ਕਰਕੇ ਬਦਲੇ-ਬਦਲੇ ਲੱਗ ਰਹੇ ਹਨ, ਕਿਉਂਕਿ ਪਿਛਲੇ 3 ਮਹੀਨਿਆਂ ਦੌਰਾਨ ਉਸਦਾ ਵਜ਼ਨ ਹੈਰਾਨਕੁੰਨ ਢੰਗ ਨਾਲ ਘਟਿਆ ਹੈ ਅਤੇ ਉਸਦਾ ਚਿਹਰਾ ਵੀ ਪਤਲਾ ਹੋ ਗਿਆ ਹੈ। ਸੈਮ (ਸਮੀਰਾ) ਕੋਲ ਕੁਦਰਤੀ ਸੁੰਦਰਤਾ ਹੈ ਅਤੇ ਉਹ ਉਸੇ ਨਾਲ ਰਾਜ਼ੀ ਹੈ ਜੋ ਉਸਨੂੰ ਕੁਦਰਤ ਨੇ ਬਖਸ਼ਿਆ ਹੈ। ਉਹ ਕਦੇ ਵੀ ਬਨਾਉਟੀ ਢੰਗ ਦਾ ਇਸਤੇਮਾਲ ਕਰਕੇ ਸੁਨੱਖੀ ਨਹੀਂ ਦਿਖਣਾ ਚਾਹੁੰਦੀ।




Hindustan Heritage
Proudly Presents
Diwali
DHAMAKA
Saturday, October 24th, 2009
Performing Artists
K.S. Makhan
Rajesh Raju
Rai Jujhar
BHANGRA & GIDDHA Performance by HINDUSTAN HERITAGE TEAM
Sukhi Grewal
Sukh
Anchoring by ASHA SHARMA
Venue : TRI-C East Campus Performing Art Center
4250 Richmond Road Highland Hills OHIO USA
Time : 6.00 p.m. to 10.00 p.m.
Ticket $15 only
For Information & Ticket Booking Contact :
Chamkaur Singh Brar 1- 330 998 2439
Amandeep Singh Dhesi 1-216 409 3049
Jagdeep Singh 1-216 645 7315
Buta Singh Dhami 1-530 953 9957
visit us at www.hindustanheritage.com
mail us at : info@hindustanheritage.com

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਰਾਜ ਪਲਟਾਊ ਕੂਕਾ ਤਹਿਰੀਕ ਦੇ ਸ਼ਹੀਦਾਂ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## 4 ਅਕਤੂਬਰ 2009

ਐਤਵਾਰ 12 ਤੋਂ 8 ਵਜੇ ਤੱਕ

**ਸਥਾਨ:ਐਸ.ਈ.ਐਸ. ਹਾਲ 10428,**
**ਈਸਟ ਸਟਾਕਟਨ ਬੁਲੇਵਾਰਡ,**
**ਐਲਕਗਰੋਵ, ਸੈਕਰਾਮੈਂਟੋ**

ਕੀਤਾ ਕੂਕਿਆਂ ਕੱਠ ਪੰਜਾਬ ਅੰਦਰ, ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।
ਬੱਚੇ, ਔਰਤਾਂ ਕਈ ਹਜ਼ਾਰ ਕੂਕੇ, ਖਾਤਰ ਦੇਸ਼ ਦੀ ਲਹੂ ਲੁਹਾਣ ਹੋ ਗਏ।


ਬਾਬਾ ਭਗਤ ਸਿੰਘ ਬਿਲਗਾ


*ਮਦਨ ਲਾਲ ਢੀਂਗਰਾ*


*ਮੈਡਮ ਕਾਮਾ*


*ਡਾ. ਮਥਰਾ ਸਿੰਘ*


ਸਤਿਗੁਰ ਰਾਮ ਸਿੰਘ ਜੀ

ਸਤਿਕਾਰਯੋਗ ਭੈਣੋ ਤੇ ਭਰਾਓ

ਭਾਰਤ ਦੇ ਅਜ਼ਾਦੀ ਸੰਗਰਾਮ ਦਾ ਇਤਿਹਾਸ ਸਾਡੇ ਲਹੂ ਸਿੰਜੇ ਵਿਰਸੇ ਦੀ ਬੀਰ ਗਾਥਾ ਹੈ। ਵਿਦੇਸ਼ੀ ਸਾਮਰਾਜੀਆਂ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪੂਰੀ ਇਕ ਸਦੀ, ਲਹੂ ਵੀਟਵੇਂ ਕੁਰਬਾਨੀਆਂ ਭਰੇ ਸੰਗਰਾਮ ਦੀ ਲੰਬੀ ਫਹਿਰਿਸਤ ਹੈ। ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਕੂਕੇ ਸੂਰਮੇ ਤੋਪਾਂ ਅੱਗੇ ਹਿੱਕਾਂ ਡਾਹ ਕੇ ਤੂੰਬਾ ਤੂੰਬਾ ਹੋ ਗਏ। ਕੂਕਿਆਂ ਸ਼ਹਾਦਤਾਂ ਦੀ ਅਜਿਹੀ ਝੜੀ ਲਾਈ ਜੋ ਬਾਕੀ ਲਹਿਰਾਂ ਲਈ ਰਾਹ ਦਸੇਰਾ ਹੋ ਨਿੱਬੜੀ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੇ ਲਹੂ ਨਾਲ ਲਾਲ ਸੂਹਾ ਹੋਇਆ ਸੀ ਬਜਬਜ ਘਾਟ ਦਾ ਪਾਣੀ। ਗਦਰੀ ਬਾਬਿਆਂ ਅਥਾਹ ਕੁਰਬਾਨੀਆਂ ਕਰਕੇ ਲਹੂ ਦੇ ਭਾਅ ਆਜ਼ਾਦੀ ਲਈ। ਅਖੌਤੀ ਬੁੱਧੀਜੀਵੀ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਰਹੇ ਹਨ। ਵਕਤ ਦੀਆਂ ਸਰਕਾਰਾਂ ਨੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਜੱਗ ਜਾਹਰ ਨਾ ਹੋਣ ਦਿੱਤਾ। ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰਨ ਲਈ ਕਰਵਾਏ ਜਾ ਰਹੇ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚੋ। ਭਰਾਤਰੀ ਜਥੇਬੰਦੀਆਂ ਨੂੰ ਖੁਲ੍ਹਾ ਸੱਦਾ ਹੈ ਕਿ ਉਹ ਮੇਲੇ ਵਿਚ ਜ਼ਰੂਰ ਪਹੁੰਚਣ।

## ਮੇਲੇ ਵਿਚ ਪੁੱਜ ਰਹੇ ਕਲਾਕਾਰ

ਗੁਰਮਿੰਦਰ ਗੁਰੀ, ਸੁਖਵੰਤ ਸੁੱਖੀ, ਸੁਲਤਾਨ ਅਖ਼ਤਰ, ਪਰਮਜੀਤ ਮਾਨ ਅਤੇ ਸ. ਗੁਰਨਾਮ ਸਿੰਘ ਭੰਡਾਲ (ਯੂਬਾ ਸਿਟੀ) ਦਾ ਢਾਡੀ ਜਥਾ







**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**

**ਸਟੇਜ ਸੰਚਾਲਕ**
ਪ੍ਰੋ. ਗੁਰਮਿੰਦਰ ਪਾਲ ਸਿੰਘ ਤੇ ਜਸਵੰਤ ਸਿੰਘ ਸ਼ਾਦ

*ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ*

ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਲਾਏ ਜਾਣਗੇ

## ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉੱਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਪ੍ਰੇਮ ਚੁੰਬਰ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧੂ, ਲੂਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ।

ਸਪਾਂਸਰ:ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੂਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰ ਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼।

## ਪੁੱਜ ਰਹੀਆਂ ਸ਼ਖਸੀਅਤਾਂ

**ਸ. ਦੇਵਾ ਸਿੰਘ ਧੂਤ**
**ਆਜ਼ਾਦੀ ਘੁਲਾਟੀਏ,**
**ਬੀਬੀ ਬੀਰਾਂ (ਕੈਨੇਡਾ)**
**ਸ੍ਰੀ ਬਲਬੀਰ ਸਿੰਘ ਹਾਕੀ**
**ਓਲੰਪੀਅਨ ਪਦਮਸ੍ਰੀ ਐਵਾਰਡ**

**ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-534-3766), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100), ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275), ਪਰਮਜੀਤ ਸਿੰਘ ਸੰਧੂ (510-491-4573), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)**

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ